*Published in Punjabi & English*

**Distributed in Toronto, Calgary, Vancouver, Winnipeg and Online Worldwide.**

Sarokaran Di Awaz

Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 14, ਅੰਕ-11, ਨਵੰਬਰ 2024 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

# ਗ਼ਦਰੀਆਂ ਦੀ ਸ਼ਹਾਦਤ, ਪ੍ਰਵਾਸ ਅਤੇ ਅਜੋਕੇ ਸਰੋਕਾਰ

ਗ਼ਦਰ ਲਹਿਰ ਦਾ ਭਾਰਤ ਦੀ ਜੰਗੇ-ਆਜ਼ਾਦੀ ਵਿਚ ਬਹੁਤ ਅਹਿਮ ਸਥਾਨ ਹੈ। ਹੁਣ ਤੱਕ ਲਿਖਿਆ ਗਿਆ ਇਤਿਹਾਸ ਇਸ ਲਹਿਰ ਦੀ ਵਿਸ਼ਾਲਤਾ, ਗਹਿਰਾਈ ਅਤੇ ਮਹੱਤਵ ਨੂੰ ਬਿਆਨ ਕਰਨ ਪੱਖੋਂ ਬਹੁਤ ਊਣਾ ਹੈ। ਬਦੇਸ਼ਾਂ ਵਿਚ ਆਜ਼ਾਦੀ ਦਾ ਸੁਪਨਾ ਲੈਣ ਅਤੇ ਗ਼ਦਰ ਪਾਰਟੀ ਦਾ ਮੁੱਢ ਬੰਨ੍ਹਣ ਵਾਲੇ ਜ਼ਿਆਦਾਤਰ ਗ਼ਦਰੀ ਅੰਗਰੇਜ਼ ਰਾਜ ਦੀਆਂ ਧਾੜਵੀ ਨੀਤੀਆਂ ਦੇ ਕੰਗਾਲ ਕੀਤੇ ਕਿਸਾਨ ਸਨ ਜੋ ਚੰਗੀ ਜ਼ਿੰਦਗੀ ਜਿਊਣ ਦੀ ਤਾਂਘ ’ਚੋਂ ਪ੍ਰਦੇਸਾਂ ’ਚ ਗਏ ਸਨ। ਪ੍ਰਵਾਸੀ ਭਾਰਤੀਆਂ ਨਾਲ ਘੋਰ ਨਸਲੀ ਵਿਤਕਰੇ, ਅਮਰੀਕਾ ਦੇ ਆਜ਼ਾਦ ਮਾਹੌਲ, ਉੱਥੋਂ ਦੀ ਸਮਾਜਵਾਦੀ ਲਹਿਰ ਦੇ ਪ੍ਰਭਾਵ, ਜਲਾਵਤਨ ਦੇਸ਼ਪ੍ਰੇਮੀਆਂ ਵੱਲੋਂ ਬਦੇਸ਼ਾਂ ’ਚ ਲਗਾਤਾਰ ਸਰਗਰਮੀ ਆਦਿ ਫੈਕਟਰਾਂ ਦੇ ਮੇਲ ’ਚੋਂ ਗ਼ਦਰ ਪਾਰਟੀ ਬਣੀ। ਬੇਸ਼ੱਕ ਗ਼ਦਰ ਦੀ ਕੋਸ਼ਿਸ਼ ਅਸਫ਼ਲ ਰਹੀ ਪਰ ਗ਼ਦਰੀਆਂ ਦੀਆਂ ਕੁਰਬਾਨੀਆਂ ਅਜਾਈਂ ਨਹੀਂ ਗਈਆਂ। ਇਨ੍ਹਾਂ ਬੇਮਿਸਾਲ ਕੁਰਬਾਨੀਆਂ ਅਤੇ ਦੇਸ਼ਭਗਤੀ ਦੇ ਜਜ਼ਬੇ ਨੇ ਅਗਲੇ ਅੰਦੋਲਨਾਂ ’ਤੇ ਡੂੰਘੀ ਛਾਪ ਛੱਡੀ ਜੋ ਮੁਲਕ ਦੀਆਂ ਇਨਕਲਾਬੀ ਤਾਕਤਾਂ ਲਈ ਜ਼ਬਰਦਸਤ ਪ੍ਰੇਰਨਾ ਸਰੋਤ ਬਣੀ ਰਹੇਗੀ।

1947 ਦੀ ਸੱਤਾ ਬਦਲੀ ਗ਼ਦਰੀਆਂ ਅਤੇ ਹੋਰ ਸੱਚੇ ਵਤਨਪ੍ਰੇਮੀਆਂ ਦੇ ਸੁਪਨਿਆਂ ਦੀ ਆਜ਼ਾਦੀ ਨਹੀਂ ਸੀ। ਭਾਰਤ ਦੇ ਮਿਹਨਤਕਸ਼ ਤੇ ਦੱਬੇ ਕੁਚਲੇ ਲੋਕ ਅੱਜ ਵੀ ਗ਼ਰੀਬੀ, ਭੁੱਖਮਰੀ, ਬੇਰੁਜ਼ਗਾਰੀ, ਜ਼ਲਾਲਤ, ਤਰ੍ਹਾਂ-ਤਰ੍ਹਾਂ ਦੇ ਧੱਕੇ-ਵਿਤਕਰੇ ਅਤੇ ਹਕੂਮਤੀ ਜਬਰ ਦਾ ਸੰਤਾਪ ਝੱਲ ਰਹੇ ਹਨ ਕਿਉਂਕਿ ‘ਆਜ਼ਾਦ’ ਭਾਰਤ ਨਾਬਰਾਬਰੀ, ਲੁੱਟਖਸੁੱਟ ਅਤੇ ਬੇਇਨਸਾਫ਼ੀ ਦੇ ਆਦਮਖ਼ੋਰ ਜਮਾਤੀ ਆਧਾਰ ਉੱਪਰ ਉਸਾਰਿਆ ਗਿਆ ਹੈ। ਨਾਉਮੀਦੀ ਦੇ ਆਲਮ ’ਚ ਚੰਗੇ ਤੇ ਮਹਿਫ਼ੂਜ਼ ਭਵਿੱਖ ਲਈ ਪ੍ਰਦੇਸਾਂ ’ਚ ਜਾ ਕੇ ਵਸਣ ਦੀ ਤਾਂਘ ਹੋਰ ਵੀ ਜ਼ੋਰਦਾਰ ਹੋਈ ਹੈ। ਇਸ ਦਾ ਇਜ਼ਹਾਰ ਇਸ ਦਹਾਕੇ ’ਚ ਪੰਜਾਬ ਅਤੇ ਹੋਰ ਰਾਜਾਂ ’ਚੋਂ ਨੌਜਵਾਨੀ ਦੇ ਸਟੱਡੀ ਵੀਜ਼ੇ ਦੇ ਨਾਂ ਹੇਠ ਬਾਹਰਲੇ ਮੁਲਕਾਂ ਵੱਲ ਧੜਾਧੜ ਪ੍ਰਵਾਸ ਦੇ ਰੂਪ ’ਚ ਬਹੁਤ ਉੱਘੜਵੇਂ ਤਰੀਕੇ ਨਾਲ ਹੋਇਆ ਹੈ। ਆਲਮੀ ਸਰਮਾਏਦਾਰੀ ਦਾ ਆਰਥਕ ਸੰਕਟ ਅਤੇ ਦੁਨੀਆ ਭਰ ’ਚ ਘੋਰ ਸੱਜੇਪੱਖੀ ਤਾਕਤਾਂ ਦਾ ਮੁੜ ਉਭਾਰ ਤੇ ਨਾਲ ਹੀ ਸੱਤਾ ’ਚ ਬਣੇ ਰਹਿਣ ਦੀ ਸਿਆਸਤ ਦੀਆਂ ਗਿਣਤੀਆਂ-ਮਿਣਤੀਆਂ ਇਨ੍ਹਾਂ ਮੁਲਕਾਂ ਦੇ ਹੁਕਮਰਾਨਾਂ ਨੂੰ ਇਮੀਗ੍ਰੇਸ਼ਨ ਨੀਤੀਆਂ ਨੂੰ ਹੋਰ ਸਖ਼ਤ ਬਣਾਉਣ ਲਈ ਉਕਸਾ ਰਹੀਆਂ ਹਨ। ਬੇਸ਼ੱਕ ਆਵਾਸੀਆਂ ਪ੍ਰਤੀ ਸਖ਼ਤੀ ਅਤੇ ਸਿਰ ਚੁੱਕ ਰਹੀ ਨਸਲੀ ਨਫ਼ਰਤ ਨੇ ਅਜੇ ਬਸਤੀਵਾਦੀ ਦੌਰ ਦੇ ਘੋਰ ਨਸਲਵਾਦੀ ਵਰਤਾਰੇ ਦਾ ਰੂਪ ਅਖ਼ਤਿਆਰ ਨਹੀਂ ਕੀਤਾ, ਪਰ ਨਵੇਂ ਆਵਾਸੀਆਂ ਨੂੰ ਬਹੁਤ ਵੱਡੀਆਂ ਮੁਸ਼ਕਲਾਂ ਤੇ ਰੋਕਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।




ਕੁਝ ਸਾਲਾਂ ਤੋਂ ਕੈਨੇਡਾ ’ਚ ਭਾਰਤੀ ਵਿਦਿਆਰਥੀਆਂ ਨੂੰ ਦਰਪੇਸ਼ ਮੁਸ਼ਕਲਾਂ ਅਤੇ ਇਮੀਗ੍ਰੇਸ਼ਨ ਨੀਤੀਆਂ ’ਚ ਕੀਤੀ ਜਾ ਰਹੀ ਵੱਡੀ ਰੱਦੋਬਦਲ ਮੁਸ਼ਕਲਾਂ ’ਚ ਹੋਰ ਵਾਧਾ ਹੋਣ ਦੇ ਸੰਕੇਤ ਦੇ ਰਹੀ ਹੈ। ਭਵਿੱਖ ’ਚ ਹਕੂਮਤ ’ਚ ਘੋਰ ਸੱਜੇਪੱਖੀ ਤਾਕਤਾਂ ਦਾ ਰੁਸੂਖ਼ ਵਧਣ ਨਾਲ ਆਵਾਸੀਆਂ ਉੱਪਰ ਸ਼ਿਕੰਜਾ ਹੋਰ ਕੱਸੇ ਜਾਣ ਦੇ ਆਸਾਰ ਹਨ।

ਕੈਨੇਡਾ ’ਚ ਜਾਗਰੂਕ ਵਿਦਿਆਰਥੀਆਂ ਨੇ ਆਪਣੇ ਹਿਤਾਂ ਦੀ ਰਾਖੀ ਸਮੂਹਿਕ ਯਤਨਾਂ ਰਾਹੀਂ ਕਰਨ ਦਾ ਸੁਵੱਲੜਾ ਰਾਹ ਅਖ਼ਤਿਆਰ ਕੀਤਾ ਹੈ। ਹਕੂਮਤੀ ਹਮਲੇ ਦਾ ਜਵਾਬ ਜਥੇਬੰਦਕ ਸੰਘਰਸ਼ ਹੀ ਹੈ। ਇਨ੍ਹਾਂ ਹਾਲਾਤ ’ਚ ਗ਼ਦਰ ਲਹਿਰ ਦੇ ਉੱਭਰਨ ਦੇ ਹਾਲਾਤ ਅਤੇ ਇਤਿਹਾਸ ਤੋਂ ਸਿੱਖਣਾ ਹੋਰ ਵੀ ਮਹੱਤਵਪੂਰਨ ਹੈ। 16 ਨਵੰਬਰ ਕਰਤਾਰ ਸਿੰਘ ਸਰਾਭਾ ਅਤੇ ਵਿਸ਼ਨੂ ਗਣੇਸ਼ ਪਿੰਗਲੇ ਵਰਗੇ ਸਿਰਲੱਥ ਯੋਧਿਆਂ ਦਾ ਸ਼ਹਾਦਤ ਦਿਵਸ ਹੈ (ਉਨ੍ਹਾਂ ਨੂੰ ਪਹਿਲੇ ਗ਼ਦਰ ਸਾਜ਼ਿਸ਼ ਕੇਸ ਵਿਚ ਪੰਜ ਹੋਰ ਗ਼ਦਰੀਆਂ ਸਮੇਤ ਫਾਂਸੀ ਦੇ ਕੇ ਸ਼ਹੀਦ ਕੀਤਾ ਗਿਆ ਸੀ) ਜਿਨ੍ਹਾਂ ਨੇ ਆਪਣਾ ਨਿੱਜੀ ਭਵਿੱਖ ਸੰਵਾਰਨ ਦਾ ਸੁਪਨਾ ਤਿਆਗਕੇ ਵਤਨ ਦੀ ਆਜ਼ਾਦੀ ਲਈ ਜੂਝਣ ਅਤੇ ਸਮੁੱਚੇ ਵਤਨ ਵਾਸੀਆਂ ਦਾ ਭਵਿੱਖ ਸੰਵਾਰਨ ਲਈ ਆਪਣੀਆਂ ਜਾਨਾਂ ਵਾਰ ਦੇਣ ਦਾ ਰਾਹ ਅਖ਼ਤਿਆਰ ਕੀਤਾ। ਬੇਸ਼ੱਕ ਅੱਜ ਇਹ ਲੜਾਈ ਬਸਤੀਵਾਦ ਦੇ ਦੌਰ ਨਾਲੋਂ ਵੱਖਰੇ ਹਾਲਾਤ ’ਚ ਤੇ ਵੱਖਰੇ ਰੂਪਾਂ ’ਚ ਲੜੀ ਜਾਣੀ ਹੈ ਪਰ ਸਰਾਭੇ, ਪਿੰਗਲੇ ਵਰਗੇ ਨਾਇਕ ਸਾਡੀ ਨੌਜਵਾਨੀ ਲਈ ਆਦਰਸ਼ ਹਨ।

ਬਦੇਸ਼ਾਂ ’ਚ ਰੁਲ਼ ਰਹੇ ਵਿਦਿਆਰਥੀਆਂ ਦਾ ਸੰਕਟ ਇਹ ਵਡਮੁੱਲਾ ਸਬਕ ਵੀ ਹੈ ਕਿ ਭਾਰਤ ਵਰਗੇ ਮੁਲਕਾਂ ਦੇ ਹਾਲਾਤ ਤੋਂ ਮਾਯੂਸ ਹੋ ਕੇ ਵਿਕਸਤ ਸਰਮਾਏਦਾਰ ਮੁਲਕਾਂ ’ਚ ਪ੍ਰਵਾਸ ਕਰਨਾ ਸਮੱਸਿਆ ਦਾ ਹੱਲ ਨਹੀਂ ਹੈ। ਉੱਥੇ ਜਾ ਕੇ ਸਾਰਿਆਂ ਦਾ ਸੈਟਲ ਹੋਣਾ ਅਤੇ ਮਹਿਫ਼ੂਜ਼ ਭਵਿੱਖ ਬਣਾ ਸਕਣਾ ਸੰਭਵ ਨਹੀਂ ਹੈ। ਅਜਾਰੇਦਾਰ ਸਰਮਾਏ ਦੇ ਰਾਹ ਦੀਆਂ ਸਭ ਰੋਕਾਂ ਹਟਾਉਣ, ਹਰ ਹਰਬਾ ਵਰਤਕੇ ਦੂਜੇ ਮੁਲਕਾਂ ਉੱਪਰ ਧਾੜਵੀ ਕਬਜ਼ੇ ਅਤੇ ਹਮਲੇ ਕਰਨ ਪਰ ਕਿਰਤ ਦੇ ਪ੍ਰਵਾਸ ਨੂੰ ਆਪਣੇ ਸੁਪਰ ਮੁਨਾਫ਼ਿਆਂ ਦੀ ਜ਼ਰੂਰਤ ਅਨੁਸਾਰ ਸਖ਼ਤੀ ਨਾਲ ਕੰਟਰੋਲ ਕਰਨ ਦਾ ਦੂਜਾ ਨਾਂ ਹੀ ਸਾਮਰਾਜਵਾਦੀ ਵਿਸ਼ਵੀਕਰਨ ਹੈ। ਇਸ ਵਿਰੁੱਧ ਲੜਾਈ ਤੋਂ ਬਚਿਆ ਨਹੀਂ ਜਾ ਸਕਿਆ। ਸਾਮਰਾਜਵਾਦੀ ਸਰਮਾਏਦਾਰੀ ਅਤੇ ਇਨ੍ਹਾਂ ਦੀਆਂ ਜੋਟੀਦਾਰ ਹਕੂਮਤਾਂ ਦੀਆਂ ਨੀਤੀਆਂ ਵਿਰੁੱਧ ਲੜਾਈ ਆਪਣੇ ਮੁਲਕ ’ਚ ਵੀ ਲੜਨੀ ਪਵੇਗੀ ਅਤੇ ਬਦੇਸ਼ਾਂ ’ਚ ਪ੍ਰਵਾਸ ਕਰਕੇ ਵੀ ਲੜਨੀ ਪਵੇਗੀ। ਸਰਮਾਏਦਾਰੀ ਪ੍ਰਬੰਧ ਵਿਰੁੱਧ ਲੜਨ ਦੀ ਜ਼ਰੂਰਤ ਨੂੰ ਸਾਡੇ ਲੋਕ, ਖ਼ਾਸ ਕਰਕੇ ਨੌਜਵਾਨ ਜਿੰਨੀ ਛੇਤੀਂ ਸਮਝ ਲੈਣਗੇ, ਉਨ੍ਹਾਂ ਲਈ ਆਪਣੇ ਹਿਤਾਂ ਦੀ ਰਾਖੀ ਕਰਨਾ ਅਤੇ ਆਪਣੇ ਭਵਿੱਖ ਨੂੰ ਸੁਰੱਖਿਅਤ ਬਣਾਉਣਾ ਉਨਾ ਹੀ ਸੰਭਵ ਹੋਵੇਗਾ।

**- ਸੰਪਾਦਕੀ ਬੋਰਡ**

CALL NOW
FOR HOUSE BUYING & SELLING NEEDS.
RE/MAX
BALJINDER SANGHA REALTOR®
(Certified Condominium Specialist)
403.680.3212
BSANGHA.REALTOR@GMAIL.COM
RE/MAX REAL ESTATE (CENTRAL)
EACH OFFICE INDEPENDENTLY OWNED AND OPERATED

ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਅੱਜ ਹੀ ਸੰਪਰਕ ਕਰੋ
• Auto Insurance • Home Insurance • Life Insurance • Critical illness • Disability Insurance • Car Loans • Business Insurance
SAVE UPTO 30%
• ਕਾਰ ਇੰਸ਼ੋਰੈਂਸ • ਹੋਮ ਇੰਸ਼ੋਰੈਂਸ • ਲਾਈਫ ਇੰਸ਼ੋਰੈਂਸ • ਕਰਿਟੀਕਲ ਇਲਨੈਸ ਇੰਸ਼ੋਰੈਂਸ • ਡਿਸਅਬਿਲਿਟੀ ਇੰਸ਼ੋਰੈਂਸ • ਕਾਰ ਲੋਨ • ਬਿਜ਼ਨਸ ਇੰਸ਼ੋਰੈਂਸ
Call us for FREE Insurance Quote
Paramjit Plaha
403 554.4444
paramjit@paramjit.ca
paramjit.ca
210 - 2323 32 Ave NE Calgary AB T2E 6Z3

AMANDEEP S. RANIA
Immigration Consultant
RCIC Regulated Canadian Immigration Consultant
+1 (403) 436-6000
+1 (403) 406-2004
info@jfsimmigration.com
#2264 4310 104 Ave NE. Calgary, Alberta T3N 1W2
www.jfsimmigration.com

Insta Realty BUY SELL INSTANTLY
Residential | Commercial | Rural
Property Management
Harcharan Parhar
BROKER
403-681-8689
info@instarlt.com | www.instarlt.com
400, 3115-12th St NE Calgary AB T2E 7J2

SUPER VISA INSURANCE
Punjab Insurance Inc PUNJAB INSURANCE INC.
• Life Insurance • Mortgage Insurance • Critical Illness Insurance • Disability Insurance • RESP, RRSP
www.punjabinsurance.ca
Sherjang Singh Rana 416.910.9000
Sandeep Ahuja 416.660.1010

• ਪੁਸਤਕ ਮੇਲਾ 13 ਅਕਤੂਬਰ ਦਿਨ ਐਤਵਾਰ ਨੂੰ,
• ਨਾਟਕ ਜੰਨਤ 11 ਅਕਤੂਬਰ 2024 ਦਿਨ ਸ਼ੁੱਕਰਵਾਰ ਨੂੰ
• ਨਾਟਕ ਤੇਰੀ ਕਹਾਣੀ ਮੇਰੀ ਕਹਾਣੀ 26 ਅਕਤੂਬਰ ਦਿਨ ਸ਼ਨੀਵਾਰ ਨੂੰ

(ਦੇਖੋ ਸਫ਼ਾ 39 'ਤੇ)

14 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।



| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ ਵਿਨੀਪੈਗ | ਬਲਜਿੰਦਰ ਸਿੰਘ ਵੜੈਚ (ਪੰਜਾਬ) |
|---|---|---|---|---|---|
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |


NEW SERVICE BY CARE INC

Calgary 403-605-6300

ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ

CARE AUDIOLOGY

## ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਣਨ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada
Phone : 403-605-6300 Fax : 403-536-4057 Email : calgary@careinc.ca

TRIP TINGLE
Your gateway to global exploration

Thinking of Travel Think Trip Tingle!
Special Discounted fares to India and Pakistan!
Lowest fare guaranteed!!
ਭਾਰਤ ਅਤੇ ਪਾਕਿਸਤਾਨ ਲਈ ਵਿਸ਼ੇਸ਼ ਛੋਟ
ਸਭ ਤੋਂ ਘੱਟ ਕਿਰਾਏ ਦੀ ਗਾਰੰਟੀ !!
Call Now 587-600-0422, WhatsApp 587-907-0057
Mail Us info@triptingle.com or Visit www.triptingle.com

Call Romi Sidhu For Insurance & Financial Needs




StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN

Harpreet Parmar CPA, CGA
Chartered Professional Accountant
• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business
Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ ਵਧੀਆ ਤੇ ਪ੍ਰੋਫ਼ੈਸ਼ਨਲ ਅਕਾਊਂਟਸ ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)
Ph: (403) 271-5100, Fax: (403) 271-5171
Email: hparmar@hppcorp.ca
Website: www.hppcorp.ca



Harpinder Sidhu INSURANCE EXPERT
Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES
HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Nawan Shahr (Punjab)
946-347-4342
atoozed@gmail.com
Dr. Kuldeep Singh (Punjab)
+91 98151 15429
kuldip_1961@yahoo.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu (Toronto)
Master Balbir Singh Gill (Toronto)
Jaspreet Dhaliwal (Toronto)
Harcharan Singh Parhar Calgary
Narbhinder Singh (India) (Punjab)
935-443-0211

**Graphic Desinger**
Baljinder Singh Waraich
+91-92167-29598
akashdeep.1064@gmail.com


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।


TOP CHOICE
INSURANCE AGENCY INC

RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Unit 6 - 11675 Mcvean Dr, Brampton, ON, L6P 4N5



HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com
- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work




Paul Sekhon: 403-829-5000
Bay 11 2316 27 Ave. NE, Calgary
Ph. : 403-701-4947

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® REALTOR® REAL ESTATE BOARD
Taranjit "T. J." Mand
Real Estate Associate
Max Value Reality Ltd.





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in

IMMIGRATION
Applications for Family Class and APPEALS, Skilled Workers, Investors, Refugee Claims

REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW

SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES

Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

# ਪ੍ਰੋਫੈਸਰ ਸਾਈਬਾਬਾ ਦਾ ਸੰਸਥਾਈ ਕਤਲ



ਬੂਟਾ ਸਿੰਘ
ਮਹਿਮੂਦਪੁਰ
94634-74342

10 ਸਾਲ ਜੇਲ੍ਹ ਦੇ ਭਿਆਨਕ ਤਸੀਹੇ ਝੱਲਣ ਵਾਲੇ ਪ੍ਰੋਫੈਸਰ ਜੀ.ਐੱਨ. ਸਾਈਬਾਬਾ 12 ਅਕਤੂਬਰ ਨੂੰ ਨਿਜ਼ਾਮ ਮੈਡੀਕਲ ਇੰਸਟੀਚਿਊਟ ਹੈਦਰਾਬਾਦ 'ਚ ਇਲਾਜ ਦੌਰਾਨ ਦਮ ਤੋੜ ਗਏ। ਪਿੱਤੇ ਦੀ ਸਧਾਰਨ ਸਰਜਰੀ ਤੋਂ ਬਾਅਦ ਉਨ੍ਹਾਂ ਦੀ ਹਾਲਤ ਵਿਗੜ ਗਈ ਕਿਉਂਕਿ ਜੇਲ੍ਹ ਜ਼ੁਲਮਾਂ ਦਾ ਪਿੰਜਿਆ ਉਨ੍ਹਾਂ ਦਾ ਸਰੀਰ ਸਧਾਰਨ ਅਪਰੇਸ਼ਨ ਦਾ ਕਸ਼ਟ ਸਹਿਣ ਦੀ ਹਾਲਤ 'ਚ ਵੀ ਨਹੀਂ ਸੀ। ਅਜੇ ਸੱਤ ਮਹੀਨੇ ਪਹਿਲਾਂ ਹੀ ਬੰਬੇ ਹਾਈ ਕੋਰਟ ਦੇ ਨਾਗਪੁਰ ਬੈਂਚ ਵੱਲੋਂ ਪ੍ਰੋਫੈਸਰ ਸਾਈਬਾਬਾ, ਪੱਤਰਕਾਰ ਪ੍ਰਸ਼ਾਂਤ ਰਾਹੀ, ਇਨਕਲਾਬੀ ਕਲਾਕਾਰ (ਅਤੇ ਜੇ.ਐੱਨ.ਯੂ. ਦੇ ਵਿਦਿਆਰਥੀ ਕਾਰਕੁਨ) ਹੇਮ ਮਿਸ਼ਰਾ ਸਮੇਤ ਪੰਜ ਜਣਿਆਂ ਨੂੰ ਬਾਇੱਜ਼ਤ ਬਰੀ ਕੀਤੇ ਜਾਣ ਦੇ ਅਦਾਲਤੀ ਫ਼ੈਸਲੇ ਅਨੁਸਾਰ ਜੇਲ੍ਹ 'ਚੋਂ ਰਿਹਾਅ ਕੀਤਾ ਗਿਆ ਸੀ। ਮਹਾਰਾਸ਼ਟਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਪਟੀਸ਼ਨ ਪਾ ਕੇ ਉਨ੍ਹਾਂ ਦੀ ਰਿਹਾਈ ਨੂੰ ਰੋਕਣ ਦੀ ਸਿਰਤੋੜ ਕੋਸ਼ਿਸ਼ ਕੀਤੀ ਜੋ ਸਫ਼ਲ ਨਾ ਹੋਈ। ਸੱਤ ਸਾਲ ਕਾਲ-ਕੋਠੜੀ (ਅੰਡਾ ਸੈੱਲ) ਵਿਚ ਕੈਦ ਰਹੇ ਪ੍ਰੋਫੈਸਰ ਸਾਈਬਾਬਾ ਜਾਨਲੇਵਾ ਬੀਮਾਰੀਆਂ ਦੇ ਭੰਨੇ ਜੇਲ੍ਹ ਤੋਂ ਬਾਹਰ ਆਏ। ਉਨ੍ਹਾਂ ਦੱਸਿਆ, "ਇਹ ਮਹਿਜ਼ ਇਤਫ਼ਾਕ ਹੈ ਕਿ ਮੈਂ ਜੇਲ੍ਹ ਵਿੱਚੋਂ ਜਿਉਂਦਾ ਬਾਹਰ ਆ ਗਿਆ ਹਾਂ।' 'ਕੈਦ ਦੌਰਾਨ ਮੇਰੇ ਨਾਲ ਕੀਤੇ ਕਰੂਰ ਵਿਹਾਰ ਨਾਲ ਮੇਰੀ ਜ਼ਿੰਦਗੀ ਖ਼ਤਰੇ 'ਚ ਪੈ ਗਈ ਹੈ ਜੋ ਤਸੀਹੇ ਦੇਣ ਬਰਾਬਰ ਸੀ। ਮੇਰਾ ਇਲਾਜ ਨਹੀਂ ਹੋਣ ਦਿੱਤਾ ਗਿਆ। ਇਸਨੇ ਮੇਰਾ ਸਰੀਰ ਤਬਾਹ ਕਰ ਦਿੱਤਾ। ਅੱਜ, ਮੈਂ ਤੁਹਾਡੇ ਸਾਹਮਣੇ ਜਿਉਂਦਾ ਤਾਂ ਹਾਂ ਪਰ ਮੇਰੇ ਅੰਗ ਮੇਰਾ ਸਾਥ ਛੱਡਦੇ ਜਾਂਦੇ ਹਨ।" ਆਖ਼ਿਰ ਉਹੀ ਹੋਇਆ ਜਿਸਦਾ ਡਰ ਲੰਮੇ ਸਮੇਂ ਤੋਂ ਸੀ।

ਦਿੱਲੀ ਯੂਨੀਵਰਸਿਟੀ ਵਿਚ ਅੰਗਰੇਜ਼ੀ ਸਾਹਿਤ ਦੇ ਪ੍ਰੋਫੈਸਰ ਸਾਈਬਾਬਾ ਭਾਰਤੀ ਹੁਕਮਰਾਨਾਂ ਨੂੰ ਬੇਹੱਦ ਚੁਭਦੇ ਸਨ ਅਤੇ ਕੋਈ ਵੀ ਬਹਾਨਾ ਬਣਾ ਕੇ ਉਸ ਨੂੰ ਜੇਲ੍ਹ ਵਿਚ ਡੱਕਣਾ ਚਾਹੁੰਦੇ ਸਨ। ਜੇਲ੍ਹ 'ਚ ਡੱਕਣ ਲਈ ਕਹਾਣੀ ਇਹ ਘੜੀ ਗਈ ਕਿ ਉਹ ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਦਾ ਮੈਂਬਰ ਹੈ ਅਤੇ ਸ਼ਹਿਰੀ ਨਕਸਲੀ ਤਾਣੇਬਾਣੇ ਦਾ ਹਿੱਸਾ ਹੈ। ਇਹ ਦੋਸ਼ ਹੁਣ ਕਾਲੇ ਕਾਨੂੰਨ ਯੂਏਪੀਏ ਤਹਿਤ ਕਿਸੇ ਨੂੰ ਵੀ ਜੇਲ੍ਹ ਵਿਚ ਡੱਕਣ ਲਈ ਭਗਵਾ ਹਕੂਮਤ ਵੱਲੋਂ ਆਮ ਹੀ ਵਰਤਿਆ ਜਾ ਰਿਹਾ ਹੈ। ਹਕੀਕਤ ਇਹ ਸੀ ਕਿ ਪ੍ਰੋਫੈਸਰ ਸਾਈਬਾਬਾ ਤੇ ਹੋਰ ਜਮਹੂਰੀ ਕਾਰਕੁਨ ਭਾਰਤੀ ਹਕੂਮਤ ਦੇ ਨਿਸ਼ਾਨੇ 'ਤੇ ਸਨ ਕਿਉਂਕਿ ਉਹ ਇਨਕਲਾਬੀ ਬਦਲਾਓ ਨੂੰ ਪ੍ਰਣਾਈ ਮਾਓਵਾਦੀ ਲਹਿਰ ਉੱਪਰ ਕਰੂਰ ਜਬਰ, ਸਵੈਨਿਰਣੇ ਲਈ ਲੜ ਰਹੀਆਂ ਕੌਮੀਅਤ ਲਹਿਰਾਂ ਦੇ ਦਮਨ, ਕਥਿਤ ਵਿਕਾਸ ਪ੍ਰੋਜੈਕਟਾਂ ਰਾਹੀਂ ਆਦਿਵਾਸੀਆਂ ਦੇ ਉਜਾੜੇ ਅਤੇ ਸਲਵਾ ਜੁਡਮ ਤੇ ਅਪਰੇਸ਼ਨ ਗ੍ਰੀਨ ਹੰਟ ਆਦਿ ਨਾਵਾਂ ਹੇਠ ਆਪਣੇ ਹੀ ਲੋਕਾਂ ਵਿਰੁੱਧ ਸਟੇਟ ਵੱਲੋਂ ਵਿੱਢੇ ਯੁੱਧ ਵਿਰੁੱਧ ਨਿਧੜਕ ਆਵਾਜ਼ ਉਠਾ ਰਹੇ ਸਨ। ਉਨ੍ਹਾਂ ਦੀ ਜ਼ੁਬਾਨਬੰਦੀ ਲਈ ਹੁਕਮਰਾਨਾਂ ਵੱਲੋਂ ਜ਼ਮੀਨ ਤਿਆਰ ਕੀਤੀ ਜਾ ਰਹੀ ਸੀ ਕਿਉਂਕਿ ਉਹ ਦੇਸ਼-ਬਦੇਸ਼ ਵਿਚ ਅਪਰੇਸ਼ਨ ਗ੍ਰੀਨ ਹੰਟ ਵਿਰੁੱਧ ਲੋਕ-ਰਾਇ ਲਾਮਬੰਦ ਕਰਨ ਵਾਲੀਆਂ ਜਮਹੂਰੀ ਸ਼ਖ਼ਸੀਅਤਾਂ 'ਚੋਂ ਇਕ ਸਨ। 12 ਸਤੰਬਰ 2013 ਨੂੰ ਮਹਾਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਦੀ ਪੁਲਿਸ ਨੇ ਇਕ ਝੂਠਾ ਕੇਸ ਤਿਆਰ ਕਰਕੇ ਚੋਰੀ ਬਾਰੇ ਤਲਾਸ਼ੀ ਲੈਣ ਦੇ ਬਹਾਨੇ ਪ੍ਰੋਫੈਸਰ ਦੇ ਘਰ ਛਾਪਾ ਮਾਰਿਆ। ਛੇ ਮਹੀਨਿਆਂ 'ਚ ਉਨ੍ਹਾਂ ਤੋਂ ਚਾਰ ਵਾਰ ਪੁੱਛਗਿੱਛ ਕੀਤੀ ਗਈ। ਫਿਰ ਮਈ 2014 'ਚ ਗੜ੍ਹਚਿਰੌਲੀ ਪੁਲਿਸ ਤੇ ਹੋਰ ਜਾਂਚ ਏਜੰਸੀਆਂ ਨੇ ਸਾਈਬਾਬਾ ਨੂੰ ਉਦੋਂ ਰਸਤੇ 'ਚੋਂ ਅਗਵਾ ਕਰ ਲਿਆ ਜਦੋਂ ਉਹ ਕਾਲਜ ਤੋਂ ਘਰ ਵਾਪਸ ਜਾ ਰਿਹਾ ਸੀ। ਗ੍ਰਿਫ਼ਤਾਰੀ ਤੋਂ ਬਾਦ ਉਨ੍ਹਾਂ ਨੂੰ ਢਾਈ ਸਾਲ ਜੇਲ੍ਹ 'ਚ ਰੱਖਿਆ ਗਿਆ, ਇਸ ਦੌਰਾਨ ਸਿਰਫ਼ 3 ਮਹੀਨੇ ਹੀ ਉਹ ਜ਼ਮਾਨਤ 'ਤੇ ਬਾਹਰ ਰਹੇ। ਸਾਈਬਾਬਾ ਸਮੇਤ ਛੇ ਕਾਰਕੁਨਾਂ ਉੱਪਰ ਰਾਜਧ੍ਰੋਹ ਅਤੇ ਯੂਏਪੀਏ ਵਰਗੇ ਕਾਲੇ ਕਾਨੂੰਨ ਲਗਾ ਕੇ ਸਟੇਟ ਵਿਰੁੱਧ ਯੁੱਧ ਛੇੜਨ ਦਾ ਮੁਕੱਦਮਾ ਚਲਾਇਆ ਗਿਆ ਅਤੇ 7 ਮਾਰਚ 2017 ਨੂੰ ਸੈਸ਼ਨ ਜੱਜ ਵੱਲੋਂ ਸਰਕਾਰ ਨੂੰ ਖ਼ੁਸ਼ ਕਰਨ ਲਈ ਉਮਰ ਕੈਦ ਦੀ ਕੈਦ ਦੀ ਸਜ਼ਾ ਸੁਣਾ ਦਿੱਤੀ ਗਈ।

ਗੜ੍ਹਚਿਰੌਲੀ ਸੈਸ਼ਨ ਜੱਜ ਦਾ ਫ਼ੈਸਲਾ ਸਰੇਆਮ ਪੱਖਪਾਤੀ ਅਤੇ ਹਕੂਮਤ ਦੇ ਕਾਰਪੋਰੇਟ ਏਜੰਡੇ ਦੀ ਵਕਾਲਤ ਸੀ। ਫ਼ੈਸਲੇ ਦਾ ਮੁੱਖ ਨੁਕਤਾ ਇਹ ਸੀ ਕਿ ਨਕਸਲੀ ਹਿੰਸਾ ਕਾਰਨ ਗੜ੍ਹਚਿਰੌਲੀ ਵਿਚ ਵਿਕਾਸ ਨਹੀਂ ਹੋ ਰਿਹਾ। ਜੱਜ ਨੇ ਫ਼ੈਸਲੇ 'ਚ ਜ਼ੋਰ ਦਿੱਤਾ ਕਿ ਇਹ ਨਾ ਦੇਖੋ ਕਿ ਪ੍ਰੋਫੈਸਰ ਸਾਈਬਾਬਾ 90% ਅਪਾਹਜ ਹੈ, ਉਹ ਦਿਮਾਗੀ ਤੌਰ 'ਤੇ ਤੇਜ਼-ਤਰਾਰ ਵਿਅਕਤੀ ਹੈ ਜੋ ਮਾਓਵਾਦੀਆਂ ਦਾ ਥਿੰਕ-ਟੈਂਕ, ਸਿਰਕੱਢ ਆਗੂ ਹੈ। 827 ਪੰਨਿਆਂ ਦੇ ਫ਼ੈਸਲੇ ਵਿਚ ਜੱਜ ਨੇ 11 ਵਾਰ ਸੂਰਜਗੜ੍ਹ ਪ੍ਰੋਜੈਕਟ ਦਾ ਜ਼ਿਕਰ ਕੀਤਾ। ਕਾਰਪੋਰੇਟ ਪ੍ਰੋਜੈਕਟ ਵਿਚ ਜੱਜ ਦੀ ਦਿਲਚਸਪੀ ਇਸ ਦਾ ਸਬੂਤ ਸੀ ਕਿ ਇਹ ਅਦਾਲਤੀ ਫ਼ੈਸਲਾ ਰਾਜਨੀਤਕ ਸੀ ਜੋ ਭਾਰਤ ਦੇ ਹੁਕਮਰਾਨਾਂ ਵੱਲੋਂ ਆਪਣੇ ਹੀ ਲੋਕਾਂ ਵਿਰੁੱਧ ਵਿੱਢੇ ਹਕੂਮਤੀ ਦਹਿਸ਼ਤਵਾਦੀ ਯੁੱਧ ਦਾ ਹਿੱਸਾ ਸੀ।

ਸੈਸ਼ਨ ਕੋਰਟ ਦੇ ਫ਼ੈਸਲੇ ਨੂੰ ਬੰਬੇ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ। ਜਦੋਂ ਲੰਮੀ ਕਾਨੂੰਨੀ ਲੜਾਈ ਤੋਂ ਬਾਅਦ 14 ਅਕਤੂਬਰ 2022 ਨੂੰ ਬੰਬੇ ਹਾਈਕੋਰਟ ਦੇ ਨਾਗਪੁਰ ਬੈਂਚ ਨੇ ਉਨ੍ਹਾਂ ਨੂੰ ਬਰੀ ਕਰਨ ਦਾ ਆਦੇਸ਼ ਦੇ ਦਿੱਤਾ ਤਾਂ ਇਸ ਫ਼ੈਸਲੇ ਨੂੰ ਰੁਕਵਾਉਣ ਲਈ ਮਹਾਰਾਸ਼ਟਰ ਸਰਕਾਰ ਤੁਰੰਤ ਸੁਪਰੀਮ ਕੋਰਟ ਵਿਚ ਚਲੀ ਗਈ। ਸੁਪਰੀਮ ਕੋਰਟ ਨੇ ਐਨੀ ਤੱਤਪਰਤਾ ਦਿਖਾਈ ਕਿ ਅਗਲੀ ਦਿਨ ਹੀ (ਸ਼ਨੀਵਾਰ, ਅਦਾਲਤਾਂ 'ਚ ਛੁੱਟੀ ਵਾਲੇ ਦਿਨ) ਵਿਸ਼ੇਸ਼ ਸੁਣਵਾਈ ਕਰਕੇ ਰਿਹਾਈ ਦੇ ਆਦੇਸ਼ ਉੱਪਰ ਇਹ ਕਹਿ ਕੇ ਰੋਕ ਲਾ ਦਿੱਤੀ ਕਿ ਉਹ "ਮੁਲਕ ਦੀ ਪ੍ਰਭੂਸੱਤਾ ਅਤੇ ਅਖੰਡਤਾ ਵਿਰੁੱਧ ਬਹੁਤ ਹੀ ਗੰਭੀਰ ਜੁਰਮ" ਦੇ ਦੋਸ਼ੀ ਹਨ। ਬੈਂਚ ਨੇ ਇੱਥੋਂ ਤੱਕ ਕਿਹਾ ਕਿ "ਜਿੱਥੋਂ ਤੱਕ ਦਹਿਸ਼ਤਵਾਦੀ ਕਾਰਵਾਈਆਂ ਦਾ ਸੰਬੰਧ ਹੈ, ਦਿਮਾਗ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੁੰਦੀ ਹੈ...ਅਜਿਹੀਆਂ ਸਰਗਰਮੀਆਂ ਲਈ ਦਿਮਾਗ ਬਹੁਤ ਖ਼ਤਰਨਾਕ ਹੈ।" ਜਦੋਂ ਬਚਾਅ ਪੱਖ ਦੇ ਵਕੀਲ ਨੇ ਅਦਾਲਤ ਨੂੰ ਗੁਜ਼ਾਰਿਸ਼ ਕੀਤੀ ਕਿ ਸਾਈਬਾਬਾ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਉਸ ਨੂੰ ਜੇਲ੍ਹ ਦੀ ਬਜਾਏ ਘਰ ਵਿਚ ਨਜ਼ਰਬੰਦ ਕਰ ਦਿੱਤਾ ਜਾਵੇ, ਉਸ ਦਾ ਟੈਲੀਫ਼ੋਨ ਬੰਦ ਕਰ ਦਿੱਤਾ ਜਾਵੇ ਤਾਂ ਮਹਾਰਾਸ਼ਟਰ ਸਰਕਾਰ ਦੀ ਤਰਫ਼ੋਂ ਪੇਸ਼ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਵਿਰੋਧ ਕਰਦਿਆਂ ਕਿਹਾ, "ਇਹ ਗੁਜ਼ਾਰਿਸ਼ਾਂ ਨਕਸਲੀਆਂ, ਖ਼ਾਸ ਕਰਕੇ ਸ਼ਹਿਰੀ ਨਕਸਲੀਆਂ ਵੱਲੋਂ ਅਕਸਰ ਹੀ ਆਉਂਦੀਆਂ ਹਨ...ਯੂਏਪੀਏ ਅਪਰਾਧਾਂ ਵਿਚ, ਦੋਸ਼ੀ ਨੂੰ ਬੰਦ ਰੱਖਣਾ ਜ਼ਰੂਰੀ ਹੈ। ਉਨ੍ਹਾਂ ਨੂੰ ਕਿਸੇ ਨੂੰ ਛੁਰਾ ਮਾਰਨ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ ਹੈ, ਉਨ੍ਹਾਂ ਨੂੰ ਕਿਸੇ ਨੂੰ ਗੋਲੀ



ਮਾਰਨ ਲਈ ਕਿਤੇ ਬਾਹਰ ਜਾਣ ਦੀ ਲੋੜ ਨਹੀਂ ਹੈ।...ਯੂਏਪੀਏ ਅਪਰਾਧੀਆਂ ਲਈ ਸ਼ਰਤ ਹੀ ਇਹ ਹੈ ਕਿ ਉਨ੍ਹਾਂ ਨੂੰ ਜੇਲ੍ਹ ਵਿਚ ਵੱਖਰਾ ਰੱਖਣਾ ਹੈ।" ਜਦੋਂ ਸੁਪਰੀਮ ਕੋਰਟ ਦੇ ਆਦੇਸ਼ ਅਨੁਸਾਰ ਬੰਬੇ ਹਾਈਕੋਰਟ ਦੇ ਨਵੇਂ ਬੈਂਚ ਨੇ ਇਸ ਕੇਸ ਦੀ ਦੁਬਾਰਾ ਸੁਣਵਾਈ ਕਰਕੇ ਉਨ੍ਹਾਂ ਨੂੰ ਮੁੜ ਬਰੀ ਕਰ ਦਿੱਤਾ ਤਾਂ ਭਗਵਾ ਹਕੂਮਤ ਨੇ 'ਕੌਮੀ ਸੁਰੱਖਿਆ' ਦੀ ਦੁਹਾਈ ਦੇ ਕੇ ਇਸ ਫ਼ੈਸਲੇ ਉੱਪਰ ਰੋਕ ਲਗਵਾਉਣ ਲਈ ਵੀ ਪੂਰੀ ਤਾਕਤ ਝੋਕ ਦਿੱਤੀ। ਇਹ ਵੱਖਰੀ ਗੱਲ ਹੈ ਕਿ ਸੁਪਰੀਮ ਕੋਰਟ ਨੇ ਦੂਜੀ ਵਾਰ ਰਿਹਾਈ ਰੋਕਣ ਤੋਂ ਨਾਂਹ ਕਰ ਦਿੱਤੀ।

ਇਸ ਪੂਰੇ ਅਦਾਲਤੀ ਅਮਲ ਦੌਰਾਨ, ਭਾਰਤੀ ਸਟੇਟ ਦਾ ਬੇਹੱਦ ਕਰੂਰ ਚਿਹਰਾ ਸਾਰੇ ਮੁਖੌਟੇ ਲਾਹ ਕੇ ਸਾਹਮਣੇ ਆਇਆ। ਛੇਵੇਂ 'ਦੋਸ਼ੀ' ਪਾਂਡੂ ਨਰੋਟੇ ਦੀ ਜਾਨ ਜੇਲ੍ਹ ਪ੍ਰਬੰਧ ਦੀ ਕਰੂਰਤਾ ਨੇ ਲੈ ਲਈ। ਇਹ ਆਦਿਵਾਸੀ ਨੌਜਵਾਨ ਮਾਮੂਲੀ ਬੁਖ਼ਾਰ ਦਾ ਇਲਾਜ ਨਾ ਕੀਤੇ ਜਾਣ ਕਾਰਨ ਅਗਸਤ 2022 'ਚ ਜੇਲ੍ਹ ਦੇ ਅੰਦਰ ਦਮ ਤੋੜ ਗਿਆ। ਐਨ ਉਸੇ ਤਰ੍ਹਾਂ ਜਿਵੇਂ ਸਰਕਾਰ ਦੇ ਇਸ਼ਾਰੇ 'ਤੇ ਹੱਕਾਂ ਦੇ ਉੱਘੇ ਕਾਰਕੁਨ ਸਟੇਨ ਸਵਾਮੀ (84) ਨੂੰ ਮੌਤ ਦੇ ਮੂੰਹ 'ਚ ਧੱਕਿਆ ਗਿਆ। ਉਹ ਪਾਰਕਿਨਸਨ ਦੇ ਮਰੀਜ਼ ਸਨ ਅਤੇ ਉਨ੍ਹਾਂ ਨੂੰ ਬਿਨਾਂ ਇਲਾਜ ਜੇਲ੍ਹ ਵਿਚ ਮਾਰਿਆ ਗਿਆ। ਜੇਲ੍ਹ ਅਧਿਕਾਰੀਆਂ ਨੇ ਸਾਈਬਾਬਾ ਪ੍ਰਤੀ ਹੋਰ ਵੀ ਕਰੂਰਤਾ ਦਿਖਾਉਂਦਿਆਂ ਉਸ ਨੂੰ ਨਾਗਪੁਰ ਜੇਲ੍ਹ ਦੇ ਅੰਦਰ ਅੰਗਰੇਜ਼ ਹਕੂਮਤ ਦੇ ਬਣਾਏ ਸਪੈਸ਼ਲ 'ਅੰਡਾ' ਸੈੱਲ, ਜੋ ਦਰਅਸਲ ਵਿਸ਼ੇਸ਼ ਤਸੀਹਾ ਚੈਂਬਰ ਹੈ, ਵਿਚ ਬੰਦ ਰੱਖਿਆ ਤਾਂ ਜੋ ਸਰੀਰਕ ਤੌਰ 'ਤੇ ਅਪਾਹਜ ਪ੍ਰੋਫੈਸਰ ਨੂੰ ਇਕੱਲਤਾ 'ਚ ਰੱਖ ਕੇ ਬਿਨਾਂ ਇਲਾਜ ਮਾਰਿਆ ਜਾ ਸਕੇ। ਉਸਦੇ ਸਰੀਰ ਦਾ ਖੱਬਾ ਪਾਸਾ ਲਕਵਾਗ੍ਰਸਤ ਹੋ ਜਾਣ ਦੇ ਬਾਵਜੂਦ ਉਸ ਨੂੰ ਨੌਂ ਮਹੀਨੇ ਹਸਪਤਾਲ ਨਹੀਂ ਲਿਜਾਇਆ ਗਿਆ। ਉਸਦੀ ਵੀਲ੍ਹ ਚੇਅਰ ਵੀ ਤੋੜ ਦਿੱਤੀ ਗਈ। ਬੇਰਹਿਮੀ ਨਾਲ ਧੂਹਣ ਕਰਕੇ ਉਸਦੀਆਂ ਪਸਲੀਆਂ ਅੰਦਰ ਧਸ ਗਈਆਂ। ਚਿੱਠੀ-ਪੱਤਰ ਉੱਪਰ ਸੈਂਸਰਸ਼ਿਪ ਰਾਹੀਂ ਪਰਿਵਾਰ ਨੂੰ ਬੇਖ਼ਬਰ ਰੱਖਣ ਦੀ ਪੂਰੀ ਕੋਸ਼ਿਸ਼ ਕੀਤੀ ਗਈ। ਸਹਾਰੇ ਲਈ ਮੁਥਾਜ ਹੋਣ ਦੇ ਬਾਵਜੂਦ ਉਸ ਨੂੰ ਦੇਖਭਾਲ ਲਈ ਸਹਾਇਕ ਨਹੀਂ ਦਿੱਤਾ ਗਿਆ। ਪੈਂਕਰੀਜ਼, ਪਿੱਤੇ ਦੀ ਪੱਥਰੀ, ਪ੍ਰਾਸਟੇਟ ਦੇ ਰੋਗ, ਦਿਲ ਦੀਆਂ ਗੰਭੀਰ ਸਮੱਸਿਆਵਾਂ ਵਰਗੇ ਗੰਭੀਰ ਰੋਗਾਂ ਦੇ ਬਾਵਜੂਦ ਨਾ ਤਾਂ ਹਸਪਤਾਲ ਲਿਜਾ ਕੇ ਉਸ ਦਾ ਇਲਾਜ ਕਰਵਾਇਆ ਗਿਆ ਅਤੇ ਨਾ ਹੀ ਉਸ ਦੇ ਪਰਿਵਾਰ ਵੱਲੋਂ ਭੇਜੀਆਂ ਜਾਂਦੀਆਂ ਜੀਵਨ-ਬਚਾਊ ਦਵਾਈਆਂ ਉਸ ਨੂੰ ਦਿੱਤੀਆਂ ਗਈਆਂ।

90% ਅਪਾਹਜ ਹੋਣ ਕਾਰਨ ਇਨਸਾਨੀਅਤ ਦੇ ਆਧਾਰ 'ਤੇ ਸਾਈਬਾਬਾ ਜ਼ਮਾਨਤ ਅਤੇ ਵਿਸ਼ੇਸ਼ ਟਰੀਟਮੈਂਟ ਦਾ ਹੱਕਦਾਰ ਸੀ। ਪਰ ਕੈਂਸਰ ਤੋਂ ਪੀੜਤ ਮਾਂ ਮੌਤ ਦੇ ਬਿਸਤਰੇ 'ਤੇ ਪਈ ਆਪਣੇ ਪੁੱਤਰ ਨੂੰ ਮਿਲਣ ਲਈ ਤਰਸਦੀ ਮਰ ਗਈ। ਅਜਿਹੇ ਅਸਹਿ ਸਦਮੇ ਦੀ ਹਾਲਤ 'ਚ ਵੀ ਸਾਈਬਾਬਾ ਨੂੰ ਆਪਣੀ ਮਾਂ ਦੇ ਅੰਤਮ ਸੰਸਕਾਰ ਵਿਚ ਸ਼ਾਮਲ ਹੋਣ ਲਈ ਕੁਝ ਦਿਨਾਂ ਦੀ ਪੈਰੋਲ ਵੀ ਨਹੀਂ ਦਿੱਤੀ ਗਈ। ਸਾਈਬਾਬਾ ਦੀ ਪਤਨੀ ਅਤੇ ਹੋਰ ਪਰਿਵਾਰ ਮੈਂਬਰਾਂ ਵੱਲੋਂ 'ਅੰਡਾ ਸੈੱਲ' ਵਿਚ ਤਨਹਾਈ ਕੈਦ ਦੌਰਾਨ ਉਸ ਨੂੰ ਆ ਰਹੀਆਂ ਪ੍ਰੇਸ਼ਾਨੀਆਂ ਅਤੇ ਉਸ ਦੀ ਦਿਨੋਂਦਿਨ ਵਿਗੜ ਰਹੀ ਸਿਹਤ ਦਾ ਮਾਮਲਾ ਵਾਰ-ਵਾਰ ਅਦਾਲਤ ਦੇ ਧਿਆਨ 'ਚ ਲਿਆਂਦਾ ਗਿਆ। ਦੁਨੀਆ ਭਰ 'ਚ ਉਸ ਦੀ ਰਿਹਾਈ ਦੀ ਮੰਗ ਕਰਦਿਆਂ ਵਿਆਪਕ ਆਵਾਜ਼ ਉੱਠੀ। ਕੈਨੇਡਾ ਦੀ ਸੰਸਦ 'ਚ ਵੀ ਮਾਮਲਾ ਉੱਠਿਆ। ਯੂ.ਐੱਨ. ਦੀ ਵਿਸ਼ੇਸ਼ ਮਾਹਰਾਂ ਦੀ ਕਮੇਟੀ ਨੇ ਉਸ ਦੀ ਹਾਲਤ ਦੇ ਮੱਦੇਨਜ਼ਰ ਤੁਰੰਤ ਜ਼ਮਾਨਤ ਦਿੱਤੇ ਜਾਣ ਲਈ ਜ਼ੋਰ ਪਾਇਆ। ਪਰ ਜਾਬਰ ਹਕੂਮਤ ਉੱਪਰ ਕੋਈ ਅਸਰ ਨਾ ਹੋਇਆ ਅਤੇ ਇਸ ਨੇ ਤਮਾਮ ਇਨਸਾਨੀਅਨ ਆਧਾਰਤ ਅਪੀਲਾਂ ਨੂੰ ਕਰੂਰਤਾ ਨਾਲ ਠੁਕਰਾ ਕੇ ਗੰਭੀਰ ਬੀਮਾਰ ਪ੍ਰੋਫੈਸਰ ਨੂੰ ਮੌਤ ਦੇ ਮੂੰਹ 'ਚ ਧੱਕਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਦੱਬੇਕੁਚਲੇ ਲੋਕਾਂ ਦੇ ਹੱਕਾਂ ਲਈ ਜੂਝਣ ਦੀ ਦ੍ਰਿੜ ਵਚਨਬੱਧਤਾ ਦੇ ਸਹਾਰੇ ਸਾਈਬਾਬਾ ਜੇਲ੍ਹ ਜ਼ੁਲਮਾਂ ਦਾ ਮੁਕਾਬਲਾ ਜ਼ਰੂਰ ਕਰਦੇ ਰਹੇ ਪਰ ਬਚਪਨ ਤੋਂ ਹੀ ਪੋਲੀਓ ਨਾਲ ਅਪਾਹਜ ਉਨ੍ਹਾਂ ਦਾ ਸਰੀਰ ਬੁਰੀ ਤਰ੍ਹਾਂ ਤਬਾਹ ਹੋ ਗਿਆ। ਇਸਦੇ ਬਾਵਜੂਦ ਉਨ੍ਹਾਂ ਨੇ ਕਾਲ ਕੋਠੜੀ ਵਿਚ ਵੀ ਉਮੀਦ ਨਹੀਂ ਛੱਡੀ ਅਤੇ ਬਹੁਤ ਹੀ ਖ਼ੂਬਸੂਰਤ ਕਵਿਤਾਵਾਂ ਤੇ ਆਪਣੀ ਜੀਵਨ-ਸਾਥਣ ਨੂੰ ਲਿਖੀਆਂ ਚਿੱਠੀਆਂ ਦੇ ਰੂਪ 'ਚ ਆਪਣੀ ਸੰਵੇਦਨਸ਼ੀਲਤਾ ਤੇ ਰਚਨਾਤਮਕਤਾ ਨੂੰ ਜ਼ਿੰਦਾ ਰੱਖਿਆ। ਜਦੋਂ ਉਹ ਜ਼ਿੰਦਾ ਸੀ ਤਾਂ ਲੋਕਾਂ 'ਚ ਚੇਤਨਾ ਦਾ ਚਾਨਣ ਵੰਡਿਆ, ਦੇਹਾਂਤ ਉਪਰੰਤ ਉਨ੍ਹਾਂ ਦਾ ਸਰੀਰ ਮੈਡੀਕਲ ਖੋਜ ਲਈ ਅਤੇ ਅੱਖਾਂ ਕਿਸੇ ਲੋੜਵੰਦ ਲਈ ਦੇਣ ਦੀ ਉਸਾਰੂ ਪਿਰਤ ਪਾਈ ਗਈ।

ਜੇਲ੍ਹ ਵਿੱਚੋਂ ਵੀ ਸਾਈਬਾਬਾ ਨੇ ਕਈ ਵਾਰ ਖ਼ਦਸ਼ਾ ਜ਼ਾਹਿਰ ਕੀਤਾ ਸੀ ਕਿ ਉਸ ਦੀ ਵਿਗੜ ਰਹੀ ਸਿਹਤ ਇਨ੍ਹਾਂ ਕਰੂਰ ਹਾਲਾਤਾਂ ਨੂੰ ਹੋਰ ਬਰਦਾਸ਼ਤ ਨਹੀਂ ਕਰ ਸਕੇਗੀ। ਹਕੂਮਤ ਅਤੇ ਜੇਲ੍ਹ ਅਧਿਕਾਰੀਆਂ ਦਾ ਇਹੀ ਕਰੂਰ ਵਤੀਰਾ ਅਸੀਂ ਭੀਮਾ-ਕੋਰੇਗਾਓਂ ਕੇਸ 'ਚ ਜੇਲ੍ਹਬੰਦ ਹੱਕਾਂ ਦੇ ਕਾਰਕੁਨਾਂ ਪ੍ਰਤੀ ਵੀ ਦੇਖ ਚੁੱਕੇ ਹਾਂ ਜਦੋਂ 84 ਸਾਲ ਦੇ ਬਜ਼ੁਰਗ ਸਟੇਨ ਸਵਾਮੀ ਨੂੰ ਮੁੰਬਈ ਦੀ ਤਲੋਜਾ ਜੇਲ੍ਹ ਵਿਚ ਬਿਨਾਂ ਇਲਾਜ ਕੋਹ-ਕੋਹ ਕੇ ਮਾਰਿਆ ਗਿਆ ਅਤੇ ਕਵੀ ਵਰਾਵਰਾ ਰਾਓ ਦੀ ਜ਼ਿੰਦਗੀ ਵੀ ਬਹੁਤ ਮੁਸ਼ਕਲ ਨਾਲ ਬਚਾਈ ਜਾ ਸਕੀ। ਨਜ਼ਰ ਦੀਆਂ ਐਨਕਾਂ, ਸਿੱਪਰ, ਮੱਛਰਦਾਨੀ ਆਦਿ ਬੇਹੱਦ ਜ਼ਰੂਰੀ ਚੀਜ਼ਾਂ ਤੋਂ ਵੀ ਕਾਰਕੁਨਾਂ ਨੂੰ ਵਾਂਝੇ ਕਰਨਾ ਆਮ ਹੈ। ਇਹ ਵਤੀਰਾ ਬਦਸਤੂਰ ਜਾਰੀ ਹੈ। ਇਹ 'ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ' ਹੋਣ ਦੇ ਦਾਅਵੇ ਕਰਨ ਵਾਲੇ ਸਟੇਟ ਦਾ ਅਸਲ ਚਿਹਰਾ ਹੈ ਜੋ ਆਪਣੇ ਚਹੇਤੇ ਮੁਜਰਮਾਂ ਨੂੰ ਨਾ ਸਿਰਫ਼ ਵਾਰ-ਵਾਰ ਪੈਰੋਲ ਦੀ ਸਹੂਲਤ ਦਿੰਦਾ ਹੈ ਅਤੇ ਦਹਿਸ਼ਤਵਾਦੀ ਜੁਰਮਾਂ 'ਚ ਸਜ਼ਾਯਾਫਤਾ ਆਪਣੀ ਧਿਰ ਦੇ ਮੁਜਰਮਾਂ ਦੀਆਂ ਸਜ਼ਾਵਾਂ ਮਾਫ਼ ਕਰਨਾ ਆਪਣਾ ਰਾਜ-ਧਰਮ ਸਮਝਦਾ ਹੈ, ਜਿਵੇਂ ਅਸੀਂ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ, ਯੂ.ਪੀ. ਵਿਚ ਬਲਾਤਕਾਰੀ ਭਾਜਪਾ ਆਗੂਆਂ ਵਿਰੁੱਧ ਸੰਗੀਨ ਦੋਸ਼ ਵਾਪਸ ਲੈਣ, ਹਿੰਦੂਤਵੀ ਦਹਿਸ਼ਤਵਾਦੀ ਸਾਜ਼ਿਸ਼ਘਾੜਿਆਂ (ਬਾਬੂ ਬਜਰੰਗੀ, ਮਾਇਆ ਕੋਡਨਾਨੀ, ਸਾਧਵੀ ਪ੍ਰੱਗਿਆ, ਅਸੀਮਾਨੰਦ ਵਗੈਰਾ) ਦੀ ਰਿਹਾਈ ਅਤੇ ਬਿਲਕੀਸ ਬਾਨੋ ਕੇਸ ਦੇ ਬਲਾਤਕਾਰੀ ਕਾਤਲਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣਾ ਆਦਿ ਬਹੁਤ ਸਾਰੇ ਕੇਸਾਂ 'ਚ ਦੇਖ ਚੁੱਕੇ ਹਾਂ।

ਕਵਿਤਾ

## ਮੈਂ ਮਰਨ ਤੋਂ ਇਨਕਾਰ ਕਰ ਦਿੱਤਾ

-ਜੀ.ਐੱਨ.ਸਾਈਬਾਬਾ

ਜਦ ਮੈਂ ਮਰਨ ਤੋਂ ਇਨਕਾਰ ਕਰ ਦਿੱਤਾ,
ਤਾਂ ਮੇਰੀਆਂ ਜ਼ੰਜੀਰਾਂ ਖੋਲ੍ਹ ਦਿੱਤੀਆਂ ਗਈਆਂ,
ਮੈਂ ਵਿਸ਼ਾਲ ਘਾਹ ਦੇ ਮੈਦਾਨ 'ਚ ਆ ਗਿਆ
ਝੂਮ ਰਹੀਆਂ ਘਾਹ ਦੀਆਂ
ਪੱਤੀਆਂ 'ਤੇ ਮੁਸਕਰਾਉਂਦਾ ਹੋਇਆ
ਉਨ੍ਹਾਂ ਤੋਂ ਮੇਰੀ ਮੁਸਕਰਾਹਟ ਜਰੀ ਨਾ ਗਈ
ਤੇ ਮੈਨੂੰ ਦੁਬਾਰਾ ਨੂੜ ਦਿੱਤਾ
ਜਦੋਂ ਮੈਂ ਮੁੜ ਮਰਨ ਤੋਂ ਇਨਕਾਰ ਕਰ ਦਿੱਤਾ
ਮੇਰੀ ਜ਼ਿੰਦਗੀ ਤੋਂ ਤੰਗ ਆਏ
ਜਰਵਾਣਿਆਂ ਨੇ ਮੈਨੂੰ ਆਜ਼ਾਦ ਕਰ ਦਿੱਤਾ ਮੈਂ ਚਲ ਪਿਆ
ਬਾਹਰ ਉੱਗਦੇ ਸੂਰਜ ਦੀ ਲੋਅ 'ਚ ਨਹਾਈਆਂ ਹਰੀਆਂ-ਭਰੀਆਂ ਘਾਟੀਆਂ ਵੱਲ
ਮੁਸਕਰਾਉਂਦੇ ਹੋਏ ਘਾਹ ਦੀਆਂ ਹਿਲ ਰਹੀਆਂ ਤਿੜਾਂ ਨੂੰ ਦੇਖਣ ਲਈ
ਮੇਰਾ ਚਿਹਰਾ ਖਿੜਿਆ ਦੇਖ ਕੇ ਉਹ ਗੁੱਸੇ ਨਾਲ ਪਾਗਲ ਹੋ ਗਏ
ਉਨ੍ਹਾਂ ਨੇ ਮੈਨੂੰ ਮੁੜ ਕੈਦ ਕਰ ਦਿੱਤਾ ਮੈਂ ਅਜੇ ਵੀ ਹੱਠ ਨਾਲ ਮਰਨੋਂ ਇਨਕਾਰੀ ਹਾਂ
ਅਫਸੋਸ ਕਿ ਉਹ ਨਹੀਂ ਜਾਣਦੇ ਕਿ ਮੈਨੂੰ ਕਿਵੇਂ ਮਰਵਾਉਣਾ ਹੈ
ਕਿਉਂਕਿ ਮੈਨੂੰ ਲੋਹੜੇ ਦੀ ਮੁਹੱਬਤ ਹੈ ਵਧ ਰਹੇ ਘਾਹ ਦੀਆਂ ਆਵਾਜ਼ਾਂ ਨਾਲ।

(ਨਵੰਬਰ 2017)

## ਡਾਕਟਰ ਸਾਹਬ

ਜਦ ਤੁਸੀਂ ਸਾਈਬਾਬਾ ਦੀਆਂ ਅੱਖਾਂ ਕੱਢਣਾ
ਤਾਂ ਕਿਰਪਾ ਕਰਕੇ ਕੋਮਲਤਾ ਨਾਲ ਛੂਹਣਾ,
ਕਿਉਂਕਿ ਉਨ੍ਹਾਂ 'ਚ ਉਸ ਦੁਨੀਆ ਦੇ ਨਿਸ਼ਾਨ ਹਨ
ਜਿਸਦਾ ਸੁਪਨਾ ਉਸਨੇ ਦੇਖਿਆ ਸੀ
ਜੋ ਕਿਸੇ ਹੋਰ ਦੇ ਅੰਦਰ ਪ੍ਰਗਟ ਹੋ ਸਕਦਾ ਹੈ।
ਕਿਰਪਾ ਕਰਕੇ ਉਸਦਾ ਦਿਲ ਬਹੁਤ ਹੀ
ਮੁਹਾਰਤ ਨਾਲ ਕੱਢਣਾ
ਕਿਉਂਕਿ ਫਾਸ਼ੀਵਾਦੀ ਮਨੂਵਾਦੀ ਰਾਜ ਦੀ ਜੇਲ੍ਹ ਅੰਦਰ ਮਰਨ ਤੋਂ ਇਨਕਾਰੀ ਹੋਏ
ਉਸ ਚੀੜ੍ਹੇ ਦਿਲ ਵਿਚ ਤੁਹਾਨੂੰ ਆਦਿਵਾਸੀਆਂ ਅਤੇ ਦੱਬੇਕੁਚਲੇ ਲੋਕਾਂ ਦੇ ਲਈ
ਕੋਮਲ ਹਮਦਰਦੀ ਦੀਆਂ ਜੜ੍ਹਾਂ ਮਿਲ ਸਕਦੀਆਂ ਹਨ।
ਲਗਾਤਾਰ ਕੈਦ ਵਿਚ, ਬੀਮਾਰੀ ਨਾਲ ਜੂਝਦੇ ਹੋਏ,
ਉਹ ਆਪਣੇ ਅਕੀਦਿਆਂ ਲਈ ਦ੍ਰਿੜ ਰਹੇ।
ਕਿਰਪਾ ਕਰਕੇ ਜਾਂਚ ਕਰਨਾ,
ਸ਼ਾਇਦ ਉਹ ਪੋਲੀਓਗ੍ਰਸਤ ਪੈਰ
ਗਿਰਗਟ ਕਾਰਕੁਨਾਂ ਦੇ ਚਿਹਰੇ ਉੱਪਰ ਛਾਪ ਛੱਡ ਸਕਦੇ ਹਨ
ਜੋ ਆਏ ਦਿਨ ਨਵੀਂ ਵਿਚਾਰਧਾਰਾ ਦਾ ਪ੍ਰਚਾਰ ਕਰਦੇ ਹਨ।
ਇਕ ਹੋਰ, ਆਖ਼ਰੀ ਗੁਜ਼ਾਰਿਸ਼...
ਕਿਰਪਾ ਕਰਕੇ ਉਸ ਦਿਮਾਗ ਨੂੰ ਆਉਣ ਵਾਲੀਆਂ ਪੀੜ੍ਹੀਆਂ ਲਈ ਹੋਰ ਵੀ
ਸਾਵਧਾਨੀ ਨਾਲ ਸੰਭਾਲਣਾ, ਕਿਉਂਕਿ ਨੱਬੇ ਪ੍ਰਤੀਸ਼ਤ
ਅਪਾਹਜ ਹੋਣ ਦੇ ਬਾਵਜੂਦ, ਉਸ ਦੇ "ਵਿਚਾਰਸ਼ੀਲ ਮਨ" ਨੇ ਇਸ
ਲੋਟੂ ਪ੍ਰਬੰਧ ਨੂੰ ਭੈਅ ਨਾਲ ਕਾਂਬਾ ਛੇੜ ਦਿੱਤਾ ਸੀ।
ਕਿਸੇ ਦਿਨ, ਇਹ ਕਿਸੇ ਲਈ ਪ੍ਰਬੰਧ ਦੀ
ਕਮਜ਼ੋਰ ਕੜੀ ਨੂੰ ਬੁੱਝਣ 'ਚ ਸਹਾਈ ਹੋ ਸਕਦਾ ਹੈ।

(ਜੰਜੇਰਲਾ ਰਮੇਸ਼ ਬਾਬੂ, ਉਜਾੜਾ ਵਿਰੋਧੀ ਤੇਲੰਗਾਨਾ ਮੰਚ ਦੇ ਪ੍ਰਧਾਨ)

ਪ੍ਰੋਫੈਸਰ ਸਾਈਬਾਬਾ ਦੇ ਕੇਸ ਦਾ ਨੋਟ ਕਰਨ ਵਾਲਾ ਪਹਿਲੂ ਇਹ ਵੀ ਹੈ ਕਿ ਬੈਂਚ ਨੇ ਤਫ਼ਤੀਸ਼ੀ ਅਧਿਕਾਰੀ ਸੁਹਾਸ ਬਾਵਚੇ ਵੱਲੋਂ ਕੀਤੀ ਤਫ਼ਤੀਸ਼ ਨੂੰ ਸ਼ੱਕੀ ਕਰਾਰ ਦਿੱਤਾ। ਆਰ.ਐੱਸ.ਐੱਸ.-ਭਾਜਪਾ ਸਰਕਾਰ ਦੇ ਇਸੇ ਚਹੇਤੇ ਪੁਲਿਸ ਅਧਿਕਾਰੀ ਨੇ ਪ੍ਰੋਫੈਸਰ ਸਾਈਬਾਬਾ ਦਾ ਕੇਸ ਲੜਨ ਵਾਲੇ ਐਡਵੋਕੇਟ ਸੁਰਿੰਦਰ ਗਾਡਲਿੰਗ ਨੂੰ ਅਦਾਲਤ ਵਿਚ ਧਮਕੀ ਦਿੱਤੀ ਸੀ ਕਿ "ਸਾਈਬਾਬਾ ਤੋਂ ਬਾਅਦ ਜੇਲ੍ਹ 'ਚ ਜਾਣ ਦੀ ਵਾਰੀ ਤੇਰੀ ਹੈ।" ਆਖ਼ਿਰਕਾਰ ਉਸ ਨੂੰ ਭੀਮਾ-ਕੋਰੇਗਾਓਂ ਸਾਜ਼ਿਸ਼ ਦਾ ਹਿੱਸਾ ਕਰਾਰ ਦੇ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਆਲਮੀ ਪੱਧਰ ਦੀਆਂ ਫੋਰੈਂਸਿਕ ਲੈਬਾਂ/ਮਾਹਰਾਂ ਦੀਆਂ ਪੈਗਾਸਸ ਅਤੇ ਹੋਰ ਹੈਕਿੰਗ ਸਾਫ਼ਟਵੇਅਰਾਂ ਰਾਹੀਂ ਕੰਪਿਊਟਰਾਂ ਵਿਚ ਜਾਅਲੀ ਸਬੂਤ ਪਲਾਂਟ ਕੀਤੇ ਜਾਣ ਦੀਆਂ ਰਿਪੋਰਟਾਂ ਜੱਗ ਜ਼ਾਹਿਰ ਹਨ। ਇਸ ਸੰਬੰਧ 'ਚ ਉਪਰੋਕਤ ਤਫ਼ਤੀਸ਼ੀ ਅਧਿਕਾਰੀ ਦੀ ਭੂਮਿਕਾ ਬਾਰੇ ਉੱਚ ਅਦਾਲਤ ਦੀ ਟਿੱਪਣੀ ਗ਼ੌਰ ਕਰਨ ਵਾਲੀ ਹੈ ਕਿਉਂਕਿ ਇਹ ਅਧਿਕਾਰੀ 2018 'ਚ ਕੋਰੇਗਾਓਂ-ਭੀਮਾ ਕੇਸ 'ਚ ਪ੍ਰੋਫੈਸਰ ਵਰਾਵਰਾ ਰਾਓ ਸਮੇਤ ਸਾਰੇ ਹੀ ਬੁੱਧੀਜੀਵੀਆਂ ਦੇ ਘਰਾਂ ਉੱਪਰ ਛਾਪੇਮਾਰੀ ਅਤੇ ਗ੍ਰਿਫ਼ਤਾਰੀਆਂ ਸਮੇਂ ਉਚੇਚੇ ਤੌਰ 'ਤੇ ਪੁਣੇ ਪੁਲਿਸ ਦੇ ਨਾਲ ਸੀ ਜਦਕਿ ਉਸ ਦਾ ਇਸ ਕੇਸ ਨਾਲ ਕੋਈ ਸਿੱਧਾ ਸੰਬੰਧ ਨਹੀਂ ਸੀ। ਸੁਪਰੀਮ ਕੋਰਟ ਵਿਚ ਇਤਿਹਾਸਕਾਰ ਰੋਮਿਲਾ ਥਾਪਰ ਸਮੇਤ ਉੱਘੇ ਬੁੱਧੀਜੀਵੀਆਂ ਵੱਲੋਂ ਇਨ੍ਹਾਂ ਗ੍ਰਿਫ਼ਤਾਰੀਆਂ ਵਿਰੁੱਧ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਦੀ ਸੁਣਵਾਈ ਸਮੇਂ ਵੀ ਇਹ ਅਧਿਕਾਰੀ ਮੌਜੂਦ ਸੀ। ਹਾਈਕੋਰਟ ਦੇ ਬੈਂਚ ਵੱਲੋਂ ਇਸ ਅਧਿਕਾਰੀ ਦੀ ਤਫ਼ਤੀਸ਼ ਨੂੰ ਸ਼ੱਕੀ ਕਰਾਰ ਦਿੱਤੇ ਜਾਣ ਨਾਲ ਭੀਮਾ-ਕੋਰੇਗਾਓਂ ਕੇਸ ਦੇ ਮਨਘੜਤ ਅਤੇ ਝੂਠਾ ਹੋਣ ਦੀ ਵੀ ਪੁਸ਼ਟੀ ਹੋ ਗਈ ਹੈ ਕਿਉਂਕਿ ਪੁਣੇ ਪੁਲਿਸ ਨੇ ਆਪਣੀ ਚਾਰਜਸ਼ੀਟ ਦਾ ਆਧਾਰ ਸਾਈਬਾਬਾ ਕੇਸ 'ਚ ਉਨ੍ਹਾਂ ਨੂੰ ਦੋਸ਼ੀ ਕਰਾਰ ਦੇਣ ਦੇ ਟਰਾਇਲ ਅਦਾਲਤ ਦੇ ਫ਼ੈਸਲੇ ਨੂੰ ਬਣਾਇਆ ਹੈ ਅਤੇ ਉਨ੍ਹਾਂ ਦਾ ਸਿੱਧਾ ਸੰਬੰਧ ਪ੍ਰੋਫੈਸਰ ਸਾਈਬਾਬਾ ਨਾਲ ਹੋਣ ਦਾ ਦਾਅਵਾ ਕੀਤਾ ਸੀ। ਤ੍ਰਾਸਦੀ ਇਹ ਹੈ ਕਿ ਅਜਿਹੇ ਝੂਠੇ ਕੇਸ ਬਣਾਉਣ ਵਾਲੇ ਅਧਿਕਾਰੀਆਂ ਅਤੇ ਹਕੂਮਤ ਦੀ ਜਵਾਬਦੇਹੀ ਦੀ ਕੋਈ ਕਾਨੂੰਨੀ ਵਿਵਸਥਾ ਨਹੀਂ ਹੈ ਜਿਸ ਨਾਲ ਇਨ੍ਹਾਂ ਦੀਆਂ ਮਨਮਾਨੀਆਂ ਨੂੰ ਠੱਲ ਪੈ ਸਕੇ।

ਦਲਿਤ ਪਰਿਵਾਰ ਦੇ ਜਾਏ ਸਾਈਬਾਬਾ ਨੇ 90ਪ੍ਰਤੀਸ਼ਤ ਅਪਾਹਜ ਹੋਣ ਦੀ ਚੁਣੌਤੀ ਦਾ ਮੁਕਾਬਲਾ ਕਰਦਿਆਂ ਬਿਹਤਰੀਨ ਕਾਰਗੁਜ਼ਾਰੀ ਦਿਖਾਉਂਦਿਆਂ ਡਾਕਟਰੇਟ ਪੱਧਰ ਦੀ ਉਚੇਰੀ ਪੜ੍ਹਾਈ ਕੀਤੀ ਸੀ ਅਤੇ ਆਪਣੀ ਬੌਧਿਕ ਕਾਬਲੀਅਤ ਦੱਬੇਕੁਚਲੇ ਲੋਕਾਂ ਨੂੰ ਜ਼ਲਾਲਤ ਭਰੀ ਅਣਮਨੁੱਖੀ ਜ਼ਿੰਦਗੀ ਤੋਂ ਮੁਕਤ ਕਰਾਉਣ ਦੇ ਲੇਖੇ ਲਾ ਦਿੱਤੀ। ਜੇਲ੍ਹ ਤੋਂ ਰਿਹਾਅ ਹੋਣ ਤੋਂ ਬਾਅਦ ਵੀ ਉਨ੍ਹਾਂ ਨੇ ਤੰਦਰੁਸਤ ਹੋ ਕੇ ਪਹਿਲਾਂ ਵਾਂਗ ਹੀ ਰਾਜਸੀ ਕੈਦੀਆਂ ਅਤੇ ਜੇਲ੍ਹ ਦੇ ਅਣਮਨੁੱਖੀ ਹਾਲਾਤ ਵਿਰੁੱਧ ਜੂਝਣ ਅਤੇ ਮੁੜ ਕਲਾਸ ਰੂਮ 'ਚ ਜਾ ਕੇ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਦ੍ਰਿੜ ਇੱਛਾ ਜ਼ਾਹਿਰ ਕੀਤੀ ਸੀ। ਇਹੀ ਰੌਸ਼ਨ-ਖ਼ਿਆਲੀ ਅਤੇ ਵਚਨਬੱਧਤਾ ਦੁਸ਼ਟ ਹਕੂਮਤ ਨੂੰ ਅੱਖ ਦੇ ਰੋੜ ਵਾਂਗ ਚੁਭਦੀ ਸੀ।

ਅਕਸਰ ਹੀ ਇਹ ਦਲੀਲ ਦਿੱਤੀ ਜਾਂਦੀ ਹੈ ਕਿ ਪੂਰੀ ਤਰ੍ਹਾਂ ਝੂਠੇ ਕੇਸਾਂ 'ਚ ਜੇਲ੍ਹੀਂ ਡੱਕੇ ਜ਼ਹੀਨ ਬੁੱਧੀਜੀਵੀ ਤੇ ਹੱਕਾਂ ਦੇ ਕਾਰਕੁੰਨ ਬੇਕਸੂਰ ਹਨ। ਸਟੇਟ ਦੀ ਨਜ਼ਰਾਂ 'ਚ ਉਨ੍ਹਾਂ ਦਾ ਜੁਰਮ ਬੇਹੱਦ ਸੰਗੀਨ ਹੈ, ਅਰਥਾਤ ਉਹ ਆਪਣੀ ਜ਼ਮੀਰ ਦੀ ਆਵਾਜ਼ ਕਿਉਂ ਸੁਣਦੇ ਹਨ। ਉਹ ਇਸ ਆਦਮਖ਼ੋਰ ਪ੍ਰਬੰਧ ਦਾ ਸੰਚਾਲਨ ਕਰ ਰਹੀ ਗ਼ੁਲਾਮ ਜ਼ਿਹਨੀਅਤ ਵਾਲੀ ਨੌਕਰਸ਼ਾਹੀ ਅਤੇ ਇਸ ਪ੍ਰਬੰਧਾਂ ਦੇ ਮਨੁੱਖਤਾ ਵਿਰੋਧੀ ਕੁਕਰਮਾਂ ਨੂੰ ਲੋਕਤੰਤਰ ਦੇ ਭਰਮਾਊ ਮਖੌਟੇ ਨਾਲ ਸ਼ਿੰਗਾਰਕੇ ਅਵਾਮ ਦੇ ਅੱਖੀ ਘੱਟਾ ਪਾਉਣ ਲਈ ਆਪਣੀ ਬੌਧਿਕ ਕਾਬਲੀਅਤ ਵਰਤਣ ਵਾਲੇ ਬੁੱਧੀਜੀਵੀ ਲਾਣੇ ਦੇ ਨਕਸ਼ੇ-ਕਦਮਾਂ 'ਤੇ ਕਿਉਂ ਨਹੀਂ ਤੁਰਦੇ। ਭਾਰਤੀ ਹੁਕਮਰਾਨ ਜਮਾਤ ਅਜਿਹੇ 'ਦੇਸ਼ਧ੍ਰੋਹੀ' ਦਿਮਾਗਾਂ ਨੂੰ ਜਿਸਮਾਨੀ ਤੌਰ 'ਤੇ ਖ਼ਤਮ ਕਰਨ 'ਚ ਹੀ ਆਪਣੀ ਸੁਰੱਖਿਆ ਦੇਖਦੀ ਹੈ। ਹਾਕਮ ਜਮਾਤ ਤਾਂ ਉਨ੍ਹਾਂ ਜੱਜਾਂ ਨੂੰ ਵੀ ਬਰਦਾਸ਼ਤ ਨਹੀਂ ਕਰਦੀ ਜੋ ਨਿਆਂਸ਼ਾਸਤਰੀ ਸੂਝ ਅਨੁਸਾਰ ਨਿਰਪੱਖ ਫ਼ੈਸਲੇ ਦਿੰਦੇ ਜਾਂ ਦੇਣ ਦੀ ਕੋਸ਼ਿਸ਼ ਕਰਦੇ ਹਨ। ਅਮਿਤ ਸ਼ਾਹ ਦੇ ਕੇਸ ਵਿਚ ਜੱਜ ਲੋਇਆ ਨੂੰ ਸਟੈਂਡ ਲੈਣ ਦਾ ਮੁੱਲ ਤਾਰਨਾ ਪਿਆ ਸੀ। ਬੰਬੇ ਹਾਈਕੋਰਟ ਦੇ ਜਿਸ ਜਸਟਿਸ ਰੋਹਿਤ ਬੀ ਦੇਓ ਨੇ 2022 'ਚ ਪ੍ਰੋਫੈਸਰ ਸਾਈਬਾਬਾ ਤੇ ਉਨ੍ਹਾਂ ਦੇ ਸਾਥੀ ਕੈਦੀਆਂ ਨੂੰ ਤਕਨੀਕੀ ਆਧਾਰ 'ਤੇ ਬਰੀ ਕਰਨ ਦਾ ਫ਼ੈਸਲਾ ਦਿੱਤਾ ਸੀ ਉਨ੍ਹਾਂ ਨੂੰ ਇਸ ਦਾ ਮੁੱਲ ਸੁਪਰੀਮ ਕੋਰਟ ਦੇ ਕਾਲਜੀਅਮ ਵੱਲੋਂ ਨਾਵਾਜਬ ਤਬਾਦਲਾ ਕੀਤੇ ਜਾਣ ਦੇ ਰੂਪ 'ਚ ਤਾਰਨਾ ਪਿਆ ਸੀ ਅਤੇ ਆਖ਼ਿਰਕਾਰ ਅਗਸਤ 2023 'ਚ ਆਪਣੀ ਰਿਟਾਇਰਮੈਂਟ ਤੋਂ 2 ਸਾਲ ਪਹਿਲਾਂ ਹੀ ਉਨ੍ਹਾਂ ਨੂੰ ਅਸਤੀਫ਼ਾ ਦੇਣਾ ਪਿਆ ਸੀ। ਬੇਸ਼ੱਕ ਉਨ੍ਹਾਂ ਨੇ 'ਨਿੱਜੀ ਕਾਰਨਾਂ' ਕਰਕੇ ਅਸਤੀਫ਼ਾ ਦੇਣ ਦੀ ਗੱਲ ਕਹੀ ਸੀ ਪਰ ਸਭ ਨੂੰ ਪਤਾ ਸੀ ਕਿ ਮਹਾਰਾਸ਼ਟਰ ਹਾਈ ਕੋਰਟ ਤੋਂ ਉਨ੍ਹਾਂ ਦਾ ਅਲਾਹਾਬਾਦ ਹਾਈਕੋਰਟ ਵਿਚ ਤਬਾਦਲਾ "ਖ਼ੁਫ਼ੀਆ ਇਨਪੁੱਟ" ਦੇ ਆਧਾਰ 'ਤੇ ਕੀਤਾ ਗਿਆ ਸੀ।

ਬੇਸ਼ੱਕ ਪ੍ਰੋਫੈਸਰ ਦੀ ਮੌਤ ਦਾ ਫੌਰੀ ਕਾਰਨ ਇਲਾਜ ਦੌਰਾਨ ਦਿਲ ਦਾ ਦੌਰਾ ਪੈਣਾ ਬਣਿਆ, ਦਰਅਸਲ ਇਹ ਭਾਰਤੀ ਸਟੇਟ ਵੱਲੋਂ ਕੀਤਾ ਸੰਸਥਾਗਤ ਕਤਲ ਹੈ। ਜੇਲ੍ਹ ਭੇਜੇ ਜਾਣ ਸਮੇਂ ਸਾਈਬਾਬਾ ਦਾ ਸਰੀਰ 90ਪ੍ਰਤੀਸ਼ਤ ਨਕਾਰਾ ਜ਼ਰੂਰ ਸੀ ਪਰ ਉਹ ਬਹੁਤ ਹਿੰਮਤ ਅਤੇ ਦਲੇਰੀ ਨਾਲ ਕੰਮ ਕਰਦੇ ਸਨ। ਉਨ੍ਹਾਂ ਨੂੰ ਚਿੰਬੜੀਆਂ ਜਾਨਲੇਵਾ ਬੀਮਾਰੀਆਂ ਜੇਲ੍ਹ ਪ੍ਰਬੰਧ ਦੇ ਕਰੂਰ ਜ਼ੁਲਮਾਂ ਦਾ ਸਿੱਟਾ ਸਨ। ਭਾਰਤ ਦੇ ਸੰਵਿਧਾਨ ਦੀ ਧਾਰਾ 21 ਤਹਿਤ ਜ਼ਿੰਦਗੀ ਦੇ ਮੂਲ ਹੱਕ ਦੀ ਵਿਵਸਥਾ ਹੈ ਜਿਸ ਨੂੰ ਸੁਪਰੀਮ ਕੋਰਟ ਨੇ ਵੀ ਮੰਨਿਆ ਹੈ, ਪਰ ਭਾਰਤੀ ਹੁਕਮਰਾਨ ਤੇ ਸਟੇਟ ਦੇ ਵੱਖ-ਵੱਖ ਅੰਗ ਇਸ ਸੰਵਿਧਾਨਕ ਵਿਵਸਥਾ ਦਾ ਮਜ਼ਾਕ ਉਡਾ ਕੇ ਕੈਦੀਆਂ/ਨਜ਼ਰਬੰਦਾਂ ਦੀਆਂ ਜਾਨਾਂ ਲੈਂਦੇ ਅਕਸਰ ਦੇਖੇ ਜਾ ਸਕਦੇ ਹਨ।

ਯੂਏਪੀਏ ਵਰਗੇ ਕਾਨੂੰਨਾਂ ਤਹਿਤ ਬਿਨਾਂ ਮੁਕੱਦਮਾ ਚਲਾਏ, ਬਿਨਾਂ ਜ਼ਮਾਨਤ ਦਿੱਤੇ ਕਈ-ਕਈ ਸਾਲ ਦੀ ਜੇਲ੍ਹਬੰਦੀ ਆਪਣੇ ਆਪ 'ਚ ਹੀ ਬਹੁਤ ਸੰਤਾਪ ਦੇਣ ਵਾਲੀ ਸਜ਼ਾ ਹੈ। ਐਸੀਆਂ ਸਜ਼ਾਵਾਂ ਦਾ ਮੂਲ ਮਨੋਰਥ ਹੀ ਆਲੋਚਕ ਆਵਾਜ਼ਾਂ ਅਤੇ ਅਵਾਮ ਦੀਆਂ ਜਮਹੂਰੀ ਰੀਝਾਂ ਨੂੰ ਕੁਚਲਣਾ ਹੈ। ਭਾਰਤ ਦੇ ਵਿਸ਼ੇਸ਼ ਕਾਨੂੰਨ ਅਤੇ ਕੇਸਾਂ ਦੀ ਸੁਣਵਾਈ ਕਰਨ ਵਾਲਾ ਅਦਾਲਤੀ ਪ੍ਰਬੰਧ ਅਜਿਹਾ ਹੈ ਕਿ ਬੇਸ਼ੱਕ ਸੰਗੀਨ ਕੇਸ ਦੀ ਐੱਫਆਈਆਰ ਵਿਚ ਕਿਸੇ ਵਿਅਕਤੀ ਦਾ ਨਾਂ ਨਹੀਂ ਹੈ, ਪਰ ਜੇ ਉਹ ਹਕੂਮਤ ਨੂੰ ਨਾਪਸੰਦ ਹੈ ਤਾਂ ਉਸ ਨੂੰ ਮਹਿਜ਼ ਗ਼ੈਰਕਾਨੂੰਨੀ ਵਿਚਾਰ ਰੱਖਣ ਦੇ ਆਧਾਰ 'ਤੇ ਜਾਂ ਮਹਿਜ਼ ਪਾਬੰਦੀਸ਼ੁਦਾ ਜਥੇਬੰਦੀਆਂ ਨਾਲ ਸੰਬੰਧਤ ਹੋਣ ਦਾ ਸ਼ੱਕ ਹੋਣ ਦਾ ਦੋਸ਼ ਲਗਾ ਕੇ ਬਿਨਾਂ ਮੁਕੱਦਮਾ ਚਲਾਏ ਬਿਨਾਂ ਜ਼ਮਾਨਤ 10-15 ਸਾਲ ਜੇਲ੍ਹ ਵਿਚ ਬੰਦ ਰੱਖਿਆ ਜਾ ਸਕਦਾ ਹੈ। ਯਾਨੀ ਨਿਆਂ ਲੈਣ ਦੀ ਪ੍ਰਕਿਰਿਆ ਹੀ ਆਪਣੇ ਆਪ 'ਚ ਸਜ਼ਾ ਹੈ। ਸਾਈਬਾਬਾ ਤੇ ਸਾਥੀਆਂ ਦਾ ਝੂਠੇ ਕੇਸਾਂ 'ਚੋਂ ਬਰੀ ਹੋਣਾ ਫਾਸ਼ੀਵਾਦੀ ਹਕੂਮਤ ਤੋਂ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਰਾਖੀ ਦੀ ਲੰਮੀ ਲੜਾਈ 'ਚ ਇਕ ਮਹੱਤਵਪੂਰਨ ਹੌਸਲਾ ਵਧਾਊ ਜਿੱਤ ਸੀ। ਪਰ ਸਾਈਬਾਬਾ ਨੂੰ ਜੇਲ੍ਹ ਤੋਂ ਬਾਹਰ ਆ ਕੇ ਲੋਕ ਹੱਕਾਂ ਲਈ ਮੁੜ ਕੰਮ ਕਰਨ ਦਾ ਮੌਕਾ ਨਹੀਂ ਮਿਲਿਆ।

ਇਹ ਸਪਸ਼ਟ ਹੈ ਕਿ ਹਕੂਮਤ ਦੀ ਫਾਸ਼ੀਵਾਦੀ ਜ਼ਿਹਨੀਅਤ ਬੇਹੱਦ ਘਿਣਾਉਣੀਆਂ ਸਾਜ਼ਿਸ਼ਾਂ ਤੋਂ ਬਾਜ ਆਉਣ ਵਾਲੀ ਨਹੀਂ ਹੈ। ਫਾਸ਼ੀਵਾਦੀ ਮਨਸ਼ਿਆਂ ਨੂੰ ਦੇਖਦਿਆਂ ਹੱਕਾਂ ਦੇ ਪਹਿਰੇਦਾਰਾਂ ਦੀ ਜ਼ਿੰਦਗੀਆਂ ਨੂੰ ਬਚਾਉਣ ਦੀ ਇਹ ਲੜਾਈ ਭਵਿੱਖ ਵਿਚ ਹੋਰ ਵੀ ਜ਼ੋਖ਼ਮ ਭਰੀ ਅਤੇ ਹੋਰ ਵੀ ਸਖ਼ਤ ਹੋਣ ਦੇ ਆਸਾਰ ਹਨ। ਅਜੇ ਪਤਾ ਨਹੀਂ ਇਸ ਧਰਤੀ ਉੱਪਰ ਇਨਸਾਨ ਲਈ ਮਾਣ-ਸਨਮਾਨ ਵਾਲੀ ਜ਼ਿੰਦਗੀ ਦੇ ਲਾਇਕ ਹਾਲਾਤ ਪੈਦਾ ਕਰਨ ਲਈ ਪ੍ਰੋਫੈਸਰ ਸਾਈਬਾਬਾ ਵਰਗੀਆਂ ਕਿੰਨੀਆਂ ਜ਼ਹੀਨ ਸ਼ਖ਼ਸੀਅਤਾਂ ਨੂੰ ਆਪਣੀਆਂ ਜ਼ਿੰਦਗੀ ਵਾਰ ਕੇ ਇਸ ਦਾ ਮੁੱਲ ਤਾਰਨਾ ਪਵੇਗਾ। ਸਾਈਬਾਬਾ, ਸਟੇਨ ਸਵਾਮੀ ਵਰਗੇ ਯੋਧਿਆਂ ਦੀ ਕੁਰਬਾਨੀ ਇਸ ਜਾਨ-ਹੂਲਵੀਂ ਲੜਾਈ 'ਚ ਹਮੇਸ਼ਾ ਪ੍ਰੇਰਨਾ ਬਣੀ ਰਹੇਗੀ।

# ਭਾਰਤ-ਕੈਨੇਡਾ ਰਾਜਦੂਤਕ ਜੰਗ: ਕੱਚੇ ਪ੍ਰਵਾਸੀਆਂ ਦਾ ਘਾਣ

**ਸੁੱਚਾ ਸਿੰਘ ਗਿੱਲ**




ਭਾਰਤ ਅਤੇ ਕੈਨੇਡਾ ਵਿਚਾਲੇ ਰਾਜਦੂਤਕ ਜੰਗ ਅਕਤੂਬਰ ਦੇ ਦੂਜੇ ਹਫ਼ਤੇ ਉਸ ਵਕਤ ਸਿਖ਼ਰ ਤੇ ਪਹੁੰਚ ਗਈ ਜਦੋਂ ਦੋਵਾਂ ਦੇਸ਼ਾਂ ਵਲੋਂ ਮੁਹਰਲੀ ਕਤਾਰ ਦੇ ਛੇ ਛੇ ਸਫ਼ਾਰਤੀ ਅਧਿਕਾਰੀਆਂ ਨੂੰ ਦੇਸ਼ ਛੱਡਣ ਦੇ ਹੁਕਮ ਦੇ ਦਿੱਤੇ ਗਏ ਸਨ। ਇਸ ਨਾਲ ਦੋਵਾਂ ਦੇਸ਼ਾਂ ਦੇ ਹਾਈ ਕਮਿਸ਼ਨਰ ਆਪਣੇ ਦੇਸ਼ਾ ਨੂੰ ਪਰਤ ਜਾਣਗੇ। ਇਸ ਕਾਰਵਾਈ ਨਾਲ ਦੋਵਾਂ ਦੇਸ਼ਾਂ ਵਿੱਚ ਗੱਲਬਾਤ ਬੰਦ ਹੋ ਗਈ ਨਜ਼ਰ ਆਉਂਦੀ ਹੈ। ਫੌਰੀ ਤੌਰ 'ਤੇ ਇਹ ਝਗੜਾ ਕੈਨੇਡਾ ਨਿਵਾਸੀ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਪੈਦਾ ਹੋਇਆ ਸੀ। ਇਹ ਕਤਲ ਜੂਨ 2023 ਨੂੰ ਹੋਇਆ ਸੀ। ਇਸ ਤੋਂ ਬਾਅਦ ਸਤੰਬਰ 2023 ਵਿੱਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤ ਸਰਕਾਰ ਦੇ ਏਜੰਟਾਂ ਦੇ ਇਸ ਕਤਲ ਵਿੱਚ ਸ਼ਾਮਿਲ ਹੋਣ ਦਾ ਦੋਸ਼ ਲਾਇਆ ਸੀ। ਇਸ ਨਾਲ ਦੋਵਾਂ ਮੁਲਕਾਂ ਦੇ ਰਾਜਦੂਤਕ ਸਬੰਧਾਂ ਵਿੱਚ ਤਰੇੜਾਂ ਪੈਦਾ ਹੋ ਗਈਆਂ ਅਤੇ ਰਿਸ਼ਤਿਆਂ ਵਿੱਚ ਖਟਾਸ ਆ ਗਈ ਸੀ। ਇਸ ਕਾਰਨ ਦੋਵਾਂ ਦੇਸ਼ਾਂ ਦੇ ਕਈ ਅਧਿਕਾਰੀ ਵਾਪਸ ਬੁਲਾ ਲਏ ਗਏ ਸਨ। ਪਰ ਪਿਛਲੇ ਦਿਨਾਂ ਵਿੱਚ ਜਿਸ ਗੱਲ ਨੇ ਦੋਵਾਂ ਦੇਸ਼ਾਂ ਵਿੱਚ ਕੂਟਨੀਤਕ ਜੰਗ ਤੇਜ਼ ਕੀਤੀ ਹੈ ਉਹ ਹਰਦੀਪ ਸਿੰਘ ਨਿੱਝਰ ਦੇ ਕਤਲ ਸਬੰਧੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਦਿੱਤੇ ਬਿਆਨ ਅਨੁਸਾਰ, ਕੈਨੇਡੀਅਨ ਪੁਲਿਸ ਕੋਲ ਇਸ ਕਿਸਮ ਦੇ ਮੰਨਣ ਯੋਗ ਸਬੂਤ ਹਨ ਕਿ ਓਟਾਵਾ ਸਥਿਤ ਭਾਰਤ ਦੇ ਅਧਿਕਾਰੀਆਂ ਦੇ ਹਾਈ ਕਮਿਸ਼ਨਰ ਸਮੇਤ ਨਿੱਝਰ ਦੇ ਕਤਲ ਨਾਲ ਤਾਰ ਜੁੜਦੇ ਹਨ। ਇਸ ਕਰਕੇ ਇਹ ਮੰਗ ਕੀਤੀ ਗਈ ਕਿ ਇਨ੍ਹਾਂ ਅਧਿਕਾਰੀਆਂ ਦੀ ਕੂਟਨੀਤਕ ਛੋਟ ਨੂੰ ਛੱਡ ਕੇ ਪੁਲੀਸ ਦੁਆਰਾ ਪੁਛਗਿੱਛ ਕੀਤੀ ਜਾਣ ਦੀ ਭਾਰਤ ਸਰਕਾਰ ਇਜਾਜ਼ਤ ਦੇਵੇ। ਇਸ ਸਬੰਧ ਵਿੱਚ ਅਮਰੀਕਾ ਤੋਂ ਛਪਦੇ ਵਾਸ਼ਿੰਗਟਨ ਪੋਸਟ ਅਖਬਾਰ ਵਿੱਚ ਇਹ ਵਿਸਥਾਰ ਨਾਲ ਖ਼ਬਰ ਦਿੱਤੀ ਗਈ ਹੈ ਕਿ ਭਾਰਤ ਦੇ ਸੁਰੱਖਿਆ ਸਲਾਹਕਾਰ ਅਜੀਤ ਡੋਵਾਲ ਦੀ ਅਗਵਾਈ ਵਿੱਚ ਉਚ ਅਧਿਕਾਰੀਆਂ ਦੀ ਇੱਕ ਟੀਮ ਦੀ ਮੀਟਿੰਗ ਕੈਨੇਡਾ ਦੇ ਸੁਰੱਖਿਆ ਸਲਾਹਕਾਰ ਦੀ ਅਗਵਾਈ ਵਾਲੀ ਟੀਮ ਨਾਲ ਸਿੰਗਾਪੁਰ ਵਿਖੇ 12 ਅਕਤੂਬਰ 2024 ਨੂੰ ਹੋਈ ਸੀ। ਇਸ ਮੀਟਿੰਗ ਵਿੱਚ ਕਨੇਡਾ ਦੀ ਟੀਮ ਨੇ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਦੇ ਇਸ ਕਤਲ ਵਿੱਚ ਸ਼ਾਮਲ ਹੋਣ ਬਾਰੇ ਸਬੂਤ ਪੇਸ਼ ਕੀਤੇ ਗਏ ਸਨ। ਇਸ ਵਿੱਚ ਦੇਸ਼ ਦੇ ਹੋਮ ਮਨਿਸਟਰ ਅਤੇ ਜੇਲ੍ਹ ਵਿੱਚ ਬੰਦ ਗੈਂਗਸਟਰ, ਲਾਰੈਂਸ ਬਿਸ਼ਨੋਈ ਦਾ ਨਾਮ ਵੀ ਲਿਆ ਗਿਆ ਸੀ। ਇਹ ਵੀ ਇਲਜ਼ਾਮ ਲਾਇਆ ਗਿਆ ਕਿ ਇਸ ਵਿੱਚ ਭਾਰਤ ਦੀਆਂ ਖ਼ੁਫ਼ੀਆ ਏਜੰਸੀਆਂ ਵਲੋਂ ਕਤਲ ਕਰਨ, ਫ਼ਿਰੌਤੀਆਂ ਮੰਗਣ ਅਤੇ ਕੈਨੇਡੀਅਨ ਨਾਗਰਿਕਾਂ ਨੂੰ ਡਰਾਉਣ ਲਈ ਗੈਂਗਸਟਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਤੇ ਭਾਰਤ ਸਰਕਾਰ ਵੱਲੋਂ ਸਖ਼ਤ ਇਤਰਾਜ਼ ਕੀਤਾ ਗਿਆ ਹੈ। ਭਾਰਤ ਦੇ ਅਧਿਕਾਰੀਆਂ ਨੇ ਇਸ ਮਾਮਲੇ ਵਿੱਚ ਆਪਣੀ ਸ਼ਾਮੂਲੀਅਤ ਤੋਂ ਇਨਕਾਰ ਹੀ ਨਹੀਂ ਕੀਤਾ ਸਗੋਂ ਕਨੇਡਾ ਦੀ ਸਰਕਾਰ ਤੇ ਖਾਲਿਸਤਾਨੀਆਂ ਨੂੰ ਸ਼ਹਿ ਦੇ ਕੇ ਭਾਰਤ ਦੀ ਏਕਤਾ ਅਤੇ ਅਖੰਡਤਾ ਤੇ ਵਾਰ ਕਰਨ ਦਾ ਦੋਸ਼ ਵੀ ਲਾਇਆ ਹੈ। ਖ਼ਾਲਿਸਤਾਨੀਆਂ ਵਲੋਂ ਭਾਰਤੀ ਹਾਈ ਕਮਿਸ਼ਨ ਦੇ ਅਧਿਕਾਰੀਆਂ ਨੂੰ ਧਮਕੀਆਂ ਅਤੇ ਹਿੰਦੂਆਂ ਨੂੰ ਕਨੇਡਾ ਛੱਡ ਜਾਣ ਬਾਰੇ ਬਿਆਨ ਮੀਡੀਆ ਵਿੱਚ ਛਪ ਚੁੱਕੇ ਹਨ। ਭਾਰਤ ਸਰਕਾਰ ਨੂੰ ਇਹ ਵੀ ਇਤਰਾਜ਼ ਹੈ ਕਿ ਕਨੇਡਾ ਵਿੱਚ ਵਸੇ ਹੋਏ ਭਾਰਤੀ ਮੂਲ ਦੇ ਕੈਨੇਡੀਅਨ ਜਿਨ੍ਹਾਂ ਖਿਲਾਫ ਭਾਰਤ ਵਿੱਚ ਸੰਗੀਨ ਜੁਰਮਾਂ ਤਹਿਤ ਕੇਸ ਦਰਜ਼ ਹਨ ਉਨ੍ਹਾਂ ਨੂੰ ਕਨੇਡਾ ਸਰਕਾਰ ਨੇ ਸ਼ਰਨ ਦਿੱਤੀ ਹੋਈ ਹੈ। ਇਸ ਤਰ੍ਹਾਂ ਕਨੇਡਾ ਅਤੇ ਭਾਰਤ ਦੇ ਸਬੰਧ ਵਿਗਾੜਨ ਵਿੱਚ ਕਨੇਡਾ ਵਸੇ ਖਾਲਿਸਤਾਨੀਆਂ ਦੀ ਭੂਮਿਕਾ ਨੂੰ ਅਣਗੌਲਿਆਂ ਨਹੀਂ ਕੀਤਾ ਜਾ ਸਕਦਾ।

ਵਿਗੜਦੇ ਸਬੰਧਾਂ ਨਾਲ ਦੋਵਾਂ ਦੇਸ਼ਾਂ ਨੂੰ ਆਰਥਿਕ ਅਤੇ ਕੂਟਨੀਤਕ ਨੁਕਸਾਨ ਭੁਗਤਣੇ ਪੈਣਗੇ। ਆਰਥਿਕ ਪੱਧਰ ਤੇ ਵਪਾਰੀਆਂ ਨੂੰ ਵੀਜ਼ਿਆਂ ਵਿੱਚ ਮੁਸ਼ਕਲਾਂ ਆਉਣ ਨਾਲ ਵਪਾਰ ਦਾ ਮੌਜੂਦਾ ਪੱਧਰ ਘੱਟ ਸਕਦਾ ਹੈ। ਸਰਮਾਏ ਦੇ ਅਦਾਨ ਪ੍ਰਦਾਨ ਵਿੱਚ ਕਟੌਤੀ ਹੋ ਸਕਦੀ ਹੈ। ਵੀਜ਼ਿਆਂ ਵਿੱਚ ਮੁਸ਼ਕਲਾਂ ਕਾਰਨ ਭਾਰਤੀ ਮੂਲ ਦੇ ਕੈਨੇਡੀਅਨ ਨਾਗਰਿਕਾਂ ਨੂੰ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ, ਵਿਆਹਾਂ ਸ਼ਾਦੀਆਂ, ਹੋਰ ਖੁਸ਼ੀ ਗਮੀ ਦੇ ਸਮਾਗਮਾਂ ਵਿੱਚ ਸ਼ਾਮਲ ਹੋਣਾ ਮੁਸ਼ਕਲ ਹੋ ਜਾਵੇਗਾ। ਇਸ ਨਾਲ ਹਵਾਈ ਜਹਾਜ਼ਾਂ ਦੀਆਂ ਕੰਪਨੀਆਂ ਦੇ ਕਾਰੋਬਾਰ ਨੂੰ ਸੱਟ ਵੱਜ ਸਕਦੀ ਹੈ। ਇਹ ਅਨੁਮਾਨ ਹੈ ਕਿ ਦੋਵਾਂ ਦੇਸ਼ਾਂ ਵਿੱਚ ਮੌਜੂਦਾ ਵਪਾਰ ਨੂੰ ਹੋਰ 50% ਵਧਾਉਣ ਦੀਆਂ ਸੰਭਾਵਨਾਵਾਂ ਹਨ। ਇਸ ਨੂੰ ਪ੍ਰਾਪਤ ਕਰਨ ਦੀ ਬਜਾਏ ਵਪਾਰ ਘੱਟ ਜਾਣ ਦੀ ਸੰਭਾਵਨਾ ਹੈ। ਪਰ ਇਸ ਰਾਜਦੂਤਕ ਜੰਗ ਕਾਰਨ ਸਭ ਤੋਂ ਵੱਧ ਮੁਸ਼ਕਿਲਾਂ ਕਨੇਡਾ ਵਿੱਚ ਭਾਰਤ ਦੇ ਲੱਖਾਂ ਨੌਜਵਾਨਾਂ ਦੇ ਪੇਸ਼ ਆਉਣ ਦਾ ਖ਼ਤਰਾ ਕਾਫ਼ੀ ਵੱਧ ਗਿਆ ਹੈ। ਇਹ ਉਹ ਨੌਜਵਾਨ ਹਨ ਜਿਨ੍ਹਾਂ ਨੂੰ ਕਨੇਡਾ ਵਿੱਚ ਆਰਜ਼ੀ/ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। ਇਹ ਨੌਜਵਾਨ ਪੱਕੀ ਰਿਹਾਇਸ਼ ਦੀ ਪ੍ਰਵਾਨਗੀ ਦੀ ਉਡੀਕ ਕਰ ਰਹੇ ਹਨ।

ਆਰਜ਼ੀ/ਕੱਚੀ ਰਿਹਾਇਸ਼ ਵਾਲੇ ਨੌਜਵਾਨ ਉਹ ਹਨ ਜਿਹੜੇ ਪੱਕੀ ਰਿਹਾਇਸ਼ ਦੀਆਂ ਸ਼ਰਤਾਂ ਪੂਰੀਆਂ ਕਰਨ ਦੀ ਉਡੀਕ ਵਿੱਚ ਹਨ। ਇਨ੍ਹਾਂ ਨੌਜਵਾਨਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ। (1) ਕਾਫ਼ੀ ਵਿਦਿਆਰਥੀ ਉਹ ਹਨ ਜਿਨ੍ਹਾਂ ਵਲੋਂ ਕਨੇਡਾ ਵਿਖੇ ਆ ਕੇ ਆਪਣੀ ਡਿਗਰੀ/ਡਿਪਲੋਮਾ ਹਾਸਲ ਕਰ ਲਿਆ ਗਿਆ ਹੈ। ਇਨ੍ਹਾਂ ਵਲੋਂ ਕਈ ਵਿਦਿਆਰਥੀ ਚਾਰ-ਪੰਜ ਸਾਲਾਂ ਤੋਂ ਕੈਨੇਡਾ ਵਿੱਚ ਰਹਿ ਰਹੇ ਹਨ। ਇਨ੍ਹਾਂ ਨੂੰ ਪੁਰਾਣੇ ਨਿਯਮਾਂ ਤਹਿਤ ਆਰਜ਼ੀ ਜਾਂ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ ਅਤੇ ਕਈਆਂ ਦੀ ਪ੍ਰਵਾਨਗੀ ਖ਼ਤਮ ਹੋਣ ਵਾਲੀ ਹੈ। ਇਨ੍ਹਾਂ ਵਿਦਿਆਰਥੀਆਂ ਵਲੋਂ ਕਨੇਡਾ ਵਿਖੇ ਪੱਕੇ ਵਸਣ ਵਾਸਤੇ ਕਈ ਲੱਖ ਰੁਪਏ ਆਪਣੀਆਂ ਫੀਸਾਂ ਅਤੇ ਰਹਿਣ ਵਾਸਤੇ ਖਰਚ ਕੀਤੇ ਹੋਏ ਹਨ। (2) ਦੂਜੇ ਉਹ ਆਰਜ਼ੀ/ਕੱਚੀ ਰਿਹਾਇਸ਼ ਵਾਲੇ ਨੌਜਵਾਨ ਹਨ ਜਿਨ੍ਹਾਂ ਨੂੰ ਕਿਸੇ ਕਾਰੋਬਾਰੀ ਜਾਂ ਕੰਪਨੀ ਵੱਲੋਂ ਰੁਜ਼ਗਾਰ ਵਾਸਤੇ ਕਨੇਡਾ ਬੁਲਾਇਆ ਗਿਆ ਸੀ ਪਰ ਰੁਜ਼ਗਾਰ ਦੀ ਮਿਆਦ ਖਤਮ ਹੋ ਗਈ ਹੈ । ਇਨ੍ਹਾਂ ਨੌਜਵਾਨਾਂ ਨੂੰ ਕਨੇਡਾ ਵਲੋਂ ਹੋਰ ਜਾਂ ਰੈਗੂਲਰ ਰੁਜ਼ਗਾਰ ਲੱਭਣ ਲਈ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। (3) ਤੀਜੀ ਕਿਸਮ ਦੇ ਉਹ ਨੌਜਵਾਨ ਹਨ ਜਿਨ੍ਹਾਂ ਨੇ ਵਿਜ਼ਟਰ ਵੀਜ਼ਾ ਤੇ ਪਹੁੰਚ ਕੇ ਪਨਾਹ ਲੈਣ (asylum) ਵਾਸਤੇ ਦਰਖਾਸਤ ਲਗਾਈ ਹੋਈ ਹੈ। ਉਨ੍ਹਾਂ ਨੂੰ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਮਿਲੀ ਹੋਈ ਹੈ। ਭਾਵੇਂ ਇਸ ਕਿਸਮ ਦੇ ਨੌਜਵਾਨਾਂ ਦੀ ਗਿਣਤੀ ਕਾਫੀ ਘੱਟ ਹੈ।

ਅਮਰੀਕਾ ਤੋਂ ਛਪਦੇ ਨਿਊਯਾਰਕ ਟਾਈਮਜ਼ ਅਖ਼ਬਾਰ ਵਿੱਚ ਬਰੈਂਪਟਨ ਤੋਂ ਇੱਕ ਰਿਪੋਰਟ 13 ਅਕਤੂਬਰ 2024 ਨੂੰ ਛਾਪੀ ਗਈ ਹੈ। ਇਸ ਰਿਪੋਰਟ ਅਨੁਸਾਰ ਕਨੇਡਾ ਵਿੱਚ ਇਸ ਸਮੇਂ 28 ਲੱਖ ਦੇ ਕਰੀਬ ਨੌਜਵਾਨ ਆਰਜ਼ੀ/ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਨਾਲ ਰਹਿ ਰਹੇ ਹਨ। ਇਨ੍ਹਾਂ ਵਿਚੋਂ 22 ਲੱਖ ਦੇ ਕਰੀਬ 2020-22 ਦੇ ਦੋ ਸਾਲਾਂ ਵਿੱਚ ਕਨੇਡਾ ਪਹੁੰਚੇ ਹਨ। ਆਰਜ਼ੀ ਰਿਹਾਇਸ਼ ਵਾਲੇ ਨੌਜਵਾਨ ਕੈਨੇਡਾ ਦੀ ਕੁੱਲ ਆਬਾਦੀ ਦਾ 6.8% ਬਣਦੇ ਹਨ। ਇਹ ਨੌਜਵਾਨ ਦੁਨੀਆਂ ਦੇ ਕਾਫ਼ੀ ਦੇਸ਼ਾਂ ਤੋਂ ਆਏ ਹੋਏ ਹਨ। ਇਨ੍ਹਾਂ ਵਿਚੋਂ ਦੋ ਦੇਸ਼ਾਂ ਤੋਂ ਆਏ ਵਿਅਕਤੀਆਂ ਦਾ ਖਾਸ ਜ਼ਿਕਰ ਕੀਤਾ ਗਿਆ ਹੈ। ਇਕ ਦੇਸ਼ ਦਾ ਨਾਮ ਯੁਕਰੇਨ ਹੈ ਜੋ ਰੂਸ ਨਾਲ ਜੰਗ ਵਿੱਚ ਫ਼ਸਿਆ ਹੋਇਆ ਹੈ। ਕੈਨੇਡਾ ਵਲੋਂ ਇਥੋਂ ਦੇ 10 ਲੱਖ ਵਿਆਕਤੀਆਂ ਨੂੰ ਕੱਚੀ ਰਿਹਾਇਸ਼ ਦੀ ਪ੍ਰਵਾਨਗੀ ਦਿੱਤੀ ਹੋਈ ਹੈ ਪਰ ਹੁਣ ਤੱਕ ਇਥੋਂ 1.85 ਲੱਖ ਵਿਅਕਤੀ ਹੀ ਕਨੇਡਾ ਆ ਸਕੇ ਹਨ। ਇਸ ਕਰਕੇ ਯੂਕਰੇਨੀ ਆਰਜ਼ੀ ਰਿਹਾਇਸ਼ ਵਾਲਿਆਂ ਨੂੰ ਕੈਨੇਡਾ ਤੋਂ ਬਾਹਰ ਕੱਢਣ ਦਾ ਕੋਈ ਖ਼ਤਰਾ ਨਹੀਂ ਹੈ। ਦੂਜਾ ਭਾਰਤ ਦੇਸ਼ ਦਾ ਜ਼ਿਕਰ ਕੀਤਾ ਗਿਆ ਹੈ। ਸਾਡੇ ਦੇਸ਼ ਅਤੇ ਖਾਸ ਕਰਕੇ ਪੰਜਾਬ, ਹਰਿਆਣਾ ਤੋਂ ਵੱਡੀ ਗਿਣਤੀ ਵਿੱਚ ਪਿਛਲੇ ਸਾਲਾਂ ਤੋਂ ਵਿਦਿਆਰਥੀ ਕੈਨੇਡਾ ਪੜ੍ਹਨ ਅਤੇ ਓਥੇ ਵਸਣ ਦੇ ਮੰਤਵ ਨਾਲ ਗਏ ਹੋਏ ਹਨ। ਇਨ੍ਹਾਂ ਵਿਚੋਂ ਬਹੁਤਿਆਂ ਕੋਲ ਆਰਜ਼ੀ ਰਿਹਾਇਸ਼ ਦੀ ਪ੍ਰਵਾਨਗੀ ਹੈ। ਇਨ੍ਹਾਂ ਵਿਚੋਂ ਲਖਾਂ ਦੀ ਗਿਣਤੀ ਉਨ੍ਹਾਂ ਨੌਜਵਾਨਾਂ ਦੀ ਹੈ ਜਿਨ੍ਹਾਂ ਨੇ ਪੜ੍ਹਾਈ ਖ਼ਤਮ ਕਰਕੇ ਡਿਗਰੀ ਜਾਂ ਡਿਪਲੋਮਾ ਪਾਸ ਕੀਤਾ ਹੋਇਆ ਹੈ। ਕਨੇਡਾ ਦੇ ਪੁਰਾਣੇ ਨਿਯਮਾਂ ਤਹਿਤ ਇਨ੍ਹਾਂ ਨੂੰ ਆਰਜ਼ੀ ਤੌਰ ਤੇ ਰਹਿਣ ਦੀ ਪ੍ਰਵਾਨਗੀ ਮਿਲੀ ਹੋਈ ਹੈ ਅਤੇ ਕਈਆਂ ਦੀ ਪ੍ਰਵਾਨਗੀ ਖ਼ਤਮ ਹੋਣ ਵਾਲੀ ਹੈ। ਹੁਣ ਕੈਨੇਡਾ ਵਲੋਂ ਨਵੇਂ ਨਿਯਮ ਲਾਗੂ ਕੀਤੇ ਜਾ ਰਹੇ ਹਨ। ਇਨ੍ਹਾਂ ਨਿਯਮਾਂ ਅਨੁਸਾਰ ਵਿਦਿਆਰਥੀਆਂ ਨੂੰ ਪੜ੍ਹਾਈ ਖ਼ਤਮ ਕਰਕੇ ਵਾਪਸ ਆਪਣੇ ਦੇਸ਼ ਪਰਤਣਾ ਪਵੇਗਾ। ਲੋੜਾਂ ਅਨੁਸਾਰ ਕੁਝ ਨੌਜਵਾਨਾਂ ਦੀ ਆਰਜ਼ੀ ਰਿਹਾਇਸ਼ ਵਧਾਈ ਜਾਵੇਗੀ। ਕਨੇਡਾ ਦੇ ਵਿਦੇਸ਼ ਮੰਤਰੀ ਮੇਲਾਨੀ ਜੌਲੀ ਦਾ ਵਿਚਾਰ ਹੈ ਕਿ ਪ੍ਰਵਾਸੀਆਂ ਦੇ ਕਾਫ਼ੀ ਵੱਡੀ ਗਿਣਤੀ ਵਿੱਚ ਆਉਣ ਨਾਲ ਦੇਸ਼ ਵਿੱਚ ਕਈ ਸਮੱਸਿਆਵਾਂ ਪੈਦਾ ਹੋ ਗਈਆਂ ਹਨ। ਇਨ੍ਹਾਂ ਕਰਕੇ ਰਿਹਾਇਸ਼ੀ ਘਰਾਂ ਦੀ ਘਾਟ ਪੈਦਾ ਹੋ ਗਈ ਹੈ, ਸਿਹਤ ਸੇਵਾਵਾਂ ਤੇ ਬੋਝ ਵਧ ਗਿਆ ਅਤੇ ਬੇਰੁਜ਼ਗਾਰੀ ਵਧ ਗਈ ਹੈ। ਇਸ ਕਰਕੇ ਸਰਕਾਰ ਵੱਲੋਂ 2024 ਦੇ ਸ਼ੁਰੂ ਵਿੱਚ ਫ਼ੈਸਲਾ ਕੀਤਾ ਗਿਆ ਹੈ ਕਿ ਪ੍ਰਵਾਸ ਨੂੰ ਸੀਮਤ ਕੀਤਾ ਜਾਵੇ। ਜਿੰਨਾ ਪ੍ਰਵਾਸੀਆਂ ਦੀ ਕੱਚੀ ਰਿਹਾਇਸ਼ ਦੀ ਮਿਆਦ ਖਤਮ ਹੋ ਗਈ ਹੈ ਜਾਂ ਖਤਮ ਹੋ ਰਹੀ ਹੈ ਉਸ ਨੂੰ ਨਵਿਆਇਆ ਨਹੀਂ ਜਾਵੇਗਾ। ਇਸ ਕਾਰਨ ਇਨ੍ਹਾਂ ਵਿਦਿਆਰਥੀਆਂ ਦਾ ਭਵਿੱਖ ਦਾਅ ਤੇ ਲੱਗ ਗਿਆ ਹੈ। ਇਸ ਰਿਪੋਰਟ ਅਨੁਸਾਰ ਐਸੇ ਨੌਜਵਾਨਾਂ ਦੀ ਸਥਿਤੀ ਹਵਾ ਵਿੱਚ ਲਟਕੇ ਤ੍ਰਿਸ਼ੰਕੂ ਦੀ ਤਰ੍ਹਾਂ ਹੈ। ਇਹੋ ਕਾਰਨ ਹੈ ਕਿ ਇਨ੍ਹਾਂ ਵਿਦਿਆਰਥੀਆਂ ਅਤੇ ਨੌਜਵਾਨਾਂ ਵਲੋਂ ਕਨੇਡਾ ਦੀ ਇਸ ਨੀਤੀ ਖ਼ਿਲਾਫ਼

(ਸਫ਼ਾ 18 ਦੀ ਬਾਕੀ)

# ਗੁਰਸ਼ਰਨ ਸਿੰਘ, ਭਗਤ ਸਿੰਘ ਦਾ ਕੀ ਲੱਗਦਾ



ਸੰਜੀਵਨ ਸਿੰਘ
94174-60656

ਅਸੀ ਚਾਹੁੰਨੇ ਆਂ, ਭਗਤ ਸਿੰਘ ਫੇਰ ਆਵੇ ਸਾਨੂੰ ਨਸ਼ਿਆਂ, ਫਿਰਕਾਪ੍ਰਸਤੀ, ਜਾਤ-ਪਾਤ, ਭ੍ਰਿਸ਼ਟਾਚਾਰ ਦੇ ਗਧੀ-ਗੇੜ 'ਚੋਂ ਕੱਢਣ ਲਈ। ਸਾਡੇ ਵਾਸਤੇ ਕੁੱਲੀ, ਗੁੱਲੀ ਤੇ ਜੁੱਲੀ ਦਾ ਹੀਲਾ ਕਰਨ ਲਈ। ਭਗਤ ਸਿੰਘ ਵਾਰ ਫੇਰ ਆਵੇ ਹੀ ਆਵੇ।

ਸਾਨੂੰ ਸੰਕਟਾਂ, ਦੁੱਖਾਂ-ਤਕਲੀਫ਼ਾਂ ਤੋਂ ਖਹਿੜਾ ਛਡਵਾਉਂਣ ਲਈ, ਲੋੜਾਂ ਤੇ ਥੋੜ੍ਹਾ ਦੇ ਹੱਲ ਲਈ, ਸਾਡੇ ਸੁਪਨਿਆਂ ਤੇ ਖ਼ੁਆਬਾ ਨੂੰ ਸਾਕਾਰ ਕਰਨ ਲਈ, ਹੁਣ ਤਾਂ ਭਗਤ ਸਿੰਘ ਨੂੰ ਆਉਣਾ ਹੀ ਪਊ।

ਅਸੀਂ ਆਪਣੀਆਂ ਮੋਟਰਾ-ਕਾਰਾਂ ਪਿੱਛੇ, ਸਕੂਟਰਾਂ, ਮੋਟਰ-ਸਾਇਕਲਾਂ ਪਿੱਛੇ, ਝੱਗਿਆਂ-ਟੀ, ਬੂਨੈਣਾ ਉੱਤੇ ਭਗਤ ਸਿੰਘ ਦੀ ਮੁੱਛ ਨੂੰ ਤਾਓ ਦਿੰਦੇ ਦੀ ਤਸਵੀਰਾਂ-ਸਟਿਕਰ ਵੀ ਲਗਵਾ ਕੇ, ਭਗਤ ਸਿੰਘ ਵਰਗੀ ਬਸੰਤੀ ਪੱਗ ਬੰਨ ਕੇ ਆਪਣਾ ਫਰਜ਼ ਪੂਰਾ ਕਰ ਤਾਂ ਦਿੱਤਾ। 'ਲੱਗਦੈ ਇਕ ਵਾਰ , ਫੇਰ ਆਉਂਣਾ ਪਊ'। ਦੇ ਸਟੀਕਰ ਲਾਅ ਕੇ ਅਸੀਂ ਆਪਣਾ ਕਖਮ ਕਰ 'ਤਾ। ਹੁਣ ਤਾਂ ਯਾਰ ਭਗਤ ਸਿਆਂਹ, ਸਾਡੇ ਨੇਤਾ ਵੀ ਤੇਰੇ ਵਰਗੀਆਂ ਪੱਗਾਂ ਬੰਨਦੇ ਨੇ। ਕੁੜਤੇ ਪਜ਼ਾਮੇ ਲੱਗ ਪਾਉਂਣ, ਜਮ੍ਹਾਂ ਈ ਤੇਰੇ ਵਰਗੇ। ਹੁਣ ਤਾਂ ਅਸੀਂ ਮੁੱਛ ਨੂੰ ਤਾਓ ਵੀ ਦਿੰਨੇ ਆ, ਜਿਮੇਂ ਤੂੰ ਦਿੰਦਾ ਸੀ। ਹੁਣ ਤਾਂ ਆਜਾ ਯਾਰ ਭਗਤ ਸਿਆਂਹ, ਆਜਾ ਯਾਰਾਂ। ਇਕ ਵਾਰ ਜੰਮ ਸੂਰਮਿਆਂ, ਇਕ ਵਾਰ ਫੇਰ ਜੰਮ, ਕਿਸੇ ਮਾਂ ਦੀ ਸੁੱਲਖਣੀ ਕੁੱਖ 'ਚੋ ਸਾਡੇ ਆਲ਼ੀ ਬੇੜੀ ਲਾਅ ਬੰਨ੍ਹੇ।

ਪਰ ਇਕ ਗੱਲ ਚੇਤੇ ਰੱਖੀ ਜੰਮੀ ਜ਼ਰੂਰ ਪਰ ਸਾਡੇ ਘਰ ਨਾ ਜੰਮੀ, ਕਿਸੇ ਹੋਰ ਦੇ ਘਰ ਜੰਮੀ।ਤੂੰ ਲੈਣੇ ਨੇ ਪੰਗੇ ਜਣੇ-ਖਣੇ ਨਾਲ।ਅਸੀਂ ਆ ਬਾਲ-ਬੱਚੇਦਾਰ, ਕਬੀਲਦਾਰ, ਸਾਊ ਤੇ ਸ਼ਰੀਫ, ਉਹ ਵੀ ਪੁੱਜ ਕੇ। ਜੇ ਸਾਡੀ ਕੋਈ ਇਕ ਗੱਲ 'ਤੇ ਥੱਪੜ ਜੜ੍ਹ ਦਵੇਂ ਤਾਂ ਅਸੀਂ ਦੂਈ ਗੱਲ ਮੂਹਰੇ ਕਰ ਦਿੰਨੇ ਆਂ। ਅਹਿੰਸਾਵਾਦੀ ਜੋ ਹੋਏ।ਜੇ ਅਸੀਂ ਪੈਗੇ ਪੰਗਿਆਂ 'ਚ ਤਾਂ ਸਾਡੇ ਤੇ ਤਾਂ ਕੇਸ-ਕੂਸ ਦਰਜ ਹੋ ਜੂੰ। ਕਹਿੰਦੇ ਨੇ, ਵੀਜ਼ਾ ਤਾਂ ਕੀ, ਪਾਸਪੋਰਟ ਬਣਾਉਣ ਲਈ ਵੀ ਫਾਰਮ ਦੇ ਖ਼ਾਨੇ 'ਚ ਲਿਖਣਾਂ ਪੈਂਦਾ ਐ, ਕੋਈ ਪੁਲਿਸ ਕੇਸ ਤਾਂ ਨ੍ਹੀਂ। ਅਸੀਂ ਹੋਣੈ ਅਬਰੋਡ ਮੁਲਕ ਸੈਂਟਲ ਕਿਸੇ ਬਾਰਲੇ ਮੁਲਕ ਕਨੈਡਾ, ਅਮਰੀਕਾ, ਇੰਗਲੈਂਡ। ਇੱਥੇ ਹੈ ਕੀ ਮਿੱਟੀ, ਘੱਟੇ ਤੋਂ ਬਿਨ੍ਹਾਂ। ਬਾਬੂ ਚਾਹ-ਪਾਣੀ ਬਿਨ੍ਹਾਂ ਅੱਖ ਚੱਕ ਨੇ ਨ੍ਹੀ ਦੇਖਦੇ। ਇਹ ਵੀ ਪਤਾ ਨਹੀਂ, ਕਦ ਕੋਈ ਕੋਈ ਕਪੜੇ ਦੇਖ ਕੇ ਬੁਲਾਦੇ ਪਾਰ। ਤੂੰ ਹੀ ਯਾਰ ਸਾਂਭ ਆ ਕੇ ਕੰਜਰਖ਼ਾਨਾ।

ਭਗਤ ਸਿੰਘ ਜੰਮੇ ਜ਼ਰੂਰ ਪਰ ਸਾਡੇ ਨ੍ਹੀਂ, ਗੁਆਂਢੀਆਂ ਦੇ। ਭਾਵੇਂ ਆਟੇ ਵਿਚ ਲੂਣ ਹੀ ਸਹੀ, ਪੋਟਿਆ 'ਤੇ ਗਿਣਨ ਜੋਗੇ ਪਰ ਅਜਿਹੇ ਲੋਕ ਵੀ ਹੈਗੇ ਹਾਲੇ ਜਿਹੜੇ ਨਾ ਤਾਂ ਭਗਤ ਸਿੰਘ ਦੇ ਆਪਣੇ ਘਰ ਜੰਮਣੇ ਤੋਂ ਖੋਫਜ਼ਦਾ ਨੇ, ਨਾ ਹੀ ਆਪ ਭਗਤ ਸਿੰਘ ਬਨਣ ਤੋਂ ਭੈਅਭੀਤ। ਉਹ ਤਾਂ ਸਗੋਂ ਭਗਤ ਸਿੰਘ ਦੇ ਖ਼ਿਆਲਾ ਤੇ ਵਿਚਾਰਾਂ ਦੀ ਜੋਤ ਨੂੰ ਹਰ ਘਰ, ਹਰ ਦਰ 'ਤੇ ਜਗਾ ਰਹੇ ਨੇ। ਭਗਤ ਸਿੰਘ ਵਰਗੀ ਦਲੇਰੀ, ਬੇਬਾਕੀ, ਬੇਖੋਫ਼ੀ ਨਾਲ ਦੂਸ਼ਿਤ, ਭ੍ਰਿਸ਼ਟ ਅਤੇ ਗੰਧਲੇ ਹੋ ਗਏ ਸਮਾਜਿਕ ਤਾਣੇ-ਬਾਣੇ ਦੀ ਉਲਝੀ ਹੋਈ ਤੰਦ ਨੂੰ ਸੁਲਝਾਉਣ ਦੇ ਗੰਭੀਰ ਤੇ ਸੁਹਿਰਦ ਯਤਨ ਕਰ ਰਹੇ ਨੇ। ਭੈਅਭੀਤ, ਡਰੀ ਹੋਈ ਤੇ ਸਹਿਮੀ ਅਵਾਮ ਨੂੰ ਚਿੜ੍ਹੀਆਂ ਤੋਂ ਸ਼ੇਰ ਬਣਾਉਣ ਲਈ ਹਰ ਧਰਮ, ਜਾਤ, ਫ਼ਿਰਕੇ, ਰੰਗ ਤੇ ਨਸਲ ਦੇ ਲੋਕ ਉਨ੍ਹਾਂ ਨੂੰ ਹਲੂਣ ਰਹੇ ਨੇ, ਹਲਾਸ਼ੇਰੀ ਦੇ ਰਹੇ ਨੇ। ਇਨ੍ਹਾਂ ਵਤਨਪ੍ਰਸਤਾਂ ਦੇ ਕਾਫ਼ਲੇ ਵਿਚ ਕੁੱਝ ਕਲਮਕਾਰ ਤੇ ਕਲਾਕਾਰ ਵੀ ਸ਼ਾਮਲ ਨੇ।

ਕਲਮ ਤੇ ਕਲਾ ਦੇ ਅੰਬਰ ਵਿਚ ਜਿਸ ਗ਼ੈਰਤਮੰਦ ਇਨਸਾਨ ਦਾ ਨਾਂ ਧਰੂ ਤਾਰੇ ਵਾਂਗ ਲਿਸ਼ਕ ਰਿਹੈ। ਉਸ ਧਰੂ ਤਾਰੇ ਦਾ ਨਾਂ ਹੈ ਗੁਰਸ਼ਰਨ ਭਾਅ ਜੀ, ਭਾਈ ਮੰਨਾ ਸਿੰਘ। ਗੁਰਸ਼ਰਨ ਸਿਰਫ਼ ਆਪਣੇ ਜਾਣੂੰਆਂ, ਰੰਗਕਰਮੀਆਂ, ਕਲਮਕਾਰਾਂ ਤੇ ਕਲਾਕਾਰਾਂ ਦਾ ਹੀ ਭਾਅ ਜੀ ਨਹੀ ਸੀ। ਉਹ ਸਮਾਜ ਦੇ ਦੱਬੇ-ਕੁੱਚਲੇ, ਪੀੜਤ, ਸ਼ੋਸ਼ਿਤ ਅਤੇ ਸਾਧਣ-ਹੀਣ ਤਬਕੇ ਦਾ ਵੀ ਭਾਅ ਜੀ ਸੀ।

ਸ਼ਹੀਦ, ਕਲਮਕਾਰ ਤੇ ਕਲਾਕਾਰ ਕਦੇ ਵੀ ਇਕ ਜਾਤ, ਧਰਮ, ਫਿਰਕੇ, ਨਸਲ, ਰੰਗ ਦੇ ਨਹੀਂ ਹੁੰਦੇ। ਇਹ ਤਾਂ ਸਾਰੀ ਇਨਸਾਨੀਅਤ ਦੇ, ਸਾਰੀ ਕਾਇਨਾਤ ਦੇ ਹੁੰਦੇ ਨੇ। ਜਿਵੇਂ ਸੂਰਜ ਅਤੇ ਚੰਦ ਦੀ ਰੋਸ਼ਨੀ ਸਾਰਿਆਂ ਲਈ ਹੁੰਦੀ ਐ। ਜਿਵੇਂ ਸ਼ਹੀਦ ਸ਼ਹਾਦਤ ਪੂਰੇ ਮੁਲਕ, ਸਾਰੀ ਆਵਮ ਲਈ ਦਿੰਦੇ ਨੇ। ਉਸੇ ਤਰ੍ਹਾਂ ਕਲਮਕਾਰ ਤੇ ਕਲਾਕਾਰ ਵੀ ਆਪਣੀ ਕਲਮ ਦੇ ਕਲਾਂ ਰਾਹੀਂ ਲੋਕਾਈ ਨੂੰ ਅਕਲਾਂ-ਮੱਤਾਂ ਦਿੰਦੇ ਨੇ।

ਭਗਤ ਸਿੰਘ ਤੇ ਗੁਰਸ਼ਰਨ ਭਾਜੀ ਵਿਚ ਜਿਹੜੀ ਮੁੱਢਲੀ ਸਾਂਝ ਸੀ ਉਹ ਸੀ ਦੋਵੇਂ ਰੰਗਕਰਮੀ ਸਨ।ਭਗਤ ਸਿੰਘ ਨੇ ਵਿਦਿਆਰਥੀ ਜੀਵਨ ਵਿਚ ਲਾਹੌਰ ਕੁੱਝ ਨਾਟਕਾਂ ਵਿਚ ਹਿੱਸਾ ਲਿਆ। ਤੇ ਗੁਰਸ਼ਰਨ ਭਾਅ ਜੀ ਨੇ ਨਾਟਕ ਰਾਹੀਂ ਲੋਕ-ਮਸਲੇ, ਲੋਕ-ਮੁਹਾਵਰੇ ਵਿਚ ਉਭਾਰੇ।

ਸਾਡੇ ਚੇਤਿਆਂ ਵਿਚ ਭਗਤ ਸਿੰਘ ਦੀ ਸ਼ਖਸੀਅਤ ਗੁਸੈਲ ਨੌਜਵਾਨ ਦੀ ਐ, ਇਕ ਹੱਥ ਪਸਤੌਲ ਤੇ ਦੂਜਾ ਹੱਥ ਮੁੱਛ 'ਤੇ, ਚਿਹਰਾਂ ਤਣਿਆ ਹੋਇਆ। ਪਰ ਇਸ ਦੇ ਬਿਲਕੁੱਲ ਉਲਟ ਭਗਤ ਸਿੰਘ ਯਾਰਾਂ ਦਾ ਯਾਰ ਸੀ, ਹਾਸਾ-ਠੱਠਾ ਕਰਦਾ ਸੀ, ਫਿਲਮਾਂ ਤੇ ਵਧੀਆਂ ਭਾਂਤ-ਭਾਂਤ ਪਕਵਾਨਾਂ ਦਾ ਸ਼ੌਕੀਨ ਸੀ, ਸੁੰਦਰਤਾ ਦਾ ਵੀ ਪੁਜਾਰੀ ਸੀ।

ਗੁਰਸ਼ਰਨ ਭਾਅ ਜੀ ਜਦ ਕਿਸੇ ਨਾਟਕ 'ਚ ਰੋਲ ਨਿਭਾ ਰਹੇ ਹੁੰਦੇ ਜਾਂ ਕਿਸੇ ਮੁੱਦੇ-ਮਸਲੇ 'ਤੇ ਗੱਲ ਕਰਦੇ। ਉਹ ਹਮੇਸ਼ਾ ਭਾਵੁਕ ਹੋ ਕੇ ਰੋਹ 'ਚ ਆ ਜਾਂਦੇ। ਗੁੱਸੇ ਨਾਲ ਕੰਬਣ ਲੱਗ ਜਾਂਦੇ। ਪਰ ਜਦ ਸਧਾਰਣ ਅਵਸਥਾ ਵਿਚ ਹੁੰਦੇ ਤਾਂ ਇਕ ਦਮ ਬੱਚੇ ਹੁੰਦੇ। ਬੱਚਿਆਂ ਵਾਂਗ ਖਿਲਾ-ਖਿਲਾਕੇ ਹੱਸਦੇ, ਬੱਚਿਆਂ ਵਾਂਗ ਰੁੱਸਦੇ ਤੇ ਝੱਟ ਮੰਨ ਜਾਂਦੇ।

ਭਗਤ ਸਿੰਘ ਨੇ ਆਪਣੇ ਖੇਤ ਵਿਚ ਬੰਦੂਕਾ ਬੀਜਿਆਂ ਤੇ ਗੁਰਸ਼ਰਨ ਸਿੰਘ ਨੇ ਸ਼ਬਦ। ਭਗਤ ਸਿੰਘ ਨੇ ਬੰਬਾਂ-ਬੰਦੂਕਾਂ ਨਾਲ ਦੇਸ਼ ਨੂੰ ਅਜ਼ਾਦ ਕਰਵਾਇਆਂ ਤੇ ਗੁਰਸ਼ਰਨ ਭਾਜੀ ਨੇ ਸਮਾਜਿਕ ਤਬਦੀਲੀ ਲਈ ਯਤਨ ਕੀਤੇ।

ਕਹਿੰਦੇ ਨੇ ਮਹਿਲਾਂ-ਮੁਨਰਿਆਂ 'ਚ ਰਹਿ ਕੇ ਝੁੱਗੀਆਂ-ਢਾਰਿਆਂ ਦਾ ਦਰਦ ਮਹਿਸੂਸ ਨ੍ਹੀਂ ਕੀਤਾ ਜਾ ਸਕਦਾ। ਇਹ ਵੀ ਕਹਿੰਦੇ ਨੇ ਜਿਹਦੀ ਪਾਟੀ ਨਾ ਬਿਆਈ, ਉਹ ਕੀ ਜਾਣੇ ਪੀੜ ਪਰਾਈ। ਕਹਿੰਦੇ ਤਾਂ ਇਹ ਵੀ ਨੇ ਕਿੱਕਰਾਂ ਨੂੰ ਕਦੇ ਦਾਖਾਂ ਨ੍ਹੀਂ ਲੱਗਦੀਆਂ। ਪਰ ਭਗਤ ਸਿੰਘ ਤੇ ਗੁਰਸ਼ਰਨ ਸਿੰਘ ਸੁਖ਼ਾਲੀ ਜਿੰਦਗੀ ਦੇ ਬਾਵਜੂਦ ਲੋਕਾਂ ਨਾਲ ਖੜੇ ਵੀ, ਲੋਕਾਂ ਲਈ ਅੜੇ ਵੀ ਤੇ ਲੋਕਾਂ ਲਈ ਲੜੇ ਵੀ।ਦੋਵਾਂ ਨੇ ਹੋਰ ਦੀ ਪਾਟੀ ਬਿਆਈ ਦਾ ਦਰਦ ਵੀ ਮਹਿਸੂਸ ਕੀਤਾ ਤੇ ਕਿੱਕਰਾਂ ਨੂੰ ਦਾਖਾ ਲਾਅ ਕੇ ਵੀ ਦਿਖਾ 'ਤੀਆਂ।

ਇਕ ਸੋਚ ਤੇ ਵਿਚਾਰਧਾਰਾ ਹੋਣ ਲਈ ਸਮਕਾਲੀ ਹੋਣਾਂ ਕੋਈ ਜ਼ਰੂਰੀ ਨ੍ਹੀਂ। ਲਾਜ਼ਮੀ ਹੈ ਤਾਂ ਮਨੁੱਖਤਾ ਲਈ ਤੜਫ਼, ਲੋਕਾਈ ਲਈ ਦਰਦ, ਆਪਣੇ ਵਤਨ, ਆਪਣੀ ਮਿੱਟੀ ਲਈ ਕੁੱਝ ਕਰਨ ਗੁਜ਼ਰਨ ਦਾ ਜ਼ਜਬਾ। ਭਾਵੇਂ ਭਗਤ ਸਿੰਘ ਵੱਲੋਂ ਮੁਲਕ ਲਈ ਆਪਾ ਵਾਰਣ ਤੋਂ ਬਾਈ ਸਾਲ ਬਾਅਦ ਗੁਰਸ਼ਰਨ ਸਿੰਘ ਦਾ ਜਨਮ ਹੋਇਆ। ਦੋਵੇਂ ਬੇਸ਼ਕ ਵੱਖ-ਵੱਖ ਸਮਿਆਂ ਅਤੇ ਖੇਤਰਾਂ ਵਿਚ ਸਰਗਰਮ ਸਨ ਪਰ ਵਿਚਾਰਧਾਰਕ ਤੇ ਸਮਾਜਿਕ ਸਰੋਕਾਰ ਦੀ ਸਾਂਝ ਸਪਸ਼ਟ ਝਲਕਦੀ ਹੈ।

ਭਗਤ ਸਿੰਘ ਤੇ ਗੁਰਸ਼ਰਨ ਸਿੰਘ ਦੋਵੇਂ ਵਧੀਕੀਆਂ, ਧੱਕੇਸ਼ਾਹੀਆਂ ਤੇ ਹੈਂਕੜਾਂ ਖਿਲਾਫ਼ ਲੜੇ।ਭਗਤ ਸਿੰਘ ਲੜਿਆਂ ਬੇਗਾਨਿਆਂ ਨਾਲ ਤੇ ਗੁਰਸ਼ਰਨ ਸਿੰਘ ਆਪਣਿਆਂ ਨਾਲ। ਹਕੂਮਤਾਂ ਤੇ ਝੰਡੇ ਦੀ ਬਦਲੇ ਹਨ ਸਨ ਪਰ ਉਨ੍ਹਾਂ ਦੇ ਮਿਜ਼ਾਜ਼ ਤੇ ਕਿਰਦਾਰ ਨ੍ਹੀਂ ਬਦਲੇ।



ਭਗਤ ਸਿੰਘ ਤੇ ਗੁਰਸ਼ਰਨ ਸਿੰਘ ਦਾ ਮੱਤ, ਸੋਚ ਤੇ ਸਮਝ ਸੀ, "ਸਮਾਜਿਕ ਤਬਦੀਲੀ ਸਿਰਫ਼ ਹਥਿਆਰਾਂ ਨਾਲ ਹੀ ਨਹੀਂ, ਸਗੋਂ ਵਿਚਾਰਾਂ ਅਤੇ ਇਲਮ ਨਾਲ ਵੀ ਹੋ ਸਕਦੀ ਐ।ਦੋਵਾਂ ਨੇ ਹੀ ਨਾਬਰਾਬਰੀ ਅਤੇ ਵਿਤਕਰੇਬਾਜ਼ੀ ਖਿਲਾਫ਼ ਅਵਾਜ਼ ਬੁਲੰਦ ਕੀਤੀ ਅਤੇ ਸਾਰਾ ਕੁੱਝ, ਸਾਰਿਆ ਵਾਸਤੇ ਦਾ ਨਾਹਰਾ ਲਾਇਆ।

ਭਗਤ ਸਿੰਘ ਦਾ ਮੰਨਣਾਂ ਸੀ, "ਮੁੱਠੀ-ਭਰ ਕਰਾਂਤੀਕਾਰੀ। ਲੋਕਾਂ ਨੂੰ ਨਾਲ ਲਏ ਬਿਨ੍ਹਾਂ ਆਜ਼ਾਦੀ ਹਾਸਲ ਨਹੀਂ ਕਰ ਸਕਦੇ। ਅਵਾਮ ਦੀ ਇੱਕ-ਮੁੱਠਤਾ ਤੇ ਇਕ-ਜੁੱਟਤਾ ਨਾਲ ਹੀ ਅਜ਼ਾਦੀ ਰੂਪੀ ਮਕਸਦ ਦੀ ਪ੍ਰਾਪਤੀ ਹੋ ਸਕਦੀ ਐ"। ਭਾਰਤ ਦੇ ਕੁਦਰਤੀ ਸੋਮਿਆਂ ਦੀ ਲੁੱਟ ਨੂੰ, ਨੌਕਰਸ਼ਾਹੀ ਦੇ ਦਬਦਬੇ ਨੂੰ ਖਤਮ ਕਰਨਾ, ਲੋਕਾਂ ਦੀ ਹਕੂਮਤ 'ਚ ਹਿੱਸੇਦਾਰੀ ਭਗਤ ਸਿੰਘ ਦਾ ਮਕਸਦ ਸੀ। ਗੁਰਸ਼ਰਨ ਭਾਅ ਜੀ ਵੀ ਭਗਤ ਸਿੰਘ ਦੇ ਵੱਲੋਂ ਦੱਸੇ ਰਾਹਾਂ 'ਤੇ ਬਿਨ੍ਹਾਂ ਥੱਕੇ, ਬਿਨ੍ਹਾਂ ਅੱਕੇ ਆਖਰੀ ਸਾਹਾਂ ਤੱਕ ਅਡੋਲ ਤੁਰੇ।

ਭਗਤ ਸਿੰਘ ਨੇ ਹਾਕਿਮ ਨੂੰ ਪੱਤਰ ਲਿਖ ਕੇ ਕਿਹਾ ਸੀ, "ਉਹਨਾਂ ਨੂੰ ਫਾਂਸੀ ਦੀ ਥਾਂ ਗੋਲੀ ਮਾਰੀ ਜਾਵੇ। ਪਰ ਕਿਉਂਕਿ ਤੁਹਾਡੇ ਹੱਥ ਵਿਚ ਤਾਕਤ ਹੈ। ਦੁਨਿਆ ਵਿਚ ਤਾਕਤ ਨੂੰ ਸਾਰੇ ਹੱਕ ਹਾਸਲ ਹੁੰਦੇ ਹਨ। ਅਸੀਂ ਜਾਣਦੇ ਹਾਂ, ਤੁਸੀਂ ਲੋਕ ਆਪਣਾ ਇਰਾਦਾ ਪੂਰਾ ਕਰਨ ਲਈ, ਜਿਸ ਦੀ ਲਾਠੀ, ਉਸ ਦੀ ਮੈਸ ਦਾ ਅਸੂਲ ਅਪਨਾਉਗੇ। ਪਰ ਅਸੀਂ ਜੰਗੀ ਕੈਦੀ ਹਾਂ। ਇਸ ਲਈ ਅਸੀਂ ਮੰਗ ਕਰਦੇ ਹਾਂ, ਸਾਡੇ ਨਾਲ ਜੰਗੀ ਕੈਦੀਆਂ ਵਰਗਾ ਸਲੂਕ ਕੀਤਾ ਜਾਵੇ, ਫਾਂਸੀ ਉੱਤੇ ਲਟਕਾਉਣ ਦੀ ਬਜਾਏ ਸਾਨੂੰ ਗੋਲੀ ਨਾਲ ਉਡਾਇਆ ਜਾਵੇ। ਇਸ ਲਈ ਅਸੀਂ ਬੇਨਤੀ ਕਰਦੇ ਹਾਂ, ਤੁਸੀਂ ਆਪਣੇ ਫੌਜੀ ਮਹਿਕਮੇ ਨੂੰ ਹੁਕਮ ਦੇਵੋ, ਸਾਨੂੰ ਗੋਲੀ ਨਾਲ ਮਾਰਨ ਲਈ ਇਕ ਫੌਜੀ ਦਸਤਾ ਭੇਜੇ।

ਗੁਰਸ਼ਰਨ ਸਿੰਘ ਨੇ 1958 ਵਿੱਚ ਭਾਖੜਾ ਡੈਮ ਨੰਗਲ ਆਪਣੀ ਮੁਲਾਜ਼ਮਤ ਦੌਰਾਨ ਆਪਣੇ ਰੰਗਮੰਚੀ ਸਫ਼ਰ ਦਾ ਅਗਾਜ਼ ਕਰਕੇ ਪਿੱਛੇ ਮੁੜ ਕੇ ਨ੍ਹੀਂ ਦੇਖਿਆ। ਭਾਅ ਜੀ ਦੇ ਨਾਟਕੀ ਸਫ਼ਰ ਦੀ ਸ਼ੁਰੂਆਤ ਨਾਲ ਵੀ ਇਕ ਦਿਲਚਸਪ ਘਟਨਾਂ ਜੁੜੀ ਹੋਈ ਹੈ। ਉਹ ਹਾਈਡਰੌਲਕਿ ਮਾਹਿਰ ਦੇ ਤੌਰ ਉੱਤੇ ਡੈਮ 'ਤੇ ਕੰਮ ਕਰ ਰਹੇ ਸਨ, ਜਿਸ ਨੂੰ ਦੇਸ਼ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰਲਾਲ ਨਹਿਰੂ ਨੇ ਦੇਸ਼ ਦੀ ਅਵਾਮ ਨੂੰ ਸਮਰਪਿਤ ਕੀਤਾ ਸੀ। ਸੋਵੀਅਤ ਨੇਤਾ ਖੁਰਸ਼ਚੇਵ ਅਤੇ ਬੁਲਗਨਿਨ ਨੇ ਵੀ ਸ਼ਿਰਕਤ ਕੀਤੀ। ਉਸ ਸ਼ਾ ਮਹਿਮਾਨਾਂ ਦੀ ਆਓ-ਭਗਤ 'ਚ ਸਭਿਆਚਾਰਕ ਸ਼ਾਮ ਦਾ ਵੀ ਪ੍ਰਬੰਧ ਕੀਤਾ ਸੀ। ਭਾਅ ਜੀ ਗੁਰਸ਼ਰਨ ਇਸ ਸ਼ਾਮ ਦੀ ਦੇਖ-ਰੇਖ ਕਰ ਰਹੇ ਸਨ। ਗੋਪੀ ਕ੍ਰਿਸ਼ਨ ਮਹਾਰਾਜ, ਯਾਮਿਨੀ ਕ੍ਰਿਸ਼ਨਮੂਰਤੀ, ਪੰਡਤਿ ਬ੍ਰਿਜੂ ਮਹਾਰਾਜ, ਲਾਲ ਚੰਦ ਯਮਲਾ ਜੱਟ, ਇਪਟਾ ਦੀ ਮੁੱਢਲੀ ਕਾਰਕੁਨ ਲੋਕ-ਗਾਇਕਾ ਸੁਰਿੰਦਰ ਕੌਰ ਸਮੇਤ ਹੋਰ ਕਈ ਪ੍ਰਸਿੱਧ ਫਨਕਾਰਾਂ ਨੇ ਆਪਣੇ ਫ਼ਨ ਦਾ ਮੁਜ਼ਾਹਰਾ ਕਰਨ ਸੀ।ਜੋ ਕੇਵਲ ਅਫਸਰਾਂ ਤੇ ਅਮੀਰ-ਦੌਲਤਮੰਦਾ ਲਈ ਸੀ। ਗੁਰਸ਼ਰਨ ਭਾਅ ਜੀ ਨੇ ਪ੍ਰਬੰਧਕਾਂ ਨੂੰ ਲਿਖਤੀ ਬੇਨਤੀ ਕੀਤੀ, "ਭਾਖੜਾ ਡੈਮ ਦੇ ਤੀਜੇ ਤੇ ਚੌਥਾ ਦਰਜਾ ਮੁਲਾਜ਼ਮਾਂ ਅਤੇ ਆਮ ਲੋਕਾਂ ਨੂੰ ਸਭਿਆਚਾਰਕ ਸ਼ਾਮ ਦੀ ਰਹਿਰਸਲ ਵੇਖਣ ਲਈ ਸੱਦਾ ਦਿੱਤਾ ਜਾਵੇ"। ਭਾਅ ਜੀ ਦੀ ਮੰਗ ਪ੍ਰਬੰਧਕਾਂ ਨੇ ਕਹਿ ਕੇ ਰੱਦ ਕਰ 'ਤੀ, "ਇਨ੍ਹਾਂ ਮੈਲੇ-ਕੁੱਚੈਲੈ ਲੋਕਾਂ ਨੂੰ ਸਭਿਆਚਾਰ, ਵਿਰਸੇ ਦੀ ਭਾਸ਼ਾ ਦੀ ਕੀ ਤਮੀਜ਼ ਐ। ਸਭਿਅਚਾਰ ਦੀ ਤਾਂ ਪੜੇ-ਲਿਖੇ ਕੁਲੀਨ ਵਰਗ ਹੀ ਸਮਝ ਤੇ ਸ਼ੌਕ ਹੈ। ਇਸ ਘਟਨਾਂ ਨੇ ਗੁਰਸ਼ਰਨ ਸਿੰਘ ਨੂੰ ਧੁਰ ਅੰਦਰ ਤੱਕ ਹਲਾ 'ਤਾ। ਗੁਰਸ਼ਰਨ ਭਾਅ ਜੀ ਨੇ ਸਭਿਆਰਾਕ ਸ਼ਾਮ ਦੇ ਫ਼ਨਕਾਰਾਂ ਦਾ ਤਰਲਾ ਕੀਤੀ, "ਇਕ ਸ਼ਾਮ ਲਈ ਸਮਾਜ ਦੇ ਨਿਮਨ ਦੇ ਹੇਠਤੇ ਤਬਕੇ ਲਈ ਵੀ ਸਮਾਂ ਕੱਢਣ"। ਉਨ੍ਹਾਂ 'ਚੋ ਕਈਆਂ ਨੇ ਆਪਣੀ ਮਜਬੂਰੀ ਜ਼ਾਹਿਰ ਕਰਕੇ ਮੁਆਫ਼ੀ ਮੰਗ ਲਈ ਤੇ ਕੁੱਝ ਡੈਮ ਦੇ ਛੋਟੇ ਦਰਜੇ ਦੇ ਮੁਲਾਜ਼ਮਾਂ ਲਈ ਇਕ ਹੋਰ ਸਭਿਆਚਾਰਕ ਸ਼ਾਮ ਦਾ ਹਿੱਸਾ ਬਣੇ।

ਲੋਹੜੀ ਦੀ ਛੁੱਟੀ ਦੀ ਮੰਗ ਨੂੰ ਲੈ ਕੇ ਭਾਖੜਾ ਡੈਮ ਦੇ ਮੁਲਾਜ਼ਮਾਂ ਨੇ ਹੜਤਾਲ ਕਰ 'ਤੀ, ਗੁਰਸ਼ਰਨ ਭਾਅ ਜੀ ਨੇ ਕੁੱਝ ਘੰਟਿਆ ਵਿਚ ਨਾਟਕ ਲਿਖਿਆ ਕੇ ਮੰਚਿਤ ਕੀਤਾ 'ਲੋਹੜੀ ਦੀ ਹੜਤਾਲ'। ਇਹ ਸੀ ਭਾਅ ਜੀ ਗੁਰਸ਼ਰਨ ਦਾ ਪਹਿਲਾਂ ਨਾਟਕ ਤੇ ਇਸ ਤੋਂ ਬਾਅਦ ਲਗਾਤਾਰ ਅੱਧੀ ਸਦੀ ਤੋਂ ਵੱਧ ਉਨ੍ਹਾਂ ਆਪਣੇ ਸੈਕੜੇ ਨਾਟਕਾਂ, ਨੁਕੜ ਨਾਟਕਾਂ ਦੇ ਹਜ਼ਾਰਾਂ ਮੰਚਣ ਪਿੰਡਾਂ, ਵਿਹੜਿਆਂ, ਸੱਥਾਂ, ਚੌਤਰਿਆਂ, ਗੱਲੀਆਂ-ਮੁੱਹਲਿਆਂ। ਸ਼ਹਿਰ ਦੇ ਵੱਡੇ ਆਡੀਟੋਰੀਅਮਾਂ ਤੋਂ ਇਲਾਵਾ ਕਨੇਡਾ, ਅਮਰੀਕਾ, ਇੰਗਲੈਂਡ ਸਮੇਤ ਕਈ ਦੇਸ਼ਾਂ ਵਿਚ ਮੰਚਣ ਕੀਤੇ।

ਭਗਤ ਸਿੰਘ ਅਦਾਲਤ ਵਿਚ ਪੇਸ਼ੀ ਸਮੇਂ ਅੰਗਰੇਜ਼ੀ ਅਦਾਲਤ ਦਾ ਮਜ਼ਾਕ ਉਡਾ ਰਿਹਾ ਸੀ। ਸਰਕਾਰੀ ਵਕੀਲ ਨੇ ਕਿਹਾ, "ਤੁਸੀਂ ਦੇਸ ਧਰੋਹੀ ਹੋ।" ਭਗਤ ਸਿੰਘ ਫਿਰ ਹੱਸਿਆ। ਸਰਕਾਰੀ ਵਕੀਲ ਨੇ ਕਿਹਾ, "ਭਗਤ ਸਿੰਘ ਤੁਸੀਂ ਇਸ ਤਰ੍ਹਾਂ ਅਦਾਲਤ ਦੀ ਤੌਹੀਨ ਕਰ ਰਹੇ ਹੋ।" ਭਗਤ ਸਿੰਘ ਨੇ ਕਿਹਾ, "ਵਕੀਲ ਸਾਹਿਬ ਮੈਂ ਜਦ ਤੱਕ ਜਿਊਂਦਾ ਰਹਾਂਗਾ ਇਵੇਂ ਹੀ ਹੱਸਦਾ ਰਹਾਂਗਾ। ਜਦੋਂ ਮੈਂ ਫਾਂਸੀ ਦੇ ਤਖਤੇ 'ਤੇ ਖੜ੍ਹਾ ਹੋ ਕੇ ਹੱਸਾਂਗਾ, ਉਦੋਂ ਤੁਸੀਂ ਕਿਹੜੀ ਅਦਾਲਤ ਵਿਚ ਸ਼ਿਕਾਇਤ ਕਰੋਗੇ।"

ਗੁਰਸ਼ਰਨ ਭਾਅ ਜੀ ਦੇ ਰੰਗਮੰਚ ਦੇ ਵਾਰਿਸਾ ਦੀ ਗਿਣਤੀ ਬੇਸ਼ੁਮਾਰ ਹੈ।ਪਰ ਗੁਰਸ਼ਰਨ ਸਿੰਘ ਦੀਆਂ ਦੋਵੇਂ ਦੀਆਂ ਨਵਸ਼ਰਨ ਤੇ ਅਰੀਤ ਤੋਂ ਬਾਅਦ ਸਿਰਫ਼ ਇਕ ਰੰਗਕਰਮੀ ਹੈ ਜਿਸੇ ਨੇ ਭਾਅ ਜੀ ਦੀ ਰੰਗਮੰਚੀ ਵਿਰਾਸਤ ਦੀ ਦੇਖ-ਭਾਲ ਦੇ ਨਾਲ ਨਾਲ ਸਿਹਤ ਦੀ ਸੰਭਾਲੀ। ਇੱਥੇ ਮੈਂ ਇਕ ਘਟਨਾਂ ਦਾ ਜ਼ਿਕਰ ਕਰਨਾ ਲਾਜ਼ਮੀ ਸਮਝਦਾ ਹਾਂ। ਪੰਜਾਬ ਕਲਾ ਭਵਨ 'ਚ ਵਿਸਾਖੀ ਮੌਕੇ ਉਸ ਸਮੇਂ ਦੇ ਅਹੁੱਦੇਦਾਰਾਂ ਵੱਲੋਂ ਗੁਰਸ਼ਰਨ ਭਾਅ ਜੀ ਦਾ ਸਨਮਾਨ ਵੀ ਕੀਤਾ ਗਿਆ। ਗੁਰਸ਼ਰਨ ਭਾਅ ਜੀ ਆਪਣੀ ਪਤਨੀ, ਧੀਆਂ ਅਤੇ ਆਪਣੇ ਇਕ ਰੰਗਕਰਮੀ ਪੁੱਤਰ ਸਮੇਤ ਵੀਲ-ਚੇਅਰ 'ਤੇ ਆਏ। ਭਾਅ ਜੀ ਦੇ ਅਨੇਕਾਂ ਰੰਗਕਰਮੀ ਧੀਆਂ ਪੁੱਤਰ ਵੀ ਹਾਜ਼ਿਰ ਸਨ। ਗੁਰਸ਼ਰਨ ਭਾਅ ਜੀ ਜਦ ਆਏ ਤਾਂ ਢੋਲ ਦੇ ਢੱਗੇ ਨਾਲ ਭਾਅ ਜੀ ਦਾ ਸਵਾਗਤ ਹੋਇਆ। ਮੀਡੀਆ ਕਰਮੀ ਵੀ ਇਸ ਯਾਦਗਾਰੀ ਪਲ ਨੂੰ ਆਪਣੇ ਕੈਮਰਿਆਂ 'ਚ ਕੈਦ ਕਰ ਰਹੇ ਸਨ। ਬੇਸ਼ੁਮਾਰ ਫਲੈਸ਼ਾਂ, ਸ਼ਾਮ ਨੂੰ ਦਿਨ 'ਚ ਬਦਲ ਰਹੇ ਸਨ। ਭਾਅ ਜੀ ਦੀ ਸੋਚ ਤੇ ਸਕੰਲਪ ਨੂੰ ਅਗਾਂਹ ਤੋਰਨ ਵਾਲੇ ਸੈਂਕੜੇ ਨਾਟਕਰਮੀ ਅਤੇ ਦਰਸ਼ਕ ਇਕ ਦੂਜੇ ਤੋਂ ਅੱਗੇ ਹੋ ਕੇ ਭਾਅ ਜੀ ਦਾ ਸਵਾਗਤ ਕਰ ਰਹੇ ਸੀ। ਕੋਈ ਭਾਅ ਜੀ ਦੇ ਪੈਂਰੀ ਹੱਥ ਲਾਅ ਕੇ ਅਸ਼ਰੀਵਾਦ ਲੈ ਰਿਹਾ ਸੀ, ਕੋਈ ਗਲਵਕੜੀ ਪਾ ਕੇ ਭਾਅ ਜੀ ਨਾਲ ਨੇੜਤਾ ਜ਼ਾਹਿਰ ਕਰ ਰਿਹਾ ਸੀ।ਫੁੱਲਾਂ ਨਾਲ ਲੱਦੇ ਭਾਅ ਜੀ ਨੂੰ ਵੀਲ ਚੇਅਰ ਸਮੇਤ ਹੀ ਚੁੱਕ ਕੇ ਤਾੜੀਆਂ ਦੀ ਗੜਗੜਾਹਟ 'ਚ ਮੰਚ 'ਤੇ ਲਿਆਦਾ ਗਿਆ। ਲੋਈਆਂ, ਸਨਮਾਨ ਚਿੰਨ ਹੋਰ ਪਤਾ ਨ੍ਹੀਂ ਕੀ ਕੁੱਸ਼। ਭਾਅ ਜੀ ਨਾਲ ਤਸਵੀਰਾਂ ਖਿਚਵਾਉਂਣ ਵਾਲਿਆਂ ਦੀ ਹੋੜ ਲੱਗੀ ਹੋਈ ਸੀ।ਬੁਲਾਰੇ ਭਾਅ ਜੀ ਦਾ ਰੰਗਮੰਚ ਦੇ ਜ਼ਰੀਏ ਸਾਧਣ-ਹੀਣ, ਪੀੜਤ, ਸੌਸ਼ਿਤ ਅਤੇ ਦੱਬੇ ਕੁੱਚਲੇ ਤਬਕੇ ਹੱਕ 'ਚ ਦਲੇਰੀ ਤੇ ਬੇਬਾਕੀ ਨਾਲ ਹਾਅ ਦਾ ਨਾਹਰਾ ਮਾਰਨ ਦਾ ਜਿਕਰ ਕਰ ਰਹੇ ਸਨ।

ਸਨਮਾਨ ਸਮਾਗਮ ਦੀ ਸਮਾਪਤੀ ਤੋਂ ਬਾਅਦ ਵਿਸਾਖੀ ਦੇ ਜਸ਼ਨ ਆਰੰਭ ਹੋਏ।ਜਸ਼ਨ ਘੱਟ ਖੜਦੂੰਮ ਵੱਧ।ਕੰਨ੍ਹ ਪਾੜਵੇਂ ਡੀ. ਜੇ. ਦਾ ਸ਼ੌਰ, ਗਾਇਕੀ ਤੇ ਗੀਤਕਾਰੀ ਚੱਕਵੀਂ। ਹਰ ਕੋਈ ਦੂਜੇ 'ਤੇ ਛਾਅ ਜਾਣ ਤੇ ਇਕ ਦੂਜੇ ਨੂੰ ਖਾਅ ਜਾਣ ਲਈ ਕਾਹਲਾ। ਚਾਹੇ ਕੋਈ ਗਾਇਕ ਹੋਵੇ, ਢੋਲ ਆਲਾ ਹੋਵੇ, ਚਿਮਟੇ ਆਲਾ ਹੋਵੇ, ਹਰਮੋਨੀਅਮ ਆਲਾ ਹੋਵੇ, ਤਬਲੇ ਆਲਾ ਹੋਵੇ। ਸਾਰੰਗੀ ਵੀ ਵਿਚਾਰੀ ਸਾਹੋ-ਸਾਹਾ ਹੋਈ ਪਈ ਸੀ। ਜਵਾਨਾਂ ਤੇ ਅੱਧਖੜਾਂ ਨੂੰ ਘਬਰਾਹਟ ਹੋਣ ਲੱਗੀ, ਕਈ ਤਾਂ ਉੱਠ ਕੇ ਜਾਣ ਲੱਗੇ। ਗੁਰਸ਼ਰਨ ਭਾਅ ਜੀ ਕੁੱਝ ਦੇਰ ਤਾਂ ਬੈਠੇ ਰਹੇ ਪਰ ਅੱਸੀਆਂ ਨੂੰ ਢੁੱਕਿਆਂ ਬਿਮਾਰ ਇਨਸਾਨ ਇਸ ਕੰਨ ਪਾੜਵੇਂ ਮਾਹੌਲ ਕਿਨ੍ਹਾਂ ਬਰਦਾਸ਼ਤ ਕਰ ਸਕਦਾ ਸੀ। ਭਾਅ ਜੀ ਨੇ ਪ੍ਰਬੰਧਕਾਂ ਤੋਂ ਵਿਦਾ ਲਈ। ਜਦ ਭਾਅ ਜੀ ਜਾਅ ਰਹੇ ਸਨ। ਤਾਂ ਓਨ੍ਹਾਂ ਉਨ੍ਹਾਂ ਦੀ ਪਤਨੀ, ਧੀਆਂ ਹੀ ਸਨ। ਵੀਲ ਚੇਅਰ ਰੇੜ ਰਿਹਾ ਸੀ, ਭਾਅ ਜੀ ਦੇ ਰੰਗਕਰਮ ਤੇ ਉਨ੍ਹਾਂ ਦੇ ਨਾਟ-ਮੰਡਲੀ ਨੂੰ ਤੋਰਨ ਆਲਾ ਇੱਕਤਰ ਸਿੰਘ।

ਰਾਤਾਂ ਚਾਹੇ ਕਿੰਨ੍ਹੀਆਂ ਵੀ ਕਾਲੀਆਂ ਹੋਣ, ਮਾਹੌਲ਼ ਭਾਵੇਂ ਕਿੰਨ੍ਹਾਂ ਵੀ ਸਾਹ-ਘੁੱਟਵਾਂ ਹੋਵੇ, ਦਾਨਵ ਭਾਵੇਂ ਕਿੰਨ੍ਹਾਂ ਦਾ ਦਨਦਨਾਉਂਣ ਪਰ ਜਦ ਮਾਨਵ ਰੋਹ 'ਚ ਗਿਆ। ਗੁਰੂਆਂ, ਪੀਰਾਂ-ਪੈਂਗਬਰਾਂ ਦੇ ਮੁਰੀਦਾ, ਦੇਸ ਭਗਤਾਂ, ਸੂਰਬੀਰਾਂ, ਯੋਧਿਆਂ ਦੀਆਂ ਕੁਰਬਾਨੀਆਂ ਦੇ ਵਾਰਿਸਾ ਨੇ ਉਪਰਲੀ-ਥੱਲੇ ਕਰ ਦੇਣੀ ਆ।

ਭਗਤ ਸਿੰਘ, ਊਧਮ ਸਿੰਘ, ਕਰਤਾਰ ਸਿੰਘ ਸਰਾਭੇ, ਚੰਦਰ ਸ਼ੇਖਰ ਅਜ਼ਾਦ, ਸੁਭਾਸ਼ ਚੰਦਰ ਬੋਸ ਦੇ ਵਾਰਿਸਾਂ ਦੀ ਕਤਾਰ ਕਦੇ ਵੀ ਘੱਟਣ ਨ੍ਹੀ ਲੱਗੀ।

ਗੁਰਸ਼ਰਨ ਭਗਤ ਸਿੰਘ ਕੀ ਲੱਗਦੈ ਇਹ ਤਾਂ ਦੱਸਣ ਦੀ ਬਾਲ੍ਹੀ ਲੋੜ ਨ੍ਹੀਂ।ਪਰ ਇਸ ਸੋਚਣ ਦੀ ਲੋੜ ਜ਼ਰੂਰ ਐ, "ਅਸੀਂ ਭਗਤ ਸਿੰਘ ਦੇ ਕੀ ਲੱਗਦੈ"। ਅਸੀਂ ਭਗਤ ਸਿੰਘ ਦੇ ਕੁੱਸ਼ ਲੱਗਦੈ ਵੀ ਆਂ ਕਿ ਨਹੀਂ।ਜਦ ਅਸੀਂ ਭਗਤ ਸਿੰਘ ਦੇ ਕੁੱਸ਼ ਲੱਗਣ ਦੀ ਠਾਣ ਲਈ, ਧਾਰ ਲਿਆ ਭਗਤ ਸਿੰਘ ਬਨਣਾ ਵੀ ਆ ਤੇ ਭਗਤ ਸਿੰਘ ਜੰਮਣੇ ਵੀ ਨੇ। ਉਹ ਵੀ ਆਪਣੇ ਘਰ। ਫੇਰ ਸੁਲਝੂ ਤਾਣੀ, ਉਲਝੀ ਹੋਈ। ਫੇਰ ਪੁੱਠੀ ਹੋਊ ਸਿੱਧੀ। ਫੇਰ ਹਾਕਿਮ ਜਰਕਣਗੇ ਵੀ ਤੇ ਤ੍ਰਬਕਣਗੇ ਵੀ।

# ਗ਼ਦਰੀ ਬਾਬਿਆਂ ਦੇ ਮੇਲੇ ਨੂੰ ਸਫ਼ਲ ਕਰਨ ਲਈ ਲੋਕ ਅੱਗੇ ਆਉਣ: ਦੇਸ਼ ਭਗਤ ਕਮੇਟੀ ਦਾ ਸੱਦਾ

## • ਕੈਲਗਰੀ (ਕੈਨੇਡਾ) ਤੋਂ ਆਏ ਮਾਸਟਰ ਭਜਨ ਸਿੰਘ ਅਤੇ ਸਾਥੀਆਂ ਦਾ ਸਨਮਾਨ

## • ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਵੱਲੋਂ ਹਜ਼ਾਰ ਡਾਲਰ ਮੇਲੇ ਲਈ ਭੇਂਟ





ਜਲੰਧਰ (ਅਮੋਲਕ ਸਿੰਘ) : 7 ਨਵੰਬਰ ਤੋਂ ਜੋਸ਼-ਖਰੋਸ਼ ਨਾਲ ਸ਼ੁਰੂ ਹੋ ਰਹੇ ਤਿੰਨ ਰੋਜ਼ਾ ਗ਼ਦਰੀ ਬਾਬਿਆਂ ਦੇ ਮੇਲੇ ਦੀਆਂ ਤਿਆਰੀਆਂ ਨੂੰ ਪੱਕੇ ਪੈਰੀਂ ਕਰਨ ਲਈ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਨੇ ਮੀਟਿੰਗ ਕਰਕੇ ਠੋਸ ਵਿਉਂਤਬੰਧੀ ਕੀਤੀ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਮੇਲੇ ਦੇ ਮੁੱਖ ਬੁਲਾਰੇ ਵਿਸ਼ਵ ਪ੍ਰਸਿੱਧ ਵਿਦਵਾਨ ਅਰੁੰਧਤੀ ਰਾਏ, ਨਿਊਜ਼ ਕਲਿੱਕ ਦੇ ਮੋਢੀ ਸੰਪਾਦਕ ਪ੍ਰਬੀਰ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਬੁੱਧੀਜੀਵੀ ਅਪੂਰਵਾਨੰਦ ਅਤੇ ਨਾਮਵਰ ਫ਼ਿਲਮਸਾਜ਼ ਸੰਜੇ ਕਾਕ ਦਾ ਮੇਲੇ 'ਚ ਆਉਣਾ ਪੱਕਾ ਹੋ ਗਿਆ ਹੈ।

7 ਨਵੰਬਰ 2 ਵਜੇ ਚਿੱਤਰਕਲਾ ਉਦਘਾਟਨ ਅਤੇ 4 ਵਜੇ ਪੁਸਤਕ ਸਭਿਆਚਾਰ ਬਾਰੇ ਚਰਚਾ ਨੂੰ ਅੱਜ ਅੰਤਿਮ ਛੋਹਾਂ ਦਿੱਤੀਆਂ। ਇਸ ਮੌਕੇ ਵਿਛੜੇ ਨਾਮਵਰ ਕਵੀ ਸੁਰਜੀਤ ਪਾਤਰ, ਗਾਇਕ ਕੁਲਦੀਪ ਜਲੂਰ, ਹਰਬੰਸ ਹੀਓਂ ਨੂੰ ਸਿਜਦਾ ਕੀਤਾ ਜਾਏਗਾ।

8 ਨਵੰਬਰ ਹੋ ਰਹੇ ਕੁਇਜ਼, ਪੇਂਟਿੰਗ, ਭਾਸ਼ਣ, ਗਾਇਨ ਮੁਕਾਬਲਿਆਂ, ਚਿੱਤਰਕਲਾ, ਫੋਟੋ ਪ੍ਰਦਰਸ਼ਨੀ, ਕਵੀ ਦਰਬਾਰ, ਫ਼ਿਲਮ ਸ਼ੋਅ ਦੀਆਂ ਤਿਆਰੀਆਂ, ਲੰਗਰ, ਵਲੰਟੀਅਰ, ਮੇਲੇ 'ਚ ਲੋੜੀਂਦੇ ਪ੍ਰਬੰਧਾਂ 'ਤੇ ਝਾਤ ਮਾਰੀ ਗਈ।

ਸਭਿਆਚਾਰਕ ਵਿੰਗ ਦੇ ਕਨਵੀਨਰ ਨੇ ਮੀਟਿੰਗ 'ਚ ਦੱਸਿਆ ਕਿ ਚਕਰੇਸ਼ ਚੰਡੀਗੜ੍ਹ, ਕੇਵਲ ਧਾਲੀਵਾਲ, ਅਨੀਤਾ ਸ਼ਬਦੀਸ਼, ਬਲਰਾਜ ਸਾਗਰ, ਜਸਵਿੰਦਰ ਪੱਪੀ ਦੀ ਨਿਰਦੇਸ਼ਨਾ 'ਚ ਚੰਡੀਗੜ੍ਹ, ਅੰਮ੍ਰਿਤਸਰ, ਮੁਹਾਲੀ, ਬਠਿੰਡਾ ਅਤੇ ਅੱਟੀ (ਗੋਰਾਇਆ) ਵਿਖੇ ਨਾਟਕਾਂ ਦੀ ਤਿਆਰੀ ਲਈ ਵਰਕਸ਼ਾਪਾਂ ਚੱਲ ਰਹੀਆਂ ਹਨ। ਇਸ ਤੋਂ ਇਲਾਵਾ ਅਵਤਾਰ ਚੜਿਕ ਦੀ ਅਗਵਾਈ 'ਚ 'ਮੇਲੇ ਤੇ ਭੰਡ' ਕਲਾ ਦਾ ਮੁਜਾਹਰਾ ਕਰਨ ਲਈ ਤਿਆਰੀਆਂ ਵਿੱਚ ਜੁੱਟ ਗਏ ਹਨ।

ਦੀਵਾਲੀ ਉਪਰੰਤ ਝੰਡੇ ਦੇ ਗੀਤ ਦੀ ਵਰਕਸ਼ਾਪ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਦੇ ਅੰਦਰ/ਬਾਹਰ ਲੱਗੇਗੀ। ਉਸ ਲਈ ਸੈਂਕੜੇ ਕਲਾਕਾਰਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ।

ਮੀਟਿੰਗ 'ਚ ਦੱਸਿਆ ਗਿਆ ਕਿ ਪੰਜਾਬ ਦੀਆਂ ਸਮੂਹ ਲੋਕ-ਪੱਖੀ ਜੱਥੇਬੰਦੀਆਂ ਨੂੰ ਕਾਫ਼ਲੇ ਬੰਨ੍ਹਕੇ ਮੇਲੇ 'ਚ ਸ਼ਾਮਲ ਹੋਣ, ਲੰਗਰ ਅਤੇ ਆਰਥਕ ਮੱਦਦ ਲਈ ਜਨਤਕ ਅਪੀਲ ਕੀਤੀ ਗਈ ਹੈ।

ਗ਼ਦਬੀ ਬਾਬਿਆਂ ਦਾ ਮੇਲਾ ਇਸ ਵਾਰ ਪਹਿਲਾਂ ਨਾਲੋਂ ਵੀ ਵਿਲੱਖਣ ਰੰਗ ਵਿੱਚ ਰੰਗੇ ਜਾਣ ਦੀਆਂ ਉਤਸ਼ਾਹਜਨਕ ਝਲਕਾਂ ਸਾਹਮਣੇ ਆ ਰਹੀਆਂ ਹਨ। 7, 8 ਅਤੇ 9 ਨਵੰਬਰ ਨੂੰ ਹੋ ਰਹੇ ਤਿੰਨ ਰੋਜ਼ਾ ਮੇਲੇ ਦੀ ਦਸਤਕ ਹੁੰਦਿਆਂ ਹੀ ਹਰ ਰੋਜ਼ ਪ੍ਰਦੇਸ਼ ਤੋਂ ਪਰਿਵਾਰਾਂ ਦੇ ਪਰਿਵਾਰ ਦੇਸ਼ ਭਗਤ ਯਾਦਗਾਰ ਹਾਲ ਆਉਣੇ ਸ਼ੁਰੂ ਹੋ ਗਏ ਹਨ।

ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਦੇ ਬੋਰਡ ਆਫ਼ ਟਰੱਸਟ ਦੀ ਮੀਟਿੰਗ ਉਪਰੰਤ ਕੈਲਗਰੀ (ਕਨੇਡਾ) ਤੋਂ ਆਏ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਮੁਖੀਏ ਮਾਸਟਰ ਭਜਨ, ਉਹਨਾਂ ਦੀ ਜੀਵਨ ਸਾਥਣ ਸੁਰਿੰਦਰ ਕੌਰ ਅਤੇ ਉਹਨਾਂ ਨਾਲ ਗ਼ਦਰੀ ਬਾਬਾ ਭਾਨ ਸਿੰਘ ਸੁਨੇਤ ਯਾਦਗਾਰ ਕਮੇਟੀ ਸੁਨੇਤ (ਲੁਧਿਆਣਾ) ਦੇ ਜਸਵੰਤ ਜੀਰਖ, ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਅਤੇ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ, ਅਧਿਆਪਕ ਲਹਿਰ, ਸਾਹਿਤਕ ਸਰਗਰਮੀਆਂ ਅਤੇ ਜਗਰਾਓ ਲਾਇਬ੍ਰੇਰੀ ਦੇ ਕਾਮੇ ਮਾਸਟਰ ਜੋਗਿੰਦਰ ਆਜ਼ਾਦ ਦਾ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਕਿਤਾਬਾਂ ਦੇ ਸੈੱਟ ਭੇਂਟ ਕਰਕੇ ਨਿੱਘਾ ਸਨਮਾਨ ਕੀਤਾ ਗਿਆ।


ਇਸ ਮੌਕੇ ਸੰਬੋਧਨ ਕਰਦੇ ਹੋਏ ਮਾਸਟਰ ਭਜਨ ਨੇ ਕਨੇਡਾ ਵਿੱਚ ਪੁਸਤਕ ਸਭਿਆਚਾਰ, ਰੰਗ ਮੰਚ, ਵਿਚਾਰ-ਚਰਚਾਵਾਂ ਦੀਆਂ ਸਰਗਰਮੀਆਂ, ਗ਼ਦਰੀ ਬਾਬਿਆਂ ਦੇ ਮੇਲੇ ਦੇ ਹਕੀਕੀ ਸਰੂਪ ਬਾਰੇ ਚਰਚਾ ਕੀਤੀ। ਉਹਨਾਂ ਨੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ (ਕਨੇਡਾ) ਦੀ ਤਰਫ਼ੋਂ ਇੱਕ ਹਜ਼ਾਰ ਡਾਲਰ ਗ਼ਦਰੀ ਬਾਬਿਆਂ ਦੇ ਮੇਲੇ ਲਈ ਮੱਦਦ ਦਾ ਐਲਾਨ ਕੀਤਾ।

ਸੁਰਿੰਦਰ ਕੌਰ ਕੈਲਗਰੀ, ਜਸਵੰਤ ਜੀਰਖ, ਹਰਕੇਸ਼ ਚੌਧਰੀ ਅਤੇ ਜੋਗਿੰਦਰ ਆਜ਼ਾਦ ਨੇ ਵੀ ਗ਼ਦਰੀ ਮੇਲੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੀਆਂ ਸਰਗਰਮੀਆਂ ਦੀ ਤਹਿ ਦਿਲੋਂ ਸ਼ਲਾਘਾ ਕਰਦੇ ਹੋਏ ਦੇਸ਼ ਭਗਤ ਯਾਦਗਾਰ ਹਾਲ ਲਈ ਆਪਣੀਆਂ ਸੇਵਾਵਾਂ ਅਰਪਿਤ ਕੀਤੀਆਂ।

ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਆਏ ਵਫ਼ਦ ਨੂੰ ਜੀ ਆਇਆਂ ਅਤੇ ਧੰਨਵਾਦ ਦੇ ਸ਼ਬਦ ਕਹਿੰਦਿਆਂ ਕਿਹਾ ਕਿ ਭਵਿੱਖ ਵਿੱਚ ਇਹ ਸਭਿਆਚਾਰਕ ਸਾਂਝ ਦਾ ਪੁੱਲ ਬਣਿਆ ਰਹੇ। ਅੱਜ ਦੋਵੇਂ ਮੀਟਿੰਗਾਂ ਵਿੱਚ ਜਗਜੀਤ ਸਿੰਘ ਸੋਹਲ, ਕਰਨਲ ਜਗਦੀਸ਼ ਬਰਾੜ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ ਗਈ।

# ਲੋਕ ਕਲਾ ਮੰਚ ਮੁੱਲਾਂਪੁਰ ਵੱਲੋਂ ਨਾਟਕ 'ਉਠ ਨੀ ਕੁੜੀਏ, ਉੱਠ ਨੀ ਚਿੜੀਏ ਚੀਖ ਚਿਹਾੜਾ ਪਾ' ਦੀ ਸ਼ਾਨਦਾਰ ਪੇਸ਼ਕਸ਼













'ਉੱਠ ਨੀ ਕੁੜੀਏ, ਉੱਠ ਨੀ ਚਿੜੀਏ ਚੀਖ ਚਿਹਾੜਾ ਪਾ' ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਮਹੀਨੇ ਅਖੀਰਲੇ ਸ਼ਨੀਵਾਰ ਵਾਲਾ ਸਮਾਗਮ ਗੁਰਸ਼ਰਨ ਕਲਾ ਭਵਨ ਵਿਖੇ ਪੇਸ਼ ਕੀਤਾ ਗਿਆ। ਇਸ ਸਮਾਗਮ ਦਾ ਰਸਮੀ ਉਦਘਾਟਨ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਜਨਰਲ ਸੈਕਟਰੀ ਮਾਸਟਰ ਭਜਨ ਸਿੰਘ ਅਤੇ ਸੁਰਿੰਦਰ ਕੌਰ ਗਿੱਲ, ਪ੍ਰੋਫੈਸਰ ਮਨਜੀਤ ਸਿੰਘ ਛਾਬੜਾ, ਉੱਘੇ ਲੇਖਕ ਅਮਰੀਕ ਤਲਵੰਡੀ, ਅੰਜੂ ਚੌਧਰੀ, ਜੋਗਿੰਦਰ ਅਜ਼ਾਦ, ਜਸਵੰਤ ਜੀਰਖ ਜੀ ਨੇ ਸਾਂਝੇ ਰੂਪ ਵਿੱਚ ਕੀਤਾ। ਮਾ. ਭਜਨ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਕਲਾ ਮੰਚ ਅਜਿਹੇ ਸਮਾਗਮ ਕਰਕੇ ਸਮਾਜ ਵਿੱਚ ਫੈਲੀ ਫਿਰਕੂ ਨਫ਼ਰਤ ਨੂੰ ਰੱਦ ਕਰਕੇ ਭਾਈਚਾਰਕ ਸਾਂਝ ਖੜ੍ਹੀ ਕਰਨ ਦਾ ਯਤਨ ਕਰ ਰਿਹਾ ਹੈ। ਅਖੀਰਲੇ ਸ਼ਨੀਵਾਰ ਦੀ ਸ਼ਾਮ ਦਾ ਨਾਟਕ ਹਰਕੇਸ਼ ਚੌਧਰੀ ਦਾ ਲਿਖਿਆ ਤੇ ਨਿਰਦੇਸਿਤ 'ਸ਼ਹਿਰ ਤੇਰੇ ਵਿੱਚ' ਖੇਡਿਆ ਗਿਆ। ਸਨਅਤੀ ਮਜ਼ਦੂਰਾਂ ਦੀ ਦੁਸ਼ਵਾਰੀਆਂ ਭਰੀ ਜ਼ਿੰਦਗੀ ਦਾ ਯਥਾਰਥਕ ਚਿੱਤਰ ਸੀ। ਉਹਨਾਂ ਦੀ ਜ਼ਿੰਦਗੀ ਦੇ ਚਾਅ ਮਜਬੂਰੀਆਂ ਦੀ ਭੇਂਟ ਚੜ੍ਹ ਜਾਂਦੇ ਹਨ। ਨਾਟਕ ਟੁੱਟ ਰਹੀ ਕਿਸਾਨੀ ਦੇ ਸਿਰਾਂ ਤੇ ਕਰਜ਼ਿਆਂ ਕਰਕੇ ਦਿਹਾੜੀਦਾਰ ਮਜਦੂਰ ਬਣਨ ਦੀ ਦਰਦ ਗਾਥਾ ਵੀ ਪੇਸ਼ ਕਰ ਗਿਆ। ਨਾਟਕ ਨੂੰ ਲੋਕਾਂ ਨੇ ਬਹੁਤ ਗੰਭੀਰਤਾ ਨਾਲ ਵੇਖਿਆ। ਇਸ ਮੌਕੇ ਕਮਲਜੀਤ ਮੋਹੀ ਦੀ ਬੇਟੀ ਆਂਚਲ ਦੁਆਰਾ ਨੈੱਟ ਅਤੇ ਜੇ ਆਰ ਐੱਫ ਦੀ ਪ੍ਰੀਖਿਆ ਪਾਸ ਕਰਨ ਤੇ ਉਸ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਬਾਬਾ ਭਾਨ ਸਿੰਘ ਸੁਨੇਤ ਯਾਦਗਾਰੀ ਟਰੱਸਟ ਦੇ ਪ੍ਰਧਾਨ ਕਰਨਲ ਜੇ.ਐਸ. ਬਰਾੜ ਦੇ ਸਦੀਵੀ ਵਿਛੋੜਾ ਦੇਣ ਤੇ ਦਰਸ਼ਕਾਂ ਨੇ ਇੱਕ ਮਿੰਟ ਲਈ ਮੌਨ ਧਾਰਨ ਕਰਕੇ ਕਰਨਲ ਬਰਾੜ ਨੂੰ ਸਰਧਾਂਜਲੀ ਭੇਂਟ ਕੀਤੀ। ਜਸਵੰਤ ਜੀਰਖ ਨੇ ਸੰਬੋਧਨ ਕਰਦਿਆਂ ਲੋਕ ਕਲਾ ਮੰਚ (ਰਜਿ:) ਮੁੱਲਾਂਪੁਰ ਦੇ ਕੰਮਾਂ ਦੀ ਸਰਾਹਨਾਂ ਕੀਤੀ। ਪ੍ਰੋ. ਮਨਜੀਤ ਸਿੰਘ ਛਾਬੜਾ ਨੇ ਕਿਹਾ ਕਿ ਨਾਟਕ ਮਜਦੂਰਾਂ ਦੀ ਪੀੜ ਦਾ ਚਿੱਤਰ ਬਾਖ਼ੂਬੀ ਪੇਸ਼ ਕਰ ਗਿਆ। ਇਸ ਲਈ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ। ਇਸ ਉਪਰੰਤ ਕੌਰੀਓਗ੍ਰਾਫੀ 'ਉੱਠ ਨੀ ਕੁੜੀਏ' ਪੇਸ਼ ਕੀਤੀ ਗਈ। ਔਰਤਾਂ ਨਾਲ ਹੋ ਰਹੇ ਧੱਕਿਆਂ ਖਿਲਾਫ਼ ਜਾਗਣ ਦਾ ਹੋਕਾ ਦਿੰਦੀ ਕੌਰੀਓਗ੍ਰਾਫੀ ਨੂੰ ਦਰਸ਼ਕਾਂ ਬਹੁਤ ਪਸੰਦ ਕੀਤਾ। ਇਸ ਮੌਕੇ ਤੇ ਅਮਰੀਕ ਤਲਵੰਡੀ ਜੀ ਨੇ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਮੈਂਬਰਾਂ ਦੀ ਤਾਰੀਫ਼ ਕਰਦਿਆਂ ਕਿਹਾ ਕਿ ਸਮਾਜ ਨੂੰ ਸੇਧ ਦੇਣ ਵਾਲੇ ਨਾਟਕ ਨਿਰਸਵਾਰਥ ਕਰਨੇ ਕੋਈ ਸੋਖਾ ਕਾਰਜ ਨਹੀਂ ਹੈ। ਇਹਨਾਂ ਦੀ ਮਿਹਨਤ ਨੂੰ ਸਲਾਮ ਹੈ। ਇਸ ਮੌਕੇ ਤੇ ਮਾ. ਗੁਰਜੀਤ ਸਿੰਘ, ਵਿਜੇ ਮੋਗਾ, ਜਗਤਾਰ ਹਿੱਸੋਵਾਲ, ਐਕਸੀਅਨ ਪਰਦੀਪ ਲੋਟੇ, ਲੈਕ.ਦਲਜੀਤ ਸਿੰਘ, ਲੈਕ. ਪਰਗਟ ਸਿੰਘ, ਮਾ. ਗੁਰਮੀਤ ਸਿੰਘ, ਮਾ. ਪਵਨ ਭੱਠਲ, ਸੁਖਦੀਪ ਸਿੰਘ ਆਦਿ ਮੌਜੂਦ ਸਨ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੇ ਪ੍ਰਧਾਨ ਹਰਕੇਸ਼ ਚੌਧਰੀ ਜੀ ਨੇ ਆਏ ਹੋਏ ਸਾਰੇ ਦਰਸ਼ਕਾਂ ਦਾ ਧੰਨਵਾਦ ਕੀਤਾ। ਸਮਾਗਮ ਹਰ ਪੱਖੋਂ ਸਫ਼ਲ ਰਿਹਾ।


Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!

Apinder Aujla
BSc.Pharm

Satvachan Lal
B.Sc.Pharm
#1150, 4818 Westwindus Drive NE. Calgary
403-293-9360

# ਬਰੈਂਪਟਨ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਪੱਕੇ ਧਰਨੇ ਨੂੰ ਹੋਏ ਦੋ ਮਹੀਨੇ ਪੂਰੇ















ਕਨੇਡਾ ਦੀਆਂ ਬਦਲੀਆਂ ਇੰਮੀਗ੍ਰੇਸ਼ਨ ਨੀਤੀਆਂ ਖਿਲਾਫ ਬਰੈਂਪਟਨ ਵਿੱਚ ਕੌਮਾਂਤਰੀ ਪਾੜ੍ਹਿਆਂ ਤੇ ਕਾਮਿਆਂ ਦਾ ਦਿਨ ਰਾਤ ਦਾ ਧਰਨਾ ਦੂਜੇ ਮਹੀਨੇ ਚ ਦਾਖਲ ਹੋਗਿਆ ਹੈ, ਦੋ ਮਹੀਨਿਆਂ ਤੋ ਧਰਨੇ ਤੇ ਬੈਠੇ ਵਿਦਿਆਰਥੀਆਂ ਦਾ ਕਹਿਣਾ ਹੈ ਕੇ ਸਰਕਾਰ ਵੋਟਾਂ ਲੈਣ ਦੇ ਚੱਕਰ ਵਿੱਚ ਸਾਡੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰ ਰਹੀ ਹੈ।

ਕੈਨੇਡਾ ਦੀ ਟਰੂਡੋ (ਲਿਬਰਲ) ਸਰਕਾਰ ਵਲੋਂ ਕੁਝ ਮਹੀਨਿਆ ਤੋ ਲਗਾਤਾਰ ਇੰਮੀਗ੍ਰੇਸ਼ਨ ਨੀਤੀਆ ’ਚ ਹੋਏ ਵੱਡੇ ਬਦਲਾਅ ਨਾਲ ਕਨੇਡਾ ’ਚ ਪੜ੍ਹਨ ਤੇ ਵਸਣ ਦੇ ਸੁਪਨੇ ਲੈ ਕੇ ਆਏ ਕੌਮਾਂਤਰੀ ਪੱਧਰ ਦੇ ਲੱਖਾਂ ਨੌਜਵਾਨਾਂ ਦਾ ਭਵਿੱਖ ਦਾਅ ’ਤੇ ਲੱਗ ਗਿਆ ਹੈ। ਨਿਰਾਸ਼ਾ ਚ ਘਿਰੇ ਨੌਜਵਾਨ, ਜਿਹਨਾਂ ਵਿੱਚ ਵੱਡੀ ਗਿਣਤੀ ਭਾਰਤੀ ਤੇ ਉਹਨਾਂ ਚ ਪੰਜਾਬੀ ਸ਼ਾਮਲ ਹਨ, ਉਹ ਛੇ ਮਹੀਨਿਆਂ ਤੋਂ ਕਨੇਡਾ ਦੇ ਵੱਖ ਵੱਖ ਸੂਬਿਆਂ ਵਿੱਚ ਇਸ ਮਾਮਲੇ ਨੂੰ ਲੈ ਕੇ ਰੈਲੀਆਂ, ਧਰਨੇ, ਪ੍ਰਦਰਸ਼ਨਾਂ ਦੇ ਰੂਪ ਚ ਰੋਸ ਵਿਖਾਵੇ ਕਰ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਸਾਲ ਦੇ ਅੰਤ ਤੱਕ ਇਕ ਲੱਖ ਤੀਹ ਹਜ਼ਾਰ ਅਤੇ ਅਗਲੇ ਸਾਲ ਕੁੱਲ ਦਸ ਲੱਖ ਕਾਮਿਆਂ ਦਾ ਵਰਕ ਪਰਮਿਟ ਮੁੱਕ ਰਿਹਾ ਹੈ। ਕਿਉਂਕਿ ਅੰਤਰ ਰਾਸ਼ਟਰੀ ਵਿਦਿਆਰਥੀਆਂ ਦਾ ਕੋਟਾ ਤਾ ਹਰ ਸਾਲ ਵਧਾਇਆ ਜਾ ਰਿਹਾ ਹੈ ਪਰ ਪੀਆਰ ਦਾ ਕੋਟ ਨਹੀਂ ਤੇ ਦੂਜਾ ਕੋਵਿਡ ਬਾਅਦ ਪੀ ਆਰ ਦੇ ਡਰਾਅ ਨਹੀਂ ਨਿੱਕਲ ਰਹੇ। ਇਸ ਕਰਕੇ ਬਹੁਤ ਸਾਰੇ ਵਿਦਿਆਰਥੀਆਂ ਦੀਆਂ ਫਾਈਲਾਂ ਲੱਗੀਆਂ ਹੋਈਆਂ ਹਨ ਪਰ ਬੈਕਲੋਗ ਕਰਕੇ ਕੋਈ ਫੈਸਲਾ ਨਹੀਂ ਆ ਰਿਹਾ ਤੇ ਉੱਧਰ ਇੰਨਾਂ ਦਾ ਵੀਜ਼ਾ ਮੁੱਕ ਰਿਹਾ ਹੈ, ਦੂਜੀ ਕੈਟਾਗਰੀ ਉਹ ਹੈ ਜਿਨਾ ਦੀ ਪੜ੍ਹਾਈ ਤੇ ਵੱਖ ਵੱਖ ਖੇਤਰਾਂ ਦਾ ਕੰਮ ਦਾ ਤਜਰਬਾ ਤਾ ਪੂਰਾ ਹੋ ਚੁੱਕਿਆ ਹੈ ਪਰ ਉੱਨਾਂ ਦੀਆਂ ਫਾਈਲਾਂ ਦੇ ਡਰਾਅ ਨਹੀਂ ਕੱਢੇ ਜਾ ਰਹੇ।

ਕੁਝ ਲੋਕਾਂ ਦਾ ਸਵਾਲ ਹੈ ਕੇ ਇਹ ਲੱਖਾਂ ਬੰਦਿਆਂ ਦਾ ਮਸਲਾ ਹੈ ਪਰ ਫਿਰ ਬਰੈਂਪਟਨ ਵਿੱਚ ਲੜ ਰਹੇ ਵਿਦਿਆਰਥੀਆਂ ਦੀ ਗਿਣਤੀ ਲਗਭਗ 50 ਦੇ ਕਰੀਬ ਕਿਓਂ ਹੈ ਬਾਕੀ ਵਿਦਿਆਰਥੀ ਕਿੱਥੇ ਨੇ ਇਸ ਜਾਂ ਜਵਾਬ ਇਹ ਹੈ, ਪਿਛਲੇ ਦਿਨੀ ਮੰਤਰੀ ਮਾਰਕ ਮਿਲਰ ਹੁਣਾ ਨੇ ਬਿਆਨ ਦਿੱਤਾ ਕਿ 14000 ਤੋ ਉੱਪਰ ਅੰਤਰਰਾਸ਼ਟਰੀ ਵਿਦਿਆਰਥੀਆਂ ਨੇ ਰਫ਼ ?ਊਜੀ ਕੇਸ ਫ਼ਾਈਲ ਕੀਤਾ ਹੈ, ਦੂਜਾ ਜਿਹੜੀਆਂ 60–70 ਹਜ਼ਾਰ LMIA ਪੈਦਾ ਕੀਤੀਆਂ ਗਰੀਸਾਂ ਸਰਕਾਰ ਵੱਲੋਂ ਵੱਡੇ ਛੋਟੇ ਬਿਜਨਸਮੈਨਾ ਨੂੰ ਲਾਭ ਪਹੁੰਚਾਣ ਲਈ ਉਹ ਵੀ ਹਜ਼ਾਰਾਂ ਵਿਦਿਆਰਥੀਆਂ ਨੇ ਮਜਬੂਰੀ ਵਿੱਚ ਖਰੀਦੀਆਂ ਜਿਸਦਾ ਰੇਟ 30 ਤੋ 40 ਹਜ਼ਾਰ ਸੀ, ਤੀਜਾ ਕਾਰਨ ਇਹ ਸਾਰੇ ਵਿਦਿਆਰਥੀ ਬਰੈਂਪਟਨ ਵਿੱਚ ਨਹੀਂ ਰਹਿ ਰਹੇ ਸਾਰੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਰਹਿੰਦੇ ਹਨ ਚੌਥਾ ਕੁਝ ਨੇ ਦੁਬਾਰਾ ਸਟੱਡੀ ਲਈ ਅਪਲਾਈ ਕਰ ਦਿੱਤਾ ਹੈ, ਬਹੁਤ ਸਾਰੇ ਇਮੀਗਰੇਸ਼ਨ ਕੰਸਲਟੈਂਟਾਂ ਨੇ ਸੈਕੜੇ ਦੇ ਕਰੀਬ ਵਿਦਿਆਰਥੀਆਂ ਨੂੰ ਪ੍ਰਾਈਵੇਟ ਕਾਲਜਾਂ ਵਿੱਚ ਦਾਖਲਾ ਦਵਾਇਆ ਹੈ ਇਹ ਗੱਲ ਸਾਨੂੰ ਪਿਛਲੇ ਦਿਨਾਂ ਵਿੱਚ ਪਤਾ ਲੱਗੀ ਕਿ ਉਨ੍ਹਾਂ ਸਾਰਿਆਂ ਨੇ ਵੀ ਮਜਬੂਰੀ ਵਿੱਚ ਦੁਬਾਰਾ ਸਟੱਡੀ ਲਈ ਕਿਉਂਕਿ ਉਨ੍ਹਾਂ ਨੇ ਆਪਣਾ ਸਟੇਟਸ ਲੀਗਲ ਰੱਖਣਾ ਹੈ। ਇਸ ਤੋਂ ਇਲਾਵਾ ਸਰਕਾਰ ਨੇ ਫਰੈਂਚ ਸਿੱਖਣ ਵਾਲੀਆਂ ਨੂੰ ਦੋ ਸਾਲ ਦਾ ਵੀਜ਼ਾ ਵਧਾਓਣ ਦੀ ਸਕੀਮ ਵੀ ਜਾਰੀ ਕੀਤੀ ਸੀ। ਸੋ ਜਿੰਨਾਂ ਨੇ ਇਹ ਆਪਸ਼ਨ ਅਪਣਾ ਲਏ ਉਹ ਸੜਕਾਂ ਤੇ ਨਹੀ ਆਓਣਗੇ ਸਗੋਂ ਦਿਨ ਰਾਤ ਕੰਮ ਕਰਕੇ ਆਪਣੇ ਪੈਸੇ ਪੂਰੇ ਕਰਨਗੇ।

ਜ਼ਿਆਦਾਤਰ ਇਮੀਗਰੇਸ਼ਨ ਕੰਸਲਟੈਂਟ ਤੇ ਵਕੀਲ ਇੰਨਾਂ ਵਿਦਿਆਰਥੀਆਂ ਨੂੰ ਇਹੀ ਦੋ ਤਿੰਨ ਆਪਸ਼ਨ ਦੇ ਰਹੇ ਨੇ ਕੈਨੇਡਾ ਵਿੱਚ ਰਹਿਣ ਲਈ ਅਤੇ ਜਿੰਨਾਂ ਨੂੰ ਜੋ ਵੀ ਆਪਸ਼ਨ ਸਹੀ ਲੱਗ ਰਿਹਾ ਹੈ ਉਹ ਉੱਧਰ ਨੂੰ ਜਾ ਰਹੇ ਨੇ ਕਿਉਂਕਿ ਤੇ ਇਹ ਵਿਦਿਆਰਥੀ ਕਨੇਡਾ ਵਿੱਚ ਚੰਗੀ ਜ਼ਿੰਦਗੀ ਲਈ ਆਏ ਨੇ ਸਿਸਟਮ ਨਾਲ ਲੜਨ ਨਹੀਂ ਲੜਨਾ ਕੁਝ ਕੁ ਦੀ ਮਜਬੂਰੀ ਹੈ ਕੁਝ ਹਿੱਸਾ ਹੈ ਜੋ ਸਰਕਾਰ ਦੀਆਂ ਇੰਨਾਂ ਗਲਤ ਨੀਤੀਆਂ ਪ੍ਰਤੀ ਚੇਤੰਨ ਹੈ ਤੇ ਉਹੀ ਵਿਦਿਆਰਥੀ ਇਸ ਲੜਾਈ ਨੂੰ ਜਥੇਬੰਦ ਹੋ ਕੇ ਲੜ ਰਹੇ ਨੇ। ਇਹ ਮਸਲਾ ਅਗਲੇ ਹੋਰ ਵੀ ਵੱਡਾ ਹੋਣ ਦੀ ਪੂਰੀ ਸੰਭਾਵਨਾ ਹੈ ਕਿਉਂਕਿ ਇਹ ਅੰਕੜਾ ਅਗਲੇ ਸਾਲ ਇੱਕ ਮੀਲੀਅਨ ਨੂੰ ਪੁੱਜ ਜਾਵੇਗਾ, ਜਿਸ ਵਿੱਚ 2.50 ਲੱਖ ਵਿਦਿਆਰਥੀ ਹੋਣਗੇ ਤੇ ਬਾਕੀ ਹੋਰ ਤਰਾ ਦੇ ਵੀਜ਼ਿਆਂ ਤੇ ਜੋ ਇਸ ਸਮੇਂ ਕਨੇਡਾ ਵਿੱਚ ਨੇ ਉਨ੍ਹਾਂ ਦਾ ਵਰਕ ਪਰਮਿਟ ਅਗਲੇ ਸਾਲ ਮੁੱਕ ਰਿਹਾ ਹੈ।

ਸੋ ਇਸ ਸਾਲ ਮਸਲੇ ਦੀ ਸਿਰਫ ਹਜੇ ਸ਼ੁਰੂਆਤ ਹੀ ਹੋਈ ਹੈ ਅਗਲੇ ਸਾਲ ਮਸਲਾ ਵਧਣ ਦੀ ਪੂਰੀ ਸੰਭਾਵਨਾ ਹੈ।

ਇਹਨਾਂ ਦੀਆਂ ਮੰਗਾਂ ਹਨ, (1) 2024–25 ’ਚ ਮੁੱਕ ਰਹੇ ਵਰਕ ਪਰਮਿਟ ਦੋ ਸਾਲ ਲਈ ਵਧਾਏ ਜਾਣ, (2) ਪੀਆਰ ਲਈ ਸਹੀ ਨਵੇਂ ਪ੍ਰੋਗਰਾਮ ਦਿੱਤੇ ਜਾਣ, (3)LMIA ਦੇ ਨਾਮ ਤੇ ਹੁੰਦੀ ਲੁੱਟ ਬੰਦ ਹੋਵੇ, (4) ਹਰ ਕੌਮਾਂਤਰੀ ਵਿਦਿਆਰਥੀ ਜੋ ਪੜ੍ਹ ਰਿਹਾ ਹੈ, ਉਸ ਨੂੰ ਪੰਜ ਸਾਲ ਦਾ ਵਰਕ ਪਰਮਿਟ ਦਿੱਤਾ ਜਾਵੇ।

ਕੈਨੇਡਾ ਦੀਆਂ ਸਾਰੀਆਂ ਪਾਰਟੀਆਂ ਪਾਰਟੀਆਂ ਦੇ ਮੂਹਰਲੇ ਆਗੂਆਂ ਨਾਲ ਮੀਟਿੰਗਾਂ ਹੋਈਆਂ ਪਰ ਬੇਸਿੱਟਾ ਰਹੀਆਂ। ਕਿਉਂਕਿ ਅਗਲੇ ਸਾਲ ਵੋਟਾਂ ਹੋਣ ਕਰਕੇ ਅਤੇ ਕਨੇਡਾ ਵਿੱਚ ਚੱਲ ਰਹੀ ਆਰਥਿਕ ਮੰਦੀ ਕਰਕੇ ਪ੍ਰਵਾਸੀਆਂ ਦੇ ਖਿਲਾਫ ਜੋ ਮਾਹੌਲ ਬਣਾਇਆ ਜਾ ਰਿਹਾ, ਸਾਰੀਆਂ ਪਾਰਟੀਆਂ ਵਿਦਿਆਰਥੀਆਂ ਦੇ ਹੱਕ ’ਚ ਖੜਨ ਤੋਂ ਪਾਸਾ ਵੱਟ ਰਹੀਆਂ ਹਨ। ਇਹ ਮਾਹੌਲ ਲੱਗਭਗ ਹਰ ਉਸ ਦੇਸ਼ ਵਿੱਚ ਦੇਖਣ ਨੂੰ ਮਿਲ ਰਿਹਾ ਹੈ ਜਿੱਥੇ ਜਿੱਥੇ ਵੀ ਆਰਥਿਕ ਮੰਦੀ (ਰਿਸੈਸ਼ਨ) ਹੈ।

ਇਸ ਸਾਮਰਾਜੀ ਸਰਮਾਏਦਾਰੀ ਦੇ ਦੌਰ ਵਿੱਚ ਇੰਨੇ ਜ਼ਿਆਦਾ ਪ੍ਰਵਾਸੀ ਲਿਆਉਣੇ ਇੰਨਾਂ ਕੈਨੇਡਾ ਵਰਗੇ ਇੰਨਾਂ ਦੇਸ਼ਾਂ ਦੀ ਲੋੜ ਵੀ ਹੈ ਕਿਉਂਕਿ ਇਹੀ ਪ੍ਰਵਾਸੀ ਨੇ ਜੋ ਸਸਤੀ ਲੇਬਰ ਵਜੋਂ ਵਰਤੇ ਜਾ ਸਕਦੇ ਨੇ ਲੋੜ ਤੋਂ ਜ਼ਿਆਦਾ ਲੇਬਰ ਮਾਰਕੀਟ ਵਿੱਚ ਹੋਵੇਗੀ ਤਾਂ ਕਾਮੇ ਘੱਟ ਤਨਖਾਹ ਤੇ ਕੰਮ ਕਰਨੇ ਕਿਉਂਕਿ ਕੰਮ ਦੇ ਮੌਕੇ ਘੱਟ ਹੋਣਗੇ। ਬਹੁਤ ਸਾਰੀਆਂ ਨੌਕਰੀਆਂ ਨੇ ਜੋ ਸਥਾਨਕ ਲੋਕ ਘੱਟ ਤਨਖਾਹ ਤੇ ਨਹੀਂ ਕਰਨੀਆਂ ਚਾਹੰਦੇ। ਪਰ ਦੂਜੇ ਪਾਸੇ ਆਰਥਿਕ ਮੰਦੀ ਵੀ ਸ਼ੁਰੂ ਹੈ ਤੇ ਅਗਲੇ ਸਾਲ ਵੋਟਾਂ ਵੀ ਹਨ। ਵੋਟਰਾਂ ਨੂੰ ਭਰਮਾਉਣ ਲਈ ਸਰਕਾਰ ਪਰਵਾਸੀਆਂ ਵਿਰੁੱਧ ਨੀਤੀਆਂ ਲਿਆਉਣ ਲਈ ਮਜਬੂਰ ਵੀ ਹੈ। ਪਰ ਕਾਰਪੋਰੇਟ ਇਨ੍ਹਾਂ ਫੈਸਲਿਆਂ ਤੋਂ ਖੁਸ਼ ਨਹੀਂ ਜਾਪਦਾ ਕਿਉਂਕਿ ਪਿਛਲੇ ਦਿਨੀਂ ਲੂਲੂਲੈਮਨ ਨਾਮ ਦੀ ਕੰਪਨੀ ਨੇ ਬਿਆਨ ਦਿੱਤਾ ਸੀ ਕਿ ਅਸੀਂ ਪਰਵਾਸੀ ਮਜ਼ਦੂਰਾਂ ਤੋ ਬਿਨਾਂ ਆਪਣੇ ਪਲਾਂਟ ਜ਼ਿਆਦਾ ਸਮਾਂ ਨਹੀਂ ਚਲਾ ਸਕਦੇ। ਦੂਜਾ ਵੱਡੇ ਪ੍ਰਾਈਵੇਟ ਤੇ ਪਬਲਿਕ ਕਾਲਜ ਯੂਨੀਵਰਸਿਟੀਆਂ ਦੀ ਕਮਾਈ ਦਾ ਮੁੱਖ ਸਾਧਨ ਇਹੀ ਅੰਤਰਰਾਸ਼ਟਰੀ ਵਿਦਿਆਰਥੀ ਹਨ। ਓਂਟਾਰੀਓ ਵਿੱਚ ਸਭ ਤੋਂ ਵੱਧ ਵਿਦਿਆਰਥੀ ਹੋਣ ਦਾ ਕਰਨ ਵੀ ਇਹੀ ਹੈ ਕਿ ਜਦੋਂ ਤੋਂ ਫੋਰਡ ਸਰਕਾਰ ਆਈ ਹੈ ਉਸਨੇ ਇਨ੍ਹਾਂ ਅਦਾਰਿਆਂ ਨੂੰ ਦਿੱਤੀ ਜਾਣ ਵਾਲੀ ਗਰਾਂਟ ਵਿੱਚ ਲਗਾਤਾਰ ਵੱਡੀ ਕਟੌਤੀ ਕੀਤੀ ਹੈ ਤੇ ਇਨ੍ਹਾਂ ਨੂੰ ਖੁੱਲ ਦਿੱਤੀ ਕਿ ਉਹ ਘਾਟਾ ਇਨ੍ਹਾਂ ਵਿਦਿਆਰਥੀਆਂ ਸਿਰ ਤੋਂ ਪੂਰਾ ਕੀਤਾ ਜਾਵੇ।

ਰਿਪੋਰਟ ਲਿਖੇ ਜਾਣ ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਦਾ ਪੱਕਾ ਮੋਰਚਾ 61ਵੇਂ ਦਿਨ ਵਿੱਚ ਦਾਖਲ ਹੋ ਚੁੱਕਾ ਹੈ ਤੇ ਚੜ੍ਹਦੀ ਕਲਾ ਵਿੱਚ ਹੈ। ਵਿਦਿਆਰਥੀਆਂ ਦੀ ਅਗਵਾਈ ਕਰ ਰਹੀ ਆਗੂ ਟੀਮ ਇਸ ਲੜਾਈ ਨੂ ਸਮਝਦੀ ਹੈ ਤੇ ਲੰਬੀ ਲੜਾਈ ਲਈ ਵੀ ਤਿਆਰ ਹੈ ਭਾਂਵੇ ਉੱਨਾਂ ਸਾਹਮਣੇ ਬਹੁਤ ਸਾਰੀਆਂ ਔਕੜਾਂ ਹੜ। ਪਰ ਉਹ ਸਮਝਦੇ ਹਨ ਕੇ ਕਨੇਡਾ ਦੇ ਇਤਿਹਾਸ ਵਿੱਚ ਸਮੇਂ ਸਮੇਂ ਵੱਖ ਪਰਵਾਸੀਆਂ ਨੇ ਇਹ ਲੜਾਈ ਲੜੀ ਅਤੇ ਸਾਡੇ ਪੁਰਖਿਆਂ ਨੇ ਵੀ ਲੜੀ। ਹੋ ਸਕਦਾ ਹੈ ਆਓਣ ਵਾਲੇ ਸਾਲਾਂ ਵਿੱਚ ਕਨੇਡਾ ਦੀ ਸਰਕਾਰ ਕਾਮਾਗਾਟਾਮਾਰੂ ਵਾਂਗ ਇਸ ਗੱਲ ਦੀ ਵੀ ਮਾਫੀ ਸੰਸਦ ਵਿੱਚ ਮੰਗੇ ਕਿ ਉਨ੍ਹਾਂ ਲੱਖਾਂ ਜ਼ਿੰਦਗੀਆਂ ਨਾਲ ਖਿਲਵਾੜ ਕੀਤਾ।

**ਬਿਕਰਮ ਕੁੱਲੇਵਾਲ**
+164761251

**Sandhu G Construction Ltd.**

Preparation- Shower Base - Water Proof

We can install Ceramic Tiles & Marble,Back Splash Tiles,
Tiles on Walls, Kitchen,Washroom or anywhere in Home.
You can upgrade your Kitchen or Washroom

ਵਰਕਰ ਦੀ ਤੁਰੰਤ ਲੋੜ
ਕੈਲਗਰੀ ’ਚ ਪੁਰਾਣੇ ਜਾਂ ਨਵੇਂ ਘਰਾਂ ਵਿਚ
ਟਾਇਲਾਂ, ਮਾਰਬਲ ਲਗਵਾਉਣ ਅਤੇ
ਤਸੱਲੀਬਖਸ਼ ਕੰਮ ਕਰਵਾਉਣ
ਲਈ ਸੰਪਰਕ ਕਰੋ


Harmanjot Dhudike
403-975-0006
Sharmanjot22@gmail.com



# ਕੈਨੇਡਾ ਵਿਚ ਰੰਗਮੰਚ ਦੀ ਧਮਾਲ







ਅਮਰੀਕਾ ਵਿਚ ਆਪਣੇ ਨਾਟਕ ਦੀ ਡਾਇਮੰਡ ਜੁਬਲੀ ਮਨਾ ਰਿਹਾ ਹਾਂ ਪਰ ਇਹਦੇ ਨਾਲ ਹੀ ਕੈਨੇਡਾ ਵਿਚ ਕੈਲਗਰੀ ਦੇ ਕਲਾਕਾਰਾਂ ਨੇ ਸਰੀ ਤੇ ਐਬਟਸਫੋਰਡ ਵਿਚ ਜੁਬਲੀ ਸਟਾਰਾਂ ਵਾਂਗ ਰੰਗਮੰਚ ਦੀ ਧਮਾਲ ਪਾਈ ਹੈ। ਇਹਨਾਂ ਦੋ ਨਾਟਕ ਵਿੱਚੋਂ ਇੱਕ ਨਾਟਕ LMIA ਮੈਂ ਅਮਰੀਕਾ ਆਉਣ ਤੋਂ ਪਹਿਲਾਂ ਸਿਤੰਬਰ ਵਿਚ ਤਿਆਰ ਕਰਵਾ ਕੇ ਆਇਆ ਸੀ ਤੇ ਦੂਜਾ "ਤੇਰੀ ਕਹਾਣੀ ਮੇਰੀ ਕਹਾਣੀ" ਪਿਛਲੇ ਸਾਲ ਲਿਖਿਆ ਤੇ ਤਿਆਰ ਕੀਤਾ ਸੀ..ਕੈਲਗਰੀ ਦੇ ਕਲਾਕਾਰਾਂ ਰਾਹੀਂ ਮੈਂ ਕੋਸ਼ਿਸ਼ ਕੀਤੀ ਹੈ ਕਿ ਸਮਾਜਕ ਰਾਜਨੀਤਕ ਮੁੱਦਿਆਂ ਨੂੰ ਪੇਸ਼ ਕਰਦਿਆਂ ਰੰਗਮੰਚ ਸਭ ਵਲਗਣਾਂ ਤੋਂ ਆਜ਼ਾਦ ਹੋ ਕੇ ਨਿਵੇਕਲਾ ਰੰਗ ਰੂਪ ਸਿਰਜੇ ਦੋ ਦਿਨ ਇਹਨਾਂ ਨਾਟਕਾਂ ਨੇ ਬੀਸੀ ਦੇ ਲੋਕਾਂ ਦਾ ਦਿਲ ਜਿੱਤਿਆ ਹੈਏਥੇ ਮੈਂ ਨਵਜੋਤ ਢਿਲੋਂ ਵੱਲੋਂ ਲਿਖੀ ਪੋਸਟ ਦਾ ਸੰਖੇਪ ਰੂਪ ਦਰਜ ਕਰ ਰਿਹਾ ਹਾਂ ਧੰਨਵਾਦ ਨਵਜੋਤ ਢਿਲੋਂ ਲਿਖਿਆ ਹੈ:

ਹੁਣ ਤੱਕ ਤਾਂ ਤੁਸੀਂ ਜਾਣਦੇ ਹੀ ਹੋ ਕਿ ਪਰਸੋਂ ਰਾਤ ਸਰੀ ਅਤੇ ਐਬਟਸਫੋਰਡ ਵਿੱਚ ਤਰਕਸ਼ੀਲ ਸੁਸਾਇਟੀ ਵਲੋਂ ਦੋਵੇਂ ਦਿਨ ਦੋ-ਦੋ ਨਾਟਕ ਕਰਵਾਏ ਗਏ ਤੇ ਇਹਨਾਂ ਦੋਵਾਂ ਹੀ ਨਾਟਕਾਂ ਦਾ ਮੰਚਨ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਵਲੋਂ ਕੀਤਾ ਗਿਆ। ਤਰਕਸ਼ੀਲ ਸੁਸਾਇਟੀ ਨੂੰ ਇਸ ਉਪਰਾਲੇ ਲਈ ਮੁਬਾਰਕਾਂ ਅਤੇ ਸਲਾਮ ਹੈ ਉਨ੍ਹਾਂ ਕਲਾਕਾਰਾਂ ਦੀ ਊਰਜਾ, ਮਿਹਨਤ ਤੇ ਸਮਰਪਣ ਨੂੰ ਜਿਨ੍ਹਾਂ ਨੇ ਲਗਾਤਾਰ ਦੋ ਦਿਨ 3 ਘੰਟੇ ਦੇ ਅੰਦਰ ਅੰਦਰ ਦੋ ਨਾਟਕਾਂ ਦੀ ਪੇਸ਼ਕਾਰੀ ਕੀਤੀ।

ਕੈਨੇਡਾ ਵਿੱਚ ਸੈਂਕੜੇ ਲੋਕਾਂ ਦੇ ਜਾਨ ਦਾ ਖੌਅ ਬਣੀ ਹੋਈ LMIA ਦੀ ਖੇਡ ਦੀ ਜੜ੍ਹ ਤੱਕ ਪੁੱਜਣ ਦੀ ਹੀ ਨਹੀਂ ਸਗੋਂ ਉਸ ਨੂੰ ਜੜੋਂ ਪੁੱਟਣ ਦੀ ਗੱਲ ਕਰਦਾ ਹੈ ਨਾਟਕ 'LMIA' ਤੇ ਨਾਟਕਕਾਰ ਨੇ ਪੰਜਾਬ ਤੇ ਕੈਨੇਡਾ ਦੋਵੇਂ ਥਾਂਈਂ ਵਸਦੇ ਪੰਜਾਬੀਆਂ ਨੂੰ Assessment ਕਰਨ ਦੀ ਨਸੀਹਤ ਦੇਣ ਦੇ ਨਾਲ-ਨਾਲ ਸ਼ੀਸ਼ਾ ਵੀ ਵਿਖਾਉਣ ਕੋਸ਼ਿਸ਼ ਕੀਤੀ ਹੈ।

ਨਾਟਕ 'ਤੇਰੀ ਕਹਾਣੀ, ਮੇਰੀ ਕਹਾਣੀ' ਵਿਚਲੀਆਂ ਕਹਾਣੀਆਂ ਦੀ ਤੰਦ ਕੈਨੇਡਾ ਵਿੱਚ ਵਸਦੇ ਤਕਰੀਬਨ ਹਰ ਪੰਜਾਬੀ ਪਰਿਵਾਰ ਦੀ ਕਹਾਣੀ ਨਾਲ ਜੁੜੀ ਹੋਈ ਹੈ। ਪੰਜਾਬ ਤੋਂ ਕੈਨੇਡਾ ਵੱਲ ਆਉਣ ਵਾਲਾ ਹਰ ਪੰਜਾਬੀ ਦੋ ਅਟੈਚੀ ਤੇ ਇੱਕ ਹੈਂਡਬੈਗ ਲੈ ਕੇ ਹੀ ਕੈਨੇਡਾ ਨਹੀਂ ਪੁੱਜਦਾ, ਸਗੋਂ ਉਸ ਨੇ ਉਨ੍ਹਾਂ ਅਟੈਚੀਆਂ ਤੋਂ ਕਿਤੇ ਵੱਧ ਭਾਰਾ ਅਦ੍ਰਿਸ਼ ਝੋਲਾ ਵੀ ਆਪਣੇ ਮਨ 'ਤੇ ਲੱਦਿਆ ਹੁੰਦਾ, ਜਿਸ 'ਚ ਮਿੱਠੀਆਂ-ਕੌੜੀਆਂ ਯਾਦਾਂ ਤੋਂ ਇਲਾਵਾ ਸੁਪਨੇ-ਸੱਧਰਾਂ, ਰਸਮਾਂ-ਰਿਵਾਜ, ਸੱਭਿਆਚਾਰ, ਸਮਾਜਿਕ-ਆਰਥਿਕ-ਰਾਜਨੀਤਿਕ-ਧਾਰਮਿਕ ਅਨੁਭਵ ਤੇ ਹੋਰ ਬਹੁਤ ਕੁਝ ਸ਼ਾਮਲ ਹੁੰਦਾ। ਇਸ ਨਾਟਕ ਨੇ ਸਾਡੀ ਜ਼ਿੰਦਗੀ ਵਿਚਲੇ ਇਸ ਬੇਲੋੜੇ ਬੋਝ ਦੀ ਬਾਤ ਬਿਆਨ ਕੀਤੀ ਹੈ।

ਸਟੇਜ 'ਤੇ ਏਨੇ ਸਾਦਾ Set ਦੇ ਜ਼ਰੀਏ ਪੰਜਾਬ, ਪੰਜਾਬ ਦੇ ਖੇਤ, ਉੱਥੋਂ ਦੀ ਤੇ ਕੈਨੇਡਾ ਦੀ ਜ਼ਿੰਦਗੀ ਦਿਖਾਉਣ ਦੀ ਕਲਾ ਦੇ ਡਾ. ਸਾਹਿਬ ਸਿੰਘ ਮਾਹਰ ਨੇ।

ਸਭ ਤੋਂ ਵੱਧ ਪ੍ਰਭਾਵਿਤ ਕੀਤਾ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਦੀ ਅਦਾਕਾਰੀ ਤੇ ਉਨ੍ਹਾਂ ਦੀ ਆਪਸੀ ਇਕਸੁਰਤਾ ਨੇ। ਇਸ ਟੀਮ ਦੇ ਹਰ ਕਲਾਕਾਰ ਦੀ ਅਦਾਇਗੀ ਕਿਸੇ ਪੱਖੋਂ ਵੀ ਕਿਸੇ ਮੰਝੇ ਹੋਏ ਰੰਗਕਰਮੀ ਦੀ ਅਦਾਕਾਰੀ ਨਾਲੋਂ ਊਣੀ ਨਹੀਂ ਸੀ। ਇਹ ਉਹ ਕਲਾਕਾਰ ਹਨ ਜੋ ਡਾਲਰ ਕਮਾਉਣ ਲਈ ਨਹੀਂ, ਸਗੋਂ ਇਨ੍ਹਾਂ ਦਾ ਸ਼ੌਕ ਅਤੇ ਆਪਣੇ ਲੋਕਾਂ ਨੂੰ ਪ੍ਰੌਗਰੈਸਿਵ ਰਾਹਾਂ 'ਤੇ ਤੁਰਦਿਆਂ ਦੇਖਣ ਦਾ ਜਨੂੰਨ ਹੀ ਇਨ੍ਹਾਂ ਨੂੰ ਤੋਰ ਰਿਹਾ ਹੈ। ਮੇਰੀ ਇੱਛਾ ਸੀ ਕਿ ਮੈਂ ਆਪਣੇ ਚੈਨਲ 'ਤੇ ਇਨ੍ਹਾਂ ਸਭ ਨਾਲ ਗੱਲ ਕਰ ਸਕਾਂ, ਪਰ ਕਿਵੇਂ ਹੋ ਸਕਣਾ ਸੀ ? ਉਹ ਤਾਂ ਸ਼ਨੀਵਾਰ ਰਾਤ ਨੂੰ ਸਰੀ ਤੇ ਐਤਵਾਰ ਰਾਤ ਨੂੰ ਐਬਟਸਫੋਰਡ 'ਚ ਦੋਵੇਂ ਨਾਟਕ ਖੇਡਣ ਮਗਰੋਂ ਅੱਧੀ ਰਾਤ ਨੂੰ ਕੈਲਗਰੀ ਵਾਲੀ ਫਲਾਈਟ 'ਚ ਬੈਠ ਵਾਪਸ ਚਲੇ ਗਏ। ਅਗਲਿਆਂ ਨੇ ਸੋਮਵਾਰ ਸਵੇਰ ਸਾਰ ਕੰਮਾਂ 'ਤੇ ਵੀ ਤਾਂ ਜਾਣਾ ਸੀ। ਭਾਵੇਂ ਇਨ੍ਹਾਂ ਕਲਾਕਾਰਾਂ ਨੂੰ ਬੇਸ਼ੁਮਾਰ ਪਿਆਰ ਮਿਲਿਆ, ਪਰ ਇਨ੍ਹਾਂ ਨੂੰ ਦੇਖ ਕੇ ਇਉਂ ਜਾਪ ਰਿਹਾ ਸੀ ਕਿ ਸਿਰਫ਼ ਦਰਸ਼ਕਾਂ ਦੀਆਂ ਤਾੜੀਆਂ ਜਾਂ ਵਾਹ-ਵਾਹ ਨਾਲ ਇਨ੍ਹਾਂ ਗੁਜ਼ਾਰਾ ਹੁੰਦਾ ਨਹੀਂ ਦਿਸਦਾ, ਇਹ ਤਾਂ ਦਰਸ਼ਕਾਂ ਨੂੰ ਡੂੰਘਾ ਸੋਚਣ, ਸਪੱਸ਼ਟ ਦੇਖਣ ਤੇ ਸਿਆਣਪ ਨਾਲ ਆਪਣੀ ਗੱਲ ਕਹਿੰਦਿਆਂ ਦੇਖਣ ਦੇ ਵੀ ਚਾਹਵਾਨ ਸਨ। ਬਿਨਾਂ ਸ਼ੱਕ ਇਹ ਕਲਾਕਾਰ ਆਪਣਾ ਕੰਮ ਕਾਮਯਾਬੀ ਨਾਲ ਕਰ ਗਏ ਹਨ, ਬਹੁਤ ਬਹੁਤ ਵਧਾਈ ਪ੍ਰੌਗਰੈਸਿਵ ਕਲਾ ਮੰਚ ਕੈਲਗਰੀ ਦੇ ਕਲਾਕਾਰਾਂ ਨੂੰ ਤੇ ਵੱਡੀ ਵਧਾਈ ਦੇ ਹੱਕਦਾਰ ਹਨ ਡਾ. ਸਾਹਿਬ ਸਿੰਘ ਜਿਨ੍ਹਾਂ ਨੇ ਆਪਣੇ ਕੁਝ ਕੁ ਹਫ਼ਤਿਆਂ ਦੇ 2-3 ਦੌਰਿਆਂ ਦੌਰਾਨ ਹੀ ਕੈਨੇਡੀਅਨ ਪੰਜਾਬੀ ਸਮਾਜ ਦੀ ਨਬਜ਼ ਫੜ ਕੇ ਰੋਗ ਲੱਭ ਲਏ ਤੇ ਇਲਾਜ ਵੀ ਸੁਝਾਅ ਦਿੱਤੇ (ਡਾਕਟਰ ਜੁ ਹੋਏ ਕੈਨੇਡਾ ਦੇ ਵਿਗੜੇ ਹੋਏ Health System ਨੂੰ ਅਜਿਹੇ ਡਾਕਟਰਾਂ ਦੀ ਵੀ ਲੋੜ ਹੈ। ਦੋਵੇਂ ਨਾਟਕਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਉਹ ਇੱਕ Disclaimer ਦਿੰਦੇ ਹਨ। ਇਹ ਨਾਟਕ ਤੁਹਾਡੀ ਹਿੱਕ 'ਚ ਵੀ ਵੱਜ ਸਕਦੇ ਹਨ ਤੇ ਹੁਣ ਮੈਨੂੰ ਉਨ੍ਹਾਂ ਦੀ ਹੀ ਕਿਤਾਬ 'ਚੋਂ ਕੁਝ ਸਤਰਾਂ ਸਾਂਝੀਆਂ ਕਰਨ ਦੀ ਲੋੜ ਮਹਿਸੂਸ ਹੋ ਰਹੀ ਹੈ, ਲਓ ਫਿਰ ਪੜ੍ਹੋ:

"ਰੰਗਕਰਮੀ ਦਰਸ਼ਕ ਦੀ ਸੋਚਣ ਪ੍ਰਕਿਰਿਆ ਨੂੰ ਵੀ ਓਨਾ ਹੀ ਉਤੇਜਿਤ ਜਰਨਾ ਚਾਹੁੰਦਾ ਹੈ, ਜਿੰਨਾ ਉਸ ਦੀ ਜਜ਼ਬਾਤੀ ਪ੍ਰਕਿਰਿਆ ਨੂੰ ਤੇਜ਼ ਕਰਨਾ ਚਾਹੁੰਦਾ ਹੈ। ਉਹ ਮਸਲਿਆਂ ਤੇ ਮੁਸ਼ਕਲਾਂ ਲਈ ਦਰਸ਼ਕ ਨੂੰ ਨਾ ਤਾਂ ਕਸੂਰਵਾਰ ਠਹਿਰਾਉਣਾ ਚਾਹੁੰਦਾ ਹੈ ਤੇ ਨਾ ਹੀ ਮੂਲੋਂ ਬਰੀ ਕਰਨਾ ਚਾਹੁੰਦਾ ਹੈ। ਉਹ ਮੰਚ ਤੋਂ ਚੁਣੌਤੀ ਦਿੰਦਾ ਹੈ, ਵੰਗਾਰਦਾ ਹੈ, ਫਿਟਕਾਰਦਾ ਵੀ ਹੈ ਤੇ ਲਲਕਾਰਦਾ ਵੀ ਹੈ। ਉਹ ਪ੍ਰਭਾਵ ਪਾਉਣਾ ਚਾਹੁੰਦਾ ਹੈ। ਉਹ ਸੱਚ ਦਾ ਪੱਲਾ ਫੜੀ ਰੱਖਣ ਦੀ ਕੋਸ਼ਿਸ਼ ਕਰਦਾ ਹੈਦਰਸ਼ਕ ਦੇ ਗਿੱਟੇ ਲੱਗੇ ਜਾਂ ਗੋਡੇ, ਉਹ ਪਰਵਾਹ ਨਹੀਂ ਕਰਦਾ। ਅਸਲ ਵਿੱਚ ਉਹ ਸੁੱਤੀਆਂ ਸੰਵੇਦਨਾਵਾਂ ਜਗਾਉਣਾ ਚਾਹੁੰਦਾ ਹੈ ਤੇ ਅਸੀਂ ਜਾਣਦੇ ਹਾਂ ਕਿ ਨੁਕੀਲੀ ਇੱਟ ਆ ਕੇ ਸਿੱਧੀ ਮੱਥੇ 'ਚ ਵੱਜਦੀ ਹੈ ਤਾਂ ਜਿਸਮ ਤੇ ਰੂਹ ਅੰਦਰ ਝਰਨਾਹਟ ਫੈਲ ਜਾਂਦੀ ਹੈ। ਰੰਗਮੰਚ ਉਸ ਝਰਨਾਹਟ ਦਾ ਆਸ਼ਕ ਹੈ। ਉਸ ਦਾ ਕੇਂਦਰੀ ਫ਼ਿਕਰ ਕਿਸੇ ਮੁੱਦੇ ਨੂੰ ਉਭਾਰ ਕੇ ਸਮਾਜ ਦੀਆਂ ਜੰਮੀਆਂ ਤਹਿਆਂ 'ਚੋਂ ਕਿਸੇ ਤਹਿ ਨੂੰ ਪਿਘਲਾਉਣਾ ਹੁੰਦਾ ਹੈ। ਉਹ ਜਾਣਦਾ ਹੈ ਕਿ ਉਸ ਦੇ ਸਾਹਮਣੇ ਬੈਠੇ ਸੈਂਕੜੇ ਜਾਂ ਹਜ਼ਾਰਾਂ ਦਰਸ਼ਕ ਇੱਕੋ ਜਿਹੀ ਸੋਚ, ਸਮਝ, ਸੰਵੇਦਨਾ ਦੇ ਮਾਲਕ ਨਹੀਂ ਹੋ ਸਕਦੇ। ਉਹ ਫਿਰ ਵੀ ਖ਼ਤਰਾ ਸਹੇੜਦਾ ਹੈ। ਉਹ ਬਹੁਗਿਣਤੀ ਨੂੰ ਪਸੰਦ ਆਉਣ ਵਾਲੀ 'ਸੁਰੱਖਿਅਤ ਖੇਡ' ਨਹੀਂ ਖੇਡਦਾ।

ਡਾਕਟਰ ਸਾਹਿਬ ਸਿੰਘ ਦੇ Solo plays ਦੇਖਣ ਮਗਰੋਂ ਜਿਨ੍ਹਾਂ ਨੇ ਪ੍ਰਸ਼ੰਸਾ ਕਰਨ ਦੇ ਨਾਲ ਨਾਲ ਉਨ੍ਹਾਂ ਨੂੰ ਵਾਰ ਵਾਰ ਬੇਨਤੀ ਕੀਤੀ ਸੀ ਕਿ 'ਟੀਮ' ਵਾਲਾ ਨਾਟਕ ਵੀ ਕਰਾਓ ਤੁਹਾਨੂੰ ਲੱਗਦਾ ਕਿ ਹੁਣ ਕਸਰ ਰਹਿ ਗਈ ਕੋਈ ? ਹਾਂ, ਸੱਚ 'ਧਨੁ ਲੇਖਾਰੀ ਨਾਨਕਾ' ਦਾ 75ਵਾਂ ਸ਼ੋਅ ਵੀ ਤਾਂ ਰਾਤੀਂ ਹੀ ਹੋਇਆ। ਇੱਕ ਗੱਲ ਹੋਰ ਕਿ ਡਾ. ਸਾਹਿਬ ਸਿੰਘ ਨਵਜੋਤ ਦੇ ਲਿਖੇ ਨਾਟਕ 'ਚ ਵੀ ਹਰ ਤਰਾਂ ਸ਼ਾਮਲ ਹਨ।

ਮੈਂ ਤਾਂ ਹਾਲੇ ਹੋਰ ਲਿਖਣਾ ਸੀ ਪਰ ਪੋਸਟ ਲੰਬੀ ਹੋ ਗਈ। ਫਿਰ ਸਹੀ। ਨਾਟਕ ਵਿਚ ਨਵਜੋਤ ਢਿਲੋਂ, ਕਮਲਪ੍ਰੀਤ ਪੰਧੇਰ, ਸੰਦੀਪ ਗਿੱਲ, ਹਰਪ੍ਰੀਤ ਕੌਰ, ਅਮਰਬੀਰ, ਸਰਬਜੀਤ ਕੌਰ ਜਵੰਦਾ, ਬੌਬੀ ਢਿਲੋਂ, ਦੀਪ ਬਰਾੜ, ਸਤਵੀਰ, ਇਨਾਇਤ, ਜਪਰਾਜ ਨੇ ਕਮਾਲ ਦੀ ਅਦਾਕਾਰੀ ਕੀਤੀ। ਮੇਰੀ ਪਸੰਦ ਦੀ ਅਦਾਕਾਰੀ ਤੇ ਸਾਹਿਬ ਪੰਧੇਰ ਨੇ ਸੰਗੀਤ ਸੰਚਾਲਨ ਕੀਤਾ। ਸਾਰੀ ਟੀਮ ਲਈ ਬਹੁਤ ਸਾਰਾ ਪਿਆਰ...

**ਤੁਹਾਡਾ ਆਪਣਾ ਨਾਟਕਕਾਰ**
**ਸਾਹਿਬ ਸਿੰਘ**


# ਸਾਬਕਾ ਟ੍ਰੇਡ ਯੂਨੀਅਨ ਆਗੂ ਸ੍ਰ. ਤਰਲੋਕ ਸਿੰਘ ਸਿੱਧੂ ਦਾ ਅਕਾਲ ਚਲਾਣਾ

## ਨਮਿਤ ਭੋਗ ਅਤੇ ਅੰਤਿਮ ਅਰਦਾਸ ਨਵੰਬਰ 3 ਐਤਵਾਰ ਨੂੰ, ਲੁਧਿਆਣਾ ਵਿਖੇ

### ਡਾ: ਹਰਦੀਪ ਸਿੰਘ ਦੇ ਪਰਿਵਾਰ ਨੂੰ ਸਦਮਾ


ਲੁਧਿਆਣਾ : ਪਠਾਨਕੋਟ ਇਲਾਕੇ ਦੇ ਪੋਸਟ ਐਂਡ ਟੈਲੀਗਰਾਫ ਡਿਪਾਰਟਮੈਂਟ ਦੇ ਸਾਬਕਾ ਟ੍ਰੇਡ ਯੂਨੀਅਨ ਆਗੂ ਸ:ਤਰਲੋਕ ਸਿੰਘ ਸਿੱਧੂ ਨਹੀਂ ਰਹੇ। ਆਪਣੀ ਉਮਰ ਦੇ 88 ਸਾਲ ਦਾ ਸਫ਼ਰ ਪੂਰਾ ਕਰਕੇ, ਉਨ੍ਹਾਂ ਆਪਣੇ ਗ੍ਰਹਿ ਲੁਧਿਆਣਾ ਵਿਖੇ ਅੰਤਿਮ ਸਵਾਸ ਲਏ। ਆਪਣੀ ਜਵਾਨੀ ਤੋਂ ਹੀ ਉਹ ਟ੍ਰੇਡ ਯੂਨੀਅਨ ਦੇ ਸਰਗਰਮ ਵਰਕਰ ਰਹੇ ਅਤੇ ਪੋਸਟ ਐਂਡ ਟੈਲੀਗਰਾਫ ਡਿਪਾਰਟਮੈਂਟ ਵਿੱਚ ਨੌਕਰੀ ਦੌਰਾਨ ਸੱਤਰਵੇਂ-ਅੱਸੀਵੇਂ ਦਹਾਕੇ ਵਿੱਚ ਉਹ ਡਿਪਾਰਟਮੈਂਟ ਜੱਥੇਬੰਦੀ ਦੇ ਡਵੀਜ਼ਨ ਪ੍ਰਧਾਨ ਰਹੇ ਅਤੇ ਟੈਲੀਫੋਨ ਵਿਭਾਗ ਦੇ ਕਰਮਚਾਰੀ ਸਘੰਰਸ਼ਾਂ ਵਿੱਚ ਅਹਿਮ ਯੋਗਦਾਨ ਪਾਉਂਦੇ ਰਹੇ। ਇਹ ਪੋਸਟ-ਐਂਡ-ਟੈਲੀਗਰਾਫ ਡਿਪਾਰਟਮੈਂਟ ਵਿੱਚੋਂ 1996 ਵਿੱਚ ਬਤੌਰ ਟੈਕਨਕਿਲ ਸੁਪਰਵਾਜ਼ਿਰ ਰਿਟਾਇਰ ਹੋਏ। ਆਪਣੇ ਵੱਡੇ ਭਰਾ, ਕਮਿਉਨਿਸਟ ਲਹਿਰ ਦੇ ਕੁਲਵਕਤੀ ਆਗੂ ਸਵਰਗੀ ਕਾਮਰੇਡ ਅਮਰਮੀਤ ਨਾਲ ਵੀ ਲਹਿਰ ਵਿੱਚ ਯੋਗਦਾਨ ਪਾਉਂਦੇ ਰਹੇ ਅਤੇ ਐਮਰਜੈਂਸੀ ਦੌਰਾਨ ਵੱਡੇ ਭਰਾ ਦੀ ਭਾਲ ਵਿੱਚ ਆਉਂਦੀ ਪੁਲਿਸ ਕਰਕੇ ਪੂਰੇ ਪਰਿਵਾਰ ਸਮੇਤ ਪ੍ਰੇਸ਼ਾਨੀ ਨੂੰ ਪੂਰੇ ਹੌਸਲੇ ਨਾਲ ਝੱਲਦੇ ਰਹੇ।

ਉਨ੍ਹਾਂ ਦੀ ਕੈਨੇਡਾ ਵਸਦੀ ਸਪੁੱਤਰੀ ਡਾ: ਕੁਲਜੀਤ ਕੌਰ ਅਟਵਾਲ ਤੋਂ ਮਿਲੀ ਜਾਣਕਾਰੀ ਮੁਤਾਬਿਕ ਸ:ਤਰਲੋਕ ਸਿੰਘ ਆਪਣੀ ਜ਼ਿੰਦਗੀ ਦੇ ਅਖੀਰਲੇ ਸਾਲਾਂ ਵਿੱਚ ਆਪਣੇ ਲੁਧਿਆਣੇ ਗ੍ਰਹਿ ਵਿਖੇ ਰਹਿ ਰਹੇ ਸਨ। ਸੰਖੇਪ ਜਿਹੀ ਬਿਮਾਰੀ ਬਾਅਦ ਉਹ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਤੇ ਸਕੇ ਸੰਬਧੀਆਂ ਦੀ ਹਾਜ਼ਰੀ ਵਿੱਚ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਲੁਧਿਆਣਾ ਵਿਖੇ ਕੀਤਾ ਗਿਆ। ਉਨ੍ਹਾਂ ਦੀ ਯਾਦ ਵਿੱਚ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ ਨਵੰਬਰ 3, ਐਤਵਾਰ ਵਾਲੇ ਦਿਨ 1:00 ਵਜੇ ਦੁਪਹਿਰ, ਉਹਨ੍ਹਾਂ ਦੇ ਗ੍ਰਹਿ ਪੱਖੋਵਾਲ ਰੋਡ, ਦਾਦ, ਲੁਧਿਆਣਾ ਵਿਖੇ ਹੋਵੇਗੀ। ਸਰਕਾਰੀ ਡਾਕਟਰਾਂ ਦੀ ਐਸੋਸੀਏਸ਼ਨ ਦੇ ਸਾਬਕਾ ਆਗੂ ਅਤੇ 'ਸਰੋਕਾਰਾਂ ਦੀ ਆਵਾਜ਼' ਦੇ ਸੰਪਾਦਕ ਡਾ. ਹਰਦੀਪ ਸਿੰਘ ਅਟਵਾਲ ਦੇ ਪਰਿਵਾਰ ਨੂੰ ਸਵਰਗੀ ਸ: ਤਰਲੋਕ ਸਿੰਘ ਦੇ ਵਿਛੋੜੇ ਕਰਕੇ ਭਾਰੀ ਸਦਮਾ ਲੱਗਾ। ਵਰਣਨਯੋਗ ਹੈ ਕਿ ਸਵਰਗੀ ਸ੍ਰ. ਤਰਲੋਕ ਸਿੰਘ ਜੀ ਦੀ ਬੇਟੀ ਡਾ: ਕੁਲਜੀਤ ਕੌਰ ਅਟਵਾਲ, ਕੈਨੇਡਾ ਵਸਦੇ ਡਾ: ਹਰਦੀਪ ਸਿੰਘ ਦੇ ਧਰਮ-ਪਤਨੀ ਹਨ। ਅਦਾਰਾ 'ਸਰੋਕਾਰਾਂ ਦੀ ਆਵਾਜ਼' ਦੇ ਸਮੁੱਚੀ ਟੀਮ ਅਤੇ ਚੀਫ-ਐਡੀਟਰ ਸ੍ਰੀ ਹਰਬੰਸ ਸਿੰਘ ਨੇ ਵੀ ਪਰਿਵਾਰ ਲਈ ਹਮਦਰਦੀ ਅਤੇ ਸ਼ੋਕ ਦਾ ਸੁਨੇਹਾ ਦਿੱਤਾ ਹੈ। ਇਸ ਸਮੇਂ 'ਕੈਨੇਡਿਅਨ



ਪੰਜਾਬੀ ਕਲਚਰਲ ਸੁਸਇਟੀ, ਓਨਟਾਰੀਓ' ਦੇ ਸਰਪ੍ਰਸਤ ਸ: ਨੱਛਤਰ ਸਿੰਘ ਬਦੇਸ਼ਾ ਨੇ ਵੀ ਪਰਿਵਾਰ ਲਈ ਸ਼ੋਕ ਸੰਦੇਸ਼ ਦਿੱਤਾ ਹੈ।

Universal Health
It's all about "U"
PHARMACY
Compounding & Home Health Care




Vandit Vakil, RPH, APA
Pharmacy Manager
Tel: (403) 365-4262
Fax (403) 365-4313
# 113, 78 Saddlepeace Manor Ne,
Calgary, AB T3J 4C5
Email : vvakil@universalhealthcentre.com
www.universalhealthcentre.com

ਫੈਡਰਲ ਬਜ਼ਟ 2025 ਲਈ

# ਆਮਦਨ-ਸੁਰੱਖਿਆ ਅਤੇ ਗਰੀਬੀ ਨਿਵਾਰਣ ਨੀਤੀਆਂ ਦੀ ਮੰਗ

## 'ਕੈਨੇਡੀਅਨ ਸੈਂਟਰ ਫਾਰ ਪਾਲਿਸੀ ਅਲਟਰਨੇਟਿਵ' ਵੱਲੋਂ 'ਅਲਟਰਨੇਟਿਵ ਫੈਡਰਲ ਬਜ਼ਟ' ਰਾਹੀਂ ਲੋਕ-ਪੱਖੀ ਆਰਥਿਕ ਸਿਫਾਰਸ਼ਾਂ

*ਇਹ ਆਰਟੀਕਲ 'ਕੈਨੇਡੀਅਨ ਸੈਂਟਰ ਫਾਰ ਪਾਲਿਸੀ ਅਲਟਰਨੇਟਿਵ' ਨਾਮ ਦੀ ਇੱਕ ਸਮਾਜਿਕ ਸੰਸਥਾ ਵੱਲੋਂ ਫੈਡਰਲ ਬਜ਼ਟ ਲਈ ਪੇਸ਼ ਕੀਤੀਆਂ ਲੋਕ-ਪੱਖੀ ਸਿਫਾਰਸ਼ਾਂ ਦਾ ਅਨੁਵਾਦ ਹੈ । ਇਸ ਸੰਸਥਾ ਦੇ ਆਰਥਿਕ ਮਾਹਿਰ ਹਰ ਸਾਲ ਕੈਨੇਡੀਅਨ ਆਰਥਿਕਤਾ ਦਾ ਲੋਕ-ਪੱਖੀ ਵਿਸ਼ਲੇਸ਼ਣ ਕਰਦੇ ਹਨ ਅਤੇ 'ਅਲਟਰਨੇਟਿਵ ਫੈਡਰਲ ਬਜ਼ਟ' ਦੇ ਰੂਪ ਵਿੱਚ ਸਰਕਾਰ ਤੋਂ ਲੋਕ-ਹਿਤੂ ਵਿਕਲਪ ਬਜ਼ਟ ਸਿਫਾਰਸ਼ਾਂ ਪੇਸ਼ ਕਰਦੇ ਹਨ । ਇਨ੍ਹਾਂ ਬਜ਼ਟ 2025, ਲਈ ਸਿਫਾਰਸ਼ਾਂ ਰਾਹੀਂ ਇਨ੍ਹਾਂ ਨੇ ਕੈਨੇਡੀਅਨ ਪਰਿਵਾਰਾਂ ਨੂੰ ਦਰਪੇਸ਼ ਸਮੱਸਿਆਵਾਂ ਲਈ ਢੁੱਕਵੇਂ ਹੱਲ ਦੀਆਂ ਆਰਥਿਕ ਤਜਵੀਜ਼ਾਂ ਪੇਸ਼ ਕੀਤੀਆਂ ਹਨ । ਇਹ ਸਿਫਾਰਸ਼ਾਂ ਕੈਨੇਡੀਅਨ ਪਰਿਵਾਰ ਲਈ ਗਰੀਬੀ ਨਿਵਾਰਣ ਬੈਨੀਫੀਟਸ ਚਾਰ ਥੰਮਾਂ ਦੇ ਆਧਾਰ 'ਤੇ ਲਾਗੂ ਕਰਨ ਦੀ ਸਿਫਾਰਸ਼ ਕਰਦਾ ਹੈ, ਜਿਵੇਂ ਕਿ ਪਹਿਲਾ ਸੀਨੀਅਰਸ, ਦੂਸਰਾ ਬੱਚੇ, ਤੀਜਾ ਬਾਲਗ ਅਤੇ ਚੌਥਾ ਥੰਮ ਅਪਾਹਿਜ਼ ਲੋਕ ਬਣਦੇ ਹਨ । ਅਦਾਰਾ ' ਸਰੋਕਾਰਾਂ ਦੀ ਆਵਾਜ਼' ਵੀ ਇਨ੍ਹਾਂ ਸਿਫਾਰਸ਼ਾਂ ਦੀ ਹਮਾਇਤ ਕਰਦਾ ਹੈ । ਇਸ 'ਅਲਟਰਨੇਟਿਵ ਫੈਡਰਲ ਬਜ਼ਟ' ਦੀਆਂ ਸਿਫਾਰਸ਼ਾਂ ਨੂੰ, ਅਸੀਂ ਮੂਲ-ਰੂਪ ਇਸ ਨੂੰ ਪੰਜਾਬੀ ਪਾਠਕਾਂ ਦੇ ਨਜ਼ਰ ਕਰਨ ਦਾ ਉਪਰਾਲਾ ਕਰ ਰਹੇ ਹਾਂ -ਸੰਪਾਦਕ*



ਅਨੁਵਾਦ ਅਤੇ ਪੇਸ਼ਕਸ਼
ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਉਨਟਾਰੀਓ

ਕੋਵਿਡ-19 ਮਹਾਂਮਾਰੀ ਦੇ ਸਾਲਾਂ ਦੌਰਾਨ ਆਰਥਿਕ ਸੰਕਟ ਨੇ ਇਹ ਗੱਲ ਸਾਬਤ ਕਰ ਦਿੱਤੀ ਕਿ ਬਹੁਤ ਆਰਥਿਕ ਰੁਕਾਵਟਾਂ ਦੇ ਬਾਵਜੂਦ ਵੀ ਗਰੀਬੀ ਵਿੱਚ ਕਮੀ ਲਿਆਉਣਾ ਸੰਭਵ ਹੋ ਸਕਦਾ ਹੈ।ਚਾਹੇ ਗਰੀਬੀ ਘਟਾਉਣ ਦੀ ਸਰਕਾਰੀ ਰਣਨੀਤੀ (ਪੀ ਆਰ ਐਸ) ਨੇ ਸੰਨ 2015 ਦੇ ਪੱਧਰ ਦੇ ਮੁਕਾਬਲੇ, ਸੰਨ 2030 ਤੱਕ ਗਰੀਬੀ ਵਿੱਚ 50 ਪ੍ਰਤੀਸ਼ਤ ਕਮੀ ਲਿਆਉਣ ਦਾ ਟੀਚਾ ਰੱਖਿਆ ਹੈ, ਪਰ ਸੰਕਟਕਾਲੀਨ ਮਹਾਂਮਾਰੀ ਵੇਲੇ ਦਿੱਤੀ ਗਈ ਸਹਾਇਤਾ ਨੇ ਦਿਖਾਇਆ ਹੈ ਕਿ ਇਹ ਟੀਚੇ ਜਲਦੀ ਵੀ ਪ੍ਰਾਪਤ ਕੀਤੇ ਜਾ ਸਕਦੇ ਹਨ। ਸੰਨ 2020 ਵਿੱਚ, 1930 ਦੇ ਦਹਾਕੇ ਤੋਂ ਬਾਅਦ ਦੀ ਸਭ ਤੋਂ ਭੈੜੀ ਬੇਰੁਜ਼ਗਾਰੀ ਦੇ ਬਾਵਜੂਦ, ਕੈਨੇਡਾ ਦੀ ਸਰਕਾਰੀ ਗਰੀਬੀ ਰੇਖਾ, ਮਾਰਕੀਟ ਬਾਸਕਟ ਪੈਮਾਇਸ਼ (MBM), ਘਟ ਕੇ 6.4 ਪ੍ਰਤੀਸ਼ਤ ਰਹਿ ਗਈ ਹੈ। ਇਸੇ ਸੰਦਰਭ ਵਿੱਚ, 2030 ਲਈ ਪੀ.ਆਰ.ਐਸ ਦਾ ਟੀਚਾ 7.3 ਪ੍ਰਤੀਸ਼ਤ ਗਰੀਬੀ ਦਰ ਹੈ।

ਮਹਾਂਮਾਰੀ ਦੇ ਸਮੇਂ ਦਿੱਤੇ ਗਏ ਐਮਰਜੈਂਸੀ ਲਾਭਾਂ ਨੇ ਆਮਦਨੀ ਸਹਾਇਤਾ ਦੀ ਮਹੱਤਵਪੂਰਨ ਭੂਮਿਕਾ ਇਹ ਰਹੀ ਕਿ ਇਸ ਨੇ ਲੋਕਾਂ ਦੀ ਰਿਹਾਇਸ਼ ਨੂੰ ਕਾਇਮ ਰੱਖਣ ਅਤੇ ਭੋਜਨ ਦੀ ਅਸੁਰੱਖਿਆ ਨੂੰ ਘਟਾਉਣ ਵਿੱਚ ਵਧੀਆ ਪ੍ਰਦਰਸ਼ਨ ਕੀਤਾ। ਖਾਸ ਤੌਰ 'ਤੇ ਜਦੋਂ ਇਸ ਦੇ ਨਾਲ ਨਾਲ ਸਰਕਾਰ ਵੱਲੋਂ ਰੈਂਟ-ਫ੍ਰੀਜ਼ ਅਤੇ ਘਰ-ਬੇਦਖਲੀ ਉੱਪਰ ਪਾਬੰਦੀਆਂ ਲਾਈਆ ਗਈਆਂ ਸਨ। ਇਸ ਤੋਂ ਇਲਾਵਾ, ਮਹਾਂਮਾਰੀ ਲਾਭ-ਪਾਤਰਾਂ ਦੇ ਸਰਵੇਖਣਾਂ ਨੇ ਸੰਕੇਤ ਦਿੱਤਾ ਕਿ ਗਰੀਬੀ ਦੇ ਅੰਕੜਿਆਂ ਵਿੱਚ ਗਿਣੇ ਗਏ ਲੋਕਾਂ ਨਾਲੋਂ ਬਹੁਤ ਸਾਰੇ ਲੋਕ ਇਸ ਦੌਰਾਨ ਸ਼ੈਲਟਰ, ਭੋਜਨ ਅਤੇ ਹੋਰ ਜ਼ਰੂਰੀ ਚੀਜ਼ਾਂ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਸਨ। ਕੁਝ ਲਾਭ-ਪਾਤਰਾਂ ਨੇ ਇਸ ਨਾਲ ਨਾਜ਼ੁਕ ਅਤੇ ਘੱਟ ਤਨਖਾਹ ਦੀਆਂ ਸਥਿਤੀਆਂ ਸਮੇਂ ਆਪਣੇ ਤਣਾਅ ਦੇ ਪੱਧਰਾਂ ਵਿੱਚ ਮਹੱਤਵਪੂਰਨ ਸੁਧਾਰ ਨੋਟ ਕੀਤੇ, ਹਾਲਾਂਕਿ ਇਹ ਅਸਥਾਈ ਹੀ ਸਨ ।ਇਹ ਆਮਦਨ ਦਾ ਰੂਪ ਇੱਕ ਗਾਰੰਟੀਸ਼ੁਦਾ ਸੀ, ਜੋ ਕਿ ਨਾਜ਼ੁਕ ਅਤੇ ਘੱਟ ਤਨਖਾਹ ਦੀਆਂ ਹੋਰ ਸਥਿਤੀਆਂ ਵਿੱਚ ਵੀ ਗੰਭੀਰ ਸੁਝਾਅ ਦਿੰਦਾ ਹੈ।

ਹਾਲਾਂਕਿ, ਮਹਾਂਮਾਰੀ ਦਾ ਪ੍ਰਭਾਵ ਵੱਖ-ਵੱਖ ਜਨਸੰਖਿਆ ਪਰਤਾਂ ਵਿੱਚ ਵੱਖੋ-ਵੱਖਰਾ ਹੈ। ਆਮਦਨ-ਸੁਰੱਖਿਆ ਲਈ ਸਭ ਤੋਂ ਵੱਧ ਜ਼ਰੂਰਤਮੰਦਾਂ ਵਿੱਚੋਂ ਬਹੁਤ ਸਾਰੇ ਮਹਾਂਮਾਰੀ ਲਾਭਾਂ ਲਈ ਅਯੋਗ ਸਨ, ਜਿਸ ਵਿੱਚ ਬਹੁਤ ਘੱਟ ਆਮਦਨ ਵਾਲੇ ਲੋਕ ਸ਼ਾਮਲ ਹਨ ਜਿਵੇਂਕਿ ਸਮਾਜਿਕ ਸਹਾਇਤਾ ਨਾਲ ਗੁਜ਼ਾਰੇ ਵਾਲੇ ਲੋਕ ਅਤੇ ਟੈਂਪਰੇਰੀ ਇਮੀਗ੍ਰੇਸ਼ਨ ਵਾਲੇ ਲੋਕ। ਇਹ ਇਸ ਤੱਥ ਵੱਲ ਇਸ਼ਾਰਾ ਹੈ ਕਿ ਐਮਰਜੈਂਸੀ-ਲਾਭ ਗਰੀਬੀ ਘਟਾਉਣ ਦੇ ਉਪਾਅ ਦੇ ਤੌਰ 'ਤੇ ਨਹੀਂ ਸਮਝੇ ਜਾ ਸਕਦੇ। ਫਿਰ ਵੀ, MBM ਦੇ ਅਨੁਸਾਰ, ਬੱਚਿਆਂ ਦੀ ਗਰੀਬੀ ਦਰ, 2015 ਦੇ ਮੁਕਾਬਲੇ 2020 ਵਿੱਚ ਲਗਭਗ ਤਿੰਨ-ਚੌਥਾਈ ਘਟ ਗਈ ਹੈ, ਜਦੋਂ ਕਿ ਬਜ਼ੁਰਗਾਂ ਵਿੱਚ ਗਰੀਬੀ ਅੱਧੇ ਤੋਂ ਵੱਧ ਹੈ। ਬਾਲਗ-ਗਰੀਬੀ ਵਿੱਚ ਇੱਕ ਮਹੱਤਵਪੂਰਨ ਕਮੀ ਦੇਖੀ ਗਈ। ਬਦਕਿਸਮਤੀ ਨਾਲ, ਮਹਾਂਮਾਰੀ ਦੇ ਲਾਭਾਂ ਦੀ ਮਿਆਦ ਖਤਮ ਹੋਣ ਤੋਂ ਬਾਅਦ ਦੇ ਸਾਲਾਂ ਵਿੱਚ ਗਰੀਬੀ ਦਰਾਂ ਵਿੱਚ ਵਾਧਾ ਹੋਇਆ। ਬਜ਼ੁਰਗਾਂ ਲਈ ਸਥਿਤੀ ਖਾਸ ਤੌਰ 'ਤੇ ਮਾੜੀ ਹੈ: ਉਨ੍ਹਾਂ ਦੀ ਗਰੀਬੀ ਦਰ, ਜਿਵੇਂ ਕਿ ਘੱਟ-ਆਮਦਨ ਦੇ ਮਾਪ ਤੋਂ ਬਾਅਦ-ਟੈਕਸ (LIM-AT) ਦੁਆਰਾ ਮਾਪੀ ਗਈ, ਵਧ ਕੇ 15.4 ਪ੍ਰਤੀਸ਼ਤ ਹੋ ਗਈ, 2015 ਦੇ ਪੱਧਰ ਤੋਂ ਉੱਚਾ ਹੈ, ਹਾਲਾਂਕਿ ਭੰ ਦਰ ਬਹੁਤ ਜ਼ਿਆਦਾ ਨਹੀਂ ਵਧੀ ਹੈ।

ਇਹ ਨਤੀਜੇ ਇੱਕ ਨਾਜ਼ੁਕ ਸਮਝ ਨੂੰ ਉਜਾਗਰ ਕਰਦੇ ਹਨ: ਮੌਜੂਦਾ ਫੈਡਰਲ PRS ਵਿੱਚ ਆਸ਼ਾਵਾਦ ਦੀ ਕਮੀ ਹੈ।

**ਬਜ਼ਟ ਲਈ ਕਾਰਵਾਈ ਦੀ ਜ਼ਰੂਰਤ**

**ਗਰੀਬੀ ਘਟਾਉਣ ਦੇ ਟੀਚੇ ਨੂੰ ਤੇਜ਼ ਕਰੋ** :- AFB (ਅਲਟਰਨੇਟਿਵ ਫੈਡਰਲ ਬਜ਼ਟ) ਦੀ ਸਿਫਾਰਸ਼ 2030 ਦੀ ਬਜਾਏ 2027 ਤੱਕ MBM ਗਰੀਬੀ ਦਰ ਵਿੱਚ 50 ਪ੍ਰਤੀਸ਼ਤ ਕਮੀ ਦਾ ਟੀਚਾ ਬਣਾ ਕੇ PRS ਵਿੱਚ ਸੁਧਾਰ ਕਰੇਗਾ। ਇਹ 2031 ਤੱਕ ਗਰੀਬੀ ਨੂੰ ਖਤਮ ਕਰੇਗਾ। AFB ਦੀ ਸਿਫਾਰਸ਼ ਰਾਹੀਂ MBM ਗਰੀਬੀ ਦਰ ਘਟਾਉਣ ਦੇ ਟੀਚਿਆਂ ਨੂੰ ਉਪ-ਸਮੂਹਾਂ ਤੱਕ ਵਧਾਏਗਾ ਤਾਂਕਿ ਹਰੇਕ ਨੂੰ ਆਪਣੇ 2015 ਦੇ ਅਧਾਰ ਤੋਂ 2027 ਤੱਕ 50 ਪ੍ਰਤੀਸ਼ਤ ਦੀ ਕਮੀ ਨਜ਼ਰ ਆਵੇਗੀ। ਇਹਨਾਂ ਉਪ ਸਮੂਹਾਂ ਵਿੱਚ ਇਤਿਹਾਸਕ ਤੌਰ 'ਤੇ ਹਾਸ਼ੀਏ 'ਤੇ ਰਹਿ ਗਏ ਸਮੂਹ ਸ਼ਾਮਲ ਹੋਣਗੇ ਜਿਵੇਂ ਕਿ: ਫਸਟ ਨੇਸ਼ਨਜ਼, ਇਨਯੂਟ ਅਤੇ ਮੈਟਿਸ ਪੀਪਲਜ਼, ਨਸਲੀ ਸਮੂਹ, ਨਵੇਂ ਇਮੀਗ੍ਰੈਂਟਸ, ਅਪਾਹਜ ਲੋਕ, 2SLGBTQ+ ਲੋਕ, ਔਰਤਾਂ ਅਤੇ ਲਿੰਗ-ਵਿਭਿੰਨ ਲੋਕ ਅਤੇ ਸਿੰਗਲ-ਮਾਪੇ ਵਾਲੇ ਪਰਿਵਾਰ।

AFB ਅੱਤ-ਗ਼ਰੀਬੀ ਨੂੰ ਘਟਾਉਣ ਲਈ ਪੀ.ਆਰ.ਐਸ ਦਾ ਵਿਸਤਾਰ ਵੀ ਕਰੇਗਾ, ਜੋ ਕਿ ਉਹਨਾਂ ਦੇ ਸਬੰਧਤ



ਘਰੇਲੂ ਗਰੀਬੀ ਰੇਖਾ ਤੋਂ ਘੱਟ ਤੋਂ ਘੱਟ 50 ਪ੍ਰਤੀਸ਼ਤ ਤੋਂ ਹੇਠਾਂ ਰਹਿ ਰਹੇ ਹਨ। ਇਹ ਟੀਚਾ ਲੋਕਾਂ ਨੂੰ ਘੱਟ ਆਮਦਨੀ ਦੀ ਰੇਖਾ ਤੋਂ ਉੱਪਰ ਚੁੱਕਣਾ ਅਤੇ ਗਰੀਬੀ ਦੀ ਗੰਭੀਰਤਾ ਨੂੰ ਮਹੱਤਵਪੂਰਨ ਤੌਰ 'ਤੇ ਘਟਾਉਣਾ ਹੋਣਾ ਚਾਹੀਦਾ ਹੈ। AFB ਲਾਗੂ ਕਰਕੇ 2027 ਤੱਕ ਅੱਤ ਗਰੀਬੀ ਵਿੱਚ ਲੋਕਾਂ ਦੀ ਗਿਣਤੀ ਵਿੱਚ ਇੱਕ ਤਿਹਾਈ ਤੱਕ ਕਮੀ ਦਾ ਟੀਚਾ ਰੱਖੇਗਾ।

ਕੈਨੇਡਾ ਸਰਕਾਰ ਹੌਲੀ-ਹੌਲੀ ਪੰਘੂੜੇ ਤੋਂ ਕਬਰ ਦੀ ਆਮਦਨ ਸੁਰੱਖਿਆ ਦੀ ਇਨਕਮ ਸਪੋਰਟ ਦੇ ਚਾਰ ਥੰਮ੍ਹਾਂ ਨੂੰ ਯਕੀਨੀ ਬਣਾਉਣ ਵਾਲੀ ਇੱਕ ਪ੍ਰਣਾਲੀ ਬਣਾ ਰਿਹਾ ਹੈ, ਹਾਲਾਂਕਿ ਇਹ ਪ੍ਰਣਾਲੀ ਪੂਰੀ ਹੋਣ ਤੋਂ ਬਹੁਤ ਦੂਰ ਹੈ। ਇਹ ਓਲਡ ਏਜ ਸਕਿਓਰਿਟੀ (ਓ.ਏ.ਐਸ) ਅਤੇ ਗਰੰਟੀਡ ਇਨਕਮ ਸਪਲੀਮੈਂਟ (ਜੀ.ਆਈ.ਐਸ) ਦੁਆਰਾ ਬਜ਼ੁਰਗਾਂ ਲਈ ਵਿਆਪਕ ਸਹਾਇਤਾ ਦੇ ਪਹਿਲੇ ਥੰਮ੍ਹ ਨਾਲ ਸ਼ੁਰੂ ਹੋਇਆ ਸੀ। ਕੈਨੇਡਾ ਚਾਈਲਡ ਬੈਨੀਫਿਟ ਦੀ ਸਿਰਜਣਾ ਨਾਲ ਬਹੁਤ ਸਾਰੇ ਪਰਿਵਾਰਾਂ ਲਈ ਸਹਾਇਤਾ ਵਿੱਚ ਸੁਧਾਰ ਹੋਇਆ ਹੈ ਜਿਨ੍ਹਾਂ ਵਿੱਚ ਬੱਚੇ ਦੂਜਾ ਥੰਮ ਸਨ। ਹਾਲਾਂਕਿ, ਘੱਟ-ਆਮਦਨੀ ਵਾਲੇ ਬਾਲਗਾਂ ਲਈ ਸਹਾਇਤਾ ਹੀ ਮਿਲੀ ਹੈ ਜਿਸ ਵਿੱਚ ਪੂਰੀ ਤਰ੍ਹਾਂ ਨਾਕਾਫ਼ੀ ਸਾਬਤ ਹੋਏ ਸੂਬਾਈ ਅਤੇ ਖੇਤਰੀ ਸਮਾਜਿਕ ਸਹਾਇਤਾ ਪ੍ਰੋਗਰਾਮਾਂ ਤੋਂ ਇਲਾਵਾ, ਤੀਜਾ ਥੰਮ੍ਹ ਦੀ ਘਾਟ ਵਿਖਾਈ ਦਿੰਦੀ ਹੈ। ਬਾਲਗਾਂ ਲਈ ਮੁੱਖ ਪ੍ਰੋਗਰਾਮ ਕੈਨੇਡਾ ਵਰਕਰਜ਼ ਬੈਨੀਫਿਟ (CWB) ਹੈ, ਜਿਸਦੀ ਲਾਭ ਰਾਸ਼ੀਆਂ ਵਿੱਚ 2015 ਤੋਂ ਵਾਰ-ਵਾਰ ਵਾਧਾ ਹੋਇਆ ਹੈ। ਹਾਲਾਂਕਿ, ਇਸਦੀ ਮੂਲ ਨੁਕਸ ਨੂੰ ਕਦੇ ਵੀ ਹੱਲ ਨਹੀਂ ਕੀਤਾ ਗਿਆ ਹੈ: ਇਸਨੂੰ ਪ੍ਰਾਪਤ ਕਰਨ ਲਈ ਪੈਸਾ ਕਮਾਉਣਾ ਪੈਂਦਾ ਹੈ। ਜਿਵੇਂ ਕਿ ਸਭ ਤੋਂ ਅੱਤ ਗਰੀਬੀ ਵਿੱਚ ਬਾਲਗ ਪੈਸੇ ਨਹੀਂ ਕਮਾਉਂਦੇ ਅਤੇ CWB ਉਹਨਾਂ ਦੀ ਮਦਦ ਨਹੀਂ ਕਰਦਾ।

ਬਜਟ 2024 ਨੇ ਨਵਾਂ ਕੈਨੇਡਾ ਡਿਸਏਬਿਲਟੀ ਬੈਨੀਫਿਟ ਪੇਸ਼ ਕੀਤਾ, ਪਰ ਇਹ ਬੁਰੀ ਤਰ੍ਹਾਂ ਨਾਕਾਫੀ ਹੈ। ਇਸ ਦੇ ਨਿਵੇਸ਼ ਅਤੇ ਪ੍ਰਸ਼ਾਸਨ ਨੂੰ ਅਪੰਗਤਾ ਐਡਵੋਕੇਟਾਂ ਦੀਆਂ ਸਿਫ਼ਾਰਸ਼ਾਂ ਨਾਲ ਇਕਸਾਰ ਕਰਨ ਲਈ ਸੋਧਣ ਦੀ ਜ਼ਰੂਰਤ ਹੈ, ਜੋਕਿ ਆਮਦਨੀ ਦਾ ਚੌਥਾ ਮਹੱਤਵਪੂਰਨ ਥੰਮ ਬਣ ਸਕਦਾ ਹੈ ਅਤੇ ਅਪਾਹਜ ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਣ ਦੇ ਆਪਣੇ ਟੀਚੇ ਨੂੰ ਪ੍ਰਾਪਤ ਕਰ ਸਕਦਾ ਹੈ।

**ਥੰਮ੍ਹ 1; ਸੀਨੀਅਰਸ**

ਬਜ਼ੁਰਗਾਂ ਦੀ ਗਰੀਬੀ-ਦਰ ਦੂਸਰੇ ਜਨਸੰਖਿਆ ਸਮੂਹਾਂ ਨਾਲੋਂ ਘੱਟ ਹੈ, ਪਰ ਉਹ ਸਭ ਤੋਂ ਜਟਿਲ ਹਨ। ਇਹ ਇਸ ਲਈ ਹੈ ਕਿਉਂਕਿ, ਬਜ਼ੁਰਗਾਂ ਦੀ ਗਰੀਬੀ ਨੂੰ ਨਿਸ਼ਾਨਾ ਬਣਾਉਣ ਦੇ ਉਪਾਅ, ਅੰਸ਼ਕ ਤੌਰ 'ਤੇ ਹਨ ਅਤੇ ਦੂਜੇ ਉਮਰ ਦੇ ਸਮੂਹਾਂ ਦੇ ਪ੍ਰੋਗਰਾਮਾਂ ਦੀ ਤਰ੍ਹਾਂ ਕਦੇ ਵੀ ਗੰਭੀਰ ਨਹੀਂ ਰਹੇ ਹਨ। ਪਿਛਲੇ ਕਈ ਫੈਡਰਲ ਬਜਟਾਂ ਵਿੱਚੋਂ ਇੱਕ ਸਭ ਤੋਂ ਵੱਡੀ ਤਬਦੀਲੀ 75 ਸਾਲ ਦੀ ਉਮਰ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ OAS ਵਿੱਚ 10 ਪ੍ਰਤੀਸ਼ਤ ਦਾ ਵਾਧਾ ਹੈ। OAS ਪ੍ਰਾਪਤ ਕਰਨ ਵਾਲੇ ਜ਼ਿਆਦਾਤਰ ਸੀਨੀਅਰ ਲੋਕ ਪਹਿਲਾਂ ਹੀ ਗਰੀਬੀ ਰੇਖਾ ਤੋਂ ਉੱਪਰ ਹਨ। ਨਾਲ ਹੀ, ਜਿਹੜੇ ਲੋਕ ਆਪਣੇ ਕੰਮਕਾਜੀ ਜੀਵਨ ਵਿੱਚ ਘੱਟ ਆਮਦਨੀ ਅਤੇ ਗਰੀਬੀ ਦਾ ਅਨੁਭਵ ਕਰਦੇ ਹਨ, ਉਹ ਜਲਦੀ ਮਰ ਜਾਂਦੇ ਹਨ ਅਤੇ OAS ਬੂਸਟ ਦਾ ਅਨੁਭਵ ਕਰਨ ਲਈ 75 ਤੱਕ ਜੀਉਣ ਦੀ ਸੰਭਾਵਨਾ ਘੱਟ ਹੁੰਦੀ ਹੈ।

AFB ਸਿਫਾਰਸ਼, 10 ਪ੍ਰਤੀਸ਼ਤ, ਜਾਂ $875 ਇੱਕ ਸਾਲ ਨੂੰ ਰੱਦ ਕਰੇਗਾ, 75 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ OAS ਨੂੰ ਹੁਲਾਰਾ ਦੇਵੇਗਾ ਅਤੇ GIS ਵਿੱਚ $875 ਇੱਕ ਸਾਲ ਦੇ ਬੂਸਟ ਨੂੰ ਲਾਗੂ ਕਰੇਗਾ, 65 ਸਾਲ ਦੀ ਉਮਰ ਤੋਂ ਤੁਰੰਤ ਸ਼ੁਰੂ ਕਰਦੇ ਹੋਏ । ਇਹ ਯਕੀਨੀ ਬਣਾਏਗਾ ਕਿ ਜਿਹੜੇ ਲੋਕ ਘੱਟ ਉਮਰ ਵਿੱਚ ਰਹਿੰਦੇ ਹਨ। ਉਹਨਾਂ ਦੇ ਕੰਮਕਾਜੀ ਸਾਲਾਂ ਦੌਰਾਨ ਆਮਦਨ ਉਹਨਾਂ ਦੀ ਸੇਵਾ-ਮੁਕਤੀ ਦੇ ਸਾਲਾਂ ਵਿੱਚ ਗਰੀਬੀ ਤੋਂ ਵਧੇਰੇ ਸੁਰੱਖਿਅਤ ਹੋ ਜਾਵੇਗੀ।

**ਥੰਮ੍ਹ 2: ਬੱਚੇ**

ਕੈਨੇਡਾ ਚਾਈਲਡ ਬੈਨੀਫਿਟ (CCB) ਨੇ ਬੱਚਿਆਂ ਵਾਲੇ ਪਰਿਵਾਰਾਂ ਦੀ ਸਹਾਇਤਾ ਕਰਨ ਵਿੱਚ ਇੱਕ ਮਹੱਤਵਪੂਰਨ ਵਾਧਾ ਵਿਖਾਇਆ ਹੈ। ਹਾਲਾਂਕਿ, ਬਾਲ ਗਰੀਬੀ ਖਾਤਮੇ ਦਾ ਟੀਚਾ ਅਜੇ ਕੋਹਾਂ ਦੂਰ ਹੈ। ਆਮਦਨੀ ਸਹਾਇਤਾ ਦੇ ਦੂਜੇ ਥੰਮ੍ਹ ਨੂੰ ਮਜ਼ਬੂਤ ਕਰਨ ਲਈ, AFB ਸਿਫਾਰਸ਼ ਕਰਦੀ ਹੈ ਕਿ ਗਰੀਬੀ ਖਾਤਮਾ ਸਪਲੀਮੈਂਟ (CCB-EndPov) ਨੂੰ ਸੀ.ਸੀ.ਬੀ. ਅਤੇ ਕੈਨੇਡਾ ਵਿੱਚ ਰਹਿ ਰਹੇ ਸਾਰੇ ਬੱਚਿਆਂ ਲਈ ਯੋਗਤਾ ਦਾ ਵਿਸਤਾਰ ਕੀਤਾ ਜਾਵੇ।

CCB-EndPov ਵਾਧੂ ਬੱਚਿਆਂ ਲਈ ਸਕੇਲ ਕਟੌਤੀਆਂ ਅਤੇ ਇਸ ਤੋਂ ਇਲਾਵਾ ਉਮਰ ਹੱਦ ਦੀ ਮਿਆਦ ਬਿਨਾਂ, $19,000 ਤੋਂ ਘੱਟ ਕਮਾਉਣ ਵਾਲੇ ਮਰਦਮਸ਼ੁਮਾਰੀ ਵਾਲੇ ਪਰਿਵਾਰ ਵਿੱਚ ਪਹਿਲੇ ਬੱਚੇ ਲਈ ਸਾਲਾਨਾ $8,500 ਤੱਕ ਦੀ ਪੇਸ਼ਕਸ਼ ਕਰੇਗਾ। ਉਦਾਹਰਨ ਲਈ, ਛੇ ਸਾਲ ਤੋਂ ਘੱਟ ਉਮਰ ਦੇ ਇੱਕ ਬੱਚੇ ਲਈ 2025 ਵਿੱਚ $7,787 ਦੇ ਮਿਆਰੀ CCB ਤੋਂ ਇਲਾਵਾ, End Poverty Supplement CCB ਭੁਗਤਾਨ ਨੂੰ ਇੱਕ ਸਾਲ ਵਿੱਚ $19,000 ਤੋਂ ਘੱਟ ਕਮਾਈ ਕਰਨ ਵਾਲੇ ਪਰਿਵਾਰ ਲਈ $16,287 ($8,500 + $7,787) ਤੱਕ ਵਧਾਏਗਾ। ਇਹ ਪਹਿਲਕਦਮੀ ਘਰੇਲੂ ਵਿੱਤੀ ਸਥਿਰਤਾ ਵਿੱਚ ਕਾਫ਼ੀ ਸੁਧਾਰ ਕਰੇਗੀ।

ਗਰੀਬੀ ਖਾਤਮਾ ਸਪਲੀਮੈਂਟ ਦੀ ਲਾਗਤ ਨੂੰ ਪੂਰਾ ਕਰਨ ਅਤੇ ਆਮਦਨੀ ਅਸਮਾਨਤਾ ਦਾ ਮੁਕਾਬਲਾ ਕਰਨ ਲਈ, AFB ਸਿਫਾਰਸ਼, ਅੰਤਮ ਪੜਾਅ ਵਿੱਚ CCB ਲਾਭਾਂ ਨੂੰ ਹੋਰ ਤੇਜ਼ ਕਰੇਗਾ। 2025 ਵਿੱਚ $79,093 ਤੋਂ ਵੱਧ ਕਮਾਈ ਕਰਨ ਵਾਲੇ ਪਰਿਵਾਰਾਂ ਲਈ ਅੰਤਿਮ CCB ਪੜਾਅ ਸ਼ੁਰੂ ਹੁੰਦਾ ਹੈ। AFB ਇਸ ਅੰਤਮ ਪੜਾਅ ਵਿੱਚ ਇੱਕ ਚੌਥਾਈ ਤੱਕ ਕਲੌਬੈਕ ਦਰਾਂ ਨੂੰ ਵਧਾ ਕੇ ਇਸਨੂੰ ਪੂਰਾ ਕਰੇਗਾ। ਇਹ ਅਡਜਸਟਮੈਂਟ ਸਿਖਰਲੇ 20 ਪ੍ਰਤੀਸ਼ਤ ਪਰਿਵਾਰਾਂ ਨੂੰ ਨਿਸ਼ਾਨਾ ਬਣਾਉਂਦੀ ਹੈ, ਜਨਤਕ ਫੰਡਾਂ ਨੂੰ ਸਭ ਤੋਂ ਵੱਧ ਆਮਦਨੀ ਵਾਲੇ ਲੋਕਾਂ ਤੋਂ ਉਹਨਾਂ

BAINS VISION CENTRE

New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ
Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

ਪਰਿਵਾਰਾਂ ਵੱਲ ਨੂੰ ਭੇਜਦਾ ਹੈ, ਜਿੱਥੇ ਇਹ ਹੋ ਸਕਦਾ ਹੈ ਗਰੀਬੀ ਵਿੱਚ ਰਹਿਣ ਜਾਂ ਵਿੱਤੀ ਸਥਿਰਤਾ ਵਿੱਚ ਫਰਕ ਲਿਆਵੇ। ਇਹ ਪਹੁੰਚ ਸਾਡੀਆਂ ਮਨੁੱਖੀ ਅਧਿਕਾਰਾਂ ਦੀਆਂ ਜ਼ਿੰਮੇਵਾਰੀਆਂ ਨਾਲ ਮੇਲ ਖਾਂਦੀ ਹੈ ਜਿਸ ਨਾਲ ਲੋਕਾਂ ਦੇ ਜੀਵਨ ਦੇ ਉੱਚ ਪੱਧਰ ਦੇ ਹੱਕ ਨੂੰ ਬਰਕਰਾਰ ਰੱਖਣ ਵਾਲੇ ਫੰਡ ਨਿਵੇਸ਼ਾਂ ਵਿੱਚ ਵਾਧਾ ਕਰਨਾ, ਪ੍ਰਭਾਵਸ਼ਾਲੀ ਅਤੇ ਬਰਾਬਰਤਾ ਵਾਲੇ ਤਰੀਕਿਆਂ ਨਾਲ ਰੈਵੀਨੀਉ ਪੈਦਾ ਕਰਨਾ ਹੈ ।

**ਥੰਮ੍ਹ 3: ਬਾਲਗ**

ਆਮਦਨੀ ਸਹਾਇਤਾ ਵਿੱਚ ਸਭ ਤੋਂ ਮਹੱਤਵਪੂਰਨ ਗੈਪ, ਉਹਨਾਂ ਬਾਲਗਾਂ ਲਈ ਮੌਜੂਦ ਹੈ, ਜਿਨ੍ਹਾਂ ਦੇ ਬੱਚੇ ਨਹੀਂ ਹਨ ਅਤੇ ਅਜੇ ਤੱਕ ਬਜ਼ੁਰਗ ਨਹੀਂ ਹਨ। ਇਸ ਸਮੂਹ ਲਈ ਮੁੱਖ ਫੇਡਰਲ ਸਹਾਇਤਾ ਕੈਨੇਡਾ ਵਰਕਰਜ਼ ਬੈਨੀਫਿਟ (CWB) ਹੈ, ਪਰ ਇਹ ਸਿਰਫ਼ ਉਹਨਾਂ ਤੱਕ ਪਹੁੰਚਦੀ ਹੈ ਜੋ ਘੱਟੋ-ਘੱਟ $3,000 ਇੱਕ ਸਾਲ ਕਮਾਉਂਦੇ ਹਨ। ਹਾਲਾਂਕਿ ਛੇ ਘਰਾਂ ਵਿੱਚੋਂ ਇੱਕ, ਭੋਜਨ ਦੀ ਅਸੁਰੱਖਿਆ ਦਾ ਅਨੁਭਵ ਕਰਨ ਵਾਲੇ ਪਰਿਵਾਰ, ਆਪਣੀ ਆਮਦਨ ਦੇ ਮੁੱਖ ਸਰੋਤ ਵਜੋਂ ਤਨਖਾਹਾਂ ਜਾਂ ਸਵੈ-ਰੁਜ਼ਗਾਰ 'ਤੇ ਨਿਰਭਰ ਕਰਦੇ ਹਨ, ਅੱਤ ਗਰੀਬੀ ਵਾਲੇ ਇਨ੍ਹਾਂ ਦੇ ਵਿੱਚ ਜ਼ਿਆਦਾਤਰ ਬਾਲਗ ਕੰਮ ਨਹੀਂ ਕਰ ਰਹੇ ਹਨ, ਇਸ ਲਈ CWB ਉਹਨਾਂ ਦੀ ਮਦਦ ਨਹੀਂ ਕਰ ਸਕਦਾ। ਆਮਦਨੀ ਸਹਾਇਤਾ ਦਾ ਦੂਜਾ ਪ੍ਰਮੁੱਖ ਸਰੋਤ ਸੂਬਾਈ ਅਤੇ ਖੇਤਰੀ ਸਮਾਜਿਕ ਸਹਾਇਤਾ ਹੈ, ਜੋ ਪ੍ਰਾਪਤ ਕਰਨ ਲਈ ਔਖਾ ਅਤੇ ਗਰੀਬੀ ਰੇਖਾ ਤੱਕ ਪਹੁੰਚਣ ਲਈ ਵੀ ਪੂਰੀ ਤਰ੍ਹਾਂ ਨਾਕਾਫ਼ੀ ਹੈ।

ਬਾਲਗਾਂ ਨੂੰ ਛੋਟੀ GST ਛੋਟ ਅਤੇ ਕੈਨੇਡਾ ਕਾਰਬਨ ਛੋਟ ਵੀ ਮਿਲਦੀ ਹੈ, ਜਿਨ੍ਹਾਂ ਦੋਵਾਂ ਨੂੰ ਪ੍ਰਾਪਤ ਕਰਨ ਲਈ ਹੋਰ ਆਮਦਨ ਦੀ ਲੋੜ ਨਹੀਂ ਹੁੰਦੀ ਹੈ ਪਰ, ਜੇਕਰ ਕੱਟਿਆ ਜਾਂਦਾ ਹੈ, ਤਾਂ ਘੱਟ ਆਮਦਨੀ ਵਾਲੇ ਪਰਿਵਾਰਾਂ 'ਤੇ ਅਸਰ ਪਵੇਗਾ। ਇਸ ਮੁੱਦੇ ਨੂੰ ਹੱਲ ਕਰਨ ਲਈ, AFB ਸਿਫਾਰਸ਼ ਕੰਮ ਕਰਨ ਦੀ ਉਮਰ ਦੇ ਬਾਲਗਾਂ (18-64 ਸਾਲ) ਲਈ, ਜੋ ਵਿਦਿਆਰਥੀ ਨਹੀਂ ਹਨ, ਇੱਕ ਨਵੀਂ ਕੈਨੇਡਾ ਰਹਿਣਯੋਗ ਆਮਦਨ (CLI) ਲਾਗੂ ਕਰੇਗਾ (CWB) ਵਿੱਚ ਵਿਦਿਆਰਥੀ ਦੀ ਬੇਦਖਲੀ ਨੀਤੀ ਦੇ ਬਰਾਬਰ)। ਬੱਚਿਆਂ ਵਾਲੇ ਪਰਿਵਾਰਾਂ ਨੂੰ CLI ਪ੍ਰਾਪਤ ਨਹੀਂ ਹੋਵੇਗਾ; ਉਹਨਾਂ ਨੂੰ ਗਰੀਬੀ ਸਪਲੀਮੈਂਟ **ਦੀ ਥਾਂ** ਬਹੁਤ ਸੁਧਰਿਆ ਹੋਇਆ ਕੈਨੇਡਾ ਚਾਈਲਡ ਮਿਲੇਗਾ। ਇਹ ਇਸ ਜਨਸੰਖਿਆ ਲਈ ਬਹੁਤ ਲੋੜੀਂਦਾ ਸੁਰੱਖਿਆ ਪ੍ਰਦਾਨ ਕਰੇਗਾ, ਇਹ ਯਕੀਨੀ ਬਣਾਵੇਗਾ ਕਿ ਉਹਨਾਂ ਕੋਲ ਬੁਨਿਆਦੀ ਲੋੜਾਂ ਤੱਕ ਪਹੁੰਚ ਹੋ ਜਾਵੇ।

CLI ਸਿੰਗਲਜ਼ ਲਈ $9,000 ਪ੍ਰਤੀ ਸਾਲ ਅਤੇ ਜੋੜਿਆਂ ਲਈ $11,000 ਪ੍ਰਤੀ ਸਾਲ ਦਾ ਇੱਕ ਨਵਾਂ ਲਾਭ ਹੈ। ਇਸ ਲਾਭ ਵਿੱਚ ਇੱਕ ਕਲੌਬੈਕ ਰੀਕਵਰੀ ਦਿਖਾਈ ਦੇਵੇਗੀ ਜੋ ਕਮਾਈ ਹੋਈ ਆਮਦਨ ਦੇ ਪ੍ਰਤੀ ਡਾਲਰ 50 ਸੈਂਟ ਦੀ ਦਰ ਨਾਲ ਤੁਰੰਤ ਸ਼ੁਰੂ ਹੋਵੇਗੀ। ਇਸ ਦਾ ਮਤਲਬ ਹੈ ਕਿ ਜਿਵੇਂ-ਜਿਵੇਂ ਵਿਅਕਤੀ ਆਮਦਨ ਕਮਾਉਣਾ ਸ਼ੁਰੂ ਕਰਦੇ ਹਨ, ਲਾਭ ਹੌਲੀ-ਹੌਲੀ ਘਟ ਹੁੰਦਾ ਜਾਵੇਗਾ।

CLI ਦਾ ਦੂਜਾ ਪੜਾਅ, ਪਰਿਵਾਰ ਦੇ ਆਕਾਰ ਲਈ ਐਡਜਸਟ ਕੀਤਾ ਗਿਆ, ਪ੍ਰਤੀ ਬਾਲਗ $1,460 ਵਾਧੂ ਪ੍ਰਦਾਨ ਕਰੇਗਾ। ਇਹ ਦੂਜਾ ਪੜਾਅ ਪੰਜ ਪ੍ਰਤੀਸ਼ਤ ਦੀ ਘੱਟ ਦਰ 'ਤੇ $24,824 ਤੋਂ ਵੱਧ ਪਰਿਵਾਰਕ ਆਮਦਨੀ ਲਈ ਵਾਪਸ ਆਉਣਾ ਸ਼ੁਰੂ ਕਰੇਗਾ। ਜਿਨ੍ਹਾਂ ਦੀ ਆਮਦਨ ਗਰੀਬੀ ਰੇਖਾ ਤੋਂ ਉੱਪਰ ਹੈ ਉਹਨ੍ਹਾਂ ਨੂੰ ਦੂਜੇ ਪੜਾਅ ਦੀ ਛੋਟੀ ਕੀਮਤ ਪਰ ਲੰਬੇ ਪੜਾਅ ਦੇ ਬਾਹਰ ਹੋਣ ਨਾਲ ਮਦਦ ਮਿਲੇਗੀ। ਇਹ CLI ਪੁਰਾਣੇ CLI-CWB ਦੀ ਥਾਂ ਲਵੇਗਾ ਅਤੇ ਵਧੇਰੇ ਸਹਾਇਤਾ ਪ੍ਰਦਾਨ ਕਰਦਾ ਹੈ ਅਤੇ ਇਸ ਨੂੰ ਕੰਮਕਾਜੀ ਆਮਦਨ ਦੀ ਲੋੜ ਨਹੀਂ ਹੁੰਦੀ ਹੈ।

**ਥੰਮ੍ਹ 4: ਅਪਾਹਜ ਲੋਕ**

**$2,400** ਪ੍ਰਤੀ ਸਾਲ ਦੇ ਨਵੇਂ ਕੈਨੇਡਾ ਡਿਸਏਬਿਲਟੀ ਬੈਨੀਫਿਟ (CDB) ਦੇ ਬਜਟ 2024 ਵਿੱਚ ਪੇਸ਼ ਕਰਨਾ ਇੱਕ ਮਹੱਤਵਪੂਰਨ ਕਦਮ ਹੈ। ਬਦਕਿਸਮਤੀ ਨਾਲ, CDB ਜਿਵੇਂ ਕਿ ਪ੍ਰਸਤਾਵਿਤ ਹੈ, OAS ਅਤੇ GIS ਦੁਆਰਾ ਕੀਤੇ ਗਏ ਕੰਮਾਂ ਦਾ ਸਿਰਫ਼ 11 ਪ੍ਰਤੀਸ਼ਤ ਹੀ ਪ੍ਰਦਾਨ ਕਰਦਾ ਹੈ। CDB ਸਹਾਇਤਾ ਦੇ OAS/GIS ਪੱਧਰ ਤੱਕ ਪਹੁੰਚਣ ਦੀ ਇੱਛਾ ਰੱਖਦਾ ਹੈ, ਜੋ ਕਿ 2024 ਵਿੱਚ ਕੁੱਲ $21,346 ਸੀ। ਇਸ ਦੇ ਨਾਲ ਹੀ, ਪ੍ਰਸਤਾਵਿਤ CDB ਗਰੀਬੀ 'ਤੇ ਘੱਟ ਤੋਂ ਘੱਟ ਪ੍ਰਭਾਵ ਪਾਉਂਦਾ ਹੈ, ਸਿਰਫ 25,000 ਕੰਮ ਕਰਨ ਦੀ ਉਮਰ ਦੇ ਵਿਅਕਤੀਆਂ ਨੂੰ ਗਰੀਬੀ ਤੋਂ ਬਾਹਰ ਕੱਢਦਾ ਹੈ। ਨਤੀਜੇ ਵਜੋਂ, ਸੂਬਾਈ ਸਮਾਜਿਕ ਸਹਾਇਤਾ ਸਭ ਤੋਂ ਘੱਟ ਆਮਦਨ ਵਾਲੇ ਕੈਨੇਡੀਅਨ ਅਪਾਹਜ ਲਈ ਪ੍ਰਾਇਮਰੀ ਆਮਦਨ ਸਹਾਇਤਾ ਪ੍ਰੋਗਰਾਮ ਰਹੇਗਾ।

2024 ਦਾ ਬਜਟ ਅਪਾਹਿਜਤਾ ਟੈਕਸ ਕ੍ਰੈਡਿਟ (DTC) ਸਰਟੀਫਿਕੇਟ ਦੁਆਰਾ CDB ਯੋਗਤਾ ਨੂੰ ਪਰਿਭਾਸ਼ਿਤ ਕਰਦਾ ਹੈ। ਇਹ ਸਿਰਫ਼ ਯੋਗਤਾ ਲਈ ਇੱਕ ਸ਼ੁਰੂਆਤੀ ਬਿੰਦੂ ਹੋਣਾ ਚਾਹੀਦਾ ਹੈ। AFB ਅਪੰਗਤਾ ਦੀ ਸੰਘੀ ਪਰਿਭਾਸ਼ਾ ਦਾ ਤੇਜ਼ੀ ਨਾਲ ਵਿਸਤਾਰ ਕਰੇਗਾ ਤਾਂ ਜੋ ਵਿਆਪਕ ਪਰਿਭਾਸ਼ਾਵਾਂ ਨੂੰ ਸ਼ਾਮਲ ਕੀਤਾ ਜਾ ਸਕੇ, ਜਿਵੇਂ ਕਿ ਨਿੱਜੀ ਬੀਮਾ ਅਤੇ ਸੂਬਾਈ ਸਮਾਜਿਕ ਸਹਾਇਤਾ ਤੋਂ। ਕੁਝ ਖਾਸ ਕਿਸਮ ਦੀਆਂ ਅਪਾਹਜਤਾਵਾਂ, ਜਿਵੇਂ ਕਿ ਮਾਨਸਿਕ ਬਿਮਾਰੀ ਲਈ DTC ਸਰਟੀਫਿਕੇਟ ਪ੍ਰਾਪਤ ਕਰਨਾ ਔਖਾ ਹੁੰਦਾ ਹੈ। ਪਰਿਭਾਸ਼ਾ ਦੇ ਵਿਸਤਾਰ ਦੁਆਰਾ, AFB ਉਹਨਾਂ ਅਪਾਹਜਤਾਵਾਂ ਨੂੰ ਸ਼ਾਮਲ ਕਰਨ ਲਈ ਬਿਹਤਰ ਕੰਮ ਕਰੇਗਾ ਜਿਨ੍ਹਾਂ ਨੂੰ DTC ਪ੍ਰਕਿਰਿਆ ਤੋਂ ਬਾਹਰ ਰੱਖਿਆ ਗਿਆ ਹੈ।

CDB ਤੋਂ ਲਾਭ ਲੈਣ ਵਾਲੇ ਬਹੁਤ ਸਾਰੇ ਲੋਕਾਂ ਕੋਲ DTC ਸਰਟੀਫਿਕੇਟ ਨਹੀਂ ਹੈ ਕਿਉਂਕਿ ਉਹ ਸਰਟੀਫਿਕੇਟ ਸਿਰਫ਼ ਉਹਨਾਂ ਲੋਕਾਂ ਲਈ ਲਾਭਦਾਇਕ ਹੈ ਜਿਨ੍ਹਾਂ ਕੋਲ ਆਮਦਨ ਕਰ ਬਕਾਇਆ ਨੂੰ ਖਤਮ ਕਰਨ ਲਈ ਕਾਫ਼ੀ ਟੈਕਸ ਕ੍ਰੈਡਿਟ ਨਹੀਂ ਹੈ। ਹਾਲਾਂਕਿ, ਹੋਰ ਜਨਤਕ ਤੌਰ 'ਤੇ ਪ੍ਰਦਾਨ ਕੀਤੇ ਗਏ ਅਪੰਗਤਾ ਸਹਾਇਤਾ ਪ੍ਰੋਗਰਾਮਾਂ ਨੇ ਪਹਿਲਾਂ ਹੀ ਅਸਮਰਥਤਾਵਾਂ ਵਾਲੇ ਲੋਕਾਂ ਦੀ ਜਾਂਚ ਕੀਤੀ ਹੈ, ਖਾਸ ਤੌਰ 'ਤੇ ਕੈਨੇਡਾ ਪੈਨਸ਼ਨ ਪਲੈਨ ਡਿਸਏਬਿਲਟੀ (CPP-D) ਲਾਭ ਅਤੇ ਸੂਬਾਈ ਸਮਾਜਿਕ ਸਹਾਇਤਾ ਅਪੰਗਤਾ ਸਟ੍ਰੀਮਜ਼। ਇਹਨਾਂ ਹੋਰ ਪ੍ਰਕਿਰਿਆਵਾਂ ਵਿੱਚੋਂ ਲੰਘਣ ਤੋਂ ਬਾਅਦ ਡੀਟੀਸੀ ਅਰਜ਼ੀ ਪ੍ਰਕਿਰਿਆ ਦੁਆਰਾ ਅਪਾਹਜ ਲੋਕਾਂ ਨੂੰ ਮਜਬੂਰ ਕਰਨ ਦੀ ਕੋਈ ਲੋੜ ਨਹੀਂ ਹੈ। ਇਸ ਲਈ, AFB ਤੁਰੰਤ DTC ਸਰਟੀਫਿਕੇਟ ਵਾਲੇ ਲੋਕਾਂ ਜਾਂ CPP-D ਲਾਭ ਪ੍ਰਾਪਤ ਕਰ ਰਹੇ ਜਾਂ ਸੂਬਾਈ ਸਮਾਜਿਕ ਸਹਾਇਤਾ ਦੀ ਅਪੰਗਤਾ ਧਾਰਾ ਪ੍ਰਾਪਤ ਕਰਨ ਵਾਲੇ ਲੋਕਾਂ ਲਈ CDB ਲਈ ਯੋਗਤਾ ਦਾ ਵਿਸਥਾਰ ਕਰੇਗਾ। AFB/CDB ਦੇ ਉਦੇਸ਼ਾਂ ਲਈ ਅਪੰਗਤਾ ਦੇ ਸਬੂਤ ਵਜੋਂ ਵਰਕਰ ਮੁਆਵਜ਼ੇ ਜਾਂ ਨਿੱਜੀ ਅਪੰਗਤਾ ਬੀਮੇ ਦੀ ਲੰਬੇ ਸਮੇਂ ਦੀ ਪ੍ਰਾਪਤੀ ਦੀ ਸੰਭਾਵਨਾ ਦੀ ਵੀ ਜਾਂਚ ਕਰੇਗਾ।

ਅਪਾਹਜਤਾ ਲਾਭ ਅਕਸਰ ਉਹਨਾਂ ਦੇ ਬੇਤਰਤੀਬੇ ਅਤੇ ਫੁੱਟੇ ਸੁਭਾਅ ਦੁਆਰਾ ਦਰਸਾਏ ਜਾਂਦੇ ਹਨ। ਇੱਕ ਫੈਡਰਲ ਬੈਨੀਫਿਟ ਨੂੰ ਸੂਬਾਈ ਸਮਾਜਿਕ ਸਹਾਇਤਾ ਨਾਲ ਏਕੀਕ੍ਰਿਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ। CDB ਦੇ ਬੁਨਿਆਦੀ ਡਿਜ਼ਾਈਨ ਵਿੱਚ ਸੁਧਾਰ ਦੀ ਲੋੜ ਹੈ। ਵਰਤਮਾਨ ਵਿੱਚ, ਇਹ $23,000 ਦੀ ਵਿਅਕਤੀਗਤ ਆਮਦਨ ਜਾਂ $32,500 ਦੀ ਜੋੜੀ ਆਮਦਨ ਤੱਕ $2,400 ਇੱਕ ਸਾਲ ਪ੍ਰਦਾਨ ਕਰਦਾ ਹੈ ਅਤੇ ਫਿਰ ਡਾਲਰ 'ਤੇ 20 ਸੈਂਟ 'ਤੇ ਵਾਪਸੀ ਕਰਦਾ ਹੈ। ਲਾਭ $2,400 ਪ੍ਰਤੀ ਸਾਲ ਤੋਂ ਵੱਧ ਕੇ $9,000 ਹੋਣਾ ਚਾਹੀਦਾ ਹੈ। CDB ਵਰਤਮਾਨ ਵਿੱਚ ਇੱਕ ਐਪਲੀਕੇਸ਼ਨ-ਆਧਾਰਿਤ ਲਾਭ ਹੈ ਜਿਸਨੂੰ ਸੂਬਾਈ ਸਰਕਾਰਾਂ ਦੁਆਰਾ ਆਸਾਨੀ ਨਾਲ ਵਾਪਸ ਲਿਆ ਜਾ ਸਕਦਾ ਹੈ। AFB ਇਸਨੂੰ ਇੱਕ ਆਟੋਮੈਟਿਕ ਰਿਫੰਡੇਬਲ ਕ੍ਰੈਡਿਟ ਵਿੱਚ ਬਦਲ ਦੇਵੇਗਾ, ਜਿਸ ਨੂੰ ਪ੍ਰੋਵਿੰਸ ਵਾਪਸ ਨਹੀਂ ਲੈਂਦੇ। ਪ੍ਰੋਗਰਾਮ ਦਾ ਵਿਸਤਾਰ ਕਰਨ ਅਤੇ ਲਾਭ ਦੇ ਪੱਧਰ ਨੂੰ ਕਾਫ਼ੀ ਵਧਾ ਕੇ, 830,000 ਅਪਾਹਜਤਾ ਵਾਲੇ ਕੈਨੇਡੀਅਨਾਂ ਨੂੰ ਲਾਭ ਹੋਵੇਗਾ, 329,000 ਲੋਕਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਜਾਵੇਗਾ।

ਅਸਮਰਥ ਲੋਕਾਂ ਦੀ ਸਹਾਇਤਾ ਕਰਨਾ ਸਿਰਫ਼ ਆਮਦਨੀ ਸਹਾਇਤਾ ਬਾਰੇ ਨਹੀਂ ਹੋ ਸਕਦਾ; ਇਹ ਕੰਮ ਕਰਨ ਦੇ ਮੌਕਿਆਂ ਬਾਰੇ ਵੀ ਹੋਣਾ ਚਾਹੀਦਾ ਹੈ। ਅਵਸਰ ਫੰਡ ਇੱਕ ਲੰਬੇ ਸਮੇਂ ਤੋਂ ਚੱਲ ਰਿਹਾ ਐਡਹਾਕ ਪ੍ਰੋਗਰਾਮ ਹੈ ਜੋ ਹੁਨਰ ਅਤੇ ਕਰੀਅਰ ਦੇ ਵਿਕਾਸ ਦੇ ਨਾਲ-ਨਾਲ ਪੂਰਵ-ਰੁਜ਼ਗਾਰ ਅਤੇ ਰੁਜ਼ਗਾਰਯੋਗਤਾ ਸਹਾਇਤਾ ਦਾ ਸਮਰਥਨ ਕਰਦਾ ਹੈ। ਇਹ ਇੱਕ ਸਥਾਈ ਪ੍ਰੋਗਰਾਮ ਹੋਣਾ ਚਾਹੀਦਾ ਹੈ। ਵਰਤਮਾਨ ਵਿੱਚ 2026-27 ਵਿੱਚ ਖਤਮ ਹੋਣ ਲਈ ਸੈੱਟ ਕੀਤਾ ਗਿਆ ਹੈ, ਅਵਫਭ ਇਸਨੂੰ ਸਥਾਈ ਬਣਾ ਦੇਵੇਗਾ, ਇੱਕ ਸਾਲ ਵਿੱਚ $65 ਮਿਲੀਅਨ ਦੇ ਬਜਟ ਨਾਲ।

ਆਮਦਨੀ ਸਹਾਇਤਾ ਵਿੱਚ ਦਰਾਰਾਂ ਨੂੰ ਭਰੋ ਜਦੋਂ ਕਿ AFB ਆਮਦਨੀ ਸਹਾਇਤਾ ਵਿੱਚ ਉਪਰੋਕਤ ਮਹੱਤਵਪੂਰਨ ਤਬਦੀਲੀਆਂ ਨੂੰ ਲਾਗੂ ਕਰੇਗਾ, ਜੇਕਰ ਲੋਕ ਉਹਨਾਂ ਤੱਕ ਪਹੁੰਚ ਨਹੀਂ ਕਰ ਸਕਦੇ, ਤਾਂ ਗਰੀਬੀ ਬਣੀ ਰਹਿੰਦੀ ਹੈ। ਘੱਟ ਆਮਦਨ ਵਾਲੇ ਲੋਕ ਅਜੇ ਵੀ ਦਰਾੜਾਂ ਵਿੱਚੋਂ ਗੁਜ਼ਰ ਰਹੇ ਹਨ। AFB ਉਹਨਾਂ ਦਰਾਰਾਂ ਨੂੰ ਭਰਨ ਨੂੰ ਯਕੀਨੀ ਬਣਾਉਣ ਲਈ ਵਾਧੂ ਤਬਦੀਲੀਆਂ ਕਰੇਗਾ।

AFB ਇਹ ਯਕੀਨੀ ਬਣਾਏਗਾ ਕਿ ਕਿਸੇ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਇਨਕਮ ਟੈਕਸ ਪ੍ਰਣਾਲੀ ਤੋਂ ਆਮਦਨ ਸੁਰੱਖਿਆ ਪ੍ਰੋਗਰਾਮਾਂ ਤੱਕ ਪਹੁੰਚ ਕਰਨ ਵਿੱਚ ਕੋਈ ਰੁਕਾਵਟ ਨਹੀਂ ਹੈ। ਉਦਾਹਰਨ ਲਈ, AFB ਇਨਕਮ ਟੈਕਸ ਐਕਟ ਦੇ s.122.6 (e) ਨੂੰ ਰੱਦ ਕਰਕੇ CCB ਲਾਭਾਂ ਤੋਂ ਇਨਕਾਰ ਕਰਨ ਦੇ ਕਾਰਨ ਵਜੋਂ ਇੱਕ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ ਨੂੰ ਹਟਾ ਦੇਵੇਗਾ।

ਇਨਕਮ ਟੈਕਸ ਕੈਨੇਡਾ ਵਿੱਚ ਲਗਭਗ ਸਾਰੀਆਂ ਆਮਦਨੀ ਸਹਾਇਤਾ ਦੀ ਰਸੀਦ ਲਈ ਦਾਖਲਾ ਬਿੰਦੂ ਹਨ। ਹਾਲਾਂਕਿ, ਸਾਰੇ ਕੈਨੇਡੀਅਨ ਨਿਯਮਿਤ ਤੌਰ 'ਤੇ ਆਮਦਨ ਟੈਕਸ ਨਹੀਂ ਭਰਦੇ, ਖਾਸ ਤੌਰ 'ਤੇ ਘੱਟ ਆਮਦਨ ਵਾਲੇ ਲੋਕ ਜੋ ਬੈਕਡੇਟਿਡ ਆਮਦਨੀ ਸਹਾਇਤਾ ਪ੍ਰਾਪਤ ਕਰ ਸਕਦੇ ਹਨ। ਵਾਲੰਟੀਅਰ ਦੁਆਰਾ ਚਲਾਏ ਗਏ ਟੈਕਸ ਫਾਈਲਿੰਗ ਕਲੀਨਿਕ ਸਿਰਫ ਟੈਕਸ ਸੀਜ਼ਨ ਦੌਰਾਨ ਕੰਮ ਕਰਦੇ ਹਨ। ਹਾਲਾਂਕਿ, ਜਿਨ੍ਹਾਂ ਲੋਕਾਂ ਨੇ ਨਿਯਮਿਤ ਤੌਰ 'ਤੇ ਟੈਕਸ ਨਹੀਂ ਭਰਿਆ ਹੈ, ਉਨ੍ਹਾਂ ਨੂੰ ਸਾਲ ਭਰ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। AFB ਸਿਫਾਰਸ਼, 'ਕਮਿਊਨਿਟੀ ਵਲੰਟੀਅਰ ਇਨਕਮ ਟੈਕਸ ਪ੍ਰੋਗਰਾਮ' (CVITP) ਪਾਇਲਟ ਪ੍ਰੋਗਰਾਮ ਮੁਫਤ ਟੈਕਸ-ਫਾਈਲਿੰਗ ਸਹਾਇਤਾ ਨੂੰ ਸਾਲ ਭਰ ਵਧਾਉਣ ਲਈ ਮੰਗ ਕਰਦਾ ਹੈ। ਇਹ 2025-26 ਤੋਂ ਸ਼ੁਰੂ ਹੋ ਕੇ ਪ੍ਰੋਗਰਾਮ ਵਿੱਚ ਹੋਰ $5.9 ਮਿਲੀਅਨ ਜੋੜ ਕੇ ਇਸ ਦੇ ਆਕਾਰ ਨੂੰ ਦੁੱਗਣਾ ਕਰਕੇ $11.8 ਮਿਲੀਅਨ ਕਰਨ ਲਈ ਮੰਗ ਕਰੇਗਾ।

ਵਰਤਮਾਨ ਵਿੱਚ ਜ਼ਿਆਦਾਤਰ ਆਮਦਨੀ ਸਹਾਇਤਾ ਸਿਰਫ ਟੈਕਸ ਭਰਨ 'ਤੇ ਉਪਲਬਧ ਹੁੰਦੀ ਹੈ, ਜੋ ਕਿ ਹਰ ਲੋੜਵੰਦ ਲਈ ਹਮੇਸ਼ਾ ਸੰਭਵ ਨਹੀਂ ਹੁੰਦੀ ਹੈ। ਇਹ ਪ੍ਰਣਾਲੀ ਅਣਜਾਣੇ ਵਿੱਚ ਕੁਝ ਸਭ ਤੋਂ ਕਮਜ਼ੋਰ ਆਬਾਦੀ ਨੂੰ ਬਾਹਰ ਕੱਢ ਸਕਦੀ ਹੈ। ਇਸ ਨੂੰ ਹੱਲ ਕਰਨ ਲਈ, AFB ਸਿਫਾਰਸ਼ $100-ਮਿਲੀਅਨ-ਪ੍ਰਤੀ-ਸਾਲ ਦੇ ਪ੍ਰੋਗਰਾਮ ਨੂੰ ਪਾਇਲਟ ਕਰੇਗਾ।

ਇਹ ਪ੍ਰਣਾਲੀ ਆਮਦਨ ਲਾਭ, ਸਿੱਧੇ ਨਕਦ ਟ੍ਰਾਂਸਫਰ ਰਾਹੀਂ, ਉਹਨਾਂ ਲੋਕਾਂ ਤੱਕ ਪਹੁੰਚਣ ਨੂੰ ਯਕੀਨੀ ਬਣਾਏਗੀ ਜਿਨ੍ਹਾਂ ਨੂੰ ਉਹਨਾਂ ਦੀ ਸਭ ਤੋਂ ਵੱਧ ਲੋੜ ਹੈ, ਜਿਸ ਵਿੱਚ ਸਥਾਈ ਪਤੇ ਵਾਲੇ ਲੋਕ, ਨਾਗਰਿਕਤਾ ਦੀ ਸਥਿਤੀ ਤੋਂ ਬਿਨਾਂ ਲੋਕ, ਅਤੇ ਗੈਰ ਰਸਮੀ ਜਾਂ ਨਕਦ-ਆਧਾਰਿਤ ਅਰਥ-ਵਿਵਸਥਾਵਾਂ ਵਿੱਚ ਕੰਮ ਕਰਨ ਵਾਲੇ ਲੋਕ ਸ਼ਾਮਲ ਹਨ। AFB ਇਹਨਾਂ ਲਾਭਾਂ ਨੂੰ ਪ੍ਰਦਾਨ ਕਰਨ ਲਈ ਸਭ ਤੋਂ ਵਧੀਆ ਤਜ਼ਰਬਿਆਂ ਲਈ ਹੋਰ ਅਧਿਕਾਰ ਖੇਤਰਾਂ ਵੱਲ ਧਿਆਨ ਦੇਵੇਗਾ। ਇਹ ਪ੍ਰੀਪੇਡ ਰੀਲੋਡ ਹੋਣ ਯੋਗ ਕ੍ਰੈਡਿਟ ਕਾਰਡਾਂ ਜਾਂ ਇਲੈਕਟ੍ਰਾਨਿਕ ਟ੍ਰਾਂਸਫਰਾਂ ਰਾਹੀਂ ਹੋ ਸਕਦਾ ਹੈ, ਜੋ ਕਿ ਵੰਡ ਦੀ ਵਧੇਰੇ ਪਹੁੰਚਯੋਗ ਅਤੇ ਲਚਕਦਾਰ ਵਿਧੀ ਪ੍ਰਦਾਨ ਕਰਦਾ ਹੈ। ਕਮਿਊਨਿਟੀ ਸੰਸਥਾਵਾਂ, ਜਿਨ੍ਹਾਂ ਦਾ ਅਕਸਰ ਇਹਨਾਂ ਆਬਾਦੀਆਂ ਨਾਲ ਸਿੱਧਾ ਸੰਪਰਕ ਹੁੰਦਾ ਹੈ ਅਤੇ ਵਿਸ਼ਵਾਸ ਸਥਾਪਤ ਹੁੰਦਾ ਹੈ, ਨੂੰ ਇਹ ਨਕਦ ਟ੍ਰਾਂਸਫਰ ਪ੍ਰਦਾਨ ਕਰਨ ਲਈ ਭਰੋਸਾ ਕੀਤਾ ਜਾਣਾ ਚਾਹੀਦਾ ਹੈ। ਇਹਨਾਂ ਸੰਸਥਾਵਾਂ ਦੀ ਪਹੁੰਚ ਅਤੇ ਸਮਰੱਥਾ ਦਾ ਲਾਭ ਉਠਾਉਂਦੇ ਹੋਏ, ਅਸੀਂ ਇਹ ਯਕੀਨੀ ਬਣਾ ਸਕਦੇ ਹਾਂ ਕਿ ਉਹਨਾਂ ਲੋਕਾਂ ਨੂੰ ਸਹਾਇਤਾ ਪ੍ਰਦਾਨ ਕੀਤੀ ਜਾਵੇ ਜਿਹਨਾਂ ਨੂੰ ਇਸਦੀ ਸਭ ਤੋਂ ਵੱਧ ਲੋੜ ਹੈ, ਕੈਨੇਡਾ ਦੀ ਮੌਜੂਦਾ ਆਮਦਨ ਸਹਾਇਤਾ ਪ੍ਰਣਾਲੀ ਵਿੱਚ ਪਾੜੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਪੂਰਾ ਕਰਦੇ ਹੋਏ।

ਅੰਤ ਵਿੱਚ, ਟੈਕਸ ਪ੍ਰਣਾਲੀ ਲਾਭ ਦੀ ਸਮਾਂਬੱਧਤਾ ਦੇ ਇੱਕ ਪੁਰਾਣੇ ਮਾਡਲ ਦੇ ਆਲੇ-ਦੁਆਲੇ ਬਣਾਈ ਗਈ ਹੈ। ਜ਼ਿਆਦਾਤਰ ਲਾਭ ਉਦੋਂ ਹੀ ਬਦਲਦੇ ਹਨ ਜਦੋਂ ਟੈਕਸ ਭਰਨਾ ਹੁੰਦਾ ਹੈ। ਕੈਨੇਡਾ ਐਮਰਜੈਂਸੀ ਰਿਸਪਾਂਸ ਬੈਨੀਫਿਟ (ਸੀ.ਈ.ਆਰ.ਬੀ.) ਨੇ ਦਿਖਾਇਆ ਹੈ ਕਿ ਕੈਨੇਡਾ ਰੈਵੇਨਿਊ ਏਜੰਸੀ (ਸੀਆਰਏ) ਐਮਰਜੈਂਸੀ ਵਿੱਚ ਬਹੁਤ ਤੇਜ਼ੀ ਨਾਲ ਜਵਾਬ ਦੇ ਸਕਦੀ ਹੈ। ਇਹ ਪਹੁੰਚ ਟੈਕਸ ਪ੍ਰਣਾਲੀ ਵਿੱਚ ਵੀ ਸ਼ਾਮਲ ਹੋਣੀ ਚਾਹੀਦੀ ਹੈ। AFB ਇੱਕ ਮਹੀਨੇ ਦੀ ਲਾਭ ਗਾਰੰਟੀ ਨੂੰ ਲਾਗੂ ਕਰੇਗਾ, ਜਿੱਥੇ CRA ਇੱਕ ਵੱਡੀ ਜੀਵਨ ਤਬਦੀਲੀ ਦੇ ਇੱਕ ਮਹੀਨੇ ਦੇ ਅੰਦਰ-ਅੰਦਰ ਲੋਕਾਂ ਨੂੰ ਫੈਡਰਲ ਲਾਭ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰਦਾ ਹੈ—ਭਾਵੇਂ ਇਹ ਬਿਮਾਰੀ, ਅਪਾਹਜਤਾ, ਪਰਿਵਾਰਕ ਤਬਦੀਲੀ ਆਦਿ ਦੀ ਸ਼ੁਰੂਆਤ ਹੋਵੇ। AFB ਇਹ ਵੀ ਯਕੀਨੀ ਬਣਾਏਗਾ ਕਿ CRA ਵੱਖ-ਵੱਖ ਡਾਟਾ ਪੁਆਇੰਟਾਂ ਦੀ ਵਰਤੋਂ ਕਰਦਾ ਹੈ ਜੋ ਇਸ ਨੂੰ ਕੈਨੇਡੀਅਨਾਂ ਨੂੰ ਸਰਗਰਮੀ ਨਾਲ ਸੁਚੇਤ ਕਰਨ ਲਈ ਹੈ ਕਿ ਉਹ ਆਮਦਨੀ ਸਹਾਇਤਾ ਲਈ ਯੋਗ ਹੋ ਸਕਦੇ ਹਨ।

AFB ਦੀ ਚਾਰ-ਥੰਮ੍ਹੀ ਪਹੁੰਚ ਦੇ ਨਤੀਜੇ ਵਜੋਂ 696,000 ਲੋਕ ਗਰੀਬੀ ਰੇਖਾ ਤੋਂ ਉੱਪਰ ਉੱਠਣਗੇ, MBM ਗਰੀਬੀ ਦਰ ਵਿੱਚ ਦੋ ਪ੍ਰਤੀਸ਼ਤ ਅੰਕਾਂ ਦੀ ਗਿਰਾਵਟ ਆਵੇਗੀ। ਨਤੀਜੇ ਵਜੋਂ, 307,000 ਬੱਚੇ, 344,000 ਬਾਲਗ ਅਤੇ 46,000 ਬਜ਼ੁਰਗਾਂ ਨੂੰ ਗਰੀਬੀ ਤੋਂ ਬਾਹਰ ਕੱਢਿਆ ਜਾਵੇਗਾ। ਕੁੱਲ 3.6 ਮਿਲੀਅਨ ਕੈਨੇਡੀਅਨ ਸ਼ੁੱਧ ਲਾਭ ਦਾ ਅਨੁਭਵ ਕਰੇਗਾ।







ਹਰਚਰਨ ਸਿੰਘ ਪਰਹਾਰ
403-681-8689
hp8689@gmail.com

### ਜਥੇਬੰਦਕ ਧਰਮਾਂ ਦਾ ਮਾਇਆਜਾਲ਼ ਕਿਸ਼ਤ-15

# ਹੀਣ-ਭਾਵਨਾ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ। ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ। ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**

ਦੁਨੀਆਂ ਭਰ ਦੇ ਸਭ ਜਥੇਬੰਦਕ ਛੋਟੇ-ਵੱਡੇ ਧਰਮਾਂ ਵਿੱਚ ਅਨੇਕਾਂ ਨਕਲੀ ਧਰਮ, ਪੁਜਾਰੀਆਂ ਤੇ ਧਰਮ ਸੰਚਾਲਕਾਂ ਦੀ ਦੇਖ-ਰੇਖ ਹੇਠ ਪ੍ਰਚਲਤ ਹਨ, ਜਿਨ੍ਹਾਂ ਦੀ ਚਰਚਾ ਅਸੀਂ ਇਸ ਲੇਖ ਲੜੀ ਵਿੱਚ ਕਰ ਰਹੇ ਹਾਂ, ਜਿਸਦਾ ਮਕਸਦ ਆਮ ਸ਼ਰਧਾਲੂ ਨੂੰ ਇਹ ਜਾਣਕਾਰੀ ਦੇਣਾ ਹੈ ਕਿ ਉਹ ਸੋਚੇ ਕਿ ਜਿਸਨੂੰ ਉਹ ਅਸਲੀ ਧਰਮ ਸਮਝ ਕੇ ਆਪਣਾ ਤਨ, ਮਨ, ਧਨ ਤੇ ਸਮਾਂ ਕੁਰਬਾਨ ਕਰ ਰਿਹਾ ਹੈ, ਕੀ ਉਹ ਸੱਚਮੁੱਚ ਵਿੱਚ ਅਸਲੀ ਧਰਮ ਹੈ? ਕੀ ਇਹ ਪੁਜਾਰੀਆਂ ਤੇ ਧਰਮ ਸੰਚਾਲਕਾਂ ਵਲੋਂ ਰਾਜਨੀਤਕ ਲੋਕਾਂ ਦੀ ਛਤਰ ਛਾਇਆ ਹੇਠ ਧਰਮ ਦੇ ਨਾਮ ਤੇ ਚਲਾਈ ਜਾ ਰਹੀ ਮਹਿਜ ਦੁਕਾਨਦਾਰੀ 'ਤੇ ਨਹੀਂ? ਇਸ ਵਿਚਾਰ ਚਰਚਾ ਦਾ ਇੱਕ ਮਕਸਦ ਆਮ ਸ਼ਰਧਾਲੂ ਮਨੁੱਖ ਨੂੰ ਕੁਝ ਸੋਚਣ ਲਾਉਣਾ ਵੀ ਹੈ ਕਿ ਉਹ ਅਸਲੀ ਅਤੇ ਨਕਲੀ ਦੀ ਪਛਾਣ ਕਰਨ ਦੇ ਰਾਹੇ ਪੈ ਸਕੇ, ਕਿਉਂਕਿ ਨਕਲੀ ਧਰਮਾਂ ਨੇ ਮਨੁੱਖ ਨੂੰ ਅਜਿਹੀ ਪੱਟੀ ਪੜ੍ਹਾ ਦਿੱਤੀ ਹੈ ਕਿ ਉਸਨੂੰ ਹੁਣ ਸੋਚਣ, ਵਿਚਾਰਨ, ਕਰਨ ਦੀ ਕੁਝ ਲੋੜ ਨਹੀਂ, ਸਾਰਾ ਕੁਝ ਬਹੁਤ ਸਮਾਂ ਪਹਿਲਾਂ ਸੋਚਿਆ, ਵਿਚਾਰਿਆ ਅਤੇ ਕੀਤਾ ਜਾ ਚੁੱਕਾ ਹੈ, ਤੁਹਾਡੀਆਂ ਪਿਛਲੀਆਂ, ਮੌਜੂਦਾ ਤੇ ਆਉਣ ਵਾਲੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਪਹਿਲਾਂ ਹੀ ਸਾਡੀ ਧਰਮ ਪੁਸਤਕ ਵਿੱਚ ਕਲਮਬੱਧ ਕੀਤਾ ਜਾ ਚੁੱਕਾ ਹੈ। ਕੁਦਰਤ ਬਾਰੇ, ਮਨ ਬਾਰੇ, ਆਤਮਾ ਬਾਰੇ, ਸ੍ਰਿਸ਼ਟੀ ਬਾਰੇ, ਸਰੀਰ ਬਾਰੇ, ਮਨੁੱਖਤਾ ਬਾਰੇ, ਕਿਸੇ ਫਿਕਰ ਦੀ ਲੋੜ ਨਹੀਂ, ਕੁਝ ਸੋਚਣ ਦੀ ਲੋੜ ਨਹੀਂ, ਕੁਝ ਕਰਨ ਦੀ ਲੋੜ ਨਹੀਂ, ਸਭ ਸਮੱਸਿਆਵਾਂ ਦਾ ਇੱਕੋ ਤੇ ਆਖਰੀ, ਸ਼ਰਤੀਆ ਇਲਾਜ ਕੀਤਾ ਜਾ ਚੁੱਕਾ ਹੈ? ਸਾਇੰਸਦਾਨਾਂ ਵਲੋਂ ਜੋ ਖੋਜਾਂ ਅੱਜ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਬਾਰੇ ਹਜ਼ਾਰਾਂ ਸਾਲ ਪਹਿਲਾਂ ਸਾਡੇ ਧਰਮ ਗ੍ਰੰਥਾਂ ਵਿੱਚ ਲਿਖ ਦਿੱਤਾ ਗਿਆ ਸੀ।ਪੁਜਾਰੀਆਂ ਵਲੋਂ ਗੱਲ ਇਥੇ ਹੀ ਖਤਮ ਨਹੀਂ ਕੀਤੀ ਜਾ ਰਹੀ, ਅੰਧ-ਵਿਸ਼ਵਾਸ਼ੀ ਸ਼ਰਧਾਲੂਆਂ ਦੇ ਮਨਾਂ ਵਿੱਚ ਇਹ ਵੀ ਪੱਕਾ ਕੀਤਾ ਜਾਂਦਾ ਹੈ ਕਿ ਸਾਇੰਸਦਾਨ ਜੋ ਕੁਝ ਹਜਾਰਾਂ ਸਾਲਾਂ ਬਾਅਦ ਸੋਚਣਗੇ ਜਾਂ ਖੋਜਾਂ ਕਰਨਗੇ, ਉਹ ਵੀ ਸਾਡੇ ਧਰਮ ਗ੍ਰੰਥਾਂ ਵਿੱਚ ਹਜਾਰਾਂ ਸਾਲ ਪਹਿਲਾਂ ਲਿਖ ਦਿੱਤਾ ਗਿਆ ਸੀ? ਉਨ੍ਹਾਂ ਅਨੁਸਾਰ ਸਾਇੰਸਦਾਨ 'ਤੇ ਐਵੇਂ ਝੱਖ ਮਾਰਦੇ ਫਿਰਦੇ ਹਨ? ਕਈ ਵਾਰ 'ਤੇ ਸਾਇੰਸਦਾਨਾਂ ਦੀ ਅਨੇਕਾਂ ਸਾਲਾਂ ਦੀ ਮਿਹਨਤ ਨੂੰ ਇਹ ਕਹਿ ਕਿ ਨਕਾਰ ਦਿੱਤਾ ਜਾਂਦਾ ਹੈ ਕਿ ਇਹ ਤਾਂ ਸਾਡੇ ਗ੍ਰੰਥ ਵਿੱਚ ਪਹਿਲਾਂ ਹੀ ਲਿਖਿਆ ਹੋਇਆ ਸੀ? ਪਰ ਕੋਈ ਸ਼ਰਧਾਲੂ ਇਨ੍ਹਾਂ ਪੁਜਾਰੀਆਂ ਨੂੰ ਇਹ ਪੁੱਛਣ ਦੀ ਕਦੇ ਜ਼ੁਰਅਤ ਨਹੀਂ ਕਰ ਸਕਿਆ ਕਿ ਜੇ ਇਹ ਸਭ ਕੁਝ ਹਜਾਰਾਂ ਸਾਲ ਪਹਿਲਾਂ ਲਿਖਿਆ ਜਾ ਚੁੱਕਾ ਸੀ ਤਾਂ ਫਿਰ ਜੋ ਇਸ ਖੋਜ ਨਾਲ ਮਨੁੱਖਤਾ ਨੂੰ ਲਾਭ ਹੁਣ ਹੋਣਾ ਸ਼ੁਰੂ ਹੋਇਆ ਹੈ, ਉਹ ਤੁਸੀਂ ਹਜਾਰਾਂ ਸਾਲ ਪਹਿਲਾਂ ਕਿਉਂ ਨਹੀਂ ਦਿੱਤਾ? ਪਰ ਨਹੀਂ, ਸਾਨੂੰ ਤੇ ਵਾਰ ਵਾਰ ਇਹੀ ਮੁਹਾਰਨੀ ਪੜ੍ਹਾਈ ਜਾਂਦੀ ਹੈ ਕਿ ਇਹ ਸਭ ਕੁਝ ਸਾਡੇ ਰਹਿਬਰਾਂ, ਗੁਰੂਆਂ, ਪੀਰਾਂ, ਪੈਗੰਬਰਾਂ ਨੂੰ ਰੱਬ ਵਲੋਂ ਮਿਲੇ ਸਿੱਧੇ, ਨਿਰੋਲ ਤੇ ਖਾਲਸ ਗਿਆਨ ਰਾਹੀਂ ਬੋਲ ਕਿ ਕਹਿ ਦਿੱਤਾ ਗਿਆ ਸੀ, ਗ੍ਰੰਥਾਂ ਵਿੱਚ ਲਿਖ ਦਿੱਤਾ ਗਿਆ ਸੀ, ਸਾਡੀ ਮਰਿਯਾਦਾ ਰਾਹੀਂ ਪਰਗਟ ਕਰ ਦਿੱਤਾ ਗਿਆ ਸੀ, ਉਸ ਰੱਬੀ ਗਿਆਨ ਨੂੰ ਤੁਸੀਂ ਬਿਨਾਂ ਕਿਸੇ ਕਿੰਤੂ-ਪ੍ਰੰਤੂ ਦੇ ਸੱਚੋ-ਸੱਚ ਤੇ ਆਖਰੀ ਗਿਆਨ ਸਮਝ ਕੇ, ਅੱਖਾਂ ਮੀਟ ਕੇ ਮੰਨ ਲਵੋ ਜੋ ਵਿਅਕਤੀ ਸ਼ਰਧਾ ਨਾਲ, ਅੱਖਾਂ ਮੀਟ ਕੇ, ਸਿਰ ਸੁੱਟ ਕੇ, ਬਿਨਾਂ ਕਿਸੇ ਕਿੰਤੂ ਪ੍ਰੰਤੂ, ਸੁਆਲ ਜੁਆਬ ਦੇ ਮੰਨਦਾ ਹੈ, ਉਸ ਉਪਰ ਹੀ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ ਤੇ ਉਸਦੀਆਂ ਸਭ ਪਾਸੇ ਪੌਂ ਬਾਰਾਂ ਹੁੰਦੀਆਂ ਹਨ।ਉਸ ਉਪਰ ਹੀ ਰੱਬੀ ਬਖਸ਼ਿਸ਼ਾਂ ਦੀ ਬਾਰਸ਼ ਹੁੰਦੀ ਹੈ। ਨੌਂ ਨਿਧੀਆਂ ਤੇ ਬਾਰਾਂ ਸਿੱਧੀਆਂ ਉਸਦੇ ਅੱਗੇ ਪਿਛੇ ਦਾਸੀਆਂ ਬਣ ਕੇ ਭੱਜੀਆਂ ਫਿਰਦੀਆਂ ਹਨ। ਸ਼ਰਧਾਲੂ ਮਨੁੱਖ ਪੁਜਾਰੀ ਦੇ ਇਸ ਲੁਭਾਵਣੇ ਮਾਇਆ ਜਾਲ ਵਿੱਚ ਫਸਿਆ ਸਾਰੀ ਉਮਰ ਸਾਰੀ ਸ੍ਰਿਸ਼ਟੀ ਨੂੰ ਰੱਬ ਦਾ ਘਰ ਸਮਝਣ ਦੀ ਥਾਂ ਪੁਜਾਰੀਆਂ ਦੀਆਂ ਧਰਮ ਦੇ ਨਾਮ 'ਤੇ ਬਣਾਈਆਂ ਦੁਕਾਨਾਂ (ਧਰਮ ਅਸਥਾਨਾਂ) 'ਤੇ ਮੱਥੇ ਰਗੜਦਾ ਹੈ, ਪੁਜਾਰੀ ਦੇ ਬਣਾਏ ਕਰਾਮਾਤੀ ਪਾਣੀ ਦੇ ਸਰੋਵਰਾਂ ਵਿੱਚ ਆਪਣੇ ਪਾਪ ਲਾਹੁਣ ਜਾਂ ਮਨੋ ਇੱਛਤ ਫਲ ਪਾਉਣ ਲਈ ਸ਼ਰਧਾ ਨਾਲ ਖਾਸ ਮੌਕਿਆਂ ਤੇ ਇਸ਼ਨਾਨ ਕਰਦਾ ਹੈ, ਪੁਜਾਰੀਆਂ ਵਲੋਂ ਸ਼ਹੀਦਾਂ, ਪੀਰਾਂ, ਗੁਰੂਆਂ, ਪੈਗੰਬਰਾਂ ਦੇ ਨਾਮ ਤੇ ਬਣਾਏ ਕਰਾਮਾਤੀ ਧਰਮ ਅਸਥਾਨਾਂ, ਮੂਰਤੀਆਂ ਅੱਗੇ ਆਪਣੀਆਂ ਮਨੋ ਕਾਮਨਾਵਾਂ ਦੀ ਪੂਰਤੀ ਲਈ ਬੜੀ ਸ਼ਰਧਾ ਨਾਲ ਪੁਜਾਰੀ ਦੀ ਦੱਸੀ ਮਰਿਯਾਦਾ ਅਨੁਸਾਰ ਵਿਧੀ ਵਾਲੇ ਮੰਤਰ ਪਾਠ ਕਰਾਉਂਦਾ ਹੈ, ਸੁੱਖਣਾ ਸੁੱਖਦਾ ਹੈ, ਸੋਨੇ ਚੜ੍ਹਾਉਂਦਾ ਹੈ, ਗਰੀਬਾਂ ਨੂੰ ਦਾਨ ਦਿੰਦਾ ਹੈ ਤਾਂ ਕਿ ਰੱਬ ਉਸਨੂੰ ਖੁਸ਼ੀਆਂ ਬਖਸ਼ੇ, ਦੁੱਖ ਦਲਿਦਰ ਦੂਰ ਕਰੇ, ਉਸਦੀ ਕਮਾਈ ਵਿੱਚ ਬਰਕਤ ਪਾਵੇ, ਉਸਨੂੰ ਇਸ ਦਾਨ ਬਦਲੇ ਲੱਖਾਂ ਗੁਣਾਂ ਵੱਧ ਮਿਲੇ।ਉਸਨੂੰ ਕਦੇ ਕਿਸੇ ਕਿਸਮ ਦੀ ਕੋਈ ਤਕਲੀਫ ਨਾ ਹੋਵੇ।

ਨਕਲੀ ਧਰਮਾਂ ਦੀ ਇਸ ਲੇਖ ਲੜੀ ਦੇ ਹਥਲੇ ਲੇਖ ਵਿੱਚ ਅਸੀਂ ਹੀਣ ਭਾਵਨਾ ਅਧਾਰਿਤ ਨਕਲੀ ਧਰਮ ਦੀ ਚਰਚਾ ਕਰਾਂਗੇ ਕਿਉਂਕਿ ਨਕਲੀ ਧਰਮਾਂ ਵਿੱਚ ਸ਼ਰਧਾਲੂ ਨੂੰ ਅੰਧ ਵਿਸ਼ਵਾਸ਼ੀ ਬਣਾਈ ਰੱਖਣ ਲਈ ਉਸ ਵਿੱਚ ਹੀਣ ਭਾਵਨਾ, ਆਤਮ ਗਿਲਾਨੀ, ਆਪਣੇ ਆਪ ਨੂੰ ਪਾਪੀ ਸਮਝਣ ਦੀ ਭਾਵਨਾ ਆਦਿ ਦਾ ਅਹਿਸਾਸ ਪੈਦਾ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਪਤਾ ਹੈ ਕਿ ਮਾਨਸਿਕ ਤੌਰ 'ਤੇ ਬਲਵਾਨ ਅਤੇ ਆਤਮ ਵਿਸ਼ਵਾਸ਼ੀ ਵਿਅਕਤੀ ਨੂੰ ਬਹੁਤਾ ਚਿਰ ਮੂਰਖ ਬਣਾ ਕੇ ਰੱਖਣਾ ਸੌਖਾ ਨਹੀਂ ਹੁੰਦਾ।ਜਿਸ ਤਰ੍ਹਾਂ ਇਸ ਲੇਖ ਲੜੀ ਵਿੱਚ ਪਹਿਲਾਂ ਵੀ ਕਈ ਵਾਰ ਜ਼ਿਕਰ ਆਇਆ ਹੈ ਕਿ ਤਕਰੀਬਨ ਸਾਰੇ ਜਥੇਬੰਦਕ ਧਰਮ ਡਰ, ਲਾਲਚ ਤੇ ਸ਼ਰਧਾ ਰੂਪੀ ਤਿੰਨ ਪਿੱਲਰਾਂ ਸਹਾਰੇ ਖੜੇ ਹਨ, ਜੇ ਇਨ੍ਹਾਂ ਤਿੰਨਾਂ ਵਿਚੋਂ ਇੱਕ ਵੀ ਕਮਜ਼ੋਰ ਹੁੰਦਾ ਹੈ ਤਾਂ ਧਰਮ ਮਹੱਲ ਦੀਆਂ ਨੀਹਾਂ ਹਿੱਲ ਜਾਂਦੀਆਂ ਹਨ। ਇਹੀ ਵਜ੍ਹਾ ਹੈ ਕਿ ਹਰ ਧਰਮ ਪੁਜਾਰੀ, ਹਰ ਹਾਲਤ ਵਿੱਚ ਮਨੁੱਖ ਅੰਦਰ ਰੱਬ ਜਾਂ ਗੈਬੀ ਸ਼ਕਤੀਆਂ ਦਾ ਡਰ ਪਾ ਕੇ ਰੱਖਣ ਦੇ ਨਾਲ-ਨਾਲ, ਇਨ੍ਹਾਂ ਗੈਬੀ ਸ਼ਕਤੀਆਂ ਤੋਂ ਮਿਲਣ ਵਾਲੇ ਲਾਭ ਦਾ ਲਾਲਚ ਪਾਈ ਰੱਖਦਾ ਹੈ। ਮਨੁੱਖ ਵਿੱਚ ਡਰ ਤੇ ਲਾਲਚ ਦੀ ਬਿਰਤੀ ਕਾਇਮ ਰੱਖਣ ਲਈ ਫਿਰ ਪੁਜਾਰੀ ਸ਼ਰਧਾ ਦਾ ਸਹਾਰਾ ਲੈਂਦਾ ਹੈ। ਉਹ ਇਹ ਹਮੇਸ਼ਾਂ ਯਕੀਨੀ ਬਣਾ ਕੇ ਰੱਖਦਾ ਹੈ ਕਿ ਸ਼ਰਧਾਲੂ ਅੱਖਾਂ ਮੀਟ ਕੇ, ਸਿਰ ਸੁੱਟ ਕੇ ਤੁਰਿਆ ਰਹੇ। ਉਹ ਇਹ ਯਕੀਨ ਕਰੀ ਰੱਖੇ ਕਿ ਜੋ ਧਰਮ ਗ੍ਰੰਥਾਂ ਵਿੱਚ ਲਿਖਿਆ ਜਾ ਚੁੱਕਾ ਹੈ ਤੇ ਮਰਿਯਾਦਾ ਰੂਪ ਵਿੱਚ ਪ੍ਰਚਲਤ ਹੈ, ਉਹ ਆਖਰੀ ਸੱਚ ਹੈ, ਉਸਤੇ ਕਿਸੇ ਕਿੰਤੂ ਪ੍ਰੰਤੂ, ਸੁਆਲ-ਜੁਆਬ, ਵਿਚਾਰ ਚਰਚਾ ਦੀ ਕੋਈ ਗੁੰਜ਼ਾਇਸ਼ ਨਹੀਂ ਕਿਉਂਕਿ ਇਹ ਸਭ ਰੱਬੀ ਗਿਆਨ ਹੈ, ਜੋ ਸਿੱਧਾ ਰੱਬ ਤੋਂ ਸਾਡੇ ਕੋਲ ਆਇਆ ਹੈ। ਇਹ ਸਾਰਾ ਅਡੰਬਰ ਇਸ ਲਈ ਕੀਤਾ ਜਾਂਦਾ ਹੈ ਕਿ ਤਾਂ ਕਿ ਸ਼ਰਧਾਲੂ ਮਾਨਸਿਕ ਤੌਰ 'ਤੇ ਬਲਵਾਨ ਨਾ ਹੋ ਸਕੇ।ਧਰਮ ਬਾਰੇ ਉਹ ਆਪਣੀ ਸੋਚ ਸਮਝ ਅਨੁਸਾਰ ਫੈਸਲਾ ਨਾ ਲੈ ਸਕੇ। ਉਸਦਾ ਆਤਮ ਵਿਸ਼ਵਾਸ਼ ਹਮੇਸ਼ਾਂ ਲਈ ਖਤਮ ਹੋ ਜਾਵੇ, ਜੇ ਲੋੜ ਪਵੇ ਤਾਂ ਧਰਮ ਲਈ ਆਪਣੀ ਜਾਨ ਤੱਕ ਦੇਣ ਲਈ ਤਿਆਰ ਰਹੇ। ਉਹ ਆਤਮ ਗਿਲਾਨੀ ਨਾਲ ਭਰਿਆ ਹਮੇਸ਼ਾਂ ਆਪਣੇ ਇਸਟ ਅੱਗੇ ਜੋੜੀ ਖੜਾ ਰਹੇ। ਉਹ ਆਪਣੇ ਆਪ ਨੂੰ ਪਿਛਲੇ ਜਨਮਾਂ ਦੇ ਕਰਮਾਂ ਦੇ ਪਾਪ ਭੋਗਦਾ ਸਮਝਦਾ ਰਹੇ ਅਤੇ ਸਮੇਂ ਦੇ ਹਾਕਮਾਂ ਵਲੋਂ ਖੜੇ ਕੀਤੇ ਪੱਖਪਾਤੀ, ਵਿਤਕਰਿਆਂ ਅਤੇ ਅਨਿਆਂ ਭਰਪੂਰ ਸਿਸਟਮ ਵਿਰੁੱਧ ਲੜਨ ਦੀ ਜ਼ੁਰਅਤ ਨਾ ਕਰ ਸਕੇ।ਉਹ ਹੀਣ ਭਾਵਨਾ ਅਤੇ ਆਤਮ ਗਿਲਾਨੀ ਦਾ ਜੀਵਨ ਜੀਣਾ ਸਿੱਖ ਲਵੇ।ਉਸਨੂੰ ਹਮੇਸ਼ਾਂ ਇਹ ਅਹਿਸਾਸ ਹੋਵੇ ਕਿ ਉਹ ਕੁਝ ਵੀ ਕਰਨ ਦੇ ਸਮਰੱਥ ਨਹੀਂ। ਉਸਦੇ ਹੱਥ ਪੱਲੇ ਕੁਝ ਵੀ ਨਹੀਂ ਹੈ? ਉਹ ਉਸ ਐਕਟਰ ਵਾਂਗ ਹੈ, ਜੋ ਸਾਹਮਣੇ ਪਰਦੇ ਤੇ ਚਲਦੀ ਆਪੇ ਬਣਾਈ ਫਿਲਮ, ਆਪ ਹੀ ਦੇਖ ਰਿਹਾ ਹੈ। ਇਸ ਧਰਤੀ ਤੇ ਜਨਮ ਲੈਣ ਸਮੇਂ ਹੀ ਉਸਦਾ ਰੋਲ ਖਤਮ ਹੋ ਜਾਂਦਾ ਹੈ, ਉਹ ਇੱਕ ਦਰਸ਼ਕ ਵਾਂਗ ਆਪਣੇ ਜੀਵਨ ਦੀ ਖੇਡ ਸਿਰਫ ਦੇਖ ਹੀ ਸਕਦਾ ਹੈ। ਉਸਦਾ ਰੋਲ ਖਤਮ ਹੋ ਚੁੱਕਾ ਹੈ, ਉਹ ਆਪਣਾ ਰੋਲ ਪਹਿਲਾਂ ਹੀ ਨਿਭਾਅ ਚੁੱਕਾ ਹੈ? ਉਸਦੇ ਨਾ ਪਹਿਲਾਂ ਕੁਝ ਹੱਥ ਵਿੱਚ ਸੀ ਤੇ ਨਾ ਹੀ ਹੁਣ ਕੁਝ ਹੱਥ ਹੈ? ਹੁਣ ਜ਼ਿੰਦਗੀ ਦੀ ਇਸ ਸ੍ਰਿਸ਼ਟੀ ਵਿੱਚ ਚੱਲ ਰਹੀ ਖੇਡ ਵਿੱਚ ਜੇ ਕੁਝ ਹੋ ਸਕਦਾ ਹੈ, ਕੁਝ ਬਦਲ ਸਕਦਾ ਹੈ ਤਾਂ ਫਿਰ ਮਨੁੱਖ ਕੋਲ ਇੱਕ ਹੀ ਰਸਤਾ ਹੈ ਕਿ ਉਹ ਪੁਜਾਰੀਆਂ ਦੇ ਰੱਬ ਅੱਗੇ ਆਪਾ ਸਮਰਪਨ ਕਰ ਦੇਵੇ ਜਾਂ ਰੱਬ ਦੇ ਵਿਚੋਲੇ ਪੁਜਾਰੀਆਂ ਦੀ ਦੱਸੀ ਮਰਿਯਾਦਾ ਅਨੁਸਾਰ ਪੂਜਾ-ਪਾਠ, ਭਜਨ-ਬੰਦਗੀ, ਸੇਵਾ-ਸਿਮਰਨ, ਦਾਨ-ਦੱਸ਼ਣਾ ਆਦਿ ਨਾਲ ਹੀ ਸੰਭਵ ਹੈ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਪੁਜਾਰੀ ਮਨੁੱਖ ਅੰਦਰ ਬਚਪਨ ਤੋਂ ਡਰ, ਲਾਲਚ, ਕਰਾਮਾਤ, ਸ਼ਰਧਾ, ਪੁੰਨ-ਪਾਪ, ਵਿਸ਼ਵਾਸ਼, ਅੰਧ-ਵਿਸ਼ਵਾਸ਼, ਜੰਤਰ-ਮੰਤਰ, ਵਹਿਮ-ਭਰਮ, ਅਰਦਾਸ ਆਦਿ ਦੇ ਬੀਜ ਬੀਜਦਾ ਹੈ। ਜਿਨ੍ਹਾਂ ਨੂੰ ਉਸਦੇ ਮਾਪੇ ਉਸਦੇ ਹੋਸ਼ ਸੰਭਾਲਣ ਤੱਕ, ਪੂਜਾ-ਪਾਠ ਦਾ ਪਾਣੀ ਦਿੰਦੇ ਹਨ। ਜਿਸਦਾ ਨਤੀਜਾ ਇਹ ਹੁੰਦਾ ਹੈ ਕਿ ਜਦੋਂ ਵਿਅਕਤੀ ਬਚਪਨ ਵਿਚੋਂ ਨਿਕਲ ਕੇ ਆਪਣੀ ਜ਼ਿੰਦਗੀ ਦੇ ਫੈਸਲੇ ਆਪ ਕਰਨ ਦੀ ਉਮਰ ਤੇ ਪਹੁੰਚਦਾ ਹੈ ਤਾਂ ਉਸਦੀ ਇਤਨੀ ਕੰਡੀਸ਼ਨਿੰਗ ਹੋ ਚੁੱਕੀ ਹੁੰਦੀ ਹੈ ਕਿ ਉਹ ਧਰਮ ਬਾਰੇ ਕੁਝ ਸੋਚਣ ਸਮਝਣ ਦੀ ਥਾਂ ਉਹੀ ਪਾਠ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਸ਼ੁਰੂ ਕਰ ਦਿੰਦਾ ਹੈ। ਜਿਸ ਨਾਲ ਵਿਅਕਤੀ ਬਚਪਨ ਤੋਂ ਮਿਲੀ ਗੁੜ੍ਹਤੀ ਨਾਲ ਇਤਨੀ ਹੀਣ ਭਾਵਨਾ ਦਾ ਸ਼ਿਕਾਰ ਹੁੰਦਾ ਹੈ ਕਿ ਉਹ ਧਰਮ ਦੇ ਮਾਮਲੇ ਵਿੱਚ ਕਦੇ ਵੀ ਆਜ਼ਾਦ ਹੋ ਕੇ ਸੋਚਣ ਦੇ ਸਮਰੱਥ ਨਹੀਂ ਰਹਿੰਦਾ। ਜੇ ਕਦੇ ਉਹ ਥੋੜਾ ਬਹੁਤ ਸੋਚਦਾ ਹੈ, ਉਸਦੇ ਮਨ ਅੰਦਰ ਗਲਤ ਧਾਰਨਾਵਾਂ ਵਿਰੁੱਧ ਸੰਘਰਸ਼ ਚਲਦਾ ਹੈ, ਪਰ ਬਾਹਰ, ਪਰਿਵਾਰ ਜਾਂ ਸਮਾਜ ਦੇ ਡਰ ਜਾਂ ਪ੍ਰੈਸ਼ਰ ਅਧੀਨ ਚੁੱਪ ਕਰਕੇ ਬੈਠ ਜਾਂਦਾ ਹੈ, ਉਹ ਸੋਚਦਾ ਹੈ ਕਿ ਧਰਮ ਪੁਜਾਰੀ ਤੇ ਸਮਾਜ ਦੇ ਬੰਧਨ ਇਤਨੇ ਮਜਬੂਤ ਹਨ ਕਿ ਇਨ੍ਹਾਂ ਨੂੰ ਤੋੜਨਾ ਜਾਂ ਬਦਲਨਾ ਜਾਂ ਇਨ੍ਹਾਂ ਬਾਰੇ ਚਰਚਾ ਕਰਨੀ ਵੀ ਉਸਦੀ ਸਮਰੱਥਾ ਤੋਂ ਬਾਹਰ ਦੀ ਗੱਲ ਹੈ। ਇਸ ਤਰ੍ਹਾਂ ਫਿਰ ਉਹ ਜਾਂ ਤੇ ਭੀੜ ਦਾ ਹਿੱਸਾ ਬਣ ਜਾਂਦਾ ਹੈ ਤੇ ਜਾਂ ਫਿਰ ਬਗਾਬਤ ਕਰ ਕੇ ਪਾਸੇ ਹੋ ਜਾਂਦਾ ਹੈ। ਪੁਜਾਰੀਆਂ ਨੂੰ ਦੋਨੋ ਪਾਸੇ ਲਾਭ ਹੈ। ਮਨੁੱਖ ਦੇ ਅੰਧ ਵਿਸ਼ਵਾਸ਼ੀ ਸ਼ਰਧਾਲੂ ਬਣ ਕੇ ਤੁਰ ਪੈਣ ਨਾਲ ਉਸ ਨੂੰ ਸਿੱਧਾ ਲਾਭ ਹੈ ਤੇ ਦੂਜੇ ਪਾਸੇ ਬਗਾਵਤ ਕਰਨ ਨਾਲ ਉਸਤੇ ਨਾਸਤਿਕ ਜਾਂ ਧਰਮ ਵਿਰੋਧੀ ਹੋਣ ਦਾ ਲੇਬਲ ਲਾ ਕੇ ਲਾਂਭੇ ਕਰ ਦਿੰਦਾ ਹੈ। ਜਿਸ ਨਾਲ ਧਰਮ ਵਿਰੁੱਧ ਕੋਈ ਵੀ ਬਗਾਬਤ ਸਫਲ ਨਹੀਂ ਹੁੰਦੀ। ਦੁਨੀਆਂ ਦੇ ਧਰਮਾਂ ਦੇ ਇਤਿਹਾਸ ਵਿਚ ਬਹੁਤ ਥੋੜੇ ਵਿਅਕਤੀ ਅਜਿਹੇ ਹੋਏ ਹਨ, ਜੋ ਨਾ ਤੇ ਪੁਜਾਰੀ ਅੱਗੇ ਝੁਕੇ ਅਤੇ ਨਾ ਹੀ ਬਗਾਬਤ ਕਰਕੇ ਲਾਂਭੇ ਹੋਏ, ਸਗੋਂ ਧਰਮ ਤੇ ਸਮਾਜ ਵਿਚ ਰਹਿ ਕੇ ਸੱਚ ਦੇ ਰਾਹ ਦਸੇਰੇ ਬਣੇ। ਉਨ੍ਹਾਂ ਵਿਅਕਤੀਆਂ ਨੂੰ ਹੀ ਇਤਿਹਾਸ ਵਿਚ ਗੁਰੂ ਜਾਂ ਪੈਗੰਬਰੀ ਪੁਰਸ਼ ਕਿਹਾ ਗਿਆ। ਪਰ ਸਮੇਂ ਨਾਲ ਉਨ੍ਹਾਂ ਨਾਲ ਵੀ ਅਜਿਹਾ ਭਾਣਾ ਵਾਪਰਦਾ ਰਿਹਾ ਹੈ ਕਿ ਉਨ੍ਹਾਂ ਦੇ ਇਸ ਜਹਾਨ ਤੋਂ ਤੁਰ ਜਾਣ ਬਾਅਦ, ਉਨ੍ਹਾਂ ਨਾਲ ਤੁਰੇ ਲੋਕਾਂ ਨੂੰ ਪੁਜਾਰੀ ਫਿਰ ਨਵੇਂ ਰੂਪ ਵਿਚ ਆ ਕੇ ਗੁੰਮਰਾਹ ਕਰਨ ਵਿਚ ਕਾਮਯਾਬ ਹੋ ਜਾਂਦਾ ਹੈ ਤੇ ਧਰਮ ਰੂਪੀ ਇਕ ਹੋਰ ਨਵਾਂ ਫਿਰਕਾ ਸ਼ੁਰੂ ਕਰ ਦਿੱਤਾ ਜਾਂਦਾ ਹੈ। ਕੁਝ ਸਮੇਂ ਬਾਅਦ ਮਨੁੱਖ ਫਿਰ ਉਸੇ ਥਾਂ ਪਹੁੰਚਾ ਦਿੱਤਾ ਜਾਂਦਾ ਹੈ, ਜਿੱਥੋਂ ਕੱਢਣ ਲਈ ਪੈਗੰਬਰੀ ਪੁਰਸ਼ ਸਾਰੀ ਉਮਰ ਸੰਘਰਸ਼ ਕਰਦੇ ਰਹੇ ਸਨ। ਇਹੀ ਕੁਝ ਪਿਛਲੇ 5-6 ਹਜ਼ਾਰ ਸਾਲ ਤੋਂ ਵਾਪਰ ਰਿਹਾ ਹੈ। ਇਹੀ ਵਜ੍ਹਾ ਹੈ ਕਿ ਵੱਖ ਵੱਖ ਸਮੇਂ ਵੱਖ-ਵੱਖ ਧਰਮਾਂ ਵਿਚ ਪੈਦਾ ਹੋਏ ਇਨਕਲਾਬੀ ਮਹਾਂਪੁਰਸ਼ਾਂ ਦਾ ਸੰਦੇਸ਼ ਕੁਝ ਕੁ ਲੋਕਾਂ ਨੂੰ ਥੋੜੇ ਸਮੇਂ ਲਈ ਪ੍ਰਭਾਵਤ ਕਰ ਸਕਿਆ। ਸਮਾਂ ਪਾ ਕੇ ਸਮਾਜ ਉੱਥੇ ਹੀ ਵਾਪਸ ਜਾ ਖੜਦਾ ਹੈ। ਅੱਜ ਧਰਮ ਦੇ ਨਾਂ ਤੇ ਪੁਜਾਰੀਆਂ ਦੇ ਬਣਾਏ ਹੋਏ ਵੱਖ-ਵੱਖ ਜਥੇਬੰਦਕ ਫਿਰਕੇ ਪਹਿਲੇ ਸਮਿਆਂ ਨਾਲੋਂ ਵੱਧ ਜਥੇਬੰਦ ਹਨ, ਉਨ੍ਹਾਂ ਨੂੰ ਸਮੇਂ ਦੀਆਂ ਸਰਕਾਰਾਂ ਦੀ ਸ਼ਹਿ ਦੇ ਨਾਲ-ਨਾਲ ਸੰਵਿਧਾਨਕ ਮਾਨਤਾ ਵੀ ਮਿਲ ਚੁੱਕੀ ਹੈ। ਉਨ੍ਹਾਂ ਦੇ ਸਾਰੇ ਹੱਕ ਹੁਣ ਸੰਵਿਧਾਨਾਂ ਵਿੱਚ ਮਹਿਫੂਜ਼ ਹਨ। ਪਹਿਲੇ ਸਮਿਆਂ ਦੇ ਮੁਕਾਬਲੇ ਅੱਜ ਮਨੁੱਖੀ ਅਧਿਕਾਰਾਂ ਜਾਂ ਭਾਂਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਨਾਮ ਤੇ ਪੁਜਾਰੀ ਕੋਈ ਵੀ ਫਿਰਕਿਆਂ ਵਿਰੋਧੀ ਅਵਾਜ ਆਸਾਨੀ ਨਾਲ ਦਬਾ ਸਕਦੇ ਹਨ। ਜਿਸ ਦਾ ਨਤੀਜਾ ਇਹ ਨਿਕਲ ਰਿਹਾ ਹੈ ਕਿ ਆਮ ਵਿਅਕਤੀ ਜਾਂ ਤੇ ਧਰਮ ਨੂੰ ਛੱਡ ਕੇ ਪਾਸੇ ਹੋ ਰਿਹਾ ਹੈ ਜਾਂ ਫਿਰ ਦੀਨ ਬਣ ਕੇ ਮੰਨਣ ਵਿਚ ਹੀ ਆਪਣਾ ਭਲਾ ਸਮਝਦਾ ਹੈ। ਪਿਛਲੇ ਸਮੇਂ ਵਿਚ ਵੱਖ-ਵੱਖ ਦੇਸ਼ਾਂ ਦੇ ਮਰਦ ਮਸ਼ੁਮਾਰੀ ਅੰਕੜਿਆਂ ਵਿਚ ਹਰ ਦੇਸ਼ ਵਿਚ ਵੱਡੀ ਗਿਣਤੀ ਲੋਕ ਆਪਣਾ ਕੋਈ ਧਰਮ ਨਹੀਂ ਲਿਖਾਉਂਦੇ। ਭਾਵੇਂ ਕਿ ਉਨ੍ਹਾਂ ਵਿਚੋਂ ਬਹੁਤ ਆਪਣੇ ਆਪ ਨੂੰ ਨਾਸਤਿਕ ਵੀ ਨਹੀਂ ਅਖਵਾਉਂਦੇ। ਜਿਸ ਦਾ ਭਾਵ ਹੈ ਕਿ ਉਨ੍ਹਾਂ ਨੂੰ ਪੁਜਾਰੀਆਂ ਵਲੋਂ ਮਾਨਸਿਕ ਤੌਰ 'ਤੇ ਇਤਨੇ ਹੀਣੇ ਬਣਾ ਦਿੱਤਾ ਗਿਆ ਹੈ ਕਿ ਉਨ੍ਹਾਂ ਵਿਚ ਧਰਮ ਦੇ ਨਾਂ 'ਤੇ ਮਨੁੱਖ ਦੇ ਸਰੀਰਕ, ਮਾਨਸਿਕ, ਆਰਥਿਕ, ਸਮਾਜਿਕ, ਰਾਜਨੀਤਕ ਸੋਸ਼ਣ ਖਿਲਾਫ ਲੜਨ ਦੀ ਸਮਰੱਥਾ ਤੇ ਨਹੀਂ ਸੀ, ਪਰ ਉਹ ਸਮਾਜ ਵਿਚ ਰਹਿ ਕੇ ਲੜਨ ਦੀ ਥਾਂ ਪਾਸੇ ਹੋ ਗਏ। ਜਿਹੜੇ ਕੁਝ ਲੋਕ ਬੌਧਿਕ ਤੌਰ ਤੇ ਲੜਨ ਦੇ ਸਮਰੱਥ ਸਨ, ਉਹ ਬਗਾਵਤ ਕਰਕੇ ਨਾਸਤਿਕ ਹੋ ਗਏ। ਜਿਸ ਨਾਲ ਅੱਜ ਦੇ ਮਨੁੱਖ ਦਾ ਧਰਮ ਦੇ ਨਾਂ ਤੇ ਵੱਡੀ ਪੱਧਰ ਤੇ ਸੋਸ਼ਣ ਹੋ ਰਿਹਾ ਹੈ। ਅੱਜ ਹਰ ਜਥੇਬੰਦਕ ਧਰਮ ਇੱਕ ਵੱਡਾ ਬਿਜਨੈਸ ਬਣ ਚੁੱਕਾ ਹੈ।

ਹੁਣ ਵਿਚਾਰਨ ਵਾਲਾ ਮਸਲਾ ਇਹ ਹੈ ਕਿ ਧਰਮ ਮਨੁੱਖ ਨੂੰ ਹੀਣ ਕਿਉਂ ਬਣਾਉਂਦਾ ਹੈ ਅਤੇ ਮਨੁੱਖ ਹੀਣ ਕਿਉਂ ਬਣਦਾ ਹੈ? ਜੇ ਅਸੀਂ ਇਹ ਗੱਲ ਸਮਝ ਲਈਏ ਤਾਂ ਨਾ ਸਿਰਫ ਅਸੀਂ ਆਪ ਧਰਮ ਦੇ ਨਾਮ 'ਤੇ ਹੋ ਰਹੇ ਸੋਸ਼ਣ ਤੋਂ ਬਚ ਸਕਦੇ ਹਾਂ, ਸਗੋਂ ਹੋਰਨਾਂ ਨੂੰ ਵੀ ਬਚਾ ਸਕਦੇ ਹਾਂ। ਮਨੁੱਖੀ ਮਨ ਦੀਆਂ ਵੱਡੀਆਂ ਕੁਦਰਤੀ ਕਮਜ਼ੋਰੀਆਂ ਲੋਭ, ਮੋਹ, ਹੰਕਾਰ, ਕਾਮ, ਕ੍ਰੋਧ, ਡਰ, ਈਰਖਾ, ਨਫਰਤ ਆਦਿ ਨੂੰ ਪੁਜਾਰੀ ਇਸ ਢੰਗ ਨਾਲ ਵਰਤਦਾ ਹੈ ਕਿ ਸ਼ਰਧਾਲੂ ਨੂੰ ਬਾਹਰੀ ਤੌਰ ਤੇ ਇਸ ਤਰ੍ਹਾਂ ਲਗਦਾ ਹੈ ਕਿ ਜਿਸ ਤਰ੍ਹਾਂ ਮਨੁੱਖ ਨੂੰ ਇਨ੍ਹਾਂ ਤੋਂ ਬਚਾ ਕੇ ਉਸ ਨੂੰ ਚੰਗਾ ਇਨਸਾਨ ਬਣਾਉਣ ਦੇ ਰਾਹ ਤੋਰਿਆ ਜਾ ਰਿਹਾ ਹੈ, ਪਰ ਅਸਲ ਵਿੱਚ ਉਹ ਬੜੇ ਤਰੀਕੇ ਨਾਲ ਮਨੁੱਖ ਨੂੰ ਇਨ੍ਹਾਂ ਦੀ ਦਲਦਲ ਵਿਚ ਫਸਾਈ ਤੁਰਿਆ ਜਾਂਦਾ ਹੈ। ਜਿਸ ਤਰ੍ਹਾਂ ਕਿ ਉਹ ਰੱਬੀ ਨਿਯਮਾਂ ਦੀ ਅਟੱਲ ਸਚਾਈ ਦੱਸ ਕੇ ਵਿਅਕਤੀ ਨੂੰ ਕੁਦਰਤ ਦੇ ਨਿਯਮਾਂ ਵਿਚ ਰਹਿਣ ਜੀਵਨ ਜਾਚ ਦੱਸਣ ਦੀ ਥਾਂ ਮਨੁੱਖ ਅੰਦਰ ਕੁਦਰਤ ਦੀਆਂ ਗੈਬੀ ਸ਼ਕਤੀਆਂ, ਭੂਤਾਂ-ਪ੍ਰੇਤਾਂ, ਭੈੜੀਆਂ ਰੂਹਾਂ, ਜਾਦੂ ਟੂਣਿਆਂ, ਜੰਤਰਾਂ ਮੰਤਰਾਂ ਦਾ ਡਰ ਪਾਉਂਦਾ ਹੈ ਤੇ ਫਿਰ ਇਨ੍ਹਾਂ ਤੋਂ ਬਚਣ ਦੇ ਉਪਾਅ ਦੱਸਦਾ ਹੈ। ਇਸੇ ਤਰ੍ਹਾਂ ਮਨੁੱਖ ਨੂੰ ਇਹ ਦੱਸਣ ਦੀ ਥਾਂ ਕਿ ਦੁਨਿਆਵੀ ਵਸਤਾਂ ਪ੍ਰਾਪਤੀ ਜਾਂ ਦੁਨਿਆਵੀ ਤਰੱਕੀ ਕੁਦਰਤ ਦੇ ਨਿਯਮਾਂ ਅਨੁਸਾਰ ਮਿਹਨਤ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਦੀ ਥਾਂ ਉਸ ਨੂੰ ਰੱਬ ਅੱਗੇ ਅਰਦਾਸਾਂ ਕਰਨ ਜਾਂ ਪੂਜਾ ਪਾਠ ਕਰਨ ਦੇ ਤਰੀਕੇ ਦੱਸਦਾ ਹੈ। ਜਦਕਿ ਉਸਨੂੰ ਪਤਾ ਹੁੰਦਾ ਹੈ ਕਿ ਇਸ ਸ੍ਰਿਸ਼ਟੀ ਵਿੱਚ ਸਭ ਕੁਝ ਕੁਦਰਤ ਦੇ ਅਟੱਲ ਨਿਯਮਾਂ ਅਨੁਸਾਰ ਹੀ ਵਾਪਰਦਾ ਹੈ। ਇਸ ਤਰ੍ਹਾਂ ਹਰ ਪੁਜਾਰੀ, ਹਰ ਹੀਲੇ ਅਜਿਹੀ ਸਿੱਖਿਆ ਦਿੰਦਾ ਹੈ ਕਿ ਸ਼ਰਧਾਲੂ ਮਾਨਸਿਕ, ਸਰੀਰਕ, ਸਮਾਜਿਕ, ਆਰਥਿਕ ਤੌਰ ਤੇ

ਹੀਣਾ ਬਣਿਆ ਰਹੇ।

ਬੇਸ਼ੱਕ ਬਹੁਤ ਸਾਰੇ ਧਰਮ ਇਹ ਦਾਅਵੇ ਕਰਦੇ ਹਨ ਕਿ ਉਨ੍ਹਾਂ ਦੇ ਧਰਮ ਗ੍ਰੰਥਾਂ ਵਿਚ ਬਹੁਤ ਕੁਝ ਅਜਿਹਾ ਲਿਖਿਆ ਮਿਲਦਾ ਹੈ, ਜੋ ਮਨੁੱਖ ਦਾ ਮਾਨਸਿਕ ਵਿਕਾਸ ਕਰਕੇ ਉਸਨੂੰ ਇੱਕ ਉੱਚੇ ਆਦਰਸ਼ ਵਾਲਾ ਇਨਸਾਨ ਬਣਾਉਣ ਦੇ ਸਮਰੱਥ ਹੈ। ਪਰ ਉਸ ਸੱਚ ਤੱਕ ਪਹੁੰਚ ਕਿਸਦੀ ਹੈ ? ਆਮ ਇਨਸਾਨ ਦੇ ਰਸਤੇ ਵਿਚ ਤਾਂ ਪੁਜਾਰੀ ਵੱਡੇ ਦੈਂਤ ਦਾ ਰੂਪ ਧਾਰੀ ਬੈਠਾ ਹੈ, ਜੋ ਉਸਨੂੰ ਮਾਨਸਿਕ ਤੌਰ ਤੇ ਰਸਤੇ ਵਿਚ ਹੀ ਖਾ ਜਾਂਦਾ ਹੈ। ਦੂਜਾ ਕਿਸੇ ਵੀ ਧਰਮ ਦੀ ਸੋਚ ਸਾਂਝੀਵਾਲਤਾ ਵਾਲੀ ਨਹੀਂ ਹੈ। ਉਨ੍ਹਾਂ ਦੀ ਸਾਂਝੀਵਾਲਤਾ ਦਾ ਮਤਲਬ ਹੈ ਕਿ ਤੁਸੀਂ ਆਪਣਾ ਫਿਰਕਾ ਛੱਡ ਕੇ ਸਾਡੇ ਫਿਰਕੇ ਦੇ ਅਨੁਯਾਈ ਬਣ ਜਾਉ। ਜੋ ਕਿ ਆਮ ਤੌਰ ਤੇ ਖੂਹ ਵਿਚੋਂ ਨਿਕਲ ਕੇ ਖੱਡੇ ਵਿੱਚ ਛਾਲ ਮਾਰਨ ਵਾਲੀ ਗੱਲ ਹੁੰਦੀ ਹੈ। ਜਾਂ ਫਿਰ ਪੁਜਾਰੀ ਕਹਿੰਦੇ ਹਨ ਕਿ ਜੇ ਤੁਸੀਂ ਸਾਡੇ ਫਿਰਕੇ ਵਿਚ ਸ਼ਾਮਲ ਨਹੀਂ ਹੋਣਾ ਚਾਹੁੰਦੇ ਤਾਂ ਕੋਈ ਗੱਲ ਨਹੀਂ, ਫਿਰ ਸਾਡੀ ਸਾਂਝੀਵਾਲਤਾ ਦਾ ਮਤਲਬ ਹੈ, ਤੁਸੀਂ ਆਪਣੇ ਫਿਰਕੇ ਦੀ ਦੁਕਾਨ ਤੇ ਸ਼ਰਧਾਲੂਆਂ ਨੂੰ ਲੁੱਟੋ ਤੇ ਅਸੀਂ ਆਪਣੀ ਤੇ ਲੁੱਟਦੇ ਹਾਂ। ਅਸੀਂ ਇੱਕ ਦੂਜੇ ਦੇ ਕੰਮਾਂ ਵਿਚ ਦਖਲ ਨਹੀਂ ਦੇਵਾਂਗੇ। ਜੇ ਤੁਸੀਂ ਦਖਲ ਦਿਉਗੇ ਤਾਂ ਸਾਡੀਆਂ ਧਾਰਮਿਕ ਭਾਵਨਾਵਾਂ ਭੜਕ ਸਕਦੀਆਂ ਹਨ। ਧਰਮ ਵਿਚ ਦਖਲ ਅੰਦਾਜੀ ਦਾ ਮਸਲਾ ਖੜਾ ਹੋ ਸਕਦਾ, ਧਰਮ ਨੂੰ ਖਤਰੇ ਦਾ ਰੌਲਾ ਪੈ ਸਕਦਾ ਹੈ। ਅੱਜ ਕਿਸੇ ਵੀ ਧਰਮ ਵਿੱਚ ਕਿਸੇ ਨਵੇਂ ਵਿਚਾਰ, ਕਿਸੇ ਨਵੀਂ ਸੋਚ ਨੂੰ ਬਰਦਾਸ਼ਤ ਨਹੀਂ ਕੀਤਾ ਜਾਂਦਾ। ਹਰ ਨਵੀਂ ਸੋਚ ਨੂੰ ਧਰਮ ਵਿਰੋਧੀ ਹੋਣ ਦਾ ਫਤਵਾ ਜਾਰੀ ਕਰ ਦਿੱਤਾ ਜਾਂਦਾ ਹੈ। ਅੱਜ ਦੇ ਜਥੇਬੰਦਕ ਧਰਮ ਉਤਨਾ ਚਿਰ ਕਾਇਮ ਰਹਿਣਗੇ ਜਾਂ ਆਪਣਾ ਫਿਰਕਾ ਕਾਇਮ ਰੱਖਣਗੇ, ਜਿੰਨਾ ਚਿਰ ਉਹ ਅਜਿਹੀ ਸੋਚ ਦੇ ਧਾਰਨੀ ਹਨ। ਜਿਸ ਦਿਨ ਉਹ ਸਾਂਝੀਵਾਲਤਾ ਦੀ ਗੱਲ ਕਰਨਗੇ ਜਾਂ ਫਿਰ ਉਨ੍ਹਾਂ ਨੂੰ ਸਾਰੇ ਵਿਅਕਤੀ ਰੱਬ ਦੇ ਬਣਾਏ ਇਨਸਾਨ ਦਿਸਣਗੇ, ਉਸ ਦਿਨ ਫਿਰਕਿਆਂ ਰੂਪੀ ਧਰਮ ਨਹੀਂ ਰਹਿਣਗੇ ਤੇ ਇਨਸਾਨੀਅਤ ਹੀ ਮਨੁੱਖਤਾ ਧਰਮ ਹੋਵੇਗਾ। ਅਜਿਹਾ ਪੁਜਾਰੀ ਕਦੇ ਨਹੀਂ ਚਾਹੁੰਦੇ। ਇਸ ਲਈ ਪੁਜਾਰੀਆਂ ਦਾ ਹਿੱਤ ਇਸ ਵਿੱਚ ਹੀ ਹੈ ਕਿ ਮਨੁੱਖ ਮਾਨਸਿਕ ਤੌਰ ਤੇ ਹੀਣੇ ਅਤੇ ਕਮਜੋਰ ਬਣੇ ਰਹਿਣ। ਉਹ ਚਾਹੁੰਦੇ ਹਨ ਕਿ ਆਮ ਵਿਅਕਤੀ ਧਰਮ ਤੇ ਸਮਾਜ ਦੀਆਂ ਮਰਿਯਾਦਾਵਾਂ, ਪ੍ਰੰਪਰਾਵਾਂ, ਮਾਨਤਾਵਾਂ, ਬੰਧਨਾਂ ਦੇ ਸੰਗਲ ਆਪਣੇ ਗਲ ਵਿਚ ਪਾ ਕੇ ਰੱਖਣ।ਸ਼ਰਧਾਲੂ ਆਪਣੇ ਫਿਰਕੇ ਦੇ ਖੂੰਟੇ ਨਾਲ ਮਰਿਯਾਦਾ ਦੇ ਸੰਗਲ ਵਿਚ ਬੱਝਾ ਹੋਇਆ ਵੀ ਆਪਣੇ ਆਪ ਨੂੰ ਆਜ਼ਾਦ ਹੋਣ ਦਾ ਭਰਮ ਪਾਲਦਾ ਰਹੇ।

ਜੇਕਰ ਅਸੀਂ ਚਾਹੁੰਦੇ ਹਾਂ ਕਿ ਪੁਜਾਰੀਆਂ ਦੇ ਨਕਲੀ ਧਰਮਾਂ ਦੀ ਫਿਰਕਾਵਾਦੀ ਸੋਚ ਵਿਚੋਂ ਨਿਕਲ ਕੇ ਸਰਬੱਤ ਦੇ ਭਲੇ ਦੀ ਸੋਚ ਦੇ ਮਾਨਸਿਕ ਤੌਰ ਤੇ ਵਿਕਸਤ ਅਤੇ ਆਜ਼ਾਦ ਪੂਰਨ ਮਨੁੱਖ ਬਣਨਾ ਤਾਂ ਫਿਰ ਸਾਨੂੰ ਡਰ, ਲਾਲਚ ਤੇ ਸ਼ਰਧਾ ਦੇ ਸੰਗਲਾਂ ਵਿਚ ਜਕੜਨ ਵਾਲੇ ਇਨ੍ਹਾਂ ਨਕਲੀ ਧਰਮਾਂ ਨੂੰ ਛੱਡਣਾ ਪਵੇਗਾ। ਉਨ੍ਹਾਂ ਦੀਆਂ ਡਰ, ਲਾਲਚ, ਸ਼ਰਧਾ ਅਧਾਰਿਤ ਮਰਿਯਾਦਾਵਾਂ ਨੂੰ ਤੋੜਨਾ ਪਵੇਗਾ। ਰੱਬ ਦੇ ਨਾਮ ਤੇ ਫਿਰਕਿਆਂ ਰੂਪੀ ਸੋਚ ਨੂੰ ਨਕਾਰ ਕੇ ਸਰਬੱਤ ਦੇ ਭਲੇ ਦੀ ਸੋਚ ਅਪਨਾਉਣੀ ਪਵੇਗੀ। ਸਾਨੂੰ ਖੁੱਲ੍ਹੇ ਮਨ ਨਾਲ ਸਾਰੇ ਬੰਧਨਾਂ ਦੀ ਸੋਚ ਤੋਂ ਆਜ਼ਾਦ ਹੋ ਕੇ ਨਿਰਪੱਖਤਾ ਨਾਲ ਹਰ ਤਰ੍ਹਾਂ ਦੇ ਦੁਨਿਆਵੀ ਤੇ ਰੂਹਾਨੀ ਗਿਆਨ ਹਾਸਲ ਕਰਨੇ ਪੈਣਗੇ ਤਾਂ ਹੀ ਅਸੀਂ ਆਪਣੀ ਆਜ਼ਾਦ ਸੋਚ ਦੇ ਮਾਲਕ ਬਣ ਸਕਾਂਗੇ। ਇਨਸਾਨੀਅਤ ਵਿਚ ਵੰਡੀਆਂ ਪਾਉਣ ਵਾਲੀ ਹਰ ਸੋਚ ਨਕਾਰਨ ਯੋਗ ਹੈ। ਇਹ ਧਰਮ ਦੀ ਸੋਚ ਨਹੀਂ, ਨਾ ਹੀ ਇਹ ਪੈਗੰਬਰੀ ਸੋਚ ਹੈ। ਸਗੋਂ ਇਹ ਪੁਜਾਰੀਆਂ ਦੀ ਖੜ੍ਹੀ ਕੀਤੀ ਨਕਲੀ ਵਿਚਾਰਧਾਰਾ ਹੈ। ਉਹ ਸੋਚ ਹੀ ਅਸਲੀ ਧਾਰਮਿਕ ਸੋਚ ਹੈ, ਜੋ ਮਨੁੱਖ ਨੂੰ ਹਰ ਤਰ੍ਹਾਂ ਦੇ ਬੰਧਨਾਂ ਤੋਂ ਅਜਾਦ ਕਰਦੀ ਹੈ ਤੇ ਉਸ ਨੂੰ ਮਾਨਸਿਕ ਤੌਰ ਤੇ ਬਲਵਾਨ ਬਣਾਉਂਦੀ ਹੈ।

# ਪੂੰਜੀਵਾਦੀ ਮੰਡੀ ਸਿਸਟਮ ਤੇ ਸਾਡਾ ਰਹਿਣ-ਸਹਿਣ



ਮਲਵਿੰਦਰ
3659946744,
9779591344



ਇਹ ਗੱਲ ਕੋਈ ਅੱਠ ਹਜ਼ਾਰ ਸਾਲ ਪੁਰਾਣੀ ਹੈ ਜਦੋਂ ਮਨੁੱਖ ਜੰਗਲਾਂ ਵਿਚ ਛੋਟੇ ਛੋਟੇ ਕਬੀਲਿਆਂ ਵਿਚ ਰਹਿੰਦਾ ਸੀ। ਔਰਤ ਉਸ ਕਬੀਲੇ ਦੀ ਮੁੱਖੀ ਹੁੰਦੀ ਸੀ। ਸ਼ਿਕਾਰ ਕਰਕੇ ਕੱਚਾ ਜਾਂ ਅੱਧ ਪੱਕਾ ਮਾਸ ਖਾਂਦੇ ਸਨ। ਰਿਸ਼ਤੇ ਸਰੀਰਕ ਲੋੜਾਂ ਦੇ ਸਨ।ਵਸਤਰ ਅਜੇ ਹੋਂਦ ਵਿਚ ਨਹੀਂ ਸਨ ਆਏ। ਘਣੇ ਜੰਗਲ ਦੀ ਸੰਘਣੀ ਛੱਤ ਹੀ ਘਰ ਹੁੰਦੇ ਸਨ। ਨੇੜੇ ਕਿਸੇ ਪਾਣੀ ਦਾ ਸਰੋਤ ਪਿਆਸ ਅਤੇ ਜੀਵਨ ਦੀਆਂ ਹੋਰ ਲੋੜਾਂ ਪੂਰੀਆਂ ਕਰਦਾ ਸੀ। ਹੌਲੀ ਹੌਲੀ ਜਦ ਦਹਾਕੇ ਤੇ ਫਿਰ ਸਦੀਆਂ ਬੀਤੀਆਂ, ਮਨੁੱਖੀ ਸੂਝ ਵਿਕਸਤ ਹੋਈ। ਜੀਵਨ ਦਾ ਰਹਿਣ-ਸਹਿਣ ਬਦਲਿਆ। ਇਸ ਬਦਲੇ ਜੀਵਨ ਦੀਆਂ ਲੋੜਾਂ ਨੇ ਨਵੀਆਂ ਖੋਜਾਂ ਨੂੰ ਜਨਮ ਦਿੱਤਾ। ਸਮਾਜਿਕ ਵਿਕਾਸ ਹੋਇਆ। ਕਬਜ਼ੇ ਦੀ ਭਾਵਨਾ ਨੇ ਵੱਖ-ਵੱਖ ਕਬੀਲਿਆਂ ਅੰਦਰ ਵਿਰੋਧ ਪੈਦਾ ਕੀਤਾ। ਲੜਾਈਆਂ ਹੋਈਆਂ। ਕਬੀਲਿਆਂ ਅੰਦਰ ਵੀ ਸੱਤਾ ਦੀ ਲਾਲਸਾ ਨੇ ਦੁਸ਼ਮਣੀਆਂ ਪੈਦਾ ਕੀਤੀਆਂ। ਕਬੀਲੇ ਦਾ ਮੁੱਖੀ ਬਣਨਾ ਤੇ ਵੱਧ ਤੋਂ ਵੱਧ ਥਾਵਾਂ ’ਤੇ ਕਬਜਾ ਕਰਨਾ ਮਾਨਵੀ ਸੋਚ ਅੰਦਰ ਰੁਤਬੇ ਦਾ ਚਿੰਨ੍ਹ ਬਣ ਗਿਆ। ਪਰ ਮਨੁੱਖ ਅਜੇ ਆਪਣੀ ਹੀ ਸੂਝ ਸਮਝ ਦਾ ਗੁਲਾਮ ਸੀ। ਕਿਸੇ ਬਾਹਰੀ ਸੱਤਾ, ਪੂੰਜੀ, ਜਾਂ ਰਣਨੀਤੀ ਦਾ ਪ੍ਰਭਾਵ ਨਹੀਂ ਸੀ। ਆਪਣੇ ਹੀ ਹੱਥਾਂ ਨਾਲ਼ ਈਜ਼ਾਦ ਕੀਤੀਆਂ ਵਸਤਾਂ ਦੀ ਵਰਤੋਂ ਕਰਦਾ ਸੀ ਮਨੁੱਖ ਅਤੇ ਆਪਣੇ ਹੀ ਸਰੀਰਕ ਬਲ਼ ਦੇ ਬਲਬੂਤੇ ਜਿੱਤਾਂ ਹਾਰਾਂ ਦੇ ਬਿਰਤਾਂਤ ਸਿਰਜਦਾ ਸੀ। ਕਿਸੇ ਇੱਕ ਖਿਤੇ ਦੇ ਲੋਕਾਂ ਵੱਲੋਂ ਬਣਾਈਆਂ ਵਸਤਾ ਖਰੀਦਣੀਆਂ ਤੇ ਵਰਤਣੀਆਂ ਦਾ ਵਪਾਰਕ ਨੁਮਾ ਵਰਤਾਰਾ ਅਜੇ ਹੋਂਦ ਵਿਚ ਨਹੀਂ ਸੀ ਆਇਆ। ਫਿਰ ਹੌਲੀ ਹੌਲੀ ਵਸਤਾਂ ਦਾ ਆਦਾਨ-ਪ੍ਰਦਾਨ ਜੀਵਨ ਨਿਰਬਾਹ ਦਾ ਅੰਗ ਬਣ ਗਿਆ। ਆਪਣੀਆਂ ਬਣਾਈਆਂ ਵਸਤਾਂ ਦਾ ਹੋਰਨਾਂ ਦੁਆਰਾ ਬਣਾਈਆਂ ਵਸਤਾਂ ਨਾਲ਼ ਵਟਾਂਦਰਾ ਕਰਨਾ ਮਨੁੱਖੀ ਇਤਿਹਾਸ ਅੰਦਰ ਵਪਾਰੀਕਰਨ ਦਾ ਆਰੰਭ ਕਿਹਾ ਜਾ ਸਕਦਾ ਹੈ। ਹੌਲ਼ੀ ਹੌਲ਼ੀ ਦੁਕਾਨਾਂ ਹੋਂਦ ਵਿਚ ਆਈਆਂ ਹੋਣਗੀਆਂ। ਇਸ ਤੋਂ ਅਗਲਾ ਪੜ੍ਹਾ ਬਜ਼ਾਰ ਦਾ ਸੰਕਲਪ ਹੋਵੇਗਾ। ਇਹ ਬਜ਼ਾਰ ਮਨੁੱਖ ਦੀਆਂ ਬਹੁਤ ਸਾਰੀਆਂ ਲੋੜਾਂ ਦੀ ਪੂਰਤੀ ਇੱਕੋ ਥਾਂ ਕਰਦਾ ਰਿਹਾ ਹੈ। ਖਾਣ-ਪੀਣ ਦੀਆਂ ਵਸਤਾਂ ਅਤੇ ਹੋਰ ਲੋੜੀਂਦਾ ਸਮਾਨ ਖਰੀਦਣ ਲਈ ਬੰਦਾ ਬਾਜ਼ਾਰ ਜਾਂਦਾ ਹੈ। ਅੱਜ ਤੋਂ ਪੰਜ ਛੇ ਦਹਾਕੇ ਪਹਿਲਾਂ ਮਨੁੱਖ ਅਨਾਜ ਵੇਚ ਕੇ ਹੋਰ ਸਮਾਨ ਖਰੀਦਦਾ ਸੀ। ਪੈਸੇ ਦੀ ਅਜੇ ਤੋਟ ਸੀ।ਵਪਾਰੀ ਆਮ ਖਰੀਦਦਾਰ ਨੂੰ ਉਧਾਰ ਵੀ ਸਮਾਨ ਵੇਚਦਾ ਸੀ ਜਿਸ ਦਾ ਭੁਗਤਾਨ ਮਹੀਨੇ ਬਾਅਦ ਜਾਂ ਫਿਰ ਹਾੜੀ-ਸਾਉਣੀ ’ਤੇ ਕੀਤਾ ਜਾਂਦਾ ਸੀ। ਇਹ ਵਿਸ਼ਵਾਸ ਕਰਨ ਦਾ ਸਮਾਂ ਸੀ। ਵਿਸ਼ਵਾਸ ਦੇ ਸਿਰ ’ਤੇ ਹੀ ਵਪਾਰ ਹੁੰਦਾ ਸੀ, ਜੀਵਨ ਚਲਦਾ ਸੀ। ਵਪਾਰੀ ਖਰੀਦਦਾਰ ਦੀਆਂ ਮਜ਼ਬੂਰੀਆਂ ਸਮਝਦਾ ਸੀ। ਇਹ ਬਜ਼ਾਰ ਦਾ ਸੁਹਿਰਦ ਰੂਪ ਸੀ। ਫਿਰ ਇਹ ਬਜ਼ਾਰ ਕੁਝ ਧਨਾਡਾਂ ਦੇ ਹੱਥ ਆ ਗਿਆ ਤੇ ਅੱਜ ਪੂਰੀ ਦੁਨੀਆਂ ਵਿਚ ਇਸ ਬਜ਼ਾਰ ਉਪਰ ਕਾਰਪੋਰੇਟ ਘਰਾਣਿਆਂ ਦਾ ਕਬਜ਼ਾ ਹੈ। ਸੱਤਾ ’ਤੇ ਕਾਬਜ਼ ਧਿਰਾਂ ਇਸ ਕਬਜ਼ੇ ਵਿਚ ਭਾਈਵਾਲ ਹਨ। ਕਾਰਪੋਰੇਟ ਧਿਰਾਂ ਦੇ ਹੱਕ ਵਿਚ ਭੁਗਤਦੇ ਅਤੇ ਵੱਧ ਤੋਂ ਵੱਧ ਵਸੀਲਿਆਂ ’ਤੇ ਕਬਜ਼ਾ ਕਰਨ ਵਾਲੇ ਕਾਨੂੰਨ ਬਣਾਏ ਤੇ ਲਾਗੂ ਕੀਤੇ ਜਾਂਦੇ ਹਨ। ਇਸ ਵਰਤਾਰੇ ਦੇ ਕੇਂਦਰ ਵਿਚ ਮੁਨਾਫ਼ਾ ਹੈ। ਇਸ ਕਬਜ਼ੇ ਵਿਚੋਂ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦੀ ਹੋੜ ਨੇ ਮਨੁੱਖ ਦੀਆਂ ਮੁਢਲੀਆਂ ਲੋੜਾਂ ਤੋਂ ਪਾਰ ਜਾ ਕੇ ਮੰਡੀ ਨੇ ਕੁਝ ਅਜਿਹੀਆਂ ਵਸਤਾਂ ਦਾ ਉਤਪਾਦਨ ਵੀ ਕੀਤਾ ਜਿਹੜੀਆਂ ਮਨੁੱਖ ਦੇ ਰਹਿਣ-ਸਹਿਣ ਵਿਚ ਅਣਕਿਆਸੀਆਂ ਸੁਖ-ਸਹੂਲਤਾਂ ਪੈਦਾ ਕਰਦੀਆਂ ਹਨ। ਮਨੁੱਖੀ ਜਿਸਮ ‘ਤੇ ਪਹਿਨੇ ਜਾਣ ਵਾਲ਼ੇ ਕੱਪੜਿਆਂ ਤੇ ਹੋਰ ਵਸਤਾਂ ਤੋਂ ਇਲਾਵਾ ਘਰ ਅੰਦਰ ਪਏ ਸੋਫ਼ੇ, ਫ਼ਰਨੀਚਰ, ਫਰਿਜਾਂ, ਕੰਪਿਊਟਰ, ਲੈਪਟਾਪ, ਐਲ.ਸੀ.ਡੀ ਦੇ ਵੱਖ-ਵੱਖ ਆਕਾਰ ਓ ਐੱਲ ਈ ਡੀ, ਪੱਖੇ, ਏ.ਸੀ.,ਦੋ-ਪਹੀਆ ਵਾਹਨ, ਕਾਰਾਂ, ਵਾਟਰ ਫਿਲਟਰ ਅਤੇ ਅਨੇਕ ਅਨੇਕ ਹੋਰ ਵਸਤਾਂ ਬਜ਼ਾਰ ਵਿਚ ਧੜਾਧੜ ਆ ਰਹੀਆਂ ਤੇ ਵਿਕ ਰਹੀਆਂ ਹਨ। ਬਹੁਤੀ ਵਾਰੀ ਘਰਾਂ ਵਿਚ ਇਹਨਾਂ ਵਸਤਾਂ ਦਾ ਹੋਣਾ ਸਮਾਜ ਅੰਦਰ ਆਪਣੇ ਸਟੇਟਸ ਅਤੇ ਸਮਰੱਥਾ ਦਾ ਵਿਖਾਵਾ ਮਾਤਰ ਹੀ ਹੁੰਦਾ ਹੈ। ਕਿਸੇ ਨਵੇਂ ਪਰੋਡਕਟ ਦੇ ਨਵੇਂ ਮਾਡਲ ਬਹੁਤੀ ਵਾਰ ਸਿਰਫ਼ ਖਰੀਦੇ ਜਾਂਦੇ ਹਨ, ਵਰਤੇ ਨਹੀਂ ਜਾਂਦੇ। ਘਰਾਂ ਅੰਦਰ ਬਹੁਤ ਸਾਰੀਆਂ ਚੀਜ਼ਾਂ ਸਾਲਾਂ ਬੱਧੀ ਅਣਵਰਤੀਆਂ ਪਈਆਂ ਰਹਿੰਦੀਆਂ ਹਨ। ਸਮਕਾਲੀ ਸਮਿਆਂ ਅੰਦਰ ਇਹ ਭਾਵਨਾ ਵਿਖਾਵੇ ਦੀ ਹੱਦ ਤੱਕ ਵੱਧ-ਫੁੱਲ ਗਈ ਹੈ। ਚੰਗੀਆਂ ਜੀਵਨ ਹਾਲਤਾਂ ਪਰੋਸਣ ਦੀ ਤਲਾਸ਼ ਵਿਚ ਮੰਡੀ ਨੇ ਵੱਧ ਤੋਂ ਵੱਧ ਸੁਖ ਸਹੂਲਤਾ ਈਜ਼ਾਦ ਕੀਤੀਆਂ। ਜਿਵੇਂ ਕਿ ਪਹਿਲਾਂ ਵੀ ਗੱਲ ਕੀਤੀ ਹੈ ਕਿ ਵਕਤ ਨਾਲ ਇਹਨਾਂ ਸਹੂਲਤਾਂ ਦੀ ਪ੍ਰਾਪਤੀ ਲਈ ਹੋੜ ਲੱਗ ਗਈ। ਇਹਨਾਂ ਸੁਖ-ਸਹੂਲਤਾਂ ਦੀ ਮੰਗ ਨੇ ਮੰਡੀ ਦੇ ਕਈ ਰੂਪਾਂ ਦਾ ਨਿਰਮਾਣ ਕੀਤਾ। ਮੰਡੀ ਦੀ ਵਸਤ ਬਣ ਗਈ ਹਰ ਵਸਤ ਨੂੰ ਖਰੀਦਣ ਦੀ ਹਰ ਵਰਗ ਦੀ ਸਮਰੱਥਾ ਨਹੀਂ ਹੁੰਦੀ। ਇਨ੍ਹਾਂ ਵਸਤਾਂ ਦੀ ਆਮਦ ਨੇ ਸਾਡਾ ਜੀਵਨ ਨਿਰਬਾਹ ਮਹਿੰਗਾ ਕਰ ਦਿੱਤਾ। ਮੰਡੀ ਸਾਡੇ ਘਰਾਂ ਅੰਦਰ ਪ੍ਰਵੇਸ਼ ਕਰ ਗਈ। ਆਨ-ਲਾਈਨ ਆਰਡਰ ਕਰਨ ’ਤੇ ਹਰ ਚੀਜ਼ ਤੁਹਾਡੇ ਦਰਾਂ ਤੱਕ ਪਹੁੰਚਦੀ। ਕੁਝ ਲੋਕਾਂ ਨੇ ਆਪਣੇ ਘਰਾਂ ਵਿਚ ਇਹਨਾਂ ਸੁਖ-ਸਹੂਲਤਾਂ ਦੇ ਅੰਬਾਰ ਲਾ ਲਏ। ਘਰ ਵਿਚ ਇਹਨਾਂ ਵਸਤਾਂ ਦੀ ਮੌਜੂਦਗੀ ਪਰਿਵਾਰ ਦਾ ਸਟੇਟਸ ਸਿੰਬਲ ਬਣ ਗਿਆ। ਇਸ ਭਾਵਨਾ ਨੇ ਸਾਡੇ ਜੀਵਨ ਦੀ ਸਰਲਤਾ ਵੀ ਖੋਹ ਲਈ ਹੈ ਤੇ ਸਾਨੂੰ ਪੂੰਜੀ ਦੇ ਮਕੜਜਾਲ਼ ਵਿਚ ਅਜਿਹਾ ਫਸਾ ਦਿੱਤਾ ਹੈ ਕਿ ਅਸੀਂ ਹਰ ਕਰਮ ’ਚੋਂ ਮੁਨਾਫਾ ਭਾਲਣ ਲੱਗ ਪਏ ਹਾਂ। ਅਧਿਆਪਕ ਸ਼ਿਸ਼ ਦਾ ਪਵਿੱਤਰ ਰਿਸ਼ਤਾ ਤੇ ਮਰੀਜ਼ ਦਾ ਡਾਕਟਰ ਉਪਰ ਰੱਬ ਵਰਗਾ ਭਰੋਸਾ ਖਤਮ ਹੋ ਗਿਆ ਹੈ। ਖ਼ੂਨ ਦੇ ਰਿਸ਼ਤਿਆਂ ਅੰਦਰ ਵੀ ਪੂੰਜੀ ਤੇ ਮੁਨਾਫਾ ਘੁਸਬੈਠ ਕਰ ਗਏ ਹਨ। ਇਸ ਡਿਜ਼ੀਟਲ ਯੁੱਗ ਅੰਦਰ ਸਮਾਜ ਵਿਚ ਕਈ ਤਰ੍ਹਾਂ ਦੇ ਵਿਗਾੜ ਪੈਦਾ ਹੋ ਗਏ ਹਨ। ਰੁਤਬੇ ਦਾ ਚਿੰਨ੍ਹ ਯਾਨੀ ਸਟੇਟਸ ਸਿੰਬਲ ਉਹ ਵਸਤੂ ਜਾਂ ਵਰਤਾਰਾ ਹੈ ਜਿਹੜਾ ਆਪਣੇ ਮਾਲਕ ਦੇ ਉੱਚੇ ਆਰਥਿਕ ਤੇ ਸਮਾਜਕ ਰੁਤਬੇ ਨੂੰ ਦਰਸਾਉਂਦਾ ਹੈ। ਸਾਡੇ ਸਭਿਆਚਾਰ ਵਿਚ ਚੀਜ਼ਾਂ ਦਾ ਰੂਪ ਅਤੇ ਵਰਤੋਂ ਬਦਲ ਜਾਂਦੀ ਹੈ। ਕਿਸੇ ਦਾ ਰਹਿਣ ਸਹਿਣ, ਖਾਣ-ਪੀਣ ਤੇ ਪਹਿਰਾਵਾ ਵੀ ਉਸ ਦਾ ਸਟੇਟਸ ਸਿੰਬਲ ਬਣ ਜਾਂਦਾ ਹੈ। ਬਜ਼ਾਰ ਵਿਚੋਂ ਖਰੀਦੀ ਮਹਿੰਗੀ ਵਸਤੂ ਮਾਲਕ ਦਾ ਸਟੇਟਸ ਸਿੰਬਲ ਬਣ ਜਾਂਦੀ ਹੈ। ਜੇ ਪੰਜ ਦਹਾਕੇ ਪੁਰਾਣੇ ਦਿਨਾਂ ਵੱਲ ਝਾਤ ਮਾਰੀਏ ਤਾਂ ਮੌਜੂਦਾ ਰਹਿਣ-ਸਹਿਣ ਵਿਚ ਬਹੁਤ ਕੁਝ ਨਕਲੀ ਵਿਖਾਵੇ ਨਾਲ ਭਰਿਆ ਪ੍ਰਤੀਤ ਹੁੰਦਾ ਹੈ। ਘਰਾਂ ਅੰਦਰ ਬਹੁਤ ਸਾਰੇ ਮਹਿੰਗੇ ਕੱਪੜੇ, ਜੁੱਤੀਆਂ, ਕਰਾਕਰੀ ਤੇ ਹੋਰ ਸਮਾਨ ਅਣਵਰਤਿਆ ਪਿਆ ਰਹਿੰਦਾ ਹੈ। ਖਰੀਦਣ ਵੇਲ਼ੇ ਉਸ ਵਸਤੂ ਦੇ ਨਵਾਂ ਤੇ ਮਹਿੰਗਾ ਹੋਣ ਨੂੰ ਹੀ ਧਿਆਨ ਵਿਚ ਰੱਖਿਆ ਜਾਂਦਾ ਹੈ। ਇਸ ਦੀ ਘਰ ਨੂੰ ਕਿੰਨੀ ਕੁ ਲੋੜ ਹੈ, ਇਸ ਗੱਲ ਦਾ ਧਿਆਨ ਬਿਲਕੁਲ ਨਹੀਂ ਰੱਖਿਆ ਜਾਂਦਾ। ਮੰਡੀ ਕੋਲ਼ ਇਹਨਾਂ ਚੀਜ਼ਾਂ ਨੂੰ ਵੇਚਣ ਦਾ ਹੁਨਰ ਹੁੰਦਾ ਹੈ। ਨਵੇਂ ਨਵੇਂ ਤੇ ਲੁਭਾਉਣੇ ਡਿਜ਼ਾਇਨ, ਨਵੀਆਂ ਸੁਵਿਧਾਵਾਂ ਨਾਲ਼ ਭਰਪੂਰ ਵਸਤੂਆਂ ਉਪਰ ਚੇਪੀ ਸੇਲ ਦੀ ਤਖਤੀ ਅਤੇ ਡਿਸਕਾਉਂਟ ਦੀ ਪ੍ਰਤੀਸ਼ਤ ਗਾਹਕ ਨੂੰ ਪ੍ਰਭਾਵਤ ਕਰਨ ਅਤੇ ਦੁਕਾਨਦਾਰ ਦੁਆਰਾ ਸਿਰਜੇ ਬਿਰਤਾਂਤ ਨਾਲ਼ ਸਹਿਮਤ ਹੋਣ ਲਈ ਕਾਫ਼ੀ ਹੁੰਦੇ ਹਨ। ਅਮਰੀਕਾ ਦੀ ਇੱਕ ਕੰਪਨੀ ਦੁਆਰਾ ਬਾਰਬੀ ਡੌਲ ਦਾ ਤਜ਼ਰਬਾ ਮੰਡੀ ਦੇ ਹਵਾਲੇ ਨਾਲ਼ ਬੇਹੱਦ ਕਾਮਯਾਬ ਰਿਹਾ ਹੈ। ਪਹਿਲਾਂ ਕਿਸੇ ਖ਼ੂਬਸੂਰਤ ਲੜਕੀ ਦੀ ਡੌਲ਼ ਤਿਆਰ ਕਰਨੀ। ਫਿਰ ਉਸ ਦੇ ਕੱਪੜੇ, ਖਿਡਾਉਣੇ, ਸੋਫ਼ਾ ਤੇ ਘਰ ਡਿਜ਼ਾਇਨ ਕਰਨਾ। ਗਾਹਕਾਂ ਦੀ ਲਾਈਨ ਲੱਗ ਗਈ। ਇਹਨਾਂ ਵਸਤਾਂ ਲਈ ਨਿੱਤ ਨਵੇਂ ਤਜ਼ਰਬੇ ਹੋਣ ਲੱਗੇ। ਖਰੀਦਦਾਰ ਨਵੀਂ ਖਰੀਦੀ ਵਸਤੂ ਦਾ ਜ਼ਿਕਰ ਆਪਣੇ ਰਿਸ਼ਤੇਦਾਰਾਂ ਅਤੇ ਦੋਸਤਾਂ ਦੇ ਦਾਇਰੇ ਨਾਲ ਇੰਝ ਕਰਦਾ ਹੈ ਜਿਵੇਂ ਕਿਸੇ ਵੱਡੀ ਪ੍ਰਾਪਤੀ ਦਾ ਮਾਣ ਸਾਂਝਾ ਕਰ ਰਿਹਾ ਹੋਵੇ। ਘਰ ਵਿਚ ਬਿਨ੍ਹਾਂ ਲੋੜ ਤੋਂ ਇੱਕ ਤੋਂ ਵੱਧ ਕਾਰਾਂ ਅਤੇ ਬਾਈਕਾਂ ਦੀ ਮੌਜੂਦਗੀ ਇਸੇ ਰੁਤਬੇ ਦੇ ਚਿੰਨ੍ਹ ਹਨ। ਕੱਪੜਿਆਂ ਨਾਲ਼ ਤੂਸੀਆਂ ਅਲਮਾਰੀਆਂ, ਜੁੱਤੀਆਂ ਨਾਲ਼ ਆਫਰੇ ਸ਼ੂ ਰੈਕ, ਸਜਾਵਟੀ ਵਸਤੂਆਂ ਦੁਆਰਾ ਕੀਤਾ ਘਰ ’ਤੇ ਕਬਜ਼ਾ, ਖ਼ੂਬਸੂਰਤ ਪੈਕਿੰਗ ਵਿਚ ਬੰਦ ਖਾਣ-ਪੀਣ ਦੀਆਂ ਵਸਤੂਆਂ ਦੀ ਬਹੁਤਾਤ ਅਤੇ ਅਨੇਕਾਂ ਹੋਰ ਵਸਤੂਆਂ ਦੀ ਮੌਜੂਦਗੀ ਜਿਹਨਾਂ ਦੀ ਵਰਤੋਂ ਸ਼ਾਇਦ ਕਦੀ ਵੀ ਨਹੀਂ ਹੋਣੀ, ਸਭ ਸਟੇਟਸ ਸਿੰਬਲ ਨੂੰ ਦਰਸਾਉਂਦੇ ਪ੍ਰਤੀਕ ਹਨ।ਨਵੇਂ ਉਸਰ ਰਹੇ ਮਕਾਨਾਂ ਵੱਲ ਵੇਖੀਦਾ ਹੈ ਤਾਂ ਹੈਰਾਨੀ ਹੁੰਦੀ ਹੈ ਕਿ ਇਸ ਮਹਿਲ-ਨੁਮਾ ਘਰ ਵਿਚ ਕਿੰਨ੍ਹਾਂ ਲੋਕਾਂ ਨੇ ਵੱਸਣਾ ਹੈ ?ਪਰਵਾਸ ਦੇ ਬੇਮੁਹਾਰੇ ਵਹਿਣ ਨੇ ਤਾਂ ਇਹਨਾਂ ਘਰਾਂ ਦੇ ਅਰਥ ਬਦਲ ਦਿੱਤੇ ਹਨ। ਬਹੁ-ਮੰਜ਼ਲੀ ਇਨ੍ਹਾਂ ਖ਼ਾਲੀ ਪਈਆਂ ਕੋਠੀਆਂ ਦੀ ਰਾਖੀ ਕੈਮਰੇ ਕਰਦੇ ਹਨ। ਪਰਵਾਸੀ ਮਜ਼ਦੂਰ ਜਾਂ ਕੋਈ ਲੋੜਵੰਦ ਪਰਿਵਾਰ ਇਹਨਾਂ ਘਰਾਂ ਵਿਚ ਚੌਕੀਦਾਰਾ ਕਰਦੇ ਹਨਬਦਲੇ ਵਿਚ ਘਰ ਦੀ ਰਾਖੀ ਕਰਦੇ ਲੋਕਾਂ ਨੂੰ ਮੋਟੀ ਰਕਮ ਵੀ ਤਾਰਨੀ ਪੈਂਦੀ ਹੈ। ਰੀਝਾਂ ਤੇ ਚਾਅ ਨਾਲ ਬਣਾਏ ਇਹਨਾਂ ਘਰਾਂ ਦੇ ਬਾਹਰ ਲੱਟਕੀਆਂ ਸੇਲ ਦੀਆਂ ਤਖ਼ਤੀਆਂ ਮਾਲਕ ਦੇ ਸਟੇਟਸ ਸਿੰਬਲ ਨੂੰ ਮਿੱਟੀ ਵਿਚ ਰੋਲ਼ ਰਹੀਆਂ ਪ੍ਰਤੀਤ ਹੁੰਦੀਆਂ ਹਨ।

ਸਾਡੇ ਘਰਾਂ ’ਚ ਖ਼ਾਲੀ ਥਾਂ ਨਹੀਂ ਲੱਭਦੀ। ਕੰਧਾਂ ਤਸਵੀਰਾਂ ਨਾਲ਼ ਭਰੀਆਂ ਹਨ। ਕੋਨਿਆਂ ’ਚ ਫੁੱਲਦਾਨ ਪਏ ਹਨ। ਸੋਫਿਆਂ ’ਤੇ ਕਵਰ ਦਾ ਕਬਜ਼ਾ ਹੈ। ਬਹੁਤ ਸਾਰੀ ਮੰਡੀ ਅਜੇ ਸਟੋਰ ਵਿਚ ਪਈ ਹੈ। ਖ਼ਾਲੀ ਥਾਂ ਦੀ ਉਡੀਕ ਕਰ ਰਹੀ। ਕਦੀ ਕਦੀ ਤਾਂ ਲੱਗਦਾ ਮੰਡੀ ਦੇ ਬੋਝ ਹੇਠ ਦੱਬ ਕੇ ਮਰ ਜਾਵਾਂਗੇ ਅਸੀਂ। ਸਾਡੇ ਰਹਿਣ-ਸਹਿਣ ਤੇ ਖਾਣ-ਪੀਣ ਦੇ ਸਮਕਾਲੀ ਰੁਝਾਨ ਵੀ ਇਸ ਵਰਤਾਰੇ ਦਾ ਹਿੱਸਾ ਹਨ। ਦੇਰ ਰਾਤ ਤੱਕ ਰੈਸਟੋਰੈਂਟ ਤੇ ਹੋਰ ਖਾਣ-ਪੀਣ ਤੇ ਮੌਜ ਮਸਤੀ ਕਰਨ ਦੀਆਂ ਦੁਕਾਨਾਂ ਖੁੱਲੀਆਂ ਰਹਿੰਦੀਆਂ ਹਨ। ਰਾਤ ਨੂੰ ਘਰੋਂ ਬਾਹਰ ਘੁੰਮਣ ਜਾਣਾ, ਬਾਹਰੋਂ ਖਾਣਾ ਖਾਣਾ, ਰਾਤ ਦੇਰ ਨਾਲ਼ ਘਰ ਆਉਣਾ ਤੇ ਲੇਟ ਸੌਣਾ ਤੇ ਸਵੇਰੇ ਦੇਰ ਨਾਲ ਉੱਠਣਾ ਵੀ ਮੰਡੀ ਨੇ ਸਮਾਜ ਦੇ ਇੱਕ ਵਰਗ ਦਾ ਸਟੇਟਸ ਸਿੰਬਲ ਬਣਾ ਦਿੱਤਾ ਹੈ। ਕਿਸੇ ਮਹਿਮਾਨ ਦੇ ਘਰ ਆਉਣ ’ਤੇ ਮਹਿੰਗੀ ਕਰੌਕਰੀ ਵਿਚ ਖਾਣਾ ਪਰੋਸਣਾ, ਖਾਣੇ ਤੋਂ ਪਹਿਲਾਂ ਸਨੈਕਸ ਖੁਆਉਣੇ ਤੇ ਖਾਣੇ ਵਿਚ ਕਿੰਨੀਆਂ ਸਾਰੀਆਂ ਡਿਸ਼ਾਂ ਪਰੋਸਣੀਆਂ ਤੇ ਅਖੀਰ ਵਿਚ ਭਰੇ ਢਿੱਡਾਂ ਅੰਦਰ ਸਵੀਟ ਡਿਸ਼ ਤੂਸਣ ਲਈ ਮਜ਼ਬੂਰ ਕਰਨਾ ਵੀ ਤੁਹਾਡੇ ਰੁਤਬੇ ਦੀ ਅਮੀਰੀ ਦਾ ਦਿਖਾਵਾ ਮਾਤਰ ਹਨ। ਬਿਨਾਂ ਕਿਸੇ ਉਚੇਚ ਦੇ ਘਰ ਆਏ ਮਹਿਮਾਨ ਦਾ ਸਵਾਗਤ ਕਰਨ ਅਤੇ ਬਹੁਤ ਸਾਰੀਆਂ ਪਰਿਵਾਰਕ ਗੱਲ਼ਾਂ ਸਾਂਝੀਆਂ ਕਰਨ ਦਾ ਲੁਤਫ਼ ਤਾਂ ਸਾਡੇ ਜੀਵਨ ਵਿਚੋਂ ਜਿਵੇਂ ਅਲੋਪ ਹੀ ਹੋ ਗਿਆ ਹੋਵੇ। ਜਿੱਥੇ ਕਿਤੇ ਵੀ ਕੋਈ ਘਰ, ਪਰਿਵਾਰ ਇਸ ਵਿਖਾਵੇ ਤੋਂ ਬਚਿਆ ਹੈ, ਉਥੇ ਜਾਣ ਦਾ ਆਪਣਾ ਹੀ ਸਹਿਜ ਤੇ ਸੁਹਜ ਹੈ ਜਿਸ ਵਿਚ ਸ਼ਾਮਲ ਹੋ ਕੇ ਮਨ ਨੂੰ ਸਕੂਨ ਮਿਲਦਾ ਹੈ। ਗੱਲ ਤਾਂ ਕੱਠਿਆਂ ਬੈਠਣ ਦੀ ਹੁੰਦੀ ਹੈ। ਅਤੀਤ ਦੇ ਬਹੁਤ ਸਾਰੇ ਅਮੀਰ ਚੇਤਿਆਂ ਨੂੰ ਸਾਂਝਾ ਕਰਨ ਦੀ ਹੁੰਦੀ ਹੈ।ਕੁਝ ਦਹਾਕੇ ਪਿਛਾਂਹ ਜਾਈਏ ਤਾਂ ਲੱਗਦਾ ਹੈ ਕਿ ਚੌਂਕੇ ਵਿਚ ਬੈਠ ਕੇ ਰੋਟੀ ਖਾਣ ਦੇ ਆਨੰਦ ਦਾ ਅਹਿਸਾਸ ਹੁਣ ਦੀ ਪੀੜ੍ਹੀ ਕੋਲ਼ ਕਿੱਥੇ ਹੈ। ਇਹ ਵਿਕਸਤ ਸਮਾਜ ਦੀ ਅਵਿਕਸਿਤ ਜੀਵਨ ਜਾਚ ਹੈ। ਇਸ ਜੀਵਨ-ਜਾਚ ਨੂੰ ਬਦਲਣ ਦੀ ਲੋੜ ਹੈ। ਇਸ ਜੀਵਨ-ਜਾਚ ਵਿਚ ਖਾਣ-ਪੀਣ ਸਮੇਤ ਬਹੁਤ ਸਾਰਾ ਅਜਿਹਾ ਸ਼ਾਮਲ ਹੋ ਗਿਆ ਹੈ ਜੋ ਸਾਡੀ ਸਿਹਤ ਲਈ ਹਾਨੀਕਾਰਕ ਹੈ। ਅਜਿਹੀਆਂ ਵਸਤਾਂ ਖਾ ਕੇ ਬਿਮਾਰ ਹੋਣਾ ਤੇ ਫਿਰ ਡਾ. ਕੋਲ਼ ਜਾ ਕੇ ਮਹਿੰਗਾ ਇਲਾਜ ਕਰਵਾਉਣਾ ਵੀ ਸ਼ਾਇਦ ਮੰਡੀ ਦੀ ਦੇਣ ਹੀ ਹੈ। ਕੁਝ ਲੋਕਾਂ ਦਾ ਇਹ ਕਥਨ ਵੀ ਸ਼ਾਇਦ ਸੱਚ ਹੀ ਹੈ ਕਿ ਅੱਜ ਬਜ਼ਾਰ ਗਿਆ ਮਨੁੱਖ ਖ਼ੁਦ ਵਿਕ ਕੇ ਘਰ ਪਰਤਦਾ ਹੈ। ਸ਼ੋਪਿੰਗ ਹੁਣ ਵਿਹਲ ਤੋਂ ਉਕਤਾ ਗਏ ਬੰਦੇ ਦਾ ਆਹਰ ਵੀ ਹੈ। ਸ਼ੋਪਿੰਗ ਕਰਨ ਗਿਆ ਬੰਦਾ ਸ਼ੋਪਿੰਗ ਮਾਲ ਦੇ ਵਿਸਥਾਰ ਵਿਚ ਭਟਕਦਾ ਹੈ।ਵੱਖ-ਵੱਖ ਵਸਤਾਂ ਦੇ ਪੈਕਿੰਗ ਦੇ ਆਕਾਰ ਉਸ ਦੀ ਲੋੜ ਤੋਂ ਕਿਤੇ ਵੱਧ ਹਨ। ਮੰਡੀ ਦਾ ਇਹ ਸਰਮਾਏਦਾਰੀ ਨਿਜ਼ਾਮ ਹੈ ਕਿ ਆਪਣੀ ਲੋੜ ਨਹੀਂ, ਸਾਡੀ ਜੁਗਤ ਦਾ ਸਤਿਕਾਰ ਕਰੋ। ਇਸ ਜੁਗਤ ‘ਚ ਬੰਦਾ ਖ਼ਪਤ ਹੋ ਰਿਹਾ ਹੈ। ਉਹ ਚਾਹੁੰਦਾ ਹੈ ਕਿ ਆਪਣੀਆਂ ਲੋੜਾਂ ਦੇ ਹਾਣ ਦੀ ਖਰੀਦਦਾਰੀ ਕਰਾਂ। ਅਜਿਹੇ ਵਿਸ਼ਵ ਵਿਆਪੀ ਬਰਾਂਡਡ ਸੌਪਿੰਗ ਮਾਲਾਂ ਤੋਂ ਬਾਹਰ ਨਿਕਲੀਏ। ਘਰਾਂ ਅੰਦਰ ਵਾਧੂ ਵਸਤਾਂ ਦੇ ਅੰਬਾਰ ਲਾਉਣੇ ਛੱਡੀਏ। ਆਪਣੀ ਸਮਰੱਥਾ ਦੇ ਅੰਦਰ ਰਹਿ ਕੇ ਜੀਵਨ ਜੀਣ ਦਾ ਵਲ ਸਿੱਖੀਏ ਤੇ ਅਪਣਾਈਏ। ਸਾਦੀ ਜੀਵਨ-ਜਾਚ ਵਿਚ ਵੀ ਸੁਖ-ਸਹੂਲਤਾਂ ਨੂੰ ਮਾਣਨ ਦੀ ਸਪੇਸ ਹੁੰਦੀ ਹੈ। ਇਸ ਸਾਰੇ ਕੁਝ ਤੋਂ ਮੁਕਤ ਤਾਂ ਸ਼ਾਇਦ ਨਹੀਂ ਹੋਇਆ ਜਾ ਸਕਦਾ, ਪਰ ਜਿੰਨਾਂ ਕੁ ਹੋ ਸਕੇ, ਸਾਨੂੰ ਬਚਣਾ ਚਾਹੀਦਾ ਹੈ। ਸੋਚਿਆ ਜਾਵੇ ਤਾਂ ਇਹ ਮੁਸ਼ਕਿਲ ਵੀ ਨਹੀਂ ਹੈ। ਮੁਸ਼ਕਿਲ ਸਾਰੇ ਪਰਿਵਾਰ ਦੀ ਸਹਿਮਤੀ ਬਣਨੀ ਹੈ। ਕਿਸੇ ਢੁੱਕਵੇਂ ਸਮੇਂ ’ਤੇ ਇਕੱਠੇ ਬੈਠ ਕੇ ਇਹ ਸਹਿਮਤੀ ਬਣ ਸਕਦੀ ਹੈ। ਕੋਸ਼ਿਸ਼ ਕਰਨੀ ਤਾਂ ਬਣਦੀ ਹੈ।

# 'ਕਿਸੇ ਵੀ ਕੂੜ ਪ੍ਰਚਾਰ ਨਾਲ ਫ਼ਲਸਤੀਨੀ ਜ਼ਖ਼ਮ ਲੁਕ ਨਹੀਂ ਸਕਦਾ: ਅਰੁੰਧਤੀ ਰਾਏ

**ਬੂਟਾ ਸਿੰਘ ਮਹਿਮੂਦਪੁਰ**





ਲੇਖਕਾ ਅਤੇ ਕਾਰਕੁਨ ਅਰੁੰਧਤੀ ਰਾਏ ਨੂੰ ਪੈੱਨ ਪਿੰਟਰ ਪੁਰਸਕਾਰ 2024 ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਨਾਟਕਕਾਰ ਹੈਰੋਲਡ ਪਿੰਟਰ ਦੀ ਯਾਦ ਵਿਚ ਇੰਗਲਿਸ਼ ਪੈੱਨ ਦੁਆਰਾ ਸਥਾਪਤ ਕੀਤਾ ਸਲਾਨਾ ਪੁਰਸਕਾਰ ਹੈ। ਪੁਰਸਕਾਰ ਲਈ ਨਾਮਜ਼ਦ ਕੀਤੇ ਜਾਣ ਤੋਂ ਕੁਝ ਸਮੇਂ ਬਾਅਦ ਰਾਏ ਨੇ ਐਲਾਨ ਕੀਤਾ ਕਿ ਪੁਰਸਕਾਰ ਦੀ ਆਪਣੇ ਹਿੱਸੇ ਦੀ ਰਕਮ ਉਸ ਵੱਲੋਂ ਫ਼ਲਸਤੀਨੀ ਬਾਲ ਰਾਹਤ ਫੰਡ ਨੂੰ ਦੇ ਦਿੱਤੀ ਜਾਵੇਗੀ। ਉਸ ਨੇ ਬਰਤਾਨਵੀ-ਮਿਸਰੀ ਲੇਖਕ ਅਤੇ ਕਾਰਕੁਨ ਆਲਾ ਅਬਦ ਅਲ-ਫ਼ਤਹ ਨੂੰ 'ਰਾਈਟਰ ਆਫ ਕਰੇਜ' (Writer of Courage) ਨਾਂ ਦਿੱਤਾ, ਜੋ ਉਨ੍ਹਾਂ ਦੇ ਨਾਲ ਇਸ ਪੁਰਸਕਾਰ ਦੇ ਹਿੱਸੇਦਾਰ ਹਨ। 10 ਅਕਤੂਬਰ, 2024 ਦੀ ਸ਼ਾਮ ਨੂੰ ਬ੍ਰਿਟਿਸ਼ ਲਾਇਬ੍ਰੇਰੀ ਵਿਖੇ ਪੁਰਸਕਾਰ ਲੈਣ ਸਮੇਂ ਅਰੁੰਧਤੀ ਰਾਏ ਵੱਲੋਂ ਦਿੱਤਾ ਭਾਸ਼ਣ ਇੱਥੇ ਸਾਂਝਾ ਕੀਤਾ ਜਾ ਰਿਹਾ ਹੈ।- ਸੰਪਾਦਕ

ਮੈਂ ਅੰਗਰੇਜ਼ੀ ਪੈੱਨ ਦੇ ਮੈਂਬਰਾਂ ਅਤੇ ਜਿਊਰੀ ਮੈਂਬਰਾਂ ਦਾ ਮੈਨੂੰ ਪੈੱਨ ਪਿੰਟਰ ਪੁਰਸਕਾਰ ਨਾਲ ਸਨਮਾਨਿਤ ਕਰਨ ਲਈ ਧੰਨਵਾਦ ਕਰਦੀ ਹਾਂ। ਮੈਂ ਇਸ ਸਾਲ ਦੇ ਰਾਈਟਰ ਆਫ ਕਰੇਜ਼ ਦੇ ਨਾਂ ਦਾ ਐਲਾਨ ਕਰਕੇ ਆਪਣੀ ਗੱਲ ਸ਼ੁਰੂ ਕਰਨਾ ਚਾਹਾਂਗੀ ਜਿਸ ਦੇ ਨਾਲ ਮੈਨੂੰ ਇਹ ਪੁਰਸਕਾਰ ਦੇਣ ਲਈ ਚੁਣਿਆ ਗਿਆ ਹੈ।

ਦਲੇਰ ਲੇਖਕ ਅਤੇ ਮੇਰੇ ਸਾਥੀ ਪੁਰਸਕਾਰ ਜੇਤੂ ਆਲਾ ਅਬਦ ਅਲ-ਫ਼ਤਹ, ਤੁਹਾਨੂੰ ਮੇਰੇ ਵੱਲੋਂ ਮੁਬਾਰਕਾਂ। ਸਾਨੂੰ ਉਮੀਦ ਸੀ ਅਤੇ ਅਸੀਂ ਅਰਦਾਸ ਵੀ ਕੀਤੀ ਕਿ ਸਤੰਬਰ ਵਿਚ ਤੁਸੀਂ ਰਿਹਾ ਕਰ ਦਿੱਤੇ ਜਾਓਗੇ, ਪਰ ਮਿਸਰ ਦੀ ਸਰਕਾਰ ਨੇ ਫ਼ੈਸਲਾ ਕੀਤਾ ਕਿ ਤੁਸੀਂ ਬਹੁਤ ਹੀ ਖ਼ੂਬਸੂਰਤ ਲੇਖਕ ਅਤੇ ਬਹੁਤ ਹੀ ਖ਼ਤਰਨਾਕ ਚਿੰਤਕ ਹੋਣ ਕਰਕੇ ਤੁਹਾਨੂੰ ਰਿਹਾ ਨਹੀਂ ਕੀਤਾ ਜਾ ਸਕਦਾ। ਪਰ ਤੁਸੀਂ ਸਾਡੇ ਨਾਲ ਇੱਥੇ ਮੌਜੂਦ ਹੋ। ਤੁਸੀਂ ਐਥੇ ਸਭ ਤੋਂ ਮਹੱਤਵਪੂਰਨ ਵਿਅਕਤੀ ਹੋ। ਜੇਲ੍ਹ ਵਿੱਚੋਂ ਤੁਸੀਂ ਲਿਖਿਆ, "ਕੋਈ ਤਾਕਤ ਮੇਰੇ ਸ਼ਬਦਾਂ ਤੋਂ ਖੁੱਸ ਗਈ ਅਤੇ ਫਿਰ ਵੀ ਉਹ ਮੇਰੇ ਅੰਦਰੋਂ ਬਾਹਰ ਆਉਂਦੇ ਰਹੇ। ਮੇਰੇ ਕੋਲ ਅਜੇ ਵੀ ਇਕ ਆਵਾਜ਼ ਸੀ, ਭਾਵੇਂ ਸਿਰਫ਼ ਮੁੱਠੀ ਭਰ ਲੋਕ ਹੀ ਸੁਣਨਗੇ।'' ਅਸੀਂ ਸੁਣ ਰਹੇ ਹਾਂ, ਆਲਾ। ਗ਼ੌਰ ਨਾਲ।"

ਤੁਹਾਨੂੰ ਵੀ ਵਧਾਈਆਂ, ਮੇਰੀ ਪਿਆਰੀ ਨੈਓਮੀ ਕਲਾਈਨ, ਆਲਾ ਅਤੇ ਮੇਰੀ ਦੋਹਾਂ ਦੀ ਦੋਸਤ। ਅੱਜ ਰਾਤ ਇੱਥੇ ਆਉਣ ਲਈ ਤੇਰਾ ਧੰਨਵਾਦ। ਇਸਦਾ ਭਾਵ ਮੇਰੇ ਲਈ ਦੁਨੀਆ ਹੈ।

ਇੱਥੇ ਜੁੜੇ ਤੁਹਾਡੇ ਸਾਰਿਆਂ ਦੇ ਨਾਲ-ਨਾਲ ਉਨ੍ਹਾਂ ਸਾਰਿਆਂ ਨੂੰ ਵੀ ਸ਼ੁਭਕਾਮਨਾਵਾਂ ਜੋ ਸ਼ਾਇਦ ਇਨ੍ਹਾਂ ਅਦਭੁੱਤ ਸਰੋਤਿਆਂ ਲਈ ਅਦਿੱਖ ਹਨ ਪਰ ਇਸ ਕਮਰੇ ਵਿਚ ਮੌਜੂਦ ਕਿਸੇ ਹੋਰ ਵਿਅਕਤੀ ਵਾਂਗ ਮੈਨੂੰ ਦਿਸ ਰਹੇ ਹਨ। ਮੈਂ ਭਾਰਤ ਦੀਆਂ ਜੇਲ੍ਹਾਂ 'ਚ ਡੱਕੇ ਆਪਣੇ ਦੋਸਤਾਂ ਅਤੇ ਸਾਥੀਆਂ - ਵਕੀਲਾਂ, ਅਕਾਦਮਿਕਾਂ, ਵਿਦਿਆਰਥੀਆਂ, ਪੱਤਰਕਾਰਾਂ - ਉਮਰ ਖ਼ਾਲਿਦ, ਗੁਲਫਿਸ਼ਾ ਫ਼ਾਤਿਮਾ, ਖ਼ਾਲਿਦ ਸੈਫ਼ੀ, ਸ਼ਰਜੀਲ ਇਮਾਮ, ਰੋਨਾ ਵਿਲਸਨ, ਸੁਰਿੰਦਰ ਗਾਡਲਿੰਗ, ਮਹੇਸ਼ ਰਾਵਤ ਦੀ ਗੱਲ ਕਰ ਰਹੀ ਹਾਂ। ਮੈਂ ਤੁਹਾਡੇ ਨਾਲ ਗੱਲ ਕਰ ਰਹੀ ਹਾਂ ਮੇਰੇ ਦੋਸਤ ਖ਼ੁਰਮ ਪਰਵੇਜ਼, ਮੇਰੀ ਜਾਣ-ਪਛਾਣ ਵਾਲੇ ਸਭ ਤੋਂ ਕਮਾਲ ਦੇ ਲੋਕਾਂ ਵਿੱਚੋਂ ਇਕ, ਤੁਸੀਂ ਤਿੰਨ ਸਾਲ ਤੋਂ ਜੇਲ੍ਹ ਵਿਚ ਹੋ, ਅਤੇ ਇਰਫ਼ਾਨ ਮਹਿਰਾਜ ਤੁਹਾਡੇ ਨਾਲ ਵੀ ਅਤੇ ਕਸ਼ਮੀਰ ਤੇ ਪੂਰੇ ਮੁਲਕ 'ਚ ਕੈਦ ਹਜ਼ਾਰਾਂ ਲੋਕਾਂ ਨਾਲ ਵੀ ਜਿਨ੍ਹਾਂ ਦੀਆਂ ਜ਼ਿੰਦਗੀਆਂ ਤਬਾਹ ਕਰ ਦਿੱਤੀਆਂ ਗਈਆਂ ਹਨ।

ਜਦੋਂ ਇੰਗਲਿਸ਼ ਪੈੱਨ ਐਂਡ ਪਿੰਟਰ ਪੈਨਲ ਦੀ ਚੇਅਰਪਰਸਨ ਰੂਥ ਬੋਰਥਵਿਕ ਨੇ ਪਹਿਲੀ ਵਾਰ ਮੈਨੂੰ ਇਸ ਸਨਮਾਨ ਬਾਰੇ ਲਿਖਿਆ, ਤਾਂ ਉਨ੍ਹਾਂ ਨੇ ਕਿਹਾ ਕਿ ਪਿੰਟਰ ਪੁਰਸਕਾਰ ਇਕ ਅਜਿਹੇ ਲੇਖਕ ਨੂੰ ਦਿੱਤਾ ਜਾਂਦਾ ਹੈ ਜਿਸ ਨੇ 'ਸਾਡੇ ਜੀਵਨ ਅਤੇ ਸਾਡੇ ਸਮਾਜ ਦੇ ਅਸਲ ਸੱਚ' ਨੂੰ 'ਨਿਧੜਕ, ਅਡੋਲ, ਜ਼ਬਰਦਸਤ ਬੌਧਿਕ ਦ੍ਰਿੜਤਾ' ਨਾਲ ਪ੍ਰੀਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਹ ਹੈਰੋਲਡ ਪਿੰਟਰ ਦੇ ਨੋਬਲ ਪੁਰਸਕਾਰ ਲੈਣ ਸਮੇਂ ਦੇ ਭਾਸ਼ਣ ਦਾ ਹਵਾਲਾ ਹੈ।

'ਅਨਫਿੰਚਿੰਗ' ਸ਼ਬਦ ਨਾਲ ਮੈਂ ਪਲ ਕੁ ਲਈ ਰੁਕ ਕੇ ਸੋਚਣ ਲਈ ਮਜਬੂਰ ਹੋ ਗਈ, ਕਿਉਂਕਿ ਮੈਂ ਖ਼ੁਦ ਨੂੰ ਇਕ ਅਜਿਹੇ ਵਿਅਕਤੀ ਦੇ ਰੂਪ ਵਿਚ ਸੋਚਦੀ ਹਾਂ ਜੋ ਲੱਗਭੱਗ ਹਮੇਸ਼ਾ ਹਿਚਕਚਾਉਂਦਾ ਹੈ।

ਮੈਂ 'ਫਲਿੰਚਿੰਗ' ਅਤੇ 'ਅਨਫਲਿੰਚਿੰਗ' ਦੇ ਵਿਸ਼ੇ 'ਤੇ ਥੋੜ੍ਹਾ ਧਿਆਨ ਕੇਂਦਰਤ ਕਰਨਾ ਚਾਹਾਂਗੀ। ਜਿਸ ਨੂੰ ਖ਼ੁਦ ਹੈਰੌਲਡ ਪਿੰਟਰ ਦੁਆਰਾ ਬਿਹਤਰੀਨ ਤਰੀਕੇ ਨਾਲ ਦਰਸਾਇਆ ਜਾ ਸਕਦਾ ਹੈ:

"ਮੈਂ 1980 ਦੇ ਦਹਾਕੇ ਦੇ ਅੰਤ 'ਚ ਲੰਡਨ ਵਿਚ ਅਮਰੀਕੀ ਦੂਤਾਵਾਸ ਵਿਖੇ ਇਕ ਮੀਟਿੰਗ ਵਿਚ ਮੌਜੂਦ ਸੀ।

"ਸੰਯੁਕਤ ਰਾਜ ਅਮਰੀਕਾ ਦੀ ਕਾਂਗਰਸ ਨੇ ਇਹ ਫ਼ੈਸਲਾ ਲੈਣਾ ਸੀ ਕਿ ਨਿਕਾਰਾਗੂਆ ਰਾਜ ਦੇ ਵਿਰੁੱਧ ਮੁਹਿੰਮ ਵਿਚ ਕੌਂਟਰਾ ਬਾਗ਼ੀਆਂ ਨੂੰ ਹੋਰ ਧਨ ਦੇਣਾ ਹੈ ਜਾਂ ਨਹੀਂ। ਮੈਂ ਨਿਕਾਰਾਗੂਆ ਵੱਲੋਂ ਬੋਲਣ ਵਾਲੇ ਵਫ਼ਦ ਦਾ ਮੈਂਬਰ ਸੀ ਪਰ ਇਸ ਵਫ਼ਦ ਦੇ ਸਭ ਤੋਂ ਅਹਿਮ ਮੈਂਬਰ ਫਾਦਰ ਜੌਹਨ ਮੈਟਕਾਫ ਸਨ। ਅਮਰੀਕੀ ਅਦਾਰੇ ਦਾ ਆਗੂ ਰੇਮੰਡ ਸੀਟਜ਼ (ਉਸ ਸਮੇਂ ਰਾਜਦੂਤ ਤੋਂ ਅਗਲੀ ਹਸਤੀ, ਬਾਅਦ ਵਿਚ ਖ਼ੁਦ ਰਾਜਦੂਤ) ਸੀ। ਫਾਦਰ ਮੈਟਕਾਫ ਨੇ ਕਿਹਾ 'ਸ਼੍ਰੀਮਾਨ ਜੀ, ਮੈਂ ਨਿਕਾਰਾਗੂਆ ਦੇ ਉੱਤਰ ਵਿਚ ਚਰਚ ਦੀ ਪ੍ਰਸ਼ਾਸਨਿਕ ਇਕਾਈ ਦਾ ਮੁਖੀ ਹਾਂ। ਮੇਰੇ ਪਾਦਰੀਆਂ ਨੇ ਇਕ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਬਣਾਇਆ ਸੀ। ਅਸੀਂ ਅਮਨ-ਅਮਾਨ ਨਾਲ ਰਹਿ ਰਹੇ ਹਾਂ। ਕੁਝ ਮਹੀਨੇ ਪਹਿਲਾਂ ਇਕ ਕੌਂਟਰਾ ਦਸਤੇ ਨੇ ਸੰਸਥਾ ਉੱਤੇ ਹਮਲਾ ਕੀਤਾ ਸੀ। ਉਨ੍ਹਾਂ ਨੇ ਸਕੂਲ, ਸਿਹਤ ਕੇਂਦਰ, ਸੱਭਿਆਚਾਰਕ ਕੇਂਦਰ ਸਭ ਕੁਝ ਤਬਾਹ ਕਰ ਦਿੱਤਾ। ਉਨ੍ਹਾਂ ਨੇ ਨਰਸਾਂ ਅਤੇ ਅਧਿਆਪਕਾਵਾਂ ਨਾਲ ਬਲਾਤਕਾਰ ਕੀਤਾ, ਡਾਕਟਰਾਂ ਦਾ ਬੇਰਹਿਮੀ ਨਾਲ ਕਤਲ ਕੀਤਾ, ਬੇਹੱਦ ਕਰੂਰ ਤਰੀਕੇ ਨਾਲ। ਕਿਰਪਾ ਕਰਕੇ ਮੰਗ ਕਰੋ ਕਿ ਅਮਰੀਕਨ ਸਰਕਾਰ ਇਸ ਭਿਆਨਕ ਦਹਿਸ਼ਤਗਰਦ ਸਰਗਰਮੀ ਨੂੰ ਦਿੱਤੀ ਜਾ ਰਹੀ ਹਮਾਇਤ ਵਾਪਸ ਲਵੇ।

"ਬਤੌਰ ਤਰਕਸ਼ੀਲ, ਜ਼ਿੰਮੇਵਾਰ ਅਤੇ ਬੇਹੱਦ ਸੂਝਵਾਨ ਵਿਅਕਤੀ ਰੇਮੰਡ ਸੀਟਜ਼ ਦਾ ਬਹੁਤ ਵਧੀਆ ਵੱਕਾਰ ਸੀ। ਕੂਟਨੀਤਕ ਹਲਕਿਆਂ ਵਿਚ ਉਨ੍ਹਾਂ ਦਾ ਬਹੁਤ ਸਨਮਾਨ ਕੀਤਾ ਜਾਂਦਾ ਸੀ। ਉਨ੍ਹਾਂ ਨੇ ਸੁਣਿਆ, ਰੁਕੇ ਅਤੇ ਫਿਰ ਕੁਝ ਗੰਭੀਰਤਾ ਨਾਲ ਗੱਲ ਕੀਤੀ। ਉਹ ਬੋਲੇ, " "ਫਾਦਰ, ਮੈਂ ਤੁਹਾਨੂੰ ਇਕ ਗੱਲ ਦੱਸਦਾ ਹਾਂ। ਜੰਗ ਵਿਚ ਦੁੱਖ ਹਮੇਸ਼ਾ ਬੇਕਸੂਰ ਲੋਕਾਂ ਨੂੰ ਝੱਲਣੇ ਪੈਂਦੇ ਹਨ।' ਮੁਰਦਾ ਖ਼ਾਮੋਸ਼ੀ ਛਾ ਗਈ। ਅਸੀਂ ਉਨ੍ਹਾਂ ਦੇ ਮੂੰਹ ਵੱਲ ਦੇਖਦੇ ਰਹੇ। ਉਹ ਧੜਕੇ ਨਹੀਂ।"

ਯਾਦ ਰੱਖੋ ਕਿ ਰਾਸ਼ਟਰਪਤੀ ਰੀਗਨ ਨੇ ਕੌਂਟਰਾ ਨੂੰ "ਸਾਡੇ ਮੋਢੀ ਪੁਰਖਿਆਂ ਦੇ ਨੈਤਿਕ ਸਮਤੁੱਲ" ਕਿਹਾ ਸੀ। ਵਾਕੰਸ਼ ਦੀ ਇਕ ਬਣਤਰ ਜੋ ਰੀਗਨ ਨੂੰ ਸਪੱਸ਼ਟ ਤੌਰ 'ਤੇ ਪਸੰਦ ਸੀ। ਉਸ ਨੇ ਇਸ ਦੀ ਵਰਤੋਂ ਸੀ.ਆਈ.ਏ. ਦੀ ਹਮਾਇਤ ਪ੍ਰਾਪਤ ਅਫ਼ਗਾਨ ਮੁਜਾਹਿਦੀਨਾਂ ਦਾ ਵਰਣਨ ਕਰਨ ਲਈ ਵੀ ਕੀਤੀ, ਜੋ ਫਿਰ ਤਾਲਿਬਾਨ ਬਣ ਗਏ। ਅਤੇ ਇਹੀ ਤਾਲਿਬਾਨ ਅਮਰੀਕੀ ਹਮਲੇ ਅਤੇ ਕਬਜ਼ੇ ਵਿਰੁੱਧ ਵੀਹ ਸਾਲ ਲੰਮੀ ਲੜਾਈ ਲੜਨ ਤੋਂ ਬਾਅਦ ਅੱਜ ਅਫ਼ਗਾਨਿਸਤਾਨ ਉੱਪਰ ਰਾਜ ਕਰ ਰਹੇ ਹਨ। ਕੌਂਟਰਿਆਂ ਅਤੇ ਮੁਜਾਹਿਦੀਨਾਂ ਤੋਂ ਪਹਿਲਾਂ ਵੀਅਤਨਾਮ ਵਿਚ ਯੁੱਧ ਹੋਇਆ ਸੀ ਅਤੇ ਬੇਝਿਜਕ ਅਮਰੀਕਨ ਫ਼ੌਜੀ ਮੱਤ ਨੇ ਆਪਣੇ ਫ਼ੌਜੀਆਂ ਨੂੰ 'ਜੋ ਵੀ ਹਿਲਦਾ-ਜੁਲਦਾ ਹੈ ਉਸ ਨੂੰ ਮਾਰ ਦੇਣ' ਦਾ ਆਦੇਸ਼ ਦਿੱਤਾ ਸੀ। ਜੇ ਤੁਸੀਂ ਵੀਅਤਨਾਮ ਵਿਚ ਅਮਰੀਕੀ ਯੁੱਧ ਦੇ ਉਦੇਸ਼ਾਂ ਬਾਰੇ ਪੈਂਟਾਗਨ



ਪੇਪਰਜ਼ ਅਤੇ ਹੋਰ ਦਸਤਾਵੇਜ਼ਾਂ ਨੂੰ ਪੜ੍ਹੋ, ਤਾਂ ਤੁਸੀਂ ਨਸਲਕੁਸ਼ੀ ਕਰਨ ਬਾਰੇ ਕੁਝ ਜੀਵੰਤ ਬੇਝਿਜਕ ਵਿਚਾਰ-ਚਰਚਾਵਾਂ ਦਾ ਆਨੰਦ ਲੈ ਸਕਦੇ ਹੋ - ਕੀ ਲੋਕਾਂ ਨੂੰ ਸਿੱਧੇ ਤੌਰ 'ਤੇ ਮਾਰਨਾ ਬਿਹਤਰ ਹੈ ਜਾਂ ਉਨ੍ਹਾਂ ਨੂੰ ਹੌਲੀ-ਹੌਲੀ ਭੁੱਖੇ ਮਾਰਨਾ ਬਿਹਤਰ ਹੈ? ਕਿਹੜਾ ਬਿਹਤਰ ਜਾਪੇਗਾ? ਪੈਂਟਾਗਨ ਵਿਚ ਦਿਆਲੂ ਉੱਚ ਅਧਿਕਾਰੀਆਂ ਨੂੰ ਜਿਸ ਸਮੱਸਿਆ ਦਾ ਸਾਹਮਣਾ ਕਰਨਾ ਪਿਆ, ਉਹ ਇਹ ਸੀ ਕਿ ਅਮਰੀਕੀਆਂ ਦੇ ਉਲਟ, ਜੋ ਉਨ੍ਹਾਂ ਦੇ ਮੁਤਾਬਿਕ, 'ਜੀਵਨ, ਖ਼ੁਸ਼ੀ, ਦੌਲਤ, ਤਾਕਤ' ਚਾਹੁੰਦੇ ਹਨ, ਏਸ਼ੀਆਈ 'ਦੌਲਤ ਦੇ ਵਿਨਾਸ਼ ਅਤੇ ਜਾਨੀ ਨੁਕਸਾਨ' ਨੂੰ ਦ੍ਰਿੜਤਾ ਨਾਲ ਕਬੂਲ ਕਰਦੇ ਹਨ - ਅਤੇ ਅਮਰੀਕਾ ਨੂੰ ਆਪਣੇ 'ਯੁੱਧਨੀਤਕ ਤਰਕ ਨੂੰ ਇਸਦੇ ਨਤੀਜੇ' 'ਤੇ ਲਿਜਾਣ ਲਈ ਮਜਬੂਰ ਕਰਦੇ ਹਨ, ਜੋ ਕਿ ਨਸਲਕੁਸ਼ੀ ਹੈ।' ਇਕ ਭਿਆਨਕ ਬੋਝ ਜਿਸ ਨੂੰ ਬੇਝਿਜਕ ਸਹਿਣ ਕੀਤਾ ਜਾਣਾ ਹੈ।

ਅਤੇ ਇਸ ਵਕਤ ਅਸੀਂ, ਐਨੇ ਸਾਲ ਬਾਅਦ, ਇਕ ਸਾਲ ਤੋਂ ਵੀ ਵੱਧ ਸਮੇਂ ਤੋਂ ਇਕ ਹੋਰ ਨਸਲਕੁਸ਼ੀ ਦਰਮਿਆਨ ਹਾਂ। ਬਸਤੀਵਾਦੀ ਕਬਜ਼ੇ ਅਤੇ ਨਸਲਵਾਦੀ ਰਾਜ ਦੀ ਰਾਖੀ ਲਈ ਗਾਜ਼ਾ ਅਤੇ ਹੁਣ ਲੇਬਨਾਨ ਵਿਚ ਅਮਰੀਕਾ ਤੇ ਇਜ਼ਰਾਈਲ ਵੱਲੋਂ ਬੇਝਿਜਕ ਤੇ ਲਗਾਤਾਰ ਨਸਲਕੁਸ਼ੀ ਕੀਤੀ ਜਾ ਰਹੀ ਹੈ ਜੋ ਟੈਲੀਵਿਜ਼ਨ 'ਤੇ ਪ੍ਰਸਾਰਤ ਕੀਤੀ ਜਾਂਦੀ ਹੈ। ਹੁਣ ਤੱਕ ਮਰਨ ਵਾਲਿਆਂ ਦੀ ਗਿਣਤੀ ਅਧਿਕਾਰਕ ਤੌਰ 'ਤੇ 42,000 ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਔਰਤਾਂ ਅਤੇ ਬੱਚੇ ਹਨ। ਇਸ ਵਿਚ ਉਹ ਲੋਕ ਸ਼ਾਮਲ ਨਹੀਂ ਹਨ ਜੋ ਇਮਾਰਤਾਂ, ਆਸ-ਪਾਸ ਦੇ ਮੁਹੱਲਿਆਂ, ਪੂਰੇ ਦੇ ਪੂਰੇ ਸ਼ਹਿਰਾਂ ਦੇ ਮਲਬੇ ਹੇਠ ਦਬੇ ਚੀਕਾਂ ਮਾਰਦੇ ਹੋਏ ਮਾਰੇ ਗਏ ਅਤੇ ਜਿਨ੍ਹਾਂ ਦੀਆਂ ਲਾਸ਼ਾਂ ਅਜੇ ਤੱਕ ਨਹੀਂ ਮਿਲੀਆਂ। ਆਕਸਫਾਮ ਦਾ ਇਕ ਤਾਜ਼ਾ ਅਧਿਐਨ ਕਹਿੰਦਾ ਹੈ ਕਿ ਪਿਛਲੇ ਵੀਹ ਸਾਲਾਂ 'ਚ ਹੋਏ ਕਿਸੇ ਵੀ ਹੋਰ ਯੁੱਧ ਨਾਲੋਂ ਐਨੇ ਸਮੇਂ 'ਚ ਗਾਜ਼ਾ ਵਿਚ ਵਧੇਰੇ ਬੱਚੇ ਮਾਰੇ ਗਏ ਹਨ।

ਨਾਜ਼ੀ ਰਾਜ ਵੱਲੋਂ ਲੱਖਾਂ ਯੂਰਪੀਅਨ ਯਹੂਦੀਆਂ ਦੇ ਸਫ਼ਾਏ ਯਾਨੀ ਨਸਲਕੁਸ਼ੀ ਪ੍ਰਤੀ ਆਪਣੀ ਮੁੱਢਲੇ ਸਾਲਾਂ ਦੀ ਉਦਾਸੀਨਤਾ ਦੇ ਸਮੂਹਿਕ ਅਪਰਾਧ-ਬੋਧ ਨੂੰ ਘਟਾਉਣ ਲਈ ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਨੇ ਦੂਜੀ ਨਸਲਕੁਸ਼ੀ ਲਈ ਅਧਾਰ ਤਿਆਰ ਕੀਤਾ ਹੈ।

ਇਤਿਹਾਸ ਵਿਚ ਨਸਲੀ ਸਫ਼ਾਇਆ ਅਤੇ ਨਸਲਕੁਸ਼ੀ ਕਰਨ ਵਾਲੇ ਹਰ ਰਾਜ ਦੀ ਤਰ੍ਹਾਂ, ਇਜ਼ਰਾਈਲ ਵਿਚ ਵੀ ਜ਼ਾਇਓਨਿਸਟਾਂ ਨੇ - ਜੋ ਆਪਣੇ ਆਪ ਨੂੰ "ਚੁਣੇ ਹੋਏ ਲੋਕ" ਸਮਝਦੇ ਹਨ - ਫ਼ਲਸਤੀਨੀਆਂ ਨੂੰ ਉਨ੍ਹਾਂ ਦੀ ਧਰਤੀ ਤੋਂ ਖਦੇੜਣ ਅਤੇ ਉਨ੍ਹਾਂ ਦਾ ਕਤਲੇਆਮ ਕਰਨ ਤੋਂ ਪਹਿਲਾਂ ਉਨ੍ਹਾਂ ਨੂੰ ਅਣਮਨੁੱਖੀ ਬਣਾਉਣ ਤੋਂ ਸ਼ੁਰੂਆਤ ਕੀਤੀ।

ਪ੍ਰਧਾਨ ਮੰਤਰੀ ਮੇਨਾਕੇਮ ਬੇਗਿਨ ਨੇ ਫ਼ਲਸਤੀਨੀਆਂ ਨੂੰ 'ਦੋਪਾਏ ਜਾਨਵਰ' ਕਿਹਾ, ਯਿਤਜ਼ਾਕ ਰਾਬਿਨ ਨੇ ਉਨ੍ਹਾਂ ਨੂੰ 'ਟਿੱਡੇ' ਕਿਹਾ ਜਿਨ੍ਹਾਂ ਨੂੰ 'ਕੁਚਲਿਆ ਜਾ ਸਕਦਾ ਹੈ' ਅਤੇ ਗੋਲਡਾ ਮੇਰ ਨੇ ਕਿਹਾ 'ਫ਼ਲਸਤੀਨੀਆਂ ਵਰਗੀ ਕੋਈ ਸ਼ੈਅ ਹੈ ਹੀ ਨਹੀਂ ਸੀ'। ਫਾਸ਼ੀਵਾਦ ਵਿਰੁੱਧ ਉਸ ਪ੍ਰਸਿੱਧ ਯੋਧੇ ਵਿੰਸਟਨ ਚਰਚਿਲ ਨੇ ਕਿਹਾ, 'ਮੈਂ ਇਹ ਨਹੀਂ ਮੰਨਦਾ ਕਿ ਖੁਰਲੀ ਉੱਪਰ ਕੁੱਤੇ ਦਾ ਅੰਤਮ ਅਧਿਕਾਰ ਹੋ ਗਿਆ, ਭਾਵੇਂ ਉਹ ਉੱਥੇ ਬਹੁਤ ਲੰਮਾ ਸਮਾਂ ਕਿਉਂ ਨਾ ਰਿਹਾ ਹੋਵੇ' ਅਤੇ ਫਿਰ ਇੱਥੋਂ ਤੱਕ ਐਲਾਨ ਕੀਤਾ ਕਿ ਖੁਰਲੀ ਉੱਪਰ ਅੰਤਮ ਅਧਿਕਾਰ 'ਉਚੇਰੀ ਨਸਲ' ਦਾ ਹੈ। ਇਕ ਵਾਰ ਜਦੋਂ ਉਨ੍ਹਾਂ ਦੋਪਾਏ ਜਾਨਵਰਾਂ, ਟਿੱਡਿਆਂ, ਕੁੱਤਿਆਂ ਅਤੇ ਅਣਹੋਏ ਲੋਕਾਂ ਦਾ ਕਤਲ ਕਰ ਦਿੱਤਾ ਗਿਆ, ਨਸਲੀ ਸਫ਼ਾਇਆ ਕੀਤਾ ਗਿਆ ਅਤੇ ਉਨ੍ਹਾਂ ਨੂੰ ਬੰਦ ਬਸਤੀਆਂ 'ਚ ਡੱਕ ਦਿੱਤਾ ਗਿਆ, ਤਾਂ ਇਕ ਨਵੇਂ ਮੁਲਕ ਦਾ ਜਨਮ ਹੋ ਗਿਆ। ਇਸਦਾ ਜਸ਼ਨ 'ਧਰਤ-ਵਿਹੂਣੇ ਲੋਕਾਂ ਲਈ ਲੋਕ-ਵਿਹੂਣੀ ਧਰਤ' ਵਜੋਂ ਮਨਾਇਆ ਗਿਆ ਸੀ। ਇਜ਼ਰਾਈਲ ਨਾਂ ਦੇ ਪ੍ਰਮਾਣੂ ਤਾਕਤ ਨਾਲ ਲੈਸ ਰਾਜ ਨੇ ਅਮਰੀਕਾ ਅਤੇ ਯੂਰਪ ਲਈ ਫ਼ੌਜੀ ਚੌਕੀ ਅਤੇ ਮੱਧ ਪੂਰਬ ਦੀ ਕੁਦਰਤੀ ਦੌਲਤ ਤੇ ਸਰੋਤਾਂ ਲਈ ਲਾਂਘੇ ਦਾ ਕੰਮ ਕਰਨਾ ਸੀ। ਨਿਸ਼ਾਨਿਆਂ ਅਤੇ ਉਦੇਸ਼ਾਂ ਦਾ ਇਕ ਮਨਮੋਹਣਾ ਸੰਯੋਗ।

ਭਾਵੇਂ ਇਸ ਨੇ ਕੋਈ ਵੀ ਜੁਰਮ ਕੀਤੇ ਹੋਣ, ਨਵੇਂ ਰਾਜ ਨੂੰ ਬੇਝਿਜਕ ਅਤੇ ਨਿਧੜਕ ਹੋ ਕੇ ਹਥਿਆਰ ਅਤੇ ਪੈਸਾ ਦਿੱਤਾ ਗਿਆ, ਇਸ ਨੂੰ ਲਾਡ ਨਾਲ ਪਾਲਿਆ ਗਿਆ ਅਤੇ ਵਡਿਆਇਆ ਗਿਆ। ਇਹ ਕਿਸੇ ਅਮੀਰ ਘਰ 'ਚ ਪਲੇ ਐਸੇ ਬੱਚੇ ਵਾਂਗ ਵੱਡਾ ਹੋਇਆ ਜੋ ਜਦੋਂ ਦੁਸ਼ਟ ਦਰ ਦੁਸ਼ਟ ਕਾਰੇ ਕਰਦਾ ਹੈ ਤਾਂ ਮਾਪੇ ਫਖ਼ਰ ਨਾਲ ਮੁਸਕਰਾਉਂਦੇ ਹਨ। ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਅੱਜ ਇਹ ਨਸਲਕੁਸ਼ੀ ਕਰਨ ਬਾਰੇ ਖੁੱਲ੍ਹ ਕੇ ਸ਼ੇਖੀਆਂ ਮਾਰਨ ਲਈ ਸੁਤੰਤਰ ਮਹਿਸੂਸ ਕਰਦਾ ਹੈ। (ਘੱਟੋ ਘੱਟ ਪੈਂਟਾਗਨ ਪੇਪਰ ਗੁਪਤ ਸਨ। ਉਨ੍ਹਾਂ ਨੂੰ ਚੋਰੀ ਕੀਤਾ ਜਾਣਾ ਸੀ। ਅਤੇ ਉਹ ਲੀਕ ਹੋਣੇ ਸਨ)। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਇਜ਼ਰਾਈਲੀ ਸਿਪਾਹੀ ਸ਼ਿਸਟਾਚਾਰ ਦੀ ਸਾਰੀ ਭਾਵਨਾ ਨੂੰ ਤਿਆਗ ਚੁੱਕੇ ਹਨ। ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਹ ਸੋਸ਼ਲ ਮੀਡੀਆ ਉੱਪਰ ਅਜਿਹੀਆਂ ਵੀਡੀਓ ਧੜਾਧੜ ਪਾ ਰਹੇ ਹਨ ਜਿਨ੍ਹਾਂ ਵਿਚ ਉਹ ਉਨ੍ਹਾਂ ਔਰਤਾਂ ਦੇ ਅੰਦਰਲੇ ਕੱਪੜੇ ਪਹਿਨੀਂ ਦਿਸਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਮਾਰ ਮੁਕਾਇਆ ਜਾਂ ਉਜਾੜ ਦਿੱਤਾ ਹੈ, ਉਹ ਆਪਣੀਆਂ ਵੀਡੀਓ ਵਿਚ ਮਰ ਰਹੇ ਫ਼ਲਸਤੀਨੀਆਂ ਅਤੇ ਜ਼ਖ਼ਮੀ ਬੱਚਿਆਂ ਤੇ ਉਨ੍ਹਾਂ ਕੈਦੀਆਂ ਦੀਆਂ ਸਾਂਗਾਂ ਲਾਉਂਦੇ ਹਨ ਜਿਨ੍ਹਾਂ ਦਾ ਬਲਾਤਕਾਰ ਕੀਤਾ ਗਿਆ ਅਤੇ ਤਸੀਹੇ ਦਿੱਤੇ ਗਏ ਹਨ। ਇਨ੍ਹਾਂ ਵੀਡੀਓ ਵਿਚ ਉਨ੍ਹਾਂ ਦੀਆਂ ਇਮਾਰਤਾਂ ਨੂੰ ਉਡਾਉਂਦਿਆਂ ਦੀਆਂ ਤਸਵੀਰਾਂ ਹਨ ਜਦੋਂ ਉਹ ਸਿਗਰਟਾਂ ਪੀ ਰਹੇ ਹੁੰਦੇ ਹਨ ਜਾਂ ਆਪਣੇ ਹੈੱਡਫੋਨ ਉੱਪਰ ਸੰਗੀਤ ਸੁਣ ਰਹੇ ਹੁੰਦੇ ਹਨ। ਇਹ ਲੋਕ ਕੌਣ ਹਨ?

ਇਜ਼ਰਾਈਲ ਜੋ ਕਰ ਰਿਹਾ ਹੈ ਉਸ ਨੂੰ ਕਿਹੜੀ ਚੀਜ਼ ਜਾਇਜ਼ ਠਹਿਰਾ ਸਕਦੀ ਹੈ?

ਇਜ਼ਰਾਈਲ ਅਤੇ ਇਸ ਦੇ ਜੋਟੀਦਾਰਾਂ, ਅਤੇ ਪੱਛਮੀ ਮੀਡੀਆ ਅਨੁਸਾਰ, ਇਸ ਦਾ ਜਵਾਬ ਹੈ ਪਿਛਲੇ ਸਾਲ 7 ਅਕਤੂਬਰ ਨੂੰ ਇਜ਼ਰਾਈਲ ਉੱਪਰ ਹਮਾਸ ਦਾ ਹਮਲਾ। ਇਜ਼ਰਾਈਲੀ ਨਾਗਰਿਕਾਂ ਦੇ ਕਤਲ ਅਤੇ ਇਜ਼ਰਾਈਲੀਆਂ ਨੂੰ ਬੰਧਕ ਬਣਾਉਣਾ। ਉਨ੍ਹਾਂ ਅਨੁਸਾਰ ਇਤਿਹਾਸ ਦੀ ਸ਼ੁਰੂਆਤ ਸਿਰਫ਼ ਇਕ ਸਾਲ ਪਹਿਲਾਂ ਹੀ ਹੋਈ ਸੀ।

ਇਸ ਲਈ, ਇਹ ਮੇਰੇ ਭਾਸ਼ਣ ਦਾ ਉਹ ਹਿੱਸਾ ਹੈ ਜਿੱਥੇ ਮੇਰੇ ਤੋਂ ਆਪਣੇ ਆਪ ਨੂੰ, ਆਪਣੀ 'ਨਿਰਪੱਖਤਾ', ਆਪਣੇ ਬੌਧਿਕ ਰੁਤਬੇ ਨੂੰ ਬਚਾਉਣ ਲਈ ਗੋਲਮੋਲ ਗੱਲ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਉਹ ਹਿੱਸਾ ਹੈ ਜਿੱਥੇ ਮੇਰੇ ਤੋਂ ਦੀ ਉਮੀਦ ਕੀਤੀ ਜਾਂਦੀ ਹੈ ਕਿ ਮੈਂ ਨੈਤਿਕ ਸਮਤੋਲ ਬਣਾਵਾਂ ਅਤੇ ਹਮਾਸ ਤੇ ਗਾਜ਼ਾ ਵਿਚਲੇ ਹੋਰ ਖਾੜਕੂ ਗਰੁੱਪਾਂ ਅਤੇ ਲੇਬਨਾਨ ਵਿਚ ਉਨ੍ਹਾਂ ਦੇ ਸੰਗੀ ਹਿਜ਼ਬੁੱਲਾ ਦੀ ਨਾਗਰਿਕਾਂ ਨੂੰ ਕਤਲ ਕਰਨ ਅਤੇ ਲੋਕਾਂ ਨੂੰ ਬੰਧਕ ਬਣਾਉਣ ਲਈ ਨਿੰਦਾ ਕਰਨ ਦੀ ਭੁੱਲ ਕਰਾਂ। ਅਤੇ ਗਾਜ਼ਾ ਦੇ ਲੋਕਾਂ ਦੀ ਨਿੰਦਾ ਕਰਨ ਦੀ ਭੁੱਲ ਕਰਾਂ ਜਿਨ੍ਹਾਂ ਨੇ ਹਮਾਸ ਦੇ ਹਮਲੇ ਦੇ ਜਸ਼ਨ ਮਨਾਏ। ਇਕ ਵਾਰ ਇਸ ਤਰ੍ਹਾਂ ਕਰ ਲੈਣ 'ਤੇ ਇਹ ਸਭ ਸੌਖਾ ਹੋ ਜਾਂਦਾ ਹੈ, ਹੈ ਨਾ? ਆਹ। ਹਰ ਕੋਈ ਭਿਆਨਕ ਹੈ, ਕੋਈ ਕੀ ਕਰ ਸਕਦਾ ਹੈ? ਛੱਡੋ ਪਰ੍ਹਾਂ, ਆਓ ਆਪਾਂ ਸ਼ਾਪਿੰਗ ਕਰਦੇ ਹਾਂ...

ਮੈਂ ਨਿੰਦਾ ਦੀ ਖੇਡ ਖੇਡਣ ਤੋਂ ਇਨਕਾਰ ਕਰਦੀ ਹਾਂ। ਮੈਂ ਆਪਣੀ ਗੱਲ ਸਪਸ਼ਟ ਕਰ ਦਿਆਂ। ਮੈਂ ਲਤਾੜੇ ਹੋਏ ਲੋਕਾਂ ਨੂੰ ਇਹ ਨਹੀਂ ਦੱਸਦੀ ਕਿ ਉਹ ਆਪਣੇ ਉੱਪਰ ਜਬਰ-ਜ਼ੁਲਮ ਦਾ ਵਿਰੋਧ ਕਿਵੇਂ ਕਰਨ ਜਾਂ ਉਨ੍ਹਾਂ ਦੇ ਸੰਗੀ ਕੌਣ ਹੋਣੇ ਚਾਹੀਦੇ ਹਨ।

ਅਕਤੂਬਰ 2023 'ਚ ਅਮਰੀਕੀ ਰਾਸ਼ਟਰਪਤੀ ਜੋਏ ਬਾਇਡੇਨ ਨੇ ਇਜ਼ਰਾਈਲ ਦਾ ਦੌਰਾ ਕਰਨ ਸਮੇਂ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਅਤੇ ਇਜ਼ਰਾਈਲ ਦੀ

ਯੁੱਧ ਕੈਬਨਿਟ ਨਾਲ ਮੁਲਾਕਾਤ ਕੀਤੀ ਸੀ ਤਾਂ ਉਸ ਨੇ ਕਿਹਾ ਸੀ, "ਮੈਂ ਨਹੀਂ ਸਮਝਦਾ ਕਿ ਜ਼ਾਇਓਨਿਸਟ ਬਣਨ ਲਈ ਤੁਹਾਡਾ ਯਹੂਦੀ ਹੋਣਾ ਜ਼ਰੂਰੀ ਹੈ, ਅਤੇ ਮੈਂ ਜ਼ਾਇਓਨਿਸਟ ਹਾਂ।"

ਰਾਸ਼ਟਰਪਤੀ ਜੋਏ ਬਾਇਡਨ ਦੇ ਐਨ ਉਲਟ, ਜੋ ਆਪਣੇ ਆਪ ਨੂੰ ਗ਼ੈਰ-ਯਹੂਦੀ ਜ਼ਾਇਓਨਿਸਟ ਕਹਿੰਦਾ ਹੈ ਅਤੇ ਜੰਗੀ ਜੁਰਮਾਂ ਨੂੰ ਅੰਜਾਮ ਦੇ ਰਹੇ ਇਜ਼ਰਾਇਲ ਨੂੰ ਬੇਝਿਜਕ ਹੋ ਕੇ ਧਨ ਅਤੇ ਹਥਿਆਰ ਦੇ ਰਿਹਾ ਹੈ, ਮੈਂ ਖ਼ੁਦ ਨੂੰ ਕਿਸੇ ਵੀ ਰੂਪ 'ਚ ਅਜਿਹਾ ਐਲਾਨ ਨਹੀਂ ਕਰਨ ਜਾ ਰਹੀ ਜਾਂ ਪ੍ਰੀਭਾਸ਼ਤ ਨਹੀਂ ਕਰਨ ਜਾ ਰਹੀ ਜੋ ਮੇਰੀ ਲਿਖਤ ਦੇ ਮੁਕਾਬਲੇ ਸੰਕੀਰਣ ਹੋਵੇ। ਮੈਂ ਉਹੀ ਹਾਂ ਜੋ ਮੈਂ ਲਿਖਦੀ ਹਾਂ।

ਮੈਂ ਪੂਰੀ ਤਰ੍ਹਾਂ ਜਾਣੂ ਹਾਂ ਕਿ ਮੈਂ ਜੋ ਲੇਖਿਕਾ ਹਾਂ, ਮੈਂ ਜੋ ਗ਼ੈਰ-ਮੁਸਲਮਾਨ ਹਾਂ ਅਤੇ ਮੈਂ ਜੋ ਔਰਤ ਹਾਂ, ਉਹ ਹੋਣ ਦੇ ਨਾਤੇ ਮੇਰੇ ਲਈ ਹਮਾਸ, ਹਿਜ਼ਬੁੱਲਾ ਜਾਂ ਈਰਾਨੀ ਹਕੂਮਤ ਦੇ ਅਧੀਨ ਬਹੁਤ ਲੰਬੇ ਸਮੇਂ ਤੱਕ ਜ਼ਿੰਦਾ ਰਹਿਣਾ ਬਹੁਤ ਮੁਸ਼ਕਲ, ਸ਼ਾਇਦ ਅਸੰਭਵ ਹੋਵੇਗਾ। ਪਰ ਇੱਥੇ ਮੁੱਦਾ ਇਹ ਨਹੀਂ ਹੈ। ਮੁੱਦਾ ਇਹ ਹੈ ਕਿ ਅਸੀਂ ਆਪਣੇ ਆਪ ਨੂੰ ਇਤਿਹਾਸ ਅਤੇ ਉਨ੍ਹਾਂ ਹਾਲਾਤ ਬਾਰੇ ਸਿੱਖਿਅਤ ਕਰੀਏ ਜਿਨ੍ਹਾਂ ਦੇ ਤਹਿਤ ਉਹ ਹੋਂਦ ਵਿਚ ਆਏ। ਮੁੱਦਾ ਇਹ ਹੈ ਕਿ ਇਸ ਵੇਲੇ ਉਹ ਇਕ ਚੱਲ ਰਹੀ ਨਸਲਕੁਸ਼ੀ ਵਿਰੁੱਧ ਲੜ ਰਹੇ ਹਨ। ਮੁੱਦਾ ਆਪਣੇ ਆਪ ਨੂੰ ਇਹ ਪੁੱਛਣਾ ਹੈ ਕਿ ਕੀ ਇਕ ਉਦਾਰ, ਧਰਮਨਿਰਪੱਖ ਲੜਾਕੂ ਤਾਕਤ ਇਕ ਨਸਲਕੁਸ਼ੀ ਕਰਨ ਵਾਲੀ ਜੰਗੀ ਮਸ਼ੀਨ ਦੇ ਵਿਰੁੱਧ ਖੜ੍ਹ ਸਕਦੀ ਹੈ। ਕਿਉਂਕਿ, ਜਦੋਂ ਸੰਸਾਰ ਦੀਆਂ ਸਾਰੀਆਂ ਤਾਕਤਾਂ ਉਨ੍ਹਾਂ ਦੇ ਵਿਰੁੱਧ ਹਨ, ਤਾਂ ਉਹ ਰੱਬ ਤੋਂ ਇਲਾਵਾ ਹੋਰ ਕਿਸ ਕੋਲ ਜਾਣ? ਮੈਂ ਜਾਣਦੀ ਹਾਂ ਕਿ ਹਿਜ਼ਬੁੱਲਾ ਅਤੇ ਈਰਾਨੀ ਹਕੂਮਤ ਦੇ ਉਨ੍ਹਾਂ ਦੇ ਆਪਣੇ ਮੁਲਕਾਂ ਵਿਚ ਖੁੱਲ੍ਹੇ ਆਲੋਚਕ ਹਨ, ਜਿਨ੍ਹਾਂ ਵਿੱਚੋਂ ਕੁਝ ਜੇਲ੍ਹਾਂ ਵਿਚ ਵੀ ਸੜ ਰਹੇ ਹਨ ਜਾਂ ਉਨ੍ਹਾਂ ਨੂੰ ਬਹੁਤ ਹੀ ਮਾੜੇ ਨਤੀਜੇ ਭੁਗਤਣੇ ਪਏ ਹਨ। ਮੈਂ ਜਾਣਦੀ ਹਾਂ ਕਿ ਉਨ੍ਹਾਂ ਦੀਆਂ ਕੁਝ ਕਾਰਵਾਈਆਂ – 7 ਅਕਤੂਬਰ ਨੂੰ ਹਮਾਸ ਵੱਲੋਂ ਨਾਗਰਿਕਾਂ ਦੇ ਕਤਲ ਅਤੇ ਉਨ੍ਹਾਂ ਨੂੰ ਅਗਵਾ ਕਰਨਾ – ਜੰਗੀ ਜੁਰਮ ਹਨ। ਹਾਲਾਂਕਿ, ਇਸ ਨੂੰ ਅਤੇ ਇਜ਼ਰਾਈਲ ਤੇ ਸੰਯੁਕਤ ਰਾਜ ਅਮਰੀਕਾ ਗਾਜ਼ਾ, ਪੱਛਮੀ ਕੰਢੇ ਅਤੇ ਹੁਣ ਲੇਬਨਾਨ ਵਿਚ ਜੋ ਕਰ ਰਹੇ ਹਨ, ਉਨ੍ਹਾਂ ਨੂੰ ਇੱਕੋ ਪੱਲੜੇ ਵਿਚ ਨਹੀਂ ਰੱਖਿਆ ਜਾ ਸਕਦਾ। 7 ਅਕਤੂਬਰ ਦੀ ਹਿੰਸਾ ਸਮੇਤ ਸਾਰੀ ਹਿੰਸਾ ਦੀ ਜੜ੍ਹ ਫ਼ਲਸਤੀਨੀ ਜ਼ਮੀਨ ਉੱਪਰ ਇਜ਼ਰਾਈਲ ਦਾ ਕਬਜ਼ਾ ਅਤੇ ਫ਼ਲਸਤੀਨੀ ਲੋਕਾਂ ਨੂੰ ਆਪਣੇ ਅਧੀਨ ਕਰਨਾ ਹੈ। ਇਤਿਹਾਸ 7 ਅਕਤੂਬਰ 2023 ਨੂੰ ਸ਼ੁਰੂ ਨਹੀਂ ਸੀ ਹੋਇਆ।

ਮੈਂ ਤੁਹਾਨੂੰ ਪੁੱਛਦੀ ਹਾਂ ਕਿ ਇਸ ਹਾਲ ਵਿਚ ਮੌਜੂਦ ਸਾਡੇ ਵਿੱਚੋਂ ਕੌਣ ਆਪਣੀ ਇੱਛਾ ਨਾਲ ਉਸ ਅਪਮਾਨ ਨੂੰ ਸਵੀਕਾਰ ਕਰੇਗਾ ਜੋ ਗਾਜ਼ਾ ਅਤੇ ਪੱਛਮੀ ਕੰਢੇ ਵਿਚ ਫ਼ਲਸਤੀਨੀਆਂ ਨੂੰ ਦਹਾਕਿਆਂ ਤੋਂ ਝੱਲਣਾ ਪੈ ਰਿਹਾ ਹੈ? ਫ਼ਲਸਤੀਨੀ ਲੋਕਾਂ ਨੇ ਕਿਹੜੇ ਸ਼ਾਂਤੀਪੂਰਨ ਸਾਧਨ ਨਹੀਂ ਅਜ਼ਮਾਏ? ਉਨ੍ਹਾਂ ਨੇ ਕਿਹੜਾ ਸਮਝੌਤਾ ਸਵੀਕਾਰ ਨਹੀਂ ਕੀਤਾ – ਗੋਡਿਆਂ ਭਾਰ ਹੋ ਕੇ ਰੀਂਗਣ ਅਤੇ ਗੰਦਗੀ ਖਾਣ ਤੋਂ ਸਿਵਾਏ?

ਇਜ਼ਰਾਈਲ ਸਵੈ-ਰੱਖਿਆ ਦੀ ਲੜਾਈ ਨਹੀਂ ਲੜ ਰਿਹਾ। ਇਹ ਹਮਲਾਵਰ ਯੁੱਧ ਲੜ ਰਿਹਾ ਹੈ। ਹੋਰ ਜ਼ਿਆਦਾ ਖੇਤਰ ਉੱਪਰ ਕਬਜ਼ਾ ਕਰਨ, ਆਪਣੇ ਰੰਗਭੇਦ ਦੇ ਤੰਤਰ ਨੂੰ ਮਜ਼ਬੂਤ ਕਰਨ ਅਤੇ ਫ਼ਲਸਤੀਨੀ ਲੋਕਾਂ ਤੇ ਖੇਤਰ ਉੱਪਰ ਆਪਣਾ ਕੰਟਰੋਲ ਮਜ਼ਬੂਤ ਕਰਨ ਲਈ ਯੁੱਧ।

7 ਅਕਤੂਬਰ 2023 ਤੋਂ ਲੈ ਕੇ, ਇਸ ਵੱਲੋਂ ਮਾਰੇ ਗਏ ਦਹਿ-ਹਜ਼ਾਰਾਂ ਲੋਕਾਂ ਤੋਂ ਇਲਾਵਾ, ਇਜ਼ਰਾਈਲ ਨੇ ਗਾਜ਼ਾ ਦੀ ਬਹੁਗਿਣਤੀ ਆਬਾਦੀ ਨੂੰ ਕਈ ਵਾਰ ਉਜਾੜਿਆ ਹੈ। ਇਸ ਨੇ ਹਸਪਤਾਲਾਂ ਉੱਪਰ ਬੰਬ ਸੁੱਟੇ ਹਨ। ਇਸ ਨੇ ਜਾਣਬੁੱਝ ਕੇ ਡਾਕਟਰਾਂ, ਸਹਾਇਤਾ ਕਰਮਚਾਰੀਆਂ ਅਤੇ ਪੱਤਰਕਾਰਾਂ ਨੂੰ ਨਿਸ਼ਾਨਾ ਬਣਾਇਆ ਅਤੇ ਮਾਰਿਆ। ਪੂਰੀ ਆਬਾਦੀ ਭੁੱਖ ਨਾਲ ਮਰ ਰਹੀ ਹੈ – ਉਨ੍ਹਾਂ ਦੇ ਇਤਿਹਾਸ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੁਨੀਆ ਦੀਆਂ ਸਭ ਤੋਂ ਅਮੀਰ, ਸਭ ਤੋਂ ਤਾਕਤਵਰ ਸਰਕਾਰਾਂ ਇਸ ਸਭ ਕਾਸੇ ਦੀ ਨੈਤਿਕ ਅਤੇ ਪਦਾਰਥਕ ਮੱਦਦ ਕਰ ਰਹੀਆਂ ਹਨ। ਅਤੇ ਉਨ੍ਹਾਂ ਦਾ ਮੀਡੀਆ ਵੀ। (ਇਸ ਵਿਚ ਮੈਂ ਆਪਣੇ ਮੁਲਕ, ਭਾਰਤ ਨੂੰ ਵੀ ਸ਼ਾਮਲ ਕਰਦੀ ਹਾਂ ਜੋ ਇਜ਼ਰਾਇਲ ਨੂੰ ਹਥਿਆਰ ਸਪਲਾਈ ਕਰਨ ਦੇ ਨਾਲ-ਨਾਲ ਹਜ਼ਾਰਾਂ ਕਾਮੇ ਵੀ ਭੇਜ ਰਿਹਾ ਹੈ।) ਇਨ੍ਹਾਂ ਮੁਲਕਾਂ ਅਤੇ ਇਜ਼ਰਾਈਲ ਦਰਮਿਆਨ ਕੋਈ ਫ਼ਰਕ ਨਹੀਂ ਹੈ। ਸਿਰਫ਼ ਪਿਛਲੇ ਸਾਲ ਵਿਚ ਹੀ ਅਮਰੀਕਾ ਨੇ ਇਜ਼ਰਾਈਲ ਦੀ ਫ਼ੌਜੀ ਮੱਦਦ 'ਚ 17.9 ਅਰਬ ਡਾਲਰ ਖ਼ਰਚ ਕੀਤੇ ਹਨ। ਇਸ ਲਈ, ਆਓ ਆਪਾਂ ਅਮਰੀਕਾ ਬਾਰੇ ਇਸ ਝੂਠ ਤੋਂ ਹਮੇਸ਼ਾ-ਹਮੇਸ਼ਾ ਲਈ ਖਹਿੜਾ ਛੁਡਾ ਲਈਏ ਕਿ ਇਸ ਦੀ ਭੂਮਿਕਾ ਵਿਚੋਲਗੀ ਕਰਨ ਵਾਲੇ, ਰੋਕਣ ਵਾਲੇ ਰਸੂਖ਼ਵਾਨ, ਜਾਂ 'ਜੰਗਬੰਦੀ ਲਈ ਅਣਥੱਕ ਮਿਹਨਤ ਕਰਨ' ਦੀ ਹੈ ਜਿਵੇਂ ਕਿ ਅਲੈਗਜ਼ੈਂਡਰੀਆ ਓਕਾਸੀਓ-ਕੋਰਟੇਜ ਨੇ ਕਿਹਾ (ਜਿਸ ਨੂੰ ਮੁੱਖਧਾਰਾ ਦੀ ਅਮਰੀਕਨ ਰਾਜਨੀਤੀ ਦਾ ਅਤਿ ਖੱਬੇਪੱਖੀ ਮੰਨਿਆ ਜਾਂਦਾ ਹੈ)। ਨਸਲਕੁਸ਼ੀ ਦਾ ਹਿੱਸਾ ਬਣੀ ਧਿਰ ਵਿਚੋਲੀ ਨਹੀਂ ਹੋ ਸਕਦੀ।

ਕੁਲ ਤਾਕਤ ਅਤੇ ਧਨ, ਧਰਤੀ ਉੱਪਰਲੇ ਸਾਰੇ ਹਥਿਆਰ ਅਤੇ ਪ੍ਰਚਾਰ ਹੁਣ ਜ਼ਖ਼ਮ ਨੂੰ ਲੁਕੋ ਨਹੀਂ ਸਕਦੇ ਜੋ ਫ਼ਲਸਤੀਨ ਹੈ। ਉਹ ਜ਼ਖ਼ਮ ਜਿਸ ਵਿੱਚੋਂ ਇਜ਼ਰਾਈਲ ਸਮੇਤ ਪੂਰੀ ਦੁਨੀਆ ਲਹੂ ਵਹਾ ਰਹੀ ਹੈ।

ਸਰਵੇਖਣ ਦਰਸਾਉਂਦੇ ਹਨ ਕਿ ਜਿਨ੍ਹਾਂ ਮੁਲਕਾਂ ਦੀਆਂ ਸਰਕਾਰਾਂ ਨੇ ਇਜ਼ਰਾਈਲ ਨੂੰ ਨਸਲਕੁਸ਼ੀ ਕਰਨ ਦੇ ਸਮਰੱਥ ਬਣਾਇਆ ਹੈ, ਉਨ੍ਹਾਂ ਦੇ ਬਹੁਗਿਣਤੀ ਨਾਗਰਿਕਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਇਸ ਨਾਲ ਸਹਿਮਤ ਨਹੀਂ ਹਨ। ਅਸੀਂ ਲੱਖਾਂ ਲੋਕਾਂ ਦੇ ਜਲੂਸ ਦੇਖੇ ਹਨ - ਜਿਨ੍ਹਾਂ ਵਿਚ ਯਹੂਦੀਆਂ ਦੀ ਨੌਜਵਾਨ ਪੀੜ੍ਹੀ ਵੀ ਸ਼ਾਮਲ ਹੈ ਜੋ ਵਰਤੇ ਜਾਣ ਤੋਂ, ਝੂਠ ਬੋਲਣ ਤੋਂ ਅੱਕ ਗਈ ਹੈ। ਕਿਸ ਨੇ ਕਲਪਨਾ ਕੀਤੀ ਹੋਵੇਗੀ ਕਿ ਅਸੀਂ ਉਹ ਦਿਨ ਦੇਖਣ ਲਈ ਜ਼ਿੰਦਾ ਰਹਾਂਗੇ ਜਦੋਂ ਜਰਮਨ ਪੁਲਿਸ ਇਜ਼ਰਾਈਲ ਅਤੇ ਜ਼ਾਇਓਨਿਜ਼ਮ ਦਾ ਵਿਰੋਧ ਕਰਨ ਬਦਲੇ ਯਹੂਦੀ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰੇਗੀ ਅਤੇ ਉਨ੍ਹਾਂ ਉੱਪਰ ਯਹੂਦੀ-ਵਿਰੋਧੀ ਹੋਣ ਦਾ ਦੋਸ਼ ਲਗਾਏਗੀ? ਕਿਸ ਨੇ ਸੋਚਿਆ ਹੋਵੇਗਾ ਕਿ ਅਮਰੀਕਨ ਸਰਕਾਰ ਇਜ਼ਰਾਈਲੀ ਰਾਜ ਦੀ ਸੇਵਾ 'ਚ, ਫ਼ਲਸਤੀਨ ਪੱਖੀ ਨਾਅਰਿਆਂ 'ਤੇ ਪਾਬੰਦੀ ਲਾ ਕੇ ਸੁਤੰਤਰ ਭਾਸ਼ਣ ਦੇ ਆਪਣੇ ਮੂਲ ਸਿਧਾਂਤ ਨੂੰ ਕਮਜ਼ੋਰ ਕਰ ਦੇਵੇਗੀ? ਕੁਝ ਮਾਣਯੋਗ ਅੱਪਵਾਦਾਂ ਨੂੰ ਛੱਡ ਕੇ ਪੱਛਮੀ ਲੋਕਤੰਤਰਾਂ ਦਾ ਅਖਾਉਤੀ ਨੈਤਿਕ ਢਾਂਚਾ ਬਾਕੀ ਦੁਨੀਆ ਵਿਚ ਇਕ ਗੰਭੀਰ ਮਜ਼ਾਕ ਦਾ ਵਿਸ਼ਾ ਬਣ ਗਿਆ ਹੈ।

ਜਦੋਂ ਬੈਂਜਾਮਿਨ ਨੇਤਨਯਾਹੂ ਮੱਧ ਪੂਰਬ ਦਾ ਇਕ ਨਕਸ਼ਾ ਪੇਸ਼ ਕਰਦਾ ਹੈ ਜਿਸ ਵਿਚ ਫ਼ਲਸਤੀਨ ਨੂੰ ਮਿਟਾ ਦਿੱਤਾ ਗਿਆ ਹੈ ਅਤੇ ਇਜ਼ਰਾਈਲ ਨਦੀ ਤੋਂ ਸਮੁੰਦਰ ਤੱਕ ਫੈਲਿਆ ਹੋਇਆ ਹੈ, ਤਾਂ ਉਸ ਨੂੰ ਅਜਿਹੇ ਦੂਰਅੰਦੇਸ਼ ਵਜੋਂ ਵਡਿਆਇਆ ਜਾਂਦਾ ਹੈ ਜੋ ਯਹੂਦੀ ਵਤਨ ਦਾ ਸੁਪਨਾ ਸਾਕਾਰ ਕਰਨ ਲਈ ਕੰਮ ਕਰ ਰਿਹਾ ਹੈ।

ਪਰ ਜਦੋਂ ਫ਼ਲਸਤੀਨੀ ਅਤੇ ਉਨ੍ਹਾਂ ਦੇ ਹਮਾਇਤੀ 'ਨਦੀ ਤੋਂ ਲੈ ਕੇ ਸਮੁੰਦਰ ਤੱਕ, ਫ਼ਲਸਤੀਨ ਹੋਵੇਗਾ ਆਜ਼ਾਦ' ਦਾ ਨਾਅਰਾ ਲਾਉਂਦੇ ਹਨ ਤਾਂ ਉਨ੍ਹਾਂ ਉੱਪਰ ਯਹੂਦੀਆਂ ਦੀ ਨਸਲਕੁਸ਼ੀ ਦਾ ਖੁੱਲ੍ਹੇਆਮ ਸੱਦਾ ਦੇਣ ਦਾ ਦੋਸ਼ ਲਗਾਇਆ ਜਾਂਦਾ ਹੈ।

ਕੀ ਉਹ ਸੱਚਮੁੱਚ ਹਨ? ਜਾਂ ਕੀ ਇਹ ਇਕ ਰੋਗੀ ਕਲਪਨਾ ਹੈ ਜੋ ਆਪਣਾ ਹਨੇਰਾ ਦੂਜਿਆਂ ਉੱਪਰ ਪਾ ਰਹੀ ਹੈ? ਕਲਪਨਾ ਜੋ ਵੰਨ-ਸੁਵੰਨਤਾ ਨੂੰ ਸਵੀਕਾਰ ਨਹੀਂ ਕਰ ਸਕਦੀ, ਉਹ ਬਰਾਬਰ ਹੱਕਾਂ ਤਹਿਤ ਹੋਰ ਲੋਕਾਂ ਦੇ ਨਾਲ ਇਕ ਮੁਲਕ ਵਿਚ ਰਹਿਣ ਦੇ ਵਿਚਾਰ ਨੂੰ ਸਵੀਕਾਰ ਨਹੀਂ ਕਰ ਸਕਦੀ। ਜਿਵੇਂ ਦੁਨੀਆ ਵਿਚ ਹਰ ਕੋਈ ਸਵੀਕਾਰ ਕਰਦਾ ਹੈ। ਅਜਿਹੀ ਕਲਪਨਾ ਜੋ ਇਹ ਸਵੀਕਾਰ ਕਰਨ ਜੋਗੀ ਨਹੀਂ ਹੈ ਕਿ ਫ਼ਲਸਤੀਨੀ ਆਜ਼ਾਦ ਹੋਣਾ ਚਾਹੁੰਦੇ ਹਨ, ਦੱਖਣੀ ਅਫ਼ਰੀਕਾ ਦੀ ਤਰ੍ਹਾਂ, ਭਾਰਤ ਦੀ ਤਰ੍ਹਾਂ, ਹੋਰ ਸਾਰੇ ਮੁਲਕਾਂ ਦੀ ਤਰ੍ਹਾਂ ਜਿਨ੍ਹਾਂ ਨੇ ਬਸਤੀਵਾਦ ਦਾ ਜੂਲਾ ਲਾਹ ਸੁੱਟਿਆ ਹੈ। ਮੁਲਕ ਜੋ ਵੰਨਸੁਵੰਨਤਾ ਵਾਲੇ, ਗਹਿਰਾਈ 'ਚ, ਹੋ ਸਕਦਾ ਹੈ ਘਾਤਕ ਰੂਪ 'ਚ ਨੁਕਸਦਾਰ ਹੋਣ, ਪਰ ਆਜ਼ਾਦ ਹਨ। ਜਦੋਂ ਦੱਖਣੀ ਅਫ਼ਰੀਕੀ ਆਪਣਾ ਹਰਮਨਪਿਆਰਾ ਇਕਜੁੱਟਤਾ ਨਾਅਰਾ, ਅਮੰਡਲਾ! ਸੱਤਾ ਲੋਕਾਂ ਨੂੰ, ਲਗਾ ਰਹੇ ਸਨ, ਕੀ ਉਹ ਗੋਰੇ ਲੋਕਾਂ ਦੀ ਨਸਲਕੁਸ਼ੀ ਦਾ ਸੱਦਾ ਦੇ ਰਹੇ ਸਨ? ਉਹ ਨਹੀਂ ਦੇ ਰਹੇ ਸਨ। ਉਹ ਨਸਲੀ ਰੰਗਭੇਦੀ ਰਾਜ ਨੂੰ ਖ਼ਤਮ ਕਰਨ ਦੀ ਮੰਗ ਕਰ ਰਹੇ ਸਨ। ਜਿਵੇਂ ਫ਼ਲਸਤੀਨੀ ਕਰ ਰਹੇ ਹਨ।

ਹੁਣ ਜੋ ਯੁੱਧ ਸ਼ੁਰੂ ਹੋ ਚੁੱਕਾ ਹੈ, ਉਹ ਭਿਆਨਕ ਹੋਵੇਗਾ। ਪਰ ਆਖ਼ਿਰਕਾਰ ਇਹ ਇਜ਼ਰਾਈਲ ਦੇ ਰੰਗਭੇਦ ਨੂੰ ਖ਼ਤਮ ਕਰ ਦੇਵੇਗਾ। ਸਾਰੀ ਦੁਨੀਆ ਸਾਰਿਆਂ ਲਈ ਕਿਤੇ ਜ਼ਿਆਦਾ ਸੁਰੱਖਿਅਤ ਹੋਵੇਗੀ – ਜਿਸ ਵਿਚ ਯਹੂਦੀ ਲੋਕ ਵੀ ਸ਼ਾਮਲ ਹਨ – ਅਤੇ ਕਿਤੇ ਜ਼ਿਆਦਾ ਨਿਆਂਪੂਰਨ ਵੀ। ਇਹ ਸਾਡੇ ਜ਼ਖ਼ਮੀਂ ਦਿਲ 'ਚੋਂ ਤੀਰ ਕੱਢਣ ਸਮਾਨ ਹੋਵੇਗਾ।

ਜੇ ਅਮਰੀਕਨ ਸਰਕਾਰ ਇਜ਼ਰਾਈਲ ਨੂੰ ਦਿੱਤੀ ਜਾ ਰਹੀ ਹਮਾਇਤ ਵਾਪਸ ਲੈ ਲੈਂਦੀ ਹੈ, ਤਾਂ ਯੁੱਧ ਅੱਜ ਹੀ ਬੰਦ ਹੋ ਸਕਦਾ ਹੈ। ਇਸੇ ਪਲ ਹੀ ਦੁਸ਼ਮਣੀਆਂ ਖ਼ਤਮ ਹੋ ਸਕਦੀਆਂ ਹਨ। ਇਜ਼ਰਾਈਲੀ ਬੰਧਕਾਂ ਨੂੰ ਰਿਹਾ ਕਰਾਇਆ ਜਾ ਸਕਦਾ ਹੈ, ਫ਼ਲਸਤੀਨੀ ਕੈਦੀਆਂ ਨੂੰ ਰਿਹਾ ਕਰਾਇਆ ਜਾ ਸਕਦਾ ਹੈ। ਹਮਾਸ ਅਤੇ ਹੋਰ ਫ਼ਲਸਤੀਨੀ ਹਿੱਸੇਦਾਰਾਂ ਨਾਲ ਜੋ ਗੱਲਬਾਤ ਯੁੱਧ ਤੋਂ ਬਾਅਦ ਲਾਜ਼ਮੀ ਤੌਰ 'ਤੇ ਹੋਣੀ ਹੈ, ਉਹ ਹੁਣ ਹੋ ਸਕਦੀ ਹੈ ਅਤੇ ਲੱਖਾਂ ਲੋਕਾਂ ਦੇ ਸੰਤਾਪ ਨੂੰ ਰੋਕ ਸਕਦੀ ਹੈ। ਕਿੰਨੇ ਦੁੱਖ ਦੀ ਗੱਲ ਹੈ ਕਿ ਜ਼ਿਆਦਾਤਰ ਲੋਕ ਇਸ ਨੂੰ ਇਕ ਸਿੱਧੜ, ਹਾਸੋਹੀਣੀ ਤਜਵੀਜ਼ ਮੰਨਣਗੇ।

ਆਲਾ ਅਬਦ ਅਲ-ਫਤਾਹ, ਆਪਣੀ ਗੱਲ ਸਮੇਟਦੇ ਹੋਏ ਮੈਨੂੰ ਆਪਣੀ ਜੇਲ੍ਹ 'ਚ ਲਿਖੀ ਕਿਤਾਬ You Have Not Yet Been Defeated (ਤੁਸੀਂ ਅਜੇ ਤੱਕ ਹਾਰੇ ਨਹੀਂ ਹੋ) ਦੇ ਸ਼ਬਦਾਂ ਵੱਲ ਮੁੜਨ ਦੀ ਇਜਾਜ਼ਤ ਦਿਓ। ਮੈਂ ਜਿੱਤ ਅਤੇ ਹਾਰ ਦੇ ਅਰਥ – ਅਤੇ ਅੱਖਾਂ ਵਿਚ ਈਮਾਨਦਾਰੀ ਨਾਲ ਨਿਰਾਸ਼ਾ ਨੂੰ ਦੇਖਣ ਦੀ ਰਾਜਨੀਤਕ ਜ਼ਰੂਰਤ ਬਾਰੇ ਅਜਿਹੇ ਖ਼ੂਬਸੂਰਤ ਸ਼ਬਦ ਘੱਟ ਹੀ ਪੜ੍ਹੇ ਹਨ। ਮੈਂ ਅਜਿਹਾ ਲਿਖਿਆ ਘੱਟ ਹੀ ਦੇਖਿਆ ਹੈ ਜਿਸ ਵਿਚ ਇਕ ਨਾਗਰਿਕ ਆਪਣੇ ਆਪ ਨੂੰ ਰਾਜ ਤੋਂ, ਜਰਨੈਲਾਂ ਤੋਂ ਅਤੇ ਇੱਥੋਂ ਤੱਕ ਕਿ ਚੌਕ ਦੇ ਨਾਅਰਿਆਂ ਤੋਂ ਟੱਲੀ ਵਰਗੀ ਟੁਣਕਾਰ ਨਾਲ ਵੱਖ ਕਰਦਾ ਹੈ।

"ਕੇਂਦਰ ਵਿਸ਼ਵਾਸਘਾਤ ਹੈ ਕਿਉਂਕਿ ਇਸ ਵਿਚ ਜਗ੍ਹਾ ਸਿਰਫ਼ ਜਰਨੈਲ ਲਈ ਹੈ...ਕੇਂਦਰ ਵਿਸ਼ਵਾਸਘਾਤ ਹੈ ਅਤੇ ਮੈਂ ਕਦੇ ਵੀ ਗ਼ੱਦਾਰ ਨਹੀਂ ਰਿਹਾ। ਉਹ ਸੋਚਦੇ ਹਨ ਕਿ ਉਨ੍ਹਾਂ ਨੇ ਸਾਨੂੰ ਹਾਸ਼ੀਏ 'ਤੇ ਧੱਕ ਦਿੱਤਾ ਹੈ। ਉਨ੍ਹਾਂ ਨੂੰ ਇਹ ਅਹਿਸਾਸ ਨਹੀਂ ਹੁੰਦਾ ਕਿ ਅਸੀਂ ਇਸ ਨੂੰ ਕਦੇ ਵੀ ਨਹੀਂ ਛੱਡਿਆ, ਬਸ ਥੋੜ੍ਹੇ ਚਿਰ ਲਈ ਇਹ ਸਾਡੇ ਤੋਂ ਖੁੱਸ ਗਿਆ। ਨਾ ਵੋਟ ਬਕਸੇ, ਨਾ ਮਹਿਲ, ਨਾ ਮੰਤਰਾਲੇ, ਨਾ ਹੀ ਜੇਲ੍ਹਾਂ, ਇੱਥੋਂ ਤੱਕ ਕਿ ਕਬਰਾਂ ਵੀ ਸਾਡੇ ਸੁਪਨਿਆਂ ਨੂੰ ਪੂਰਾ ਕਰਨ ਲਈ ਕਾਫ਼ੀ ਵੱਡੀਆਂ ਹਨ। ਅਸੀਂ ਕਦੇ ਵੀ ਕੇਂਦਰ ਨਹੀਂ ਚਾਹਿਆ ਕਿਉਂਕਿ ਇਸ ਵਿਚ ਸੁਪਨਾ ਤਿਆਗ ਦੇਣ ਵਾਲਿਆਂ ਤੋਂ ਸਿਵਾਏ ਹੋਰ ਕਿਸੇ ਲਈ ਜਗ੍ਹਾ ਨਹੀਂ ਹੈ। ਇੱਥੋਂ ਤੱਕ ਕਿ ਚੌਕ ਵੀ ਸਾਡੇ ਲਈ ਏਨਾ ਵੱਡਾ ਨਹੀਂ ਸੀ, ਇਸ ਲਈ ਇਨਕਲਾਬ ਦੀਆਂ ਜ਼ਿਆਦਾਤਰ ਲੜਾਈਆਂ ਇਸ ਦੇ ਬਾਹਰ ਹੋਈਆਂ, ਅਤੇ ਜ਼ਿਆਦਾਤਰ ਨਾਇਕ ਫਰੇਮ ਤੋਂ ਬਾਹਰ ਰਹੇ।

ਜੋ ਭਿਆਨਕਤਾ ਅਸੀਂ ਗਾਜ਼ਾ ਅਤੇ ਹੁਣ ਲੇਬਨਾਨ ਵਿਚ ਦੇਖ ਰਹੇ ਹਾਂ, ਉਹ ਤੇਜ਼ੀ ਨਾਲ ਖੇਤਰੀ ਯੁੱਧ 'ਚ ਬਦਲਦੀ ਜਾ ਰਹੀ ਹੈ, ਇਸਦੇ ਅਸਲ ਨਾਇਕ ਫਰੇਮ ਤੋਂ ਬਾਹਰ ਰਹਿੰਦੇ ਹਨ। ਪਰ ਉਹ ਲੜਨਾ ਜਾਰੀ ਰੱਖਦੇ ਹਨ ਕਿਉਂਕਿ ਉਹ ਜਾਣਦੇ ਹਨ ਕਿ ਇਕ ਦਿਨ–

ਨਦੀ ਤੋਂ ਸਮੁੰਦਰ ਤੱਕ
ਫ਼ਲਸਤੀਨ ਆਜ਼ਾਦ ਹੋਵੇਗਾ।
ਇਹ ਹੋਵੇਗਾ।
ਨਜ਼ਰ ਆਪਣੇ ਕੈਲੰਡਰ 'ਤੇ ਰੱਖੋ।
ਆਪਣੀ ਘੜੀ 'ਤੇ ਨਹੀਂ।

ਜਰਨੈਲ ਨਹੀਂ, ਲੋਕ, ਆਪਣੀ ਮੁਕਤੀ ਲਈ ਲੜ ਰਹੇ ਲੋਕ ਸਮੇਂ ਨੂੰ ਇਸ ਤਰ੍ਹਾਂ ਮਾਪਦੇ ਹਨ।

# ਵੀਅਤਨਾਮ ਦੇ ਮੁਕਤੀ ਸੰਗਰਾਮ ਅਤੇ ਸਾਮਰਾਜ ਵਿਰੋਧੀ ਯੁੱਧ ਦਾ ਮਿਸਾਲੀ ਜਰਨੈਲ ਕਾਮਰੇਡ ਹੋ ਚੀ ਮਿਨ੍ਹ

**ਸ਼ਮਸ਼ੇਰ ਸਿੰਘ ਬਟਾਲਾ**

ਕਾਮਰੇਡ ਹੋ ਚੀ ਮਿਨ੍ਹ ਨੂੰ ਜਦੋਂ ਕਿਸੇ ਨੇ ਪੁੱਛਿਆ ਕਿ ਕਮਿਊਨਿਸਟ ਨੈਤਿਕਤਾ ਦਾ ਕੀ ਪੈਮਾਨਾ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਕਿਸੇ ਕਮਿਊਨਿਸਟ ਲਈ ਸਭ ਤੋਂ ਵੱਡੀ ਨੈਤਿਕਤਾ ਇਹ ਹੈ ਕਿ ਉਹ ਪਾਰਟੀ ਦੇ ਫੈਸਲੇ ਨੂੰ ਪੂਰੀ ਸ਼ਿੱਦਤ ਤੇ ਇਮਾਨਦਾਰੀ ਨਾਲ ਲਾਗੂ ਕਰੇ।

ਸਾਦਗੀ ਦੇ ਪੁੰਜ, ਕਮਿਊਨਿਸਟ ਨੈਤਿਕਤਾ ਦੀ ਜਿਉਂਦੀ-ਜਾਗਦੀ ਮਿਸਾਲ, ਬਾਕਮਾਲ ਦ੍ਰਿੜ੍ਹਤਾ ਦੇ ਮੁਜੱਸਮੇ, ਅਮਰੀਕਾ ਸਾਮਰਾਜ ਨਾਲ ਲੋਹਾ ਲੈਣ ਵਾਲੇ ਕਾਮਰੇਡ ਹੋ ਚੀ ਮਿਨ੍ਹ ਦਾ ਜਨਮ 19 ਮਈ 1890 ਨੂੰ ਕੇਂਦਰੀ ਵੀਅਤਨਾਮ ਦੇ ਕਿਮ ਲੀਨ ਪਿੰਡ ਵਿੱਚ ਇੱਕ ਅਧਿਆਪਕ ਅਤੇ ਡਾਕਟਰ ਪਰਿਵਾਰ ਵਿੱਚ ਹੋਇਆ ਸੀ।


ਜਨਮ ਸਮੇਂ ਉਨ੍ਹਾਂ ਦਾ ਨਾਂ 'ਨਗੁਏਨ ਸ਼ਿਨਹ ਕੁੰਗ' ਰੱਖਿਆ ਗਿਆ ਸੀ। 10 ਸਾਲ ਦੀ ਉਮਰ 'ਚ ਆਪ ਜੀ ਨੂੰ 'ਗੁਏਨ ਤਾਤ ਆਂਹ' ਕਿਹਾ ਜਾਣ ਲੱਗਾ ਸੀ। ਆਪ ਦੇ ਪਿਤਾ, ਜਿਨ੍ਹਾਂ ਦੀ ਮੌਤ 1930 ਵਿਚ ਹੋਈ ਸੀ, ਨੂੰ ਵੀ ਆਪਣੀ ਕੌਮੀਅਤ ਕਾਰਨ ਘੋਰ ਗਰੀਬੀ ਦੀ ਜ਼ਿੰਦਗੀ ਬਤੀਤ ਕਰਨੀ ਪਈ ਸੀ। ਆਪ ਦੀ ਭੈਣ 'ਨਗੁਏਨ ਥੀ ਐਨ' ਨੂੰ ਕਈ ਸਾਲਾਂ ਦੀ ਕੈਦ ਵਿੱਚ ਰੱਖਣ ਪਿਛੋਂ ਜਲਾਵਤਨੀ ਦੀ ਸਜ਼ਾ ਸੁਣਾਈ ਗਈ ਸੀ।

ਹੋ ਚੀ ਮਿਨ੍ਹ ਦਾ ਜਨਮ ਇੱਕ ਅਜਿਹੇ ਫਰਾਂਸੀਸੀ ਸਾਮਰਾਜ ਵਿਰੋਧੀ ਪਰਿਵਾਰ ਵਿੱਚ ਹੋਇਆ ਸੀ ਜੋ ਘੋਰ ਸਾਮਰਾਜਵਾਦੀ ਸ਼ੋਸ਼ਣ ਦਾ ਸ਼ਿਕਾਰ ਸੀ। ਯਾਦ ਰਹੇ ਵੀਅਤਨਾਮ ਵਿੱਚ ਉਦੋਂ ਦੇਸ਼ ਦਾ ਨਕਸ਼ਾ ਉਤਾਰਨ ਵਾਲਿਆਂ ਨੂੰ ਦੇਸ਼ ਧ੍ਰੋਹ ਦੀ ਸਜ਼ਾ ਦਿੱਤੀ ਜਾਂਦੀ ਸੀ। ਹੋ ਚੀ ਮਿਨ੍ਹ ਨੇ ਫਰਾਂਸ, ਅਮਰੀਕਾ ਅਤੇ ਇੰਗਲੈਂਡ ਦੀ ਯਾਤਰਾ ਦੌਰਾਨ ਹਰ ਥਾਂ ਸਾਮਰਾਜੀ ਸ਼ੋਸ਼ਣ ਨੂੰ ਆਪਣੀਆਂ ਅੱਖਾਂ ਨਾਲ ਦੇਖਿਆ ਸੀ। 1917 ਦੀ ਰੂਸੀ ਕ੍ਰਾਂਤੀ ਨੇ ਹੋ ਚੀ ਮਿਨ੍ਹ ਨੂੰ ਬਹੁਤ ਆਕਰਸ਼ਿਤ ਕੀਤਾ ਸੀ ਅਤੇ ਆਪ ਨੇ ਇਸੇ ਕਿਸਮ ਦੇ ਇਨਕਲਾਬ ਰਾਹੀਂ ਆਪਣੇ ਦੇਸ਼ ਵਾਸੀਆਂ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਲੱਭਣ ਬਾਰੇ ਤੀਬਰਤਾ ਨਾਲ ਸੋਚਣਾ ਸ਼ੁਰੂ ਕਰ ਦਿੱਤਾ ਸੀ।

ਇਸੇ ਤਾਂਘ 'ਚ ਆਪ ਨੇ ਮਾਰਕਸਵਾਦ-ਲੈਨਿਨਵਾਦ ਦਾ ਡੂੰਘਾ ਅਧਿਐਨ ਕੀਤਾ ਅਤੇ ਫਰਾਂਸੀਸੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣ ਗਏ। ਫਰਾਂਸ ਦੀ ਕਮਿਊਨਿਸਟ ਪਾਰਟੀ ਦੀ ਮਦਦ ਅਤੇ ਸਹਿਯੋਗ ਨਾਲ ਹੀ ਹੋ ਚੀ ਮਿਨ੍ਹ ਨੇ ਫਰਾਂਸ ਵਿੱਚ ਇੱਕ ਕ੍ਰਾਂਤੀਕਾਰੀ ਪਰਚੇ 'ਲੇ ਪਰੀਆ' ਦਾ ਪ੍ਰਕਾਸ਼ਨ ਸ਼ੁਰੂ ਕੀਤਾ ਸੀ।

'ਲਾ ਪਰੀਆ' ਨੇ ਸਾਮਰਾਜੀ ਜ਼ੁਲਮਾਂ ਦੇ ਸਤਾਏ ਸਾਰੀਆਂ ਬਸਤੀਆਂ ਦੇ ਗੁਲਾਮ ਲੋਕਾਂ ਨੂੰ ਫਰਾਂਸੀਸੀ ਸਾਮਰਾਜ ਵਿਰੁੱਧ ਇਨਕਲਾਬ ਕਰਨ ਲਈ ਲਾਮਬੰਦ ਕੀਤਾ ਸੀ। 1923 ਵਿੱਚ ਕਮਿਊਨਿਸਟ ਪਾਰਟੀ ਦੀ ਤਰਫੋਂ ਹੋ ਚੀ ਮਿਨ੍ਹ ਨੂੰ 'ਕਮਿਊਨਿਸਟ ਅੰਤਰਰਾਸ਼ਟਰੀ' ਦੀ ਪੰਜਵੀਂ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਸੋਵੀਅਤ ਰੂਸ ਭੇਜਿਆ ਗਿਆ ਸੀ। ਉੱਥੇ ਹੀ 1925 ਵਿੱਚ ਆਪ ਸਟਾਲਿਨ ਨੂੰ ਮਿਲੇ ਸਨ। 'ਕਮਿਊਨਿਸਟ ਇੰਟਰਨੈਸ਼ਨਲ' ਵਲੋਂ ਹੋ ਚੀ ਮਿਨ੍ਹ ਨੂੰ ਚੀਨ ਵਿੱਚ ਕ੍ਰਾਂਤੀਕਾਰੀਆਂ ਨੂੰ ਸੰਗਠਿਤ ਕਰਨ ਅਤੇ ਇੰਡੋਚੀਨ ਵਿੱਚ ਰਾਸ਼ਟਰੀ ਮੁਕਤੀ ਸੰਘਰਸ਼ ਨੂੰ ਤੇਜ਼ ਕਰਨ ਲਈ ਭੇਜਿਆ ਗਿਆ ਸੀ। ਹੋ ਚੀ ਮਿਨ੍ਹ 1945 ਤੱਕ ਭਾਰਤ-ਚੀਨ ਵਿੱਚ ਕਮਿਊਨਿਸਟ ਲਹਿਰ ਅਤੇ ਗੁਰੀਲਾ ਯੁੱਧ ਦੇ ਇੱਕ ਸਰਗਰਮ ਆਗੂ ਰਹੇ ਸਨ। ਆਪ ਮਾਓ ਜੇ ਤੁੰਗ ਦੇ ਲੌਂਗ ਮਾਰਚ ਅਤੇ ਜਾਪਾਨ ਵਿਰੋਧੀ ਜੰਗ 'ਚ ਵੀ ਸ਼ਾਮਲ ਰਹੇ। ਇਸ ਸੰਘਰਸ਼ ਵਿੱਚ ਆਪ ਨੂੰ ਕਈ ਤਸੀਹੇ ਝੱਲਣੇ ਪਏ ਸਨ। ਚਿਆਂਗ ਕਾਈ-ਸ਼ੇਕ ਦੀ ਫੌਜ਼ ਨੇ ਆਪ ਨੂੰ ਫੜ ਕੇ ਇੱਕ ਸਾਲ ਲਈ ਅਣਮਨੁੱਖੀ ਹਾਲਤਾਂ ਵਿੱਚ ਕੈਦ ਰੱਖਿਆ ਸੀ। ਇਸ ਜ਼ੁਲਮ-ਤਸ਼ੱਦਦ ਨਾਲ ਹੋ ਚੀ ਮਿਨ੍ਹ ਲਗਭਗ ਅੰਨ੍ਹਾ ਹੋ ਗਿਆ ਸੀ।

2 ਸਤੰਬਰ 1945 ਨੂੰ ਹੋ ਚੀ ਮਿਨ੍ਹ ਨੇ 'ਪੀਪਲਜ਼ ਰਿਪਬਲਿਕ ਆਫ ਵੀਅਤਨਾਮ' ਦੀ ਸਥਾਪਨਾ ਕੀਤੀ ਸੀ। ਫਰਾਂਸੀਸੀ ਸਾਮਰਾਜਵਾਦੀ, ਬਿ ?ਰਟਿਸ਼ ਸਾਮਰਾਜੀਆਂ ਦੀ ਮਦਦ ਨਾਲ, ਇੰਡੋਚੀਨ ਦੇ ਪੁਰਾਣੇ ਸਮਰਾਟ 'ਬਾਓ ਦਾਈ' ਦੀ ਆੜ ਵਿੱਚ ਸਾਮਰਾਜੀ ਕਬਜ਼ਾ ਮੁੜ ਬਹਾਲ ਕਰਨਾ ਚਾਹੁੰਦੇ ਸਨ। ਭਿਆਨਕ ਲੜਾਈ ਦਾ ਦੌਰ ਸ਼ੁਰੂ ਹੋਇਆ ਅਤੇ ਅੱਠ ਸਾਲਾਂ ਦੀ ਖ਼ੂਨੀ ਲੜਾਈ ਤੋਂ ਬਾਅਦ 1954 ਵਿਚ ਫਰਾਂਸੀਸੀ ਸਾਮਰਾਜੀਆਂ ਨੂੰ ਬੁਰੀ ਤਰ੍ਹਾਂ ਹਾਰ ਦਾ ਸਾਹਮਣਾ ਕਰਨਾ ਪਿਆ। ਸਾਮਰਾਜਵਾਦੀ ਜਨੇਵਾ ਕਾਨਫਰੰਸ ਸੱਦਣ



ਨੂੰ ਪ੍ਰਵਾਨ ਕਰਨ ਲਈ ਮਜ਼ਬੂਰ ਹੋ ਗਏ। ਉਸੇ ਸਾਲ ਹੋ ਚੀ ਮਿਨ੍ਹ ਨੂੰ ਲੋਕ ਗਣਰਾਜ ਵੀਅਤਨਾਮ ਦਾ ਰਾਸ਼ਟਰਪਤੀ ਨਿਯੁਕਤ ਕੀਤਾ ਗਿਆ ਸੀ।

ਜਿਵੇਂ ਹੀ ਫਰਾਂਸੀਸੀ ਪਿੱਛੇ ਹਟੇ, ਅਮਰੀਕੀਆਂ ਨੇ ਆਪਣੇ ਕਠਪੁਤਲੀ ਰਾਸ਼ਟਰਪਤੀ 'ਨਗੋ ਡਿਨਹ ਯਿਅਮ' ਰਾਹੀਂ ਦੱਖਣੀ ਵੀਅਤਨਾਮ ਵਿੱਚ 'ਬਾਉ ਦਾਈ' ਨੂੰ ਗੱਦੀਓਂ ਉਤਾਰ ਦਿੱਤਾ ਅਤੇ ਵੀਅਤਨਾਮੀ ਇਨਕਲਾਬੀਆਂ ਵਿਰੁੱਧ ਜੰਗ ਸ਼ੁਰੂ ਕਰ ਦਿੱਤੀ ਜੋ ਵਧਦੀ ਤੁਰੀ ਗਈ। ਸੰਸਾਰ ਦੇ ਸਭ ਤੋਂ ਤਾਕਤਵਰ ਅਮਰੀਕੀ ਸਾਮਰਾਜਵਾਦ ਨੇ ਦੂਜੇ ਵਿਸ਼ਵ ਯੁੱਧ ਵਿੱਚ ਯੂਰਪ ਉੱਤੇ ਬਹੁਤ ਬੰਬ ਸੁੱਟੇ ਸਨ। ਪਰ ਇਸ ਮਿਕਦਾਰ ਤੋਂ ਦੁੱਗਣੇ ਤੋਂ ਵਧੇਰੇ ਬੰਬਾਂ ਅਤੇ ਜ਼ਹਿਰੀਲੀਆਂ ਗੈਸਾਂ ਦੀ ਵਰਤੋਂ ਵੀਅਤਨਾਮੀ ਲੋਕਾਂ ਵਿਰੁੱਧ ਕੀਤੀ ਗਈ ਸੀ। ਪਰ ਕੇਵਲ ਤਿੰਨ ਕਰੋੜ ਦੀ ਆਬਾਦੀ ਵਾਲੇ ਇਸ ਛੋਟੇ ਜਿਹੇ ਦੇਸ਼ ਦੇ ਜਿਆਲੇ ਲੋਕਾਂ ਨੇ ਅਮਰੀਕੀ ਸਾਮਰਾਜੀਆਂ ਦਾ ਮਨੋਬਲ ਚਕਨਾਚੂਰ ਕਰ ਦਿੱਤਾ ਸੀ। ਚੇਤੇ ਰੱਖਣਯੋਗ ਹੈ ਕਿ ਇਹ ਨਿਹੱਕੀ ਜੰਗ 20 ਸਾਲ ਤਾਂਈਂ ਚੱਲੀ ਸੀ। ਆਪਣੀ ਮੌਤ ਤੋਂ ਇੱਕ ਦਿਨ ਪਹਿਲਾਂ 3 ਸਤੰਬਰ 1969 ਨੂੰ ਹੋ ਚੀ ਮਿਨ੍ਹ ਨੇ ਆਪਣੇ ਲੋਕਾਂ ਨੂੰ ਸਾਮਰਾਜੀਆਂ ਨੂੰ ਟੋਂਕਿਨ ਦੀ ਖਾੜੀ ਵਿੱਚ ਡੁਬੋ ਦੇਣ ਲਈ ਕਿਹਾ ਸੀ।

ਪੰਡਤ ਜਵਾਹਰ ਲਾਲ ਨਹਿਰੂ ਦੇ ਸਮੇਂ ਹੋ ਚੀ ਮਿਨ੍ਹ ਭਾਰਤ ਦੇ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਭਾਰਤੀ ਰਵਾਇਤ ਅਨੁਸਾਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਸਨ। ਹੋ ਚੀ ਮਿਨ੍ਹ ਬਹੁਤ ਹੀ ਸਾਦੇ ਕੱਪੜਿਆਂ ਵਿੱਚ ਸਨ। ਹੋ ਚੀ ਮਿਨ੍ਹ ਨੂੰ ਜਦੋਂ ਪੁਸ਼ਾਕ ਦੇ ਕੇ ਸਨਮਾਨਿਤ ਕੀਤਾ ਗਿਆ ਤਾਂ ਉਸ ਨੇ ਪੁਸ਼ਾਕ ਮੱਥੇ ਨਾਲ ਲਾ ਕੇ ਕਿਹਾ ਮੈਂ ਇਹ ਪੁਸ਼ਾਕ ਉਦੋਂ ਤੱਕ ਨਹੀਂ ਪਹਿਨ ਸਕਦਾ ਜਦੋਂ ਤੱਕ ਮੇਰੇ ਮੁਲਕ ਦੇ ਲੋਕ ਇਸ ਤਰ੍ਹਾਂ ਦੇ ਕੱਪੜੇ ਪਾਉਣ ਦੇ ਯੋਗ ਨਹੀਂ ਬਣ ਜਾਂਦੇ।

ਹੋ ਚੀ ਮਿਨ੍ਹ ਨੇ ਵਿਸ਼ਵ ਸਾਮਰਾਜਵਾਦ ਦੀਆਂ ਜੜ੍ਹਾਂ ਨੂੰ ਕਮਜ਼ੋਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਉਨ੍ਹਾਂ ਕਿਹਾ ਕਿ ਵੀਅਤਨਾਮੀ ਮੁਕਤੀ ਯੁੱਧ ਵਿਸ਼ਵ ਮੁਕਤੀ ਯੁੱਧ ਦਾ ਹਿੱਸਾ ਹੈ ਅਤੇ ਮੇਰਾ ਜੀਵਨ ਵਿਸ਼ਵ ਕ੍ਰਾਂਤੀ ਨੂੰ ਸਮਰਪਿਤ ਹੈ। ਇਸ ਮਹਾਨ ਸਾਮਰਾਜ ਵਿਰੋਧੀ ਯੋਧੇ ਨੂੰ ਉਸਦੀ ਬਰਸੀ 'ਤੇ ਸਾਡਾ ਲਾਲ ਸਲਾਮ।

# ਕੈਨੇਡਾ ਦੀ ਧਰਤੀ ’ਤੇ ਯੂਰਪ ਦਾ ਡਾਕਾ

ਆਤਮਾ ਸਿੰਘ ਖੋਸਾ ਪਾਡੋ
94639-87039



ਮੇਰਾ ਖਿਆਲ ਹੈ ਕਿ ਜੇ ਆਪਾਂ ਗੱਲ ਗੁਰੂ ਨਾਨਕ ਬਾਬੇ (ਜਗਤ ਗੁਰੂ) ਤੋਂ ਲਿਖਣੀ ਸ਼ੁਰੂ ਕਰੀਏ ਤਾਂ ਪਾਠਕਾਂ ਦੀ ਪਕੜ ਵਿਚ ਵੀ ਛੇਤੀ ਆਵੇਗੀ ਅਤੇ ਇਤਿਹਾਸ ’ਤੇ ਨਜ਼ਰ ਮਾਰਨੀ ਪਵੇਗੀ ਕਿ ਅਮਰੀਕਾ, ਕੈਨੇਡਾ, ਆਸਟ੍ਰੇਲੀਆ ਅਤੇ ਨਿਊਜੀਲੈਂਡ ਸਮੇਤ ਉਥੋਂ ਦੇ ਮੂਲ ਨਿਵਾਸੀ ਯੂਰਪ ਦੇ ਰਹਿਮੋ ਕਰਮ ਤੇ ਜੀਅ ਰਹੇ ਹਨ। ਉਨ੍ਹਾਂ ਦੀ ਗਿਣਤੀ ਵੀ ਦਿਨੋ ਦਿਨ ਘਟਦੀ ਜਾ ਰਹੀ ਹੈ ਅਤੇ ਜੋ ਵੀ ਇਨ੍ਹਾਂ ਦੀਆਂ ਸ਼ਰਤਾਂ ਹੇਠ ਜਿਉਂ ਰਹੇ ਹਨ ਉਹ ਵੀ ਨਸ਼ੇੜੀ, ਚੋਰ ਅਤੇ ਤਸਕਰ ਇਨ੍ਹਾਂ ਦੀ ਨਜ਼ਰ ਵਿਚ ਹਨ। ਭਾਵੇਂ ਕਿ ਇਨ੍ਹਾਂ ਯੂਰਪ ਵਾਲੇ ਯਹੂਦੀਆਂ ’ਤੇ ਈਸਾਈਆਂ ਨੇ ਇਨ੍ਹਾਂ ਨੂੰ ਪਸ਼ੂਆਂ ਨਾਲੋਂ ਬਦਤਰ ਜ਼ਿੰਦਗੀ ਜਿਊਣ ਲਈ ਮਜ਼ਬੂਰ ਕੀਤਾ ਹੋਇਆ ਹੈ।

ਸੰਸਾਰ ਦੇ ਮਹਾਨ ਕ੍ਰਾਂਤੀਕਾਰੀ, ਸਾਇੰਸਦਾਨ ਅਤੇ ਅਮਨ ਭਾਈਚਾਰੇ ਦਾ ਸੰਦੇਸ਼ ਦੇਣ ਵਾਲੇ ਰਹਿਬਰ ਦਾ ਜਨਮ 1469 ਈ. ਨੂੰ ਰਾਇ-ਭੋਇ ਦੀ ਤਲਵੰਡੀ ਵਰਤਮਾਨ ਨਨਕਾਣਾ ਸਾਹਿਬ ਪਾਕਿਸਤਾਨ ਵਿਚ ਪ੍ਰਕਾਸ਼ ਧਾਰਿਆ। ਇਹ ਉਹ ਸਮਾਂ ਸੀ ਜਦੋਂ ਭਾਰਤ ਤੇ ਵਿਸ਼ੀ ਲੁਟੇਰੇ ਹਜ਼ਾਰਾਂ ਸਾਲਾਂ ਤੋਂ ਪਹਿਲਾਂ ਹੀ ਮੂਲ ਨਿਵਾਸੀਆਂ ਨੂੰ ਪਸ਼ੂਆਂ ਨਾਲੋਂ ਭੈੜੀ ਹਾਲਤ ਕਰੀ ਬੈਠੇ ਆਰੀਅਨ ਵਲੋਂ ਕੁੱਟਿਆ ਕੋਹਿਆ ਜਾ ਰਿਹਾ ਹੈ। ਇਸ ਸਮੇਂ ਚੰਗੇਜ਼ ਖਾਨ ਦੀ ਨਸਲ ਵਿਚੋਂ ਮੁਗਲ (ਮੰਗੋਲ) ਭਾਰਤ ’ਤੇ ਹਮਲਾ ਕਰਦਾ ਹੈ। ਗੁਰੂ ਨਾਨਕ ਇਸ ਨੂੰ ਬਾਬਰ ਨਹੀਂ ਜਾਬਰ ਕਹਿੰਦਾ ਹੈ। ਜੇ ਭੂਗੋਲਿਕ ਨਜ਼ਰੀਆ ਤੋਂ ਵੇਖੀਏ ਤਾਂ ਇਹ ਉਹ ਧਰਤੀ ਹੈ ਜਿਥੇ ਲਗਭਗ 8000 ਸਾਲ ਤੋਂ ਲੋਕ ਖੇਤੀਬਾੜੀ ਅਤੇ ਪਸ਼ੂ ਪਾਲਣ ਵਗੈਰਾ ਕਰਦਾ ਆ ਰਹੇ ਸਨ। ਔਰਤਾਂ ਕਪਾਹ ਤੋਂ ਸੂਤ ਕੱਤ ਕੇ ਹੱਥ ਖੱਡੀਆਂ ਰਾਹੀਂ ਕੱਪੜੇ ਬੁਣਦੀਆਂ ਆ ਰਹੀਆਂ ਸਨ ਅਤੇ ਚਾਦਰਾਂ, ਦੁਪਟਿਆਂ ’ਤੇ ਸੂਈ ਨਾਲ ਫੁੱਲ ਚਿੜੀਆਂ ਕੱਢਦੀਆਂ ਸਨ। ਚਿੱਤਰਕਾਰੀ ਵਗੈਰਾ ਰੰਗਾ ਦੀ ਖੋਜ ਹੋ ਚੁੱਕੀ ਸੀ, ਜਿਥੇ ਜਗਤ ਗੁਰੂ ਦਾ ਜਨਮਹੁੰਦਾ। ਇਹ ਧਰਤੀ ਭਾਰਤ ਵਿਚ ਦਾਖਲ ਹੋਣ ਦਾ ਮੁੱਖ ਦਵਾਰ ਸੀ। ਭਾਰਤ ਤਿੰਨ ਪਾਸੇ ਤੋਂ ਪਰਬਤਾਂ ਤੇ ਸਮੁੰਦਰ ਨਾਲ ਘਿਰਿਆ ਹੋਇਆ ਹੈ। ਪੱਛਮ ਵਾਲੇ ਪਾਸੇ ਤੋਂ ਇਹ ਹਮਲਾਵਰਾਂ ਲਈ ਮੁੱਖ ਦਰਵਾਜ਼ਾ ਸੀ ਜੋ ਬਿਨਾਂ ਕਿਸੇ ਵੱਡੀ ਰੁਕਾਵਟ ਦੇ ਦੜਾਦੜ ਆਉਣ ਲਈ ਪ੍ਰੇਰਦਾ ਸੀ। ਇਸ ਦਰਵਾਜ਼ੇ ’ਤੇ ਪੱਛਮ ਤੋਂ ਆਏ ਧਾੜਵੀਆਂ ਦਾ ਕਬਜ਼ਾ ਸੀ ਜੋ ਸਮੇਂ-ਸਮੇਂ ’ਤੇ ਵਿਦੇਸ਼ੀ ਹਮਲਾਵਰਾਂ ਨੂੰ ਭਾਰਤ ਸੋਨੇ ਦੀ ਚਿੜੀ ਦੇ ਖੰਭ ਖੋਹਣ ਲਈ ਸੱਦੇ ਭੇਜਦੇ ਰਹਿੰਦੇ ਸਨ। ਜਦੋਂ ਉਹ ਇਸ ਦਰਵਾਜ਼ੇ ’ਤੇ ਪਹੁੰਚ ਜਾਂਦੇ ਤਾਂ ਇਹ ਦੁਆਰ ਪਾਲ ਦਾ ਰੋਲ ਅਦਾ ਕਰਕੇ ਉਸ ਦਰਵਾਜ਼ੇ ਨੂੰ ਖੋਲ੍ਹਦੇ ਸਨ ਅਤੇ ਅਗਾਂਹ ਨੂੰ ਰਾਹ ਦਰਸਾਵੇ ਬਣ ਕੇ ਨਾਲ ਹੀ ਤੁਰਦੇ ਸਨ। ਇਸ ਪਾਕਿਸਤਾਨ ਦੀ ਧਰਤੀ ’ਤੇ ਜਗਤ ਗੁਰੂ ਦਾ ਜਨਮ ਸਥਾਨ ਹੈ। ਇਸ ਜਗਤ ਗੁਰੂ ਬਾਬੇ ਨੇ ਹਜ਼ਾਰਾਂ ਕਿਲੋਮੀਟਰ ਦਚੀ ਯਾਤਰਾ ਪੈਦਲ ਮਰਦਾਨੇ ਮਰਾਸੀ ਨੂੰ ਲੈ ਕੇ ਅਜੋਕੇ ਸੰਸਾਰ ਦੇ ਨੌਂ ਦੇਸ਼ਾਂ ਦੀ ਯਾਤਰਾ ਸ਼ੁਰੂ ਕੀਤੀ। ਯਾਤਰਾ ਸ਼ੁਰੂ ਕਰਨ ਦਾ ਮਕਸਦ ਧਰਤੀ ਦੇ ਲੋਕਾਂ ਨੂੰ ਜਾਨਣਾ ਅਤੇ ਉਨ੍ਹਾਂ ਦੇ ਰਸਮਾਂ ਰਿਵਾਜ਼ਾਂ ਅਤੇ ਦੁੱਖਾਂ ਸੁੱਖਾਂ ਨੂੰ ਸਮਝਕੇ ਉਨ੍ਹਾਂ ਦਾ ਇਲਾਜ ਕਰਨਾ ਸੀ। ਉਨ੍ਹਾਂ ਨੂੰ ਲੁੱਟ ਖਸੁੱਟ ਤੇ ਫੋਕਟ ਕਰਮਕਾਂਡਾਂ ਤੋਂ ਨਿਜ਼ਾਤ ਦਿਵਾਉਣਾ ਸੀ। ਇਸ ਲੋਕ ਭਲਾਈ ਕਾਰਜ ਲਈ ਉਸਨੇ ਭਰੀ ਜਵਾਨੀ ਵਿਚ ਨੌਜਵਾਨ ਇਸਤਰੀ ਛੋਟੇ-ਛੋਟੇ ਬੱਚੇ ਤਿਆਗ ਕੇ ਮਾਤਾ ਪਿਤਾ ਭੈਣ ਸਾਕ ਸਕੀਰੀਆਂ ਨੂੰ ਛੱਡ ਕੇ ਪੈਦਲ ਯਾਤਰਾ ਸ਼ੁਰੂ ਕੀਤੀ ਅਤੇ ਵਿਚ ਦਰਿਆ ਸੂਰਦੇ ਨਦੀਆਂ ਪਹਾੜ ਰੇਗਿਸਤਾਨ ਅਤੇ ਜੰਗਲ ਬੇਲੇ ਪਾਰ ਕਰਦਾ ਗਿਆ ਹੈ। ਜੇ ਰਸਤੇ ਵਿਚ ਸਮੁੰਦਰ ਆਇਆ ਉਸ ਨੂੰ ਵੀ ਪਾਰ ਕੀਤਾ। ਮਾਰੂਥਲਾਂ ਵਿਚ ਪਿਆਸ ਲੱਗਣੀ, ਜੰਗਲਾਂ ਵਿਚ ਖ਼ੂਨ ਖਾਰ ਮਾਸਾ ਹਾਰੀ ਜਾਨਵਰ ਸ਼ੇਰ ਚੀਤੇ ਵਗੈਰਾ ਦਾ ਡਰ ਸੀ, ਰੀਗਣ ਵਾਲੇ ਸੱਪ ਅਤੇ ਹੋਰ ਨੂੰਹੇ ਵਗੈਰਾ ਵੱਖਰੇ ਸਨ। ਇਸ ਤੋਂ ਇਲਾਵਾ ਡਾਕੂ, ਲੁਟੇਰੇ ਅਤੇ ਸੱਜਣ ਵਰਗੇ ਠੱਗ ਭੂਮੀਏ ਵਰਗੇ ਚੋਰ ਵੀ ਸਨ। ਵਲੀ ਕੰਧਾਰੀ ਵਰਗੇ ਹੰਕਾਰੀ, ਕੌਡੇ ਰਾਖਸ਼ ਵਰਗੇ ਅਭਿਅਕ ਜੰਗਲੀ ਮਨੁੱਖ ਨਾਲ ਮਿਲਣਾ ਇਨ੍ਹਾਂ ਨਾਲ ਵਾਹ ਵਾਸਤਾ ਪੈਣਾ ਇਹ ਕੋਈ ਚਮਤਕਾਰੀ ਘਟਨਾਵਾਂ ਵਰਗਾ ਲੱਗਦਾ ਹੈ। ਫਿਰ ਗਰਮੀ, ਸਰਦੀ, ਮੀਂਹ ਹਨ੍ਹੇਰੀ, ਬਰਫ਼ੀਲੇ ਮੌਸਮਾਂ ਦੀ ਮਾਰ ਅਨੇਕ ਔਕੜਾਂ ਸਨ। ਉਸਨੇ ਜ਼ਿੰਦਗੀ ਦਾ ਲੰਬਾ ਸਮਾਂ ਦੁਨੀਆ ਦਾ ਭਰਮਣ ਕੀਤਾ। ਫਿਰ ਸਿਆਣੇ ਜਿਵੇਂ ਆਖਦੇ ਹਨ। ਬਾਗ ਕੋਹਾਂ ਬਾਅਦ ਜਾ ਕੇ ਬੋਲੀ ਬਦਲ ਜਾਂਦੀ ਹੈ। ਵੱਖ-ਵੱਖ ਬੋਲੀਆਂ ਦਾ ਅੜਿੱਕਾ ਸੀ। ਹੋਰ ਅਨੇਕ ਕਾਰਨ ਗਿਣਾਏ ਜਾ ਸਕਦੇ ਹਨ। ਅੱਜ ਕੱਲ੍ਹ ਵਾਂਗ ਸੜਕਾਂ ਉਸ ਸਮੇਂ ਨਹੀਂ ਸਨ ਪਰ ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼ ਵਾਂਗ ਘਰੋਂ ਉਡਾਰੀ ਮਾਰ ਕੇ ਚਲ ਪਏ ਸਨ। ਆਦਮੀ ਰਸਤੇ ਵਿਚ ਬੀਮਾਰੀ ਵੀ ਹੋ ਸਕਦਾ ਹੈ। ਪੈਦਲ ਯਾਤਰਾ ਦੀ ਥਕਾਵਟ ਕਿਹੜਾ ਗਰਮ ਪਾਣੀ ਮਿਲਣਾ ਸੀ। ਇਹ ਲਗਭਗ 500 ਸਾਲ ਪੁਰਾਣੀ ਗੱਲ ਹੈ। ਇਥੇ ਪਾਠਕਾਂ ਨੂੰ ਧਿਆਨ ਦੇਣ ਯੋਗ ਹੈ ਕੋਲਬੰਸ ਵੀ ਨਾਨਕ ਦਾ ਯਾਤਰਾਵਾਂ ਸਮੇਂ ਸਮਕਾਲੀ ਸੀ।

ਹੁਣ ਆਪਾਂ ਇਸੇ ਸਮੇਂ ਦੇ ਯੂਰਪ ਦੇ ਦੇਸ਼ ਸਪੇਨ ਬਾਰੇ ਗੱਲ ਸ਼ੁਰੂ ਕਰਾਂਗੇ। ਇਹ ਕੰਲਬੰਸ ਬਾਰੇ ਹੈ। ਜਦੋਂ ਖੁਸਕ ਰਸਤੇ ਤੇ ਹੋਰ ਸ਼ਕਤੀਸ਼ਾਲੀ ਤਾਕਤਾਂ ਦਾ ਸਾਮਰਾਜ ਕਾਇਮ ਹੋ ਗਿਆ ਤਾਂ ਯੂਰਪ ਵਾਲਿਆਂ ਨੇ ਸਮੁੰਦਰੀ ਰਸਤੇ ਦਾ ਬਦਲਵਾਂ ਪ੍ਰਬੰਧ ਲੱਭਣ ਲਈ ਪਾਣੀ ਵਾਲੇ ਜਹਾਜ਼ਾਂ ਲਈ ਵਪਾਰ ਕਰਨਾ ਆਪਣਾ ਰਾਹ ਚੁਣਿਆ। ਇਸ ਕੰਮ ਲਹੀ 1492 ਵਿਚ ਕੋਲਬੰਸ ਆਪਣੇ ਨਾਲ ਸਾਥੀਆਂ ਦਾ ਝੁੰਡ ਅਤੇ ਖਾਧ ਖੁਰਾਕ ਲੱਦ ਕੇ ਸਪੇਨ ਤੋਂ ਭਾਰਤ ਲਈ ਚੱਲ ਪਿਆ। ਪਰ ਕੁਦਰਤ ਨੂੰ ਕੁਝ ਹੋਰ ਵੀ ਮਨਜ਼ੂਰ ਸੀ ਜਾਂ ਮਨੁੱਖੀ ਗਲਤੀ ਕਹਿ ਸਕਦੇ ਹਾਂ। ਇਹ ਲਗਭਗ ਸਾਲ ਦੇ ਸਫ਼ਰ (8 ਮਹੀਨੇ) ਪਿਛੋਂ ਅਮਰੀਕਾ ਦੇ ਤਟ ’ਤੇ ਆ ਪਹੁੰਚਿਆ ਤਾਂ ਇਸ ਨੇ ਇਥੇ ਇਥੋਂ ਦੇ ਮੂਲ ਨਿਵਾਸੀ ਨੂੰ ਵੇਖਿਆ। ਸ਼ਾਮ ਦਾ ਸਮਾਂ ਸੀ ਉਨ੍ਹਾਂ ਨੇ ਇਸ ਦੀ ਆਓ ਭਗਤ ਕੀਤੀ ਸੀ। ਉਹ ਸ਼ਾਇਦ ਖਰਗੋਸ਼ ਖਾਂਦੇ ਹੋਣ ਕਾਰਨ ਮਾਸਾਹਾਰੀ ਅਤੇ ਉਨ੍ਹਾਂ ਦੇ ਮੂੰਹ ਲਾਲ ਸਨ। ਅੰਗਰੇਜ਼ੀ ਦੇ ਰੈੱਡ ਦਾ ਮਤਲਬ ਲਾਲ ਰੰਗ ਹੈ। ਇਸ ਕਰਕੇ ਇਨ੍ਹਾਂ ਨੂੰ ਅੱਜ ਵੀ ਰੈੱਡ ਇੰਡੀਅਨ ਕਿਹਾ ਜਾਂਦਾ ਹੈ। ਉਸਨੇ ਇਸ ਨੂੰ ਭਾਰਤ ਸਮਝਿਆ। ਉਸ ਸਮੇਂ ਯੂਰਪ ਦੇ ਹੋਰ ਦੇਸ਼ ਵੀ ਅੱਡ-ਅੱਡ ਦੂਸਰੇ ਦੇਸ਼ਾਂ ਦੀ ਖੋਜ ਵਿਚ ਮੁਹਿੰਮਾਂ ਸ਼ੁਰੂ ਕਰ ਚੁੱਕੇ ਸਨ। ਹੌਲੀ-ਹੌਲੀ ਦੂਸਰੇ ਦੇਸ਼ ਵੀ ਉਸਦੇ ਪਿਛੇ ਅਮਰੀਕਾ ਪਹੁੰਚ ਗਏ। ਕੁਝ ਭਾਰਤ ਵੱਲ ਇੰਗਲੈਂਡ, ਡੱਚ (ਪੁਰਤਗਾਲੀ) ਭਾਰਤ ਉਤੇ ਕਬਜ਼ਾ ਕਰਕੇ ਇਸ ਨੂੰ ਆਪਣੀ ਕਲੋਨੀ ਬਣਾਉਣ ਵਿਚ ਕਾਮਯਾਬ ਹੋਏ ਤੇ ਭਾਰਤ ਤੇ ਸੈਂਕੜੇ ਸਾਲ ਰਾਜ ਕੀਤਾ। ਅੱਜ ਕੱਲ੍ਹ ਜੋ ਅਸੀਂ ਵਰਤਾਰਾ ਵੇਖ ਰਹੇ ਹਾਂ ਇਹ ਇਸ ਧਰਤੀ ਦੇ ਮੂਲ ਨਿਵਾਸੀਆਂ ਨੂੰ ਉਜਾੜ ਕੇ ਉਸ ’ਤੇ ਯੂਰਪ ਵਾਲੇ ਰੰਗ ਰਲੀਆਂ ਮਨਾ ਰਹੇ ਹਨ। ਇਹ ਧਰਤੀ ਹੋਰ ਲੋਕਾਂ ਦੀ ਹੈ ਤੇ ਰਾਜ ਹੋਰ ਵਿਦੇਸ਼ੀ ਲੋਕ ਕਰ ਰਹੇ ਹਨ। ਇਹ ਯੂਰਪ ਵਾਲੇ ਆਪਣੇ ਕਾਇਦੇ ਕਾਨੂੰਨ ਬਣਾ ਕੇ ਆਪਣੀ ਚਾਕਰੀ ਕਰਾਉਣ ਲਈ ਦੂਸਰੇ ਏਸ਼ੀਆਈ ਤੇ ਸੰਸਾਰ ਭਰ ਦੇ ਲੋਕਾਂ ਨੂੰ ਇਧਰ ਸੱਦ ਰਹੇ ਹਨ। ਅਮਰੀਕਾ ਨੂੰ ਜਦੋਂ ਕੋਲਬੰਸ ਨੂੰ ਲੱਭਿਆ ਉਸ ਸਮੇਂ ਇਥੋਂ ਦੇ ਭਿੰਨ-ਭਿੰਨ ਕਬੀਲਿਆਂ ਮੂਲ ਨਿਵਾਸੀਆਂ ਨੇ ਗਿਣਤੀ ਦੇ ਅੰਕੜੇ 50 ਲੱਖ ਸਨ, ਲੇਕਿਨ ਅੱਜ ਉਨ੍ਹਾਂ ਦੀ ਗਿਣਤੀ ਲਗਭਗ 20 ਲੱਖ ਹੀ ਬਚੀ ਹੈ। ਉਹ ਵੀ ਧੱਕੀ ਦੇ 2 ਪਿਛਾਂਹ ਹੋਰ ਸਟੇਟਾਂ ਵਲ ਗੈਰ ਮਨੁੱਖੀ ਹਾਲਤਾਂ ਵਿਚ ਜੀਅ ਰਹੇ ਹਨ। ਇਸ ਦੇ ਨਾਲ ਹੀ ਇਕ ਹੋਰ ਭੈੜੀ ਕਾਲੀ ਕਰਤੂਰ ਗੋਰਿਆਂ ਯੂਰਪ ਵਾਲਿਆਂ ਵਲੋਂ ਹੋਰ ਕੀਤੀ ਗਈ ਜੋ ਅਫ਼ਰੀਕਾ ਮਹਾਂਦੀਪ ਤੋਂ ਉਥੋਂ ਦੇ ਮੂਲ ਵਾਸੀਆਂ ਕਾਲੇ ਨੀਗਰੋ ਹਬਸ਼ੀਆਂ ਨੂੰ ਪਸ਼ੂਆਂ ਵਾਂਗ ਨਰੜ ਕੇ ਸਮੁੰਦਰੀ ਜਹਾਜ਼ਾਂ ਰਾਹੀਂ ਭਰ ਕੇ ਅਮਰੀਕਾ ਲਿਆਂਦਾ ਗਿਆ। ਅਫਰੀਕਾ ਦੇ ਦੂਰ ਦੁਰਾਡੇ ਇਲਾਕਿਆਂ ਤੋਂ ਮਾਰੂਥਲ ਵਿਚ ਦੀ ਕਈ-ਕਈ ਮਹੀਨੇ ਪੈਦਲ ਤੋਰ ਕੇ ਲਿਆਂਦਾ ਗਿਆ। ਚੰਗੀ ਖੁਰਾਕ ਤੇ ਪਾਣੀ ਨਾ ਮਿਲਣ ਕਾਰਨ ਬੱਚੇ ਅਤੇ ਔਰਤਾਂ ਤੇ ਮਰਦਾਂ ਨੇ ਕਈਆਂ ਨੇ ਰਸਤੇ ਵਿਚ ਹੀ ਦਮ ਤੋੜ ਦਿੱਤਾ। ਕਈ ਬਿਮਾਰੀ ਕਾਰਨ ਮਰ ਗਏ ਜੋ ਬਚ ਗਏ ਬੰਦਗਾਹ ’ਤੇ ਲਿਆ ਕੇ ਉਨ੍ਹਾਂ ਨੂੰ ਆਪਣੀ ਮਾਤਰ ਭੂਮੀ ਤੋਂ ਹਜ਼ਾਰਾਂ ਕਿਲੋਮੀਟਰ ਲਿਜਾਣ ਲਈ ਸਮੁੰਦਰੀ ਜਹਾਜ਼ਾਂ ਵਿਚ ਤੂੜ ਦਿੱਤਾ ਗਿਆ। ਇਸ ਸਮੁੰਦਰੀ ਯਾਤਰਾ ਦਾ ਹਾਲ ਤੁਸੀਂ ਜੇ ਚੰਗੀ ਤਰ੍ਹਾਂ ਸਮਝਣਾ ਹੋਵੇ ਤਾ ਕਿਵੇਂ ਭਾਰਤ ਵਿਚ ਅਵਾਰਾ ਪਸ਼ੂਆਂ ਨੂੰ ਟਰੱਕਾਂ ਬੱਸਾਂ ਵਗੈਰਾ ਵਿਚ ਭਰ ਕੇ ਬੁੱਚੜ ਜਾਂ ਫੰਡਰ ਮੱਝਾਂ ਕੱਟਿਆਂ ਕੱਟੀਆਂ ਨੂੰ ਵਪਾਰੀ ਟਰੱਕ ਵਿਚ ਇਕ ਦੂਜੇ ਦੇ ਉਪਰ ਚਲਾ-ਚਲਾ ਮਾਰਦੇ ਹਨ। ਇਨ੍ਹਾਂ ਕਾਲੇ ਅਫਰੀਕਨ ਲੋਕਾਂ ਨੂੰ ਇਸ ਤਰ੍ਹਾਂ ਜਹਾਜ਼ਾਂ ਵਿਚ ਲੱਦ-ਲੱਦ ਕੇ ਹਜ਼ਾਰਾਂ ਕਿਲੋਮੀਟਰ ਸਫ਼ਰ ’ਤੇ ਪਸ਼ੂਆਂ ਵਾਂਗ ਨਰੜ ਕੇ ਹੱਥਕੜੀਆਂ ਪੈਰੀਆਂ ਬੇੜੀਆਂ ਲਾ ਕੇ ਜਹਾਜ਼ ਵਿਚ ਚੜ੍ਹਾਇਆ ਜਾਂਦਾ ਸੀ ਤਾਂ ਕਿ ਇਹ ਸਰੀਰਕ ਤੌਰ ’ਤੇ ਤਕੜੇ ਤੇ ਬਹੁ ਗਿਣਤੀ ਹੋਣ ਹੋਣ ਕਰਕੇ ਯਾਤਰੀ ਬਗਾਵਤ ਨਾ ਕਰ ਸਕਣ। ਸਮੁੰਦਰੀ ਜਹਾਜ਼ਾਂ ਨੂੰ ਚਲਾਉਣ ਲਈ ਚੱਪੂ ਕਾਲੇ ਲੋਕਾਂ ਨੂੰ ਫੜਾਏ ਜਾਂਦੇ ਸਨ। ਭਾਵ ਇਨ੍ਹਾਂ ਨੇ ਹੀ ਜਹਾਜ਼ ਕਿਨਾਰੇ ਲਗਾਉਣਾ ਹੁੰਦਾ ਸੀ। ਜੇ ਕੋਈ ਗਲਤੀ ਕਰਦਾ ਤਾਂ ਚਮੜਾ ਉਧੇੜਣ ਲਈ ਚੰਮ ਦਾ ਸਾਂਟਾ (ਕੋਰੜਾ) ਅਤੇ ਲਣਾ ਪਾਣੀ ਸਮੁੰਦਰੀ ਪਾਣੀ ਪਾਇਆ ਜਾਂਦਾ ਸੀ ਜੋ ਉਧੜੀ ਚਮੜੀ ਦੇ ਜ਼ਖ਼ਮਾਂ ’ਤੇ ਅਕਹਿ ਤੇ ਅਸਹਿ ਦਰਦ ਪੈਦਾ ਕਰਦਾ ਸੀ। ਇਸ ਲਈ ਨਾਲ ਜ਼ਖ਼ਮ ਖੁਸਕ ਛੇਤੀ ਹੁੰਦੇ ਸਨ। ਇਹ ਦੋਹਰਾ ਕੰਮ ਕਰਦਾ ਸੀ। ਇਹੀ ਤਰੀਕਾ ਅਮਰੀਕਾ ਦੇ ਗੁਲਾਮ ਬਣਾ ਕੇ ਲਿਆਂਦੇ ਗਏ ਕਾਲਿਆਂ ਨੂੰ ਖੇਤੀਬਾੜੀ ਦੇ ਕੰਮ ਕਰਾਉਣ ਸਮੇਂ ਚਮੜੇ ਦੇ ਛਾਂਟੇ ਦੀ ਮਾਰ ਨਾਲ ਕੁੱਟਿਆ ਜਾਂਦਾ ਸੀ। ਇਸ ਦੀ ਮਾਰ ਨਾਲ ਆਦਮੀ ਰਾਤ ਨੂੰ ਠੀਕ ਤਰ੍ਹਾਂ ਸੌਂ ਨਹੀਂ ਸਕਦਾ ਸੀ ਕਿਉਂਕਿ ਆਦਮੀ ਦੀ ਪਿੱਠ (ਕੰਡ) ਧਰਤੀ ’ਤੇ ਕਿਵੇਂ ਲੱਗਦੀ? ਉਸ ਨੂੰ ਪੇਟ ਭਾਰ ਪੈਣਾ ਪੈਂਦਾ ਸੀ। ਘੱਟ ਅਤੇ ਘਟੀਆ ਖੁਰਾਕ ਦਿੱਤੀ ਜਾਂਦਾ ਸੀ। ਘੋੜਿਆਂ ਦੀ ਜਗ੍ਹਾ ਪੈਲੀ ਜੋੜਨ ਲਈ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਸੀ। ਪਰਿਵਾਰ ਦੇ ਲੋਕ ਮਾਂ ਨਾਲੋਂ ਪੁੱਤਰ ਧੀਆਂ ਪਤੀ ਨੂੰ ਵਿਛੋੜ ਕੇ ਮੰਡੀਆਂ ਤੇ ਪਸ਼ੂਆਂ ਵਾਂਗ ਵੇਚਿਆ ਖ੍ਰੀਦਿਆ ਜਾਂਦਾ ਸੀ। ਇਸ ਦਾ ਮੂੰਹ ਬੋਲਦਾ ਸਬੂਤ ਮਿਸਸਿੱਪੀ ਸਟੇਟ ਦੇ ਅੱਜ ਤੱਕ ਬਣੇ ਧੜੇ ਖੜ੍ਹੇ ਹਨ। ਇਸ ਗੁਲਾਮੀ ਦੇ ਦੌਰ ਦਾ ਸਮਾਂ ਅਠਾਰਵੀਂ ਸਦੀ ਸੀ ਜਦੋਂ ਭਾਰਤ ਵਿਚ ਮਹਾਰਾਜਾ ਰਣਜੀਤ ਸਿੰਘ ਪੰਜਾਬ ਤੇ ਰਾਜ ਸੀ। ਇਦ ਅਗਾਹ ਚੱਲ ਕੇ ਗੁਲਾਮੀ ਇਬਰਾਹੀਮ ਲਿੰਕਨ ਰਾਸ਼ਟਰਪਤੀ ਨੇ 1856 ਵਿਚ ਕਾਨੂੰਨੀ ਤੌਰ ’ਤੇ ਖਤਮ ਕੀਤੀ। ਉਸਨੇ ਅਮਰੀਕਾ ਦੀ ਸਿਵਲ ਵਾਰ ਤਾਂ ਭਾਵੇਂ ਜਿੱਤ ਲਈ ਪਰ ਗੁਲਾਮਾਂ ਬਾਬਤ ਬਹੁਤਾ ਚੰਗਾ ਕਾਰਜ ਨਹੀਂ ਕਰ ਸਕਿਆ। ਉਸਨੇ ਗਰੀਬਾਂ ਦੇ ਜਾਣੇ ਜਾਂਦੇ ਮਸੀਹਾ ਨੇ ਕਾਰਲ ਮਾਰਕਸ ਨੇ ਇਬਰਾਹੀਮ ਲਿੰਕਨ ਨੂੰ ਇਕ ਇਤਿਹਾਸਕ ਪੱਤਰ ਲਿਖਿਆ ਸੀ ਕਿ ਕਾਲਿਆਂ ਨੂੰ ਗੁਲਾਮੀ ਤੋਂ ਆਜ਼ਾਦ ਕਰਨ ਦਾ ਹੀ ਨਹੀਂ ਸਭ ਵੱਡਾ ਸਵਾਲ ਇਨ੍ਹਾਂ ਦੀ ਆਰਥਿਕ ਨਾ ਬਰਾਬਰੀ ਨੂੰ ਦੂਰ ਕਰਨ ਦਾ ਹੈ ਜੋ ਉਸਨੇ ਇਸ ਪਾਸੇ ਵੱਲ ਕੋਈ ਬਹੁਤਾ ਕਾਰਜ ਨਹੀਂ ਕੀਤਾ। ਜਿਸ ਨਾਲ ਕਾਲਿਆਂ ਤੇ ਹੋਏ ਅਤਿ ਘਿਨਾਉਣੇ ਜ਼ੁਲਮ ਦਾ ਉਨ੍ਹਾਂ ਨੂੰ ਮੁਆਵਜ਼ਾ ਮਿਲਦਾ। ਇਸ ਮਾਮਲੇ ਵਿਚ ਮਾਰਕਸ ਦਾ ਖਦਸ਼ਾ ਸਹੀ ਸਿੱਧ ਹੋਇਆ। ਇਸ ਪੱਤਰ ਲਿਖਣ ਦੇ ਕੋਈ ਚੰਗੇ ਨਤੀਜੇ ਨਹੀਂ ਨਿਕਲੇ। ਸਗੋਂ ਕਾਰਲ ਮਾਰਕਸ (ਗਰੀਬਾਂ ਦਾ ਮਸੀਹਾ) ਦੇ ਪੱਲੇ ਨਿਰਾਸਤਾ ਹੀ ਪਈ।

ਮੇਰਾ ਅੱਜ ਦਾ ਵਿਸ਼ਾ ਕੈਨੇਡਾ ਦੇਸ਼ ਦੇ ਲੋਕਾਂ (ਮੂਲ ਨਿਵਾਸੀਆਂ) ਦੀ ਜ਼ਮੀਨ ਜਾਇਦਾਦ ’ਤੇ ਤਾਂ ਯੂਰਪ ਦੇ ਕਪਟੀ ਲੋਕਾਂ ਨੇ ਕਬਜ਼ਾ ਨਜਾਇਜ਼ ਤੌਰ ਕੀਤਾ ਹੈ। ਇਸ ਦੇ ਜਲ, ਥਲ ਅਤੇ ਅਕਾਸ਼ ਦੇ ਅੱਜ ਤੱਕ ਮਾਲਕ ਬਣੇ ਹੋਏ ਹਨ। ਜੇ ਇਨ੍ਹਾਂ ਜ਼ੁਲਮਾਂ ਬਾਰੇ ਪੂਰਾ ਲਿਖਣਾ ਕਿ ਸੰਸਾਰ ਦੇ ਵੱਖ-ਵੱਖ ਹਿੱਸਿਆਂ ਵਿਚ ਇਨ੍ਹਾਂ ਨੇ ਕੀ-ਕੀ ਜ਼ੁਲਮ ਢਾਹੇ ਹਨ ਤਾਂ ਇਕ ਆਦਮੀ ਦੇ ਲਗਭਗ ਘੱਟੋ ਘੱਟ ਚਾਲੀ ਸਾਲ ਨਿਕਲ ਜਾਣਗੇ। ਇਨ੍ਹਾਂ ਦੀ ਲਗਭਗ 525 ਵਰ੍ਹੇ ਦੀ ਗੁਲਾਮੀ ਬਾਰੇ 2016 ਵਿਚ ਇਕ ਕਮਿਸ਼ਨ ਗਠਿਤ ਕੀਤਾ ਗਿਆ। ਇਹ ਕਮਿਸ਼ਨ ਵੀ ਕੋਈ ਐਵੇਂ ਨਹੀਂ ਮੂਲਵਾਸੀਆਂ ਦੀ ਲੰਬੀ ਜਦੋ-ਜਹਿਦ ਅਤੇ ਨਾਲ ਇਨ੍ਹਾਂ ਦੇ ਹਮਦਰਦ ਵੀ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਸਨ ਤਾਂ ਜਾ ਕੇ ਕਿਤੇ ਸਰਕਾਰ ਦੇ ਕੰਨ ’ਤੇ ਜੂੰ ਸਰਕੀ ਸੀ। ਇਸ ਸੱਚ ਤੇ ਸੁਲਾਹ-ਸਫ਼ਾਈ ਦੀ ਰਿਪੋਰਟ ਨੇ ਸਾਰੇ ਸੰਸਾਰ ਵਿਚ ਤਰਥੱਲੀ ਮਚਾ ਦਿੱਤੀ ਸੀ। ਇਸ ਰਿਪੋਰਟ ਨੂੰ ਪੜ੍ਹ ਕੇ ਪੱਛਮੀ ਜਗਤ ਦੇ ਉਪਰ ਥੂ-ਥੂ ਹੁੰਦੀ ਰਹੀ ਤੇ ਜਦੋਂ ਤੱਕ ਦੁਨੀਆ ਕਾਇਰ ਰਹੇਗੀ ਇਸ ਕਾਲੇ ਧੱਬੇ ਨੂੰ ਇਨ੍ਹਾਂ ਦੁਨੀਆ ਨੂੰ ਅਗਾਂਹਵਧੂ ਤੇ ਵਿਗਿਆਨ ਦੇ ਮੋਢੀ ਦੱਸਣ ਵਾਲਿਆਂ ’ਤੇ ਚਿਹਰੇ ’ਤੇ ਕਲੰਕ ਰਹੇਗਾ। ਇਹ ਕਮਿਸ਼ਨ ਪਿਛਲੀ ਸਰਕਾਰ ਜਿਸ ਦੇ ਮੋਢੀ ਸ੍ਟੀਫਨ ਹਾਰਪਰ ਸਨ ਉਨ੍ਹਾਂ ਦੀ ਪਾਰਟੀ ਪ੍ਰੋਗਰੈਸਿਵ ਕੰਜਰਵੇਟਿਵ ਸਰਕਾਰ ਨੇ ਜਸਟਿਸ ਮਾਰੀਆ ਬੁੱਲਰ ਮੁੱਖ ਕਮਿਸ਼ਨਰ ਦੀ ਅਗਵਾਈ ਹੇਠ ਇਹ ਜਾਂਚ ਕਮਿਸ਼ਨ ਗਠਿਤ ਕੀਤਾ ਸੀ। ਜਿਸ ਦੇ ਦੂਸਰੇ ਕਮਿਸ਼ਨਰ ਬਰਾਈਨ ਈਓਲਫਸਨ, ਕਿਉਜਾਕ ਰੋਬਿਨਸਨ ਅਤੇ ਮਾਈਕਲ ਆਡੈਟ ਸਨ। ਇਸ ਕਮਿਸ਼ਨ ਨੇ ਆਪਣੀ ਜਾਂਚ ਪੜਤਾਲ ਦਾ ਕੰਮ ਸਤੰਬਰ 2016 ਵਿਚ ਸ਼ੁਰੂ ਕੀਤਾ। ਸਰਕਾਰੀ ਪੁਲਿਸ, ਅਰਧ ਸਰਕਾਰੀ ਫਾਈਲਾਂ, ਤੱਥਾਂ ਦੀ ਜਾਂਚ ਪੜਤਾਲ ਕੀਤੀ। ਇਸ ਤੋਂ ਇਲਾਵਾ ਇਸ 2380 ਲੋਕਾਂ ਅਤੇ 468 ਮੂਲ ਨਿਵਾਸੀਆਂ ਪਰਿਵਾਰ ਜੋ ਪੁਲਿਸ ਰਿਪੋਰਟ ਅਨੁਸਾਰ ਸੰਨ 1980 ਤੋਂ ਬਾਅਦ ਕਰੀਬ 1180 ਔਰਤਾਂ ਅਤੇ ਲੜਕੀਆਂ ਦੇ ਗੁੰਮ ਜਾਂ ਕਤਲ ਹੋਣ ਨਾਲ ਸਬੰਧਤ ਸਨ, ਨੂੰ ਵੀ ਇਸ ਜਾਂਚ ਵਿਚ ਸ਼ਾਮਲ ਕੀਤਾ ਗਿਆ। ਲੇਕਿਨ ਐਸੀਆਂ ਅਤੇ ਕਤਲ ਹੋਣ ਵਾਲੀਆਂ ਔਰਤਾਂ ਦੀ ਅਤੇ ਲੜਕੀਆਂ ਦੀ ਗਿਣਤੀ ਕਿਤੇ ਵਧਰੇ ਸੀ। ਇਨ੍ਹਾਂ ਦੀ ਗਿਣਤੀ 4000 ਤੋਂ 15000 ਤੱਕ ਦੱਸੀ ਜਾਂਦੀ ਹੈ।

ਜਿਵੇਂ ਆਪਣੇ ਦੇਸ਼ ਭਾਰਤ ਜਾਂ ਪਾਕਿਸਤਾਨ, ਸ੍ਰੀਲੰਕਾ, ਅਫ਼ਗਾਨਿਸਤਾਨ (ਅਸਲ ਵਿਚ ਹਿਇ ਪਹਿਲਾਂ ਭਾਰਤ ਦਾ ਹਿਸਾ) ਜਾਂ ਕੁਝ ਹੋਰ ਏਸ਼ੀਆਈ ਦੇਸ਼ਾਂ ਵਾਂਗ ਕੈਨੇਡੀਅਨ ਅਫ਼ਸਰਸ਼ਾਹੀ ਅਤੇ ਰਸੂਖਦਾਰ ਲੋਕਾਂ ਨੇ ਕਮਿਸ਼ਨ ਦੀ ਰਾਹ ਵਿਚ ਰੋੜੇ ਅਟਕਾਏ। ਕੈਨੇਡਾ ਅੰਦਰ ਅਮਰੀਕਾ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇਸ਼ਾਂ ਵਾਂਗ ਮੂਲ ਵਾਸੀਆਂ ਦੇ ਖਾਤਮੇ ਲਈ ਲੋਕਾਂ ਤੋਂ ਹਿੰਸਕ, ਮਾਰੂ, ਸ਼ੋਸਣ ਭਰੀਆਂ, ਬਰਾਬਰਤਾਪੂਰਵਕ ਕਾਰਵਾਈਆਂ ਜਾਰੀ ਹਨ।

ਇਹ ਸਿਲਸਿਲਾ ਬਸਤੀਵਾਦੀ ਮਾਨਸਿਕਤਾ ਅਧੀਨ 18ਵੀਂ ਸਦੀ ਤੋਂ ਜਾਰੀ ਹੈ ਜੋ ਲਗਾਤਾਰ 19ਵੀਂ ਸਦੀ ਤੇ ਵੀਹਵੀਂ ਸਦੀ ਅੱਜ ਤੱਕ ਲਗਾਤਾਰ ਜਾਰੀ ਹੈ। ਸੰਸਾਰ ਭਰ ਦੇ ਇਨਸਾਫ਼ਪਸੰਦ ਲੋਕਾਂ ਸਾਹਮਣੇ ਇਨ੍ਹਾਂ ਦਾ ਨਸਲਘਾਤੀ ਚਿਹਰਾ ਜੋ ਦੂਸਰੇ ਬਸਤੀਵਾਦੀ ਸਾਮਰਾਜਵਾਦੀ ਮਾਨਸਿਕਤਾ ਵਾਲਾ ਸੀ, ਉਸ ਨੂੰ ਬੇਨਕਾਬ ਕੀਤਾ। ਇਸ ਕਮਿਸ਼ਨ ਨੇ ਇਸ ਨੂੰ ਮੂਲਨਿਵਾਸੀਆਂ ’ਤੇ ਕੀਤੇ ਜ਼ੁਲਮਾਂ ਨੂੰ ਨਸਲ ਘਾਤ ਕਿਹਾ। ਜੇ ਆਪਾਂ 1048 ਦੀ ਕੌਮਾਂਤਰੀ ਕਨਵੈਨਸ਼ਨ ਅਨੁਸਾਰ ਵੇਖੀਏ ਤਾਂ ਕੋਈ ਵੀ ਕਾਰਜ ਜੋ ਪੂਰੀ ਤਰ੍ਹਾਂ ਜਾਂ ਅਧੂਰੇ ਢੰਗ ਨਾਲ ਇਕ ਰਾਸ਼ਟਰੀ, ਨਸਲੀ, ਫਿਰਕੂ ਜਾਂ ਧਾਰਮਿਕ ਗਰੁੱਪ ਨੂੰ ਨੇਸਤੋਨਬੂਦ ਕਰਨ ਦੀ ਨੀਯਤ ਨਾਲ ਕੀਤਾ ਜਾਵੇ ਉਸ ਨੂੰ ਨਸਲਘਾਤ ਕਿਹਾ ਜਾਂਦਾ ਹੈ।

ਇਸ ਕਮਿਸ਼ਨ ਦੀ ਸਪਲੀਮੈਂਟਰੀ ਰਿਪੋਰਟ ਵਿਚ ‘ਨਸਲਘਾਤ ਦੀ ਕਾਨੂੰਨੀ ਪੜਤੋਲ’ ਦਰਸਾਉਂਦੀ ਸੀ ਕਿ ਕੈਨੇਡੀਅਨ ਸਰਕਾਰਾਂ ਦਾ ਮੂਲਵਾਸੀਆਂ ਪ੍ਰਤੀ ਵਰਤਾਰਾ ਨਸਲਘਾਤੀ ਸੀ। ਇਨ੍ਹਾਂ ’ਤੇ ਇਹ ਦੋਸ਼ ਅੱਜ ਤੋਂ ਨਹੀਂ ਲਗਭਗ 75 ਸਾਲਾਂ ਤੋਂ ਲੱਗਦੇ ਆ ਰਹੇ ਹਨ ਜੋ ਬਿਲਕੁਲ ਸਹੀ ਹਨ। ਕਈ ਹੋਰ ਦੇਸ਼ਾਂ ਅੰਦਰ ਵੀ ਨਸਲਘਾਤ ਜਿਵੇਂ ਯੂਗੋਸਲਾਵੀਆ ਤੇ ਰਵਾਂਡਾ ਵਗੈਰਾ ਇਕ ਨਸਲਘਾਤ ਦੀ ਜਾਂਚ ਕਰਨ ਲਈ ਯੂ.ਐਨ. ਟ੍ਰਿਬਿਊਨਲ ਬਣਾਏ ਗਏ ਸਨ ਉਨ੍ਹਾਂ ਨੇ ਵੀ ਕੈਨੇਡੀਅਨ ਸਰਕਾਰ ਦੇ ਮੂਲ

ਨਿਵਾਸੀਆਂ ਦੇ ਉਪਰ ਕਤਲ, ਗੁੰਮਸੁਦਗੀ, ਔਰਤਾਂ ਨੂੰ ਅਣਮਨੁੱਖੀ ਤਸੀਹੇ, ਨਾਬਾਲਗ ਨਾਲ ਜਬਰ ਜਨਾਹ, ਭੁੱਖੇ ਜਾਣ ਬੁਝ ਕੇ ਰੱਖਣਾ, ਸਮੇਂ ਸਿਰ ਬੀਮਾਰੀ ਦਾ ਇਲਾਜ ਨਾ ਕਰਾਉਣਾ, ਸਰੀਰਕ ਅਤੇ ਮਾਨਸਿਕ ਤਸੀਹੇ ਦਿੱਤੇ ਜਾਣੇ ਆਦਿ ਸ਼ਾਮਲ ਹਨ।

ਯੂਰਪੀਨ ਬਸਤੀਵਾਦੀ ਸਾਮਰਾਜਜੀਆਂ ਦਾ ਪੁਰਾਣਾ ਇਤਿਹਾਸ ਵੀ ਇਹੀ ਦਰਸਾਉਂਦਾ ਹੈ ਕਿ ਇਨ੍ਹਾਂ ਨੇ ਆਪੋ-ਆਪਣੇ ਨਜਾਇਜ਼ ਕਬਜ਼ਾਈ ਇਲਾਕਿਆਂ ਅੰਦਰ ਮੂਲ ਨਿਵਾਸੀਆਂ ਦੇ ਸਫਾਏ ਤੇ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਛੱਡੀ। ਇਨ੍ਹਾਂ ਕੈਨੇਡਾ, ਅਮਰੀਕਾ ਅਤੇ ਇੰਗਲੈਂਡ ਵਾਲਿਆਂ ਦਾ ਵਤੀਰਾ ਤੁਸੀਂ ਫਲਸਤੀਨ ਦੀ ਹੁਣ ਲਗਭਗ ਪਿਛਲੇ ਇਕ ਸਾਲ ਤੋਂ ਹੋ ਰਹੀ ਜੰਗ ਵਿਚ ਹਥਿਆਰਾਂ ਦੇ ਸਮੁੰਦਰੀ ਜਹਾਜ਼ ਭੇਜਣ ਤੋਂ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਕਿਵੇਂ ਉਥੇ ਔਰਤਾਂ, ਬੱਚਿਆਂ ਅਤੇ ਮਰਦਾਂ ਦਾ ਨਸਲਘਾਤ ਹੋ ਰਿਹਾ ਹੈ। ਇਹ ਮੁਲਕ ਯਹੂਦੀਆਂ ਦੀ ਪਿੱਠ 'ਤੇ ਖੜ੍ਹ ਕੇ ਲਲਕਾਰੇ ਮਾਰ ਰਹੇ ਹਨ। ਸ਼ਾਂਤਮਈ ਪ੍ਰਦਰਸ਼ਨ ਕਰਨ ਲਈ ਗਈ ਅਮਰੀਕੀ ਕੁੜੀ ਜਿਸ ਕੋਲ ਅਮਰੀਕੀ ਤੇ ਮੂਲ ਤੁਰਕੀ ਤੋਂ ਸੀ ਦੂਹਰੀ ਨਾਗਰਿਕਤਾ ਨਾਮ ਆਇਸੇਨਰ ਐਲਜੀ ਉਸਦੇ ਸਿੱਧੀ ਮੱਥੇ ਵਿਚ ਗੋਲੀ ਮਾਰ ਕੇ ਸ਼ਹੀਦ ਕੀਤਾ ਜਾਂਦਾ ਹੈ। ਅਮਰੀਕੀ ਪ੍ਰਸ਼ਾਸਨ ਮੂੰਹ ਵਿਚ ਘੁਗਣੀਆਂ ਪਾਈ ਬੈਠਾ ਹੈ। ਸਕੂਲ ਹਸਪਤਾਲ ਢਾਹੇ ਜਾ ਰਹੇ ਹਨ। ਪੱਤਰਕਾਰ ਮਾਰੇ ਜਾ ਰਹੇ ਹਨ। ਹਿਹ ਸ਼ਾਸਕ ਬੋਸਨੀਆ ਯੂਕੇਨ ਅਤੇ ਅਰਮੇਨੀਆ ਦੀ ਨਸਲਕੁਸ਼ੀ ਨੂੰ ਮਾਨਤਾ ਦਿੰਦੇ ਰਹੇ ਹਨ। ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਨੇ ਵੱਡਾ ਦਿਲ ਕਰਕੇ ਕਮਿਸ਼ਨ ਦੀ ਰਿਪੋਰਟ ਨੂੰ ਕੈਨੇਡਾ ਸਰਕਾਰਾਂ ਦੀ ਮੂਲ ਨਿਵਾਸੀਆਂ ਪ੍ਰਤੀ ਅਣਮਨੁੱਖੀ ਵਤੀਰਾ, ਹਿੰਸਕ, ਬਰਾਬਰਤਾਪੂਰਨ 'ਨਸਲਘਾਤ' ਨੂੰ ਮੰਨਿਆ ਹੈ। ਇਹ ਰਿਪੋਰਟ ਜਦੋਂ 2019 ਜੂਨ ਵਿਚ ਪੇਸ਼ ਕੀਤੀ ਗਈ ਤਾਂ ਇਸ ਦੀ ਅੰਤਰ ਆਤਮਾ 'ਚ ਆਵਾਜ਼ ਨਿਕਲੀ ਉਸ ਸਮੇਂ ਇਸਨੇ ਉਦਾਸ ਲਹਿਜੇ ਵਿਚ ਕਿਹਾ ਸੀ ਕਿ ਅੱਜ ਦਾ ਦਿਨ ਸਾਡੇ ਲਈ ਬਹੁਤ ਅਣਸੁਖਾਵਾਂ ਹੈ। ਅਸੀਂ ਤੁਹਾਡੇ ਪ੍ਰਤੀ ਕਰਤਵਾਂ ਤੋਂ ਅਸਫ਼ਲ ਰਹੇ ਹਾਂ। ਪਰ ਆਉਣ ਵਾਲੇ ਸਮੇਂ ਵਿਚ ਅਜਿਹਾ ਨਹੀਂ ਹੋਵੇਗਾ।

ਸੱਚ ਤਾਂ ਇਹ ਹੈ ਕਿ ਇਹ ਇਨ੍ਹਾਂ ਦੀ ਧਰਤੀ ਤੋਂ ਇਨ੍ਹਾਂ ਦੀਆਂ ਜ਼ਮੀਨਾਂ ਤੋਂ ਕਬਜ਼ਾ ਛੱਡ ਕੇ ਆਪਣੇ ਮੂਲ ਦੇਸ਼ ਯੂਰਪ ਜਾਣਗੇ। ਮੈਂ ਆਪਣੀਆਂ ਅੱਖਾਂ ਨਾਲ ਵੱਡੇ-ਵੱਡੇ ਖੇਡ ਮੈਦਾਨ ਤੇ ਪਾਰਕ ਖੁੱਲ੍ਹੇ ਡੁੱਲ੍ਹੇ ਮਾਲ ਅਤੇ ਇੰਡਸਟ੍ਰੀਅਲ ਏਰੀਆ ਵੇਖ ਕੇ ਆਖਦਾ ਹਾਂ ਕਿ ਕਿਵੇਂ ਚੋਰਾਂ ਦੇ ਕੱਪੜੇ ਤੇ ਡਾਗਾ ਦੇ ਗਜ਼ ਵਾਲੀ ਕਹਾਵਤ ਇਨ੍ਹਾਂ 'ਤੇ ਬਿਲਕੁਲ ਫਿੱਟ ਬੈਠਦੀ ਹੈ।

ਮੂਲ ਨਿਵਾਸੀਆਂ ਤੋਂ ਜ਼ਮੀਨਾਂ ਜਾਇਦਾਦਾਂ ਖੋਹ ਲਈਆਂ ਗਈਆਂ। ਉਨ੍ਹਾਂ ਨੂੰ ਜੰਗਾਂ ਵਿਚ ਹਰਾ ਕੇ ਜਾਂ ਦਬਾਅ ਨਾਲ ਆਪਣੇ ਹੀ ਦੇਸ਼ ਵਿਚ ਕੈਦੀਆਂ ਵਾਲਾ ਵਿਵਹਾਰ ਕਰਕੇ ਮਨਚਾਹੀਆਂ ਆਪਣੇ ਹੱਕ ਦੀਆਂ ਸੰਧੀਆਂ ਉਨ੍ਹਾਂ ਉਪਰ ਥੋਪ ਦਿੱਤੀਆਂ ਗਈਆਂ। ਲੋਕਾਂ ਨੂੰ ਭੁੱਖੇ-ਤਿਹਾਏ ਰੱਖ ਕੇ ਦੂਰ-ਦੁਰੇਡੇ, ਆਧੁਨਿਕ ਸਹੂਲਤਾਂ ਤੋਂ ਵੰਚਿਤ, ਸਿੱਖਿਆ, ਸਿਹਤ ਰਹਿਤ ਜੀਵਨ ਬਿਤਾਉਣ ਲਈ ਮਜ਼ਬੂਰ ਕਰ ਦਿੱਤਾ ਗਿਆ। ਮੂਲ ਨਿਵਾਸੀ ਔਰਤਾਂ ਦੀ ਜਬਰੀ ਜਿਸਮ ਫਰੋਸ਼ੀ, ਜਬਰ ਜਨਾਹ, ਗੁਲਾਮਾ ਦੀ ਤਰ੍ਹਾਂ ਵਿਵਹਾਰ ਕੀਤਾ ਜਾਂਦਾ ਅਤੇ ਉਨ੍ਹਾਂ ਦੇ ਜ਼ਬਰੀ ਨਸਬੰਦੀ ਅਪ੍ਰੇਸ਼ਨ (ਭਾਰਤ ਦੀ ਤਰ੍ਹਾਂ) ਤਾਂ ਕਿ ਬੱਚੇ ਨਾ ਜੰਮ ਸਕਣ। ਉਨ੍ਹਾਂ ਦੇਬੱਚਿਆਂ ਨੂੰ ਆਪਣੀ ਮੂਲ ਭਾਸ਼ਾ, ਹੁਨਰਾਂ, ਰਸਮਾਂ ਰਿਵਾਜਾਂ, ਸਭਿਆਚਾਰ ਨਾਲੋਂ ਤੋੜਨ ਲਈ ਰੈਜੀਡੈਂਟ ਸਕੂਲ ਖੋਲ੍ਹੇ ਗਏ। ਕੁੱਲ ਸਕੂਲਾਂ ਦਾ 25% ਬ੍ਰਿਟਿਸ਼ ਕੋਲੰਬੀਆ ਸੂਬੇ ਵਿਚ ਸੀ। ਕਾਰ ਲੇਟਲ ਯੂਨੀਵਰਸਿਟੀ ਅੰਦਰ ਮੂਲ ਲੋਕਾਂ ਦੇ ਜੀਵਨ ਅਤੇ ਇਤਿਹਾਸ ਸਬੰਧੀ ਪੜ੍ਹਾਉਣ ਵਾਲੇ ਪ੍ਰੋਫੈਸਲਰ ਵੈਲਡਨ ਕੋਰਬਨ ਅਨੁਸਾਰ ਕਰੀਬ 1,50000 ਮੂਲ ਨਿਵਾਸੀ ਬੱਚੇ ਜਬਰਨ ਇਨ੍ਹਾਂ ਸਕੂਲਾਂ (ਰਿਹਾਇਸ਼ੀ ਸਕੂਲਾਂ) ਵਿਚ ਪੜ੍ਹਨ ਲਈ ਲਿਆਂਦੇ ਗਏ ਤਾਂ ਕਿਹੜੀ ਟ੍ਰੇਨ ਵਿਚ ਬੱਚੇ ਮਾਪਿਆਂ ਤੋਂ ਜ਼ਬਰੀ ਖੋਹ ਕੇ ਲੱਦੇ ਰੋਂਦੇ ਸਿਸਕੀਆਂ ਭਰਦੇ ਹਟਕੋਰੇ ਲੈਂਦੇ ਆਸ (ਹੰਝੂ) ਡਿੱਗਦੇ ਉਸ ਗੱਡੀ ਦਾ ਨਾਮ ਟਰੇਨ ਪੈ ਗਿਆ। 2. ਭੈਣਾਂ ਭਰਾਵਾਂ ਨੂੰ ਵਿਛੋੜ ਦਿੱਤਾ। ਆਪਣੀ ਮਾਂ ਬੋਲੀ ਨਾਲ ਇਕ ਦੂਜੇ ਗੱਲ ਕਰਨਗੇ। 3. ਇਹ ਸਿੱਖਾਂ ਵਾਂਗੂ ਕੇਸ ਰੱਖਦੇ ਸੀ ਜੂੰਆਂ ਬਹਾਨਾ ਬਣਾ ਕੇ ਕੇਸ ਕਤਲ ਕੀਤੇ ਗਏ। ਸਿਰ ਬੱਚਿਆਂ ਬੱਚੀਆਂ ਦੇ ਮੁੰਨ ਦਿੱਤੇ। 4. ਜਿਵੇਂ ਜੇਲ੍ਹ ਵਿਚ ਕੈਦੀਆਂ ਨੂੰ ਨੰਬਰ ਦਿੱਤੇ ਜਾਂਦੇ ਹਨ ਇਨ੍ਹਾਂ ਦੇ ਅਸਲੀ ਨਾਮ ਤੋਂ ਹਟਾ ਕੇ ਨੰਬਰ ਬੋਲਿਆ ਜਾਂਦਾ ਸੀ। ਨਾਮ ਲੈਣ ਦੀ ਮਨਾਹੀ ਸੀ। ਇਹ 1867 ਕੈਨੇਡਾ ਬਣਨ ਮਗਰੋਂ ਸ਼ੁਰੂ ਕੀਤਾ ਗਿਆ। ਕੈਥੋਲਿਕ ਪਾਦਰੀਆਂ ਦੀ ਦੇਖ-ਰੇਖ ਇਹ ਸਕੂਲ ਚਲਾਏ ਜਾਂਦੇ ਸਨ। ਸਾਰਾ ਖਰਚਾ ਕੈਨੇਡਾ ਸਰਕਾਰ ਦਾ ਸੀ। ਭ੍ਰਿਸ਼ਟਾਚਾਰ ਤੇ ਬੱਚਿਆਂ ਨਾਲ ਬਲਾਤਕਾਰ ਤੇ ਜਿਣਸ਼ੀ ਸ਼ੋਸ਼ਣ ਪਾਦਰੀਆਂ ਕੀਤਾ। ਉਨ੍ਹਾਂ ਨੂੰ ਕੈਨੇਡੀਅਨ ਬਸਤੀਵਾਦੀਆਂ ਦੀ ਭਾਸ਼ਾ, ਰੀਤੀ ਰਿਵਾਜ ਅਤੇ ਸਭਿਆਚਾਰ ਸਿਖਾ ਕੇ ਆਪਣੇ ਮੂਲ ਆੜ੍ਹਿਆ ਜਾ ਸਕੇ। ਉਨ੍ਹਾਂ ਨੂੰ ਕੁੱਟਿਆ ਮਾਰਿਆ, ਭੁੱਖੇ ਰੱਖਿਆ ਜਾਂਦਾ ਰਿਹਾ। ਇਕੱਲੇ ਹਨ੍ਹੇਰੇ ਕਮਰੇ (ਗੁਫ਼ਾ) ਨੁਮਾ ਅੰਦਰ ਬੰਦ ਕਰਕੇ ਤਸੀਹੇ ਦਿੱਤੇ ਜਾਂਦੇ ਰਹੇ। ਇਨ੍ਹਾਂ ਤਸੀਹਿਆਂ ਕਰਕੇ 6000 ਵਿਦਿਆਰਥੀ ਅਖੌਤੀ ਸਭਿਆਚਾਰ ਸਿਖਾਉਣ ਦੇ ਨਾਂ ਹੇਠ ਮਰ ਗਏ। ਅਸਲ ਵਿਚ ਇਹ ਗਿਣਤੀ 10000 (ਦਸ ਹਜ਼ਾਰ) ਤੋਂ ਵੱਧ ਹੈ। ਸੰਨ 1996 ਤੱਕ ਇਹ ਸਕੂਲ ਚਲਾਏ ਗਏ। ਔਰਤਾਂ, ਬਾਲੜੀਆਂ ਨੂੰ ਨਸ਼ਬੰਦੀ ਦਾ ਸ਼ਿਕਾਰ ਬਣਾਉਣ ਦੇ ਨਾਲ-ਨਾਲ ਸਰੀਰਕ ਸ਼ੋਸਣ, ਬਲਾਤਕਾਰ ਅਨੇਕ ਤਰ੍ਹਾਂ ਦੇ ਘਿਨਾਉਣੇ ਅਪਰਾਧ ਕਰਨ ਉਪਰੰਤ ਜਾਂ ਤਾਂ ਮਾਰ ਦਿੱਤਾ ਗਿਆ ਜਾਂ ਗਾਇਬ ਕਰ ਦਿੱਤਾ ਗਿਆ ਤਾਂ ਕਿ ਇਨ੍ਹਾਂ ਦੀ ਕੋਈ ਉਘ ਸੁੱਘ ਨਾ ਨਿਕਲੇ ਨਾ ਹੀ ਇਨ੍ਹਾਂ ਦੀ ਭਵਿਖ ਵਿਚ ਨਸਲ ਪੈਦਾ ਨਾ ਹੋਵੇ ਇਨ੍ਹਾਂ ਦੇ ਨੋਵਾ ਸ਼ਕੋਸੀਆ ਸੂਬੇ ਦੀ ਗੱਲ ਕਰੀਏ ਤਾਂ 1750 ਈ. ਦੇ ਦਹਾਕੇ ਵਿਚ ਇਕ ਪਾਕ ਮੂਲ ਵਾਸੀਆਂ ਦੇ ਸਿਰਾਂ ਦੇ ਇਨਾਮ ਨਸਲਘਾਤ ਲਈ ਰੱਖੇ ਗਏ। ਸੰਨ 1870ਵੇਂ ਦਹਾਕੇ ਵਿਚ ਕੈਨੇਡੀਅਨ ਪੈਸੇਫਿਕ ਰੇਲਵੇ ਬਣਾਉਣ ਵਾਲੇ ਸਥਾਨਕ ਲੋਕਾਂ ਨੂੰ ਭੁਖਮਰੀ ਦਾ ਸ਼ਿਕਾਰ ਬਣਾਇਆ ਗਿਆ। ਅਜਿਹੀਆਂ ਅਨੇਕ ਮਿਸਾਲਾਂ ਨਾਲ ਇਤਿਹਾਸ ਭਰਿਆ ਪਿਆ ਹੈ। ਮੈਨੀਟੋਬਾ ਯੂਨੀਵਰਸਿਟੀ ਦੇ ਸਮਾਜ ਵਿਗਿਆਨਕ ਦੇ ਪ੍ਰੋਫ਼ ਐਂਡਰੀਉ ਵੂਲਫੋਰਡ ਅਨੁਸਾਰ ਕੈਨੇਡੀਅਨ ਚਿੰਤਕਾਂ ਨੇ ਕਦੇ ਕੈਨੇਡਾ ਦੇ ਮੂਲ ਲੋਕਾਂ ਦੇ ਨਸਲਘਾਤ ਵੱਲ ਧਿਆਨ ਹੀ ਨਹੀਂ ਦਿੱਤਾ। ਇਨ੍ਹਾਂ ਦੀਆਂ ਜ਼ਮੀਨਾਂ ਜਾਇਦਾਦਾਂ ਖੋਹ ਕੇ ਇਨ੍ਹਾਂ ਨੂੰ ਵੀ ਦੂਰ-ਦੁਰੇਡੇ ਲਿਜਾਕੇ ਛੱਡ ਦਿੱਤਾ, ਜਿਥੇ ਕੋਈ ਸੁੱਖ ਸਹੂਲਤ ਤੇ ਇਨ੍ਹਾਂ ਦੇ ਦੁੱਖ ਦਰਦ ਵਾਲਾ ਮਨੁੱਖ ਇਨ੍ਹਾਂ ਦੀ ਆਵਾਜ਼ ਹਮਦਰਦ ਲੋਕਾਂ ਤੱਕ ਪਹੁੰਚਾ ਨਾ ਸਕੇ। ਇਹ ਇਥੇ ਕੇਵਲ ਤਿਲ-ਤਿਲ ਕਰਕੇ ਮਰਨ ਲਈ ਛੱਡ ਦਿੱਤੇ ਗਏ। ਜੇ 2016 ਦੇ ਅੰਕੜਿਆਂ 'ਤੇ ਝਾਤ ਮਾਰੀਏ ਤਾਂ ਮੂਲ ਨਿਵਾਸੀਆਂ ਦੀ ਗਿਣਤੀ 4.9 ਹੈ। ਉਨ੍ਹਾਂ ਦੀ ਗਿਣਤੀ 1673780 ਹੈ, ਜਿਸ ਵਿਚੋਂ 977230 ਫਸਟਨੇਸ਼ਨਾ, 587545 ਮੈਟਿਸ ਅਤੇ 65025 ਇਨਓਟ ਹਨ। ਇਨ੍ਹਾਂ ਦੇ ਬਹੁਤ ਸਾਰੇ ਕਬੀਲਿਆਂ ਦੀ ਗਰੁੱਪਾਂ, ਨਸਲਾਂ, ਭਾਸ਼ਾਵਾਂ, ਸਭਿਆਚਾਰਾਂ ਦੀ ਹੋਂਦ ਖਤਮ ਹੋ ਚੁੱਕੀ ਹੈ। ਫਿਰ ਵੀ ਇਨ੍ਹਾਂ ਦਾ ਅਨੇਕ ਮਸਲਿਆਂ 'ਤੇ ਕੈਨੇਡੀਅਨ ਸਰਕਾਰਾਂ ਨਾਲ ਟਕਰਾਅ ਅਤੇ ਤਨਾਜ਼ਾ ਚਲਦਾ ਰਹਿੰਦਾ ਹੈ।

ਸੱਚ ਅਤੇ ਸੁਲਾਹ ਸਫ਼ਾਈ ਕਮਿਸ਼ਨ ਨੇ ਇਨ੍ਹਾਂ ਦੇ ਮੁੜ ਵਸੇਬੇ, ਸਨਮਾਨ, ਰਾਸ਼ਟਰੀ ਮੁੱਖਧਾਰਾ ਦੇ ਵਧੀਆ ਨਾਗਰਿਕ, ਬਰਾਬਰ ਦੇ ਪਾਈਵਾਲ ਬਣਾਉਣ ਲਈ 231 ਸਿਫਾਰਸ਼ਾਂ ਕੀਤੀਆਂ ਹਨ ਜਿਨ੍ਹਾਂ ਨੂੰ ਪ੍ਰਮੁੱਖ ਤੌਰ 'ਤੇ ਉਨ੍ਹਾਂ ਦੀ ਮਾਨਵ ਅਧਿਕਾਰਾਂ ਦੀ ਰੱਖਿਆ, ਸਿਹਤ ਭਲਾਈ, ਸਭਿਆਚਾਰ ਦਾ ਸਥਾਈ ਪ੍ਰਬੰਧ, ਨਿਆਂ, ਸੁੱਖਿਆ, ਮੀਡੀਆ ਅਤੇ ਸਮਾਜ ਵਲੋਂ ਧਿਆਨ, ਟਰਾਂਸਪੋਰਟ ਸਹੂਲਤਾਂ (ਆਵਾਜਾਈ ਪ੍ਰਬੰਧ), ਵਧੀਆ ਪੁਲਿਸ ਸੇਵਾਵਾ, ਮੁੜ ਵਸੇਬਾ, ਸਨਅਤੀਕਰਨ ਸਹੂਲਤਾਂ, ਸਮਾਜਿਕ ਆਰਥਿਕ ਨਾਬਰਾਬਰੀ ਆਦਿ ਸ਼ਾਮਲ ਹਨ। ਉਨ੍ਹਾਂ ਨੀਤੀਆਂ ਨੂੰ ਛੱਡਣਾ (ਕੀਰਤਨ ਸੋਹਿਲਾ) ਪੜ੍ਹਨਾ ਜਿਨ੍ਹਾਂ ਨਾਲ ਵਿਤਕਰਾ ਪੈਦਾ ਹੁੰਦਾ ਹੋਵੇ। ਜਸਟਿਸ ਟਰੂਡੋ ਵਲੋਂ ਇਨ੍ਹਾਂ ਸੁਝਾਵਾ ਤੇ ਆਪਣੀ ਸਰਕਾਰ ਵਲੋਂ ਇੰਨ ਬਿੰਨ ਅਮਲ ਕਰਨ ਦਾ ਯਕੀਨ ਦਿਵਾਇਆ ਗਿਆ ਹੈ। ਅਜਿਹਾ ਹੀ ਸੂਬਾ ਸਰਕਾਰਾਂ ਨੂੰ ਕਰਨ ਦੇ ਲਈ ਵੀ ਜ਼ਰੂਰੀ ਹੈ। ਮੇਰੇ ਹਿਸਾਬ ਨਾਲ ਇਨ੍ਹਾਂ ਦੀ ਧਰਤੀ 'ਤੇ ਲਗਭਗ 500 ਮੀਲ ਦੂਰ ਤੋਂ ਆ ਕੇ ਕਬਜ਼ਾ ਹੀ ਗੈਰ ਕਾਨੂੰਨੀ ਹੈ। ਇਨ੍ਹਾਂ ਨੂੰ ਆਪਣੀ ਧਰਤੀ 'ਤੇ ਵਾਪਸ ਜਾਣਾ ਚਾਹੀਦਾ ਹੇ ਜੇ ਇਨ੍ਹਾਂ ਕੋਲ ਦਿਮਾਗ5 ਹੈ। ਸਾਇੰਸ ਹੈ ਕੀ ਜ਼ਿਆਦਾ ਪੜ੍ਹੇ ਲਿਖੇ ਲੋਕ ਅਨਪੜ੍ਹ ਉੱਤੇ ਹਕੂਮਤ ਕਰਨ ਦਾ ਕਾਨੂੰਨੀ ਅਧਿਕਾਰ ਰੱਖਦੇ ਹਨ ਜਾਂ ਕਿਸੇ ਦੀ ਨਜਾਇਜ਼ ਆ ਕੇ ਜ਼ਮੀਨ 'ਤੇ ਕਬਜ਼ਾ ਕਰਨ ਦਾ ਅਧਿਕਾਰ ਇਨ੍ਹਾਂ ਨੂੰ ਕਿਸ ਨੇ ਦਿੱਤਾ ਹੈ ਕਿ ਅਸੀਂ ਬਾਸ਼ਿੰਦਿਆਂ ਨੂੰ ਉਨ੍ਹਾਂ ਦੀ ਧਰਤੀ ਤੋਂ ਖਤਮ ਕਰ ਦਿੱਤਾ ਜਾਵੇ। ਗੁਰੂ ਨਾਨਕ ਦੇਵ ਜੀ ਉਸ ਸਮੇਂ ਲੋਕਾਂ ਨੂੰ ਬਰਾਬਰੀ, ਭਰਾਤਰੀ, ਭਾਵ ਦਾ ਪਾਠ ਪੜ੍ਹਾ ਰਿਹਾ ਸੀ। ਲੇਕਿਨ ਸਪੇਨ ਦਾ (ਯੂਰਪ) ਕੋਲੰਬਸ ਲੋਕਾਂ ਨੂੰ ਲੁੱਟਣ ਦੀਆਂ ਵਿਉਂਤਾ ਘੜ ਕੇ ਦੂਸਰੇ ਦੇਸ਼ਾਂ ਦੇ ਹਜ਼ਾਰਾਂ ਮੀਲ ਬੈਠੇ ਬਾਸ਼ਿੰਦਿਆਂ ਨੂੰ ਕੁੱਟ ਕੋਹ ਅਤੇ ਬੇਗਾਨੀਆਂ ਧਰਤੀ 'ਤੇ ਕਾਬਜ਼ ਹੋ ਕੇ ਲੋਟੀ ਧਾੜੇ ਮਾਰ ਰਿਹਾ ਸੀ।

# ...ਸਨਦ ਰਹੇ ਕਿ ਟਾਟਿਆਂ ਨਾਲ ਸਾਡਾ ਕੀ ਰਿਸ਼ਤਾ ਹੈ

**ਪਾਵੇਲ ਕੁੱਸਾ**

ਹੁਣੇ ਹੁਣੇ ਖਬਰ ਆਈ ਹੈ ਕਿ ਉਮਰ ਭਰ ਲੋਕ-ਹੱਕਾਂ ਲਈ ਸਰਗਰਮ ਰਿਹਾ ਪਰ ਦਹਾਕਾ ਭਰ ਭਾਰਤੀ ਰਾਜ ਦੀਆਂ ਜੇਲਾਂ ਚ ਸੜ੍ਹਦਾ ਰਿਹਾ ਅਪਾਹਜ ਪ੍ਰੋਫੈਸਰ ਸਾਈਂ ਬਾਬਾ ਫੌਤ ਹੋ ਗਿਆ ਹੈ। ਉਸਦੀ ਮੌਤ ਦੀ ਖਬਰ ਉਦੋਂ ਆਈ ਹੈ ਜਦੋਂ 'ਦੇਸ਼' ਉੱਘੇ ਸਨਅਤਕਾਰ ਰਤਨ ਟਾਟਾ ਦੇ ਕੌਮੀ ਸੋਗ ਦੀਆਂ ਖਬਰਾਂ ਸੁਣ ਰਿਹਾ ਹੈ ਤੇ ਸੁਣਾ ਰਿਹਾ ਹੈ। ਪਰ ਸਥਾਪਤੀ ਦਾ ਇਹ 'ਦੇਸ਼' ਸਾਈਂ ਬਾਬਾ ਦੀ ਮੌਤ ਦਾ ਸੋਗ ਨਹੀਂ ਮਨਾਏਗਾ।





ਰਤਨ ਟਾਟਾ ਦੀ ਮੌਤ ਦੇ ਪ੍ਰਸੰਗ 'ਚ ਸ਼ਰਧਾਂਜਲੀਆਂ ਦਾ ਵਰਤਾਰਾ ਦਿਲਚਸਪ ਹੈ। ਕਿੰਨੀ ਦਿਲਚਸਪ ਕਥਾ ਹੈ ਕਿ ਸਾਨੂੰ ਦੱਸਿਆ ਜਾ ਰਿਹਾ ਹੈ ਕਿ ਰਤਨ ਟਾਟਾ ਇਕ ਦਾਨੀ, ਨਰਮ ਦਿਲ ਤੇ ਪਰਉਪਕਾਰੀ ਸਨਅਤਕਾਰ ਸੀ ਜਿਸ ਦੇ ਪਰ-ਉਪਕਾਰਾਂ ਨੂੰ ਭਾਰਤ ਸਿਜਦਾ ਕਰ ਰਿਹਾ ਹੈ। ਜਿਹੜਾ ਮੀਡੀਆ ਤੇ ਜਿਹੜੇ ਸਿਆਸਤਦਾਨ ਸਾਨੂੰ ਇਹ ਚਾਨਣ ਵੰਡ ਰਹੇ ਹਨ, ਉਹ ਇਹ ਵੀ ਦੱਸ ਰਹੇ ਹਨ ਕਿ ਜੰਗਲਾਂ ਦੇ ਅੰਦਰ ਆਦਿਵਾਸੀ ਲੋਕਾਂ ਲਈ ਸੀਸ ਤਲੀ 'ਤੇ ਧਰੀ ਫਿਰਦੇ ਜੁਝਾਰੂ ਗਰੀਲੇ ਬੇਹੱਦ ਖੂੰਖਾਰ ਹਨ ਤੇ ਇਸ ਦੇਸ਼ ਦੇ ਦੁਸ਼ਮਣ ਹਨ। ਉਹ ਸਾਨੂੰ ਇਹ ਵੀ ਦੱਸ ਰਹੇ ਹਨ ਕਿ ਇਹਨਾਂ ਖੂੰਖਾਰ ਤੇ ਜ਼ਾਲਮ ਲੋਕਾਂ ਦੇ ਹਮਾਇਤੀ ਸ਼ਹਿਰਾਂ ਅੰਦਰਲੇ ਬੁੱਧੀਜੀਵੀ ਤੇ ਜਮਹੂਰੀ ਹੱਕਾਂ ਦੇ ਸੰਗਰਾਮੀਏ ਅਰਬਨ ਨਕਸਲ ਹਨ ਜਿਨਾਂ ਤੋਂ ਇਸ ਵੇਲੇ ਦੇਸ਼ ਦੀ ਸੁਰੱਖਿਆ ਨੂੰ ਖ਼ਤਰਾ ਹੈ। ਇਸ ਲਈ ਇਨਾਂ ਲੋਕਾਂ ਦੇ ਘਰਾਂ 'ਤੇ ਐਨ ਆਈ ਏ ਦੇ ਛਾਪੇ ਵੱਜ ਰਹੇ ਹਨ ਤੇ ਜੰਗਲਾਂ ਅੰਦਰ ਝੂਠੇ ਪੁਲਿਸ ਮੁਕਾਬਲੇ ਧਰਤੀ ਦੇ ਬਿਹਤਰੀਨ ਇਨਸਾਨਾਂ ਨੂੰ ਲੋਥਾਂ 'ਚ ਬਦਲ ਰਹੇ ਹਨ। ਇਸ ਸਭ ਕੁਝ ਦਰਮਿਆਨ ਦੇਸ਼ ਰਤਨ ਟਾਟਾ ਨੂੰ ਸ਼ਰਧਾਂਜਲੀ ਦੇ ਰਿਹਾ ਹੈ। ਇਹਨੂੰ ਹੱਥਾਂ 'ਤੇ ਸਰ੍ਹੋਂ ਜਮਾਉਣਾ ਕਹਿੰਦੇ ਹਨ। ਇਹ ਸਰ੍ਹੋਂ ਪਿਛਲੇ 77 ਸਾਲਾਂ ਤੋਂ ਇਉਂ ਹੀ ਜਮਾਈ ਜਾਂਦੀ ਰਹੀ ਹੈ। ਪਰ ਨੰਦੀਗਰਾਮ ਤੇ ਸਿੰਗੂਰ ਦੇ ਕਿਸਾਨਾਂ ਦੇ ਡੁੱਲ੍ਹੇ ਲਹੂ ਦੀ ਲਾਲੀ ਫਿੱਕੀ ਨਹੀਂ ਹੋ ਸਕਦੀ ਚਾਹੇ 'ਦੇਸ਼' ਰਤਨ ਟਾਟਾ ਨੂੰ ਜਿੰਨੀਆਂ ਵੀ ਸ਼ਰਧਾਂਜਲੀਆਂ ਦੇ ਲਵੇ। ਸਥਾਪਤੀ ਦੀਆਂ ਆਪਣੇ ਪਾਲਣਹਾਰ ਨੂੰ ਦਿੱਤੀਆਂ ਸ਼ਰਧਾਂਜਲੀਆਂ ਕਿਰਤੀ ਲੋਕਾਂ ਦੇ ਗਲੋਂ ਨਹੀਂ ਉਤਾਰੀਆ ਜਾ ਸਕਦੀਆਂ। ਇਨ੍ਹਾਂ ਸ਼ਰਧਾਂਜਲੀਆਂ ਦਰਮਿਆਨ ਸਾਈਂ ਬਾਬਾ ਤੇ ਰਤਨ ਟਾਟਾ ਦਾ ਰਿਸ਼ਤਾ ਨਹੀਂ ਵਿਸਾਰਿਆ ਜਾ ਸਕਦਾ। ਇਸ ਰਿਸ਼ਤੇ ਦੇ ਨਿਭਾਅ ਦੀ ਤਫ਼ਸੀਲ ਵਿੱਚ ਭਾਰਤੀ ਟਾਟਾ-ਬਿਰਲਾ ਤੰਤਰ ਦੀ ਸਾਰੀ ਕਹਾਣੀ ਮੌਜੂਦ ਹੈ।

ਭਾਰਤੀ ਰਾਜ, ਇਸਦੇ ਤਾਬਿਆਦਾਰ ਬੁੱਧੀਜੀਵੀਆਂ ਤੇ ਪ੍ਰਚਾਰਕਾਂ ਵੱਲੋਂ ਰਤਨ ਟਾਟਾ ਵਰਗਿਆਂ ਦੇ ਪਰਉਪਕਾਰੀ, ਨਰਮ ਦਿਲ ਤੇ ਦਾਨੀ ਹੋਣ ਦੀਆਂ ਮਿੱਥਾਂ ਨੂੰ ਉਭਾਰਿਆ ਪ੍ਰਚਾਰਿਆ ਜਾਣਾ ਕੋਈ ਨਵੀਂ ਗੱਲ ਨਹੀਂ ਹੈ, ਉਂਝ ਤਾਂ ਇਹ ਰਾਜਿਆਂ ਵੇਲੇ ਤੋਂ ਹੁੰਦਾ ਆਇਆ ਹੈ। ਹੁਣ ਵੀ ਉਹੀ ਹੋ ਰਿਹਾ ਹੈ। ਬਿਲ ਗੇਟਸ ਵਰਗੇ ਦੁਨੀਆਂ ਦੇ ਸਭ ਤੋਂ ਵੱਡੇ ਲੁਟੇਰੇ ਵੀ ਸਭ ਤੋਂ ਵੱਡੇ 'ਦਾਨੀਆਂ' 'ਚ ਸ਼ੁਮਾਰ ਹਨ। ਦੁਨੀਆਂ ਭਰ ਦੇ ਅਮੀਰਾਂ ਵੱਲੋਂ ਇਹ ਦੰਭ ਆਮ ਕਰਕੇ ਕੀਤਾ ਜਾਂਦਾ ਹੈ। ਉਂਝ ਦੁਨੀਆ ਜਾਣਦੀ ਹੈ ਕਿ ਬਿਲ ਗੇਟਸ ਹੋਰਾਂ ਦੇ ਦਾਨੀ ਪ੍ਰੋਜੈਕਟਾਂ ਪਿਛਲੇ ਵਪਾਰਕ ਮੰਤਵਾਂ ਦੀ ਲਾਲਸਾ ਕਿੰਨੀ ਡੂੰਘੀ ਹੈ। ਇਹ ਕਿਰਤੀਆਂ ਦੀ ਕਿਰਤ ਲੁੱਟ ਕੇ ਤੇ ਹੱਕਾਂ ਤੋਂ ਮਹਿਰੂਮ ਰੱਖਕੇ ਆਪਣੇ ਦਾਨ ਦੇ ਰਹਿਮੋ ਕਰਮ ਤੱਕ ਮਹਿਦੂਦ ਕਰ ਦੇਣ ਦੀ ਸੋਚਣੀ ਵੀ ਹੈ।

ਰਤਨ ਟਾਟਾ ਉਹਨਾਂ 'ਚ ਸ਼ੁਮਾਰ ਸੀ ਜਿਨ੍ਹਾਂ ਦੇ ਸਿਆਸੀ ਨੁਮਾਇੰਦੇ ਨਹਿਰੂ ਤੋਂ ਲੈ ਕੇ ਮੋਦੀ ਤੱਕ ਸਭ ਹਨ। ਦੇਸ਼ ਦੀਆਂ ਹਕੂਮਤਾਂ ਜਿਨ੍ਹਾਂ ਦੇ ਹੱਥ ਹਨ ਜਾਂ ਜਿਹੜੇ ਆਪਣੀ ਸੇਵਾ ਲਈ ਹਕੂਮਤਾਂ ਬਣਾਉਂਦੇ ਤੇ ਬਦਲਦੇ ਹਨ। ਇਹ ਸਾਰਾ ਰਾਜ ਤੰਤਰ ਹੈ ਹੀ ਰਤਨ ਟਾਟੇ ਵਰਗਿਆਂ ਦਾ। ਉਹਨਾਂ ਵੱਲੋਂ ਆਪਣੇ ਵਪਾਰਾਂ ਕਾਰੋਬਾਰਾਂ ਦੀਆਂ ਲੋੜਾਂ ਲਈ ਉਸਾਰਿਆ ਹੋਇਆ। ਦੇਸ਼ ਦੀਆਂ ਕੁੱਲ ਨਿਆਮਤਾਂ ਲੁੱਟਣ ਲਈ ਉਸਾਰਿਆ ਹੋਇਆ ਤੇ ਕਿਰਤੀਆਂ ਦੀ ਕਿਰਤ ਲੁੱਟਣ ਲਈ ਉਸਾਰਿਆ ਹੋਇਆ। ਸਰਕਾਰਾਂ ਇਹਨਾਂ ਦੇ ਹਿਸਾਬ ਬਣਦੀਆਂ, ਕੈਬਨਟਾਂ ਨੂੰ ਇਹ ਤੈਅ ਕਰਦੇ, ਮੰਤਰਾਲਿਆ ਨੂੰ ਬਦਲਵਾਉਂਦੇ, ਕਾਨੂੰਨ ਬਣਵਾਉਂਦੇ ਤੇ ਢਾਹੁੰਦੇ, ਪਬਲਿਕ ਸੈਕਟਰ ਨੂੰ ਨਿਚੋੜ ਦੇ ਤੇ ਕੌਡੀਆਂ ਦੇ ਭਾਅ ਖਰੀਦ ਲੈਂਦੇ। ਭਾਰਤੀ 'ਲੋਕਤੰਤਰ' ਇਹਨਾਂ ਦੀ ਜੇਬ 'ਚ ਹੈ। ਇਹਨਾਂ ਮੂਹਰੇ ਸਦਾ ਵਿਚਾਰਾ ਹੈ।

ਦੇਸ਼ ਨੂੰ ਰਤਨ ਟਾਟਾ ਵਰਗੇ ਦਲਾਲ ਸਰਮਾਏਦਾਰਾਂ ਦੀ ਜਮਾਤ ਨੇ ਹੁਣ ਤੱਕ ਰੱਜ ਕੇ ਲੁੱਟਿਆ ਹੈ, ਜਿਨ੍ਹਾਂ ਦਾ ਦੇਸ਼ ਦੇ ਖਜ਼ਾਨਿਆਂ ਤੋਂ ਲੈ ਕੇ ਹਰ ਸ਼ੈਅ 'ਤੇ ਕਬਜ਼ਾ ਹੈ, ਜਿਨ੍ਹਾਂ ਨੇ ਸਾਰੇ ਮੁਲਕ ਦੀ ਕਿਰਤ ਸ਼ਕਤੀ ਦੀ ਅਥਾਹ ਲੁੱਟ ਕੀਤੀ ਹੈ। ਜੇ ਅੱਜ ਭਾਰਤ ਪਛੜਿਆ ਹੋਇਆ ਦੇਸ਼ ਹੈ, ਕਰੋੜਾਂ ਕਰੋੜ ਗਰੀਬ ਲੋਕ ਜ਼ਿੰਦਗੀ ਤੇ ਕੁਦਰਤ ਦੀਆਂ ਅਥਾਹ ਨਿਆਮਤਾਂ ਤੋਂ ਵਾਂਝੇ ਹਨ ਤਾਂ ਇਹ ਰਤਨ ਟਾਟਾ ਵਰਗੇ ਦਲਾਲ ਸਰਮਾਏਦਾਰਾਂ ਦੀ ਬਦੌਲਤ ਹੈ। ਇਹ ਉਹ ਜਮਾਤ ਹੈ ਜਿਹੜੀ ਖੁਦ ਵੀ ਮੁਲਕ ਨੂੰ ਲੁੱਟਦੀ ਹੈ ਤੇ ਦੁਨੀਆਂ ਦੇ ਸਾਮਰਾਜੀਆਂ ਨੂੰ ਲੁਟਾਉਣ ਚ ਵੀ ਰੋਲ ਨਿਭਾਉਂਦੀ ਹੈ। ਭਾਰਤੀ ਰਾਜ, ਇਸਦੇ ਸਿਆਸਦਾਨਾਂ, ਮੀਡੀਆ ਤੇ ਵਿਕਾਊ ਬੁੱਧੀਜੀਵੀਆਂ ਵੱਲੋਂ ਰਤਨ ਟਾਟਾ ਵਰਗਿਆਂ ਨੂੰ ਤੇ ਉਹਨਾਂ ਦੇ ਅਗਲੇ ਵਾਰਸਾਂ ਅੰਬਾਨੀਆਂ ਅਡਾਨੀਆਂ ਨੂੰ ਦੇਸ਼ ਦੇ ਪਾਲਣਹਾਰਾਂ ਵਜੋਂ ਪੇਸ਼ ਕੀਤਾ ਜਾਂਦਾ ਹੈ ਜਦਕਿ ਕਰੋੜਾਂ ਕਰੋੜ ਕਿਰਤੀ ਲੋਕਾਂ ਦੀਆਂ ਦਿਨ ਰਾਤ ਕੀਤੀਆਂ ਜਾਂਦੀਆਂ ਕਿਰਤਾਂ ਨੂੰ ਹੜੱਪ ਕੇ ਇਹ ਲੋਕ ਪਲਦੇ ਆਏ ਹਨ। ਭਾਰਤੀ ਲੋਕਤੰਤਰ ਦੇ ਦਾਅਵੇ ਵਾਂਗ ਹੀ ਪਰੋਸਿਆ ਜਾਂਦਾ ਇਹ ਵੀ ਸਭ ਤੋਂ ਵੱਡਾ ਝੂਠ ਹੈ ਕਿ ਟਾਟੇ ਤੇ ਬਿਰਲੇ ਵਰਗੇ 'ਮਿਹਨਤੀ' ਤੇ 'ਦੂਰ-ਅੰਦੇਸ਼ੀ' ਸਨਅਤਕਾਰਾਂ ਨੇ ਦੇਸ਼ ਦੀ ਉਸਾਰੀ ਕੀਤੀ ਹੈ।

ਰਤਨ ਟਾਟਾ ਭਾਰਤ ਦੀ ਦਲਾਲ ਸਰਮਾਏਦਾਰ ਜਮਾਤ 'ਚੋਂ ਸੀ, ਅਜਿਹੀ ਜਮਾਤ ਜੀਹਦਾ ਮੁਲਕ ਅੰਦਰ ਰਾਜ ਹੈ। ਜਿਹੜੀ ਜਮਾਤ ਅੰਗਰੇਜ਼ ਸਾਮਰਾਜੀਆਂ ਦੇ ਰਾਜ ਦੌਰਾਨ ਅੰਗਰੇਜ਼ੀ ਮਾਲ ਦੇ ਵਪਾਰੀਆਂ ਤੋਂ ਅੱਗੇ ਸਨਅਤਕਾਰਾਂ ਤੇ ਕਾਰੋਬਾਰੀਆਂ 'ਚ ਤਬਦੀਲ ਹੋਈ ਅਤੇ ਅੰਗਰੇਜ਼ ਸਾਮਰਾਜੀਆਂ ਦੇ ਛੋਟੇ ਭਾਈਵਾਲਾਂ ਵਜੋਂ ਚੱਲੀ। ਇਹ ਸਾਮਰਾਜ 'ਤੇ ਨਿਰਭਰ ਜਮਾਤ ਹੈ ਅਤੇ ਭਾਰਤ ਦੇ ਆਜ਼ਾਦਾਨਾ ਸਵੈ-ਨਿਰਭਰ ਵਿਕਾਸ ਨੂੰ ਬੰਨ੍ਹ ਮਾਰ ਕੇ ਰੱਖਣ ਵਾਲੀ ਜਮਾਤ ਹੈ। ਕਦੇ ਵੀ ਸਵੈ ਨਿਰਭਰ ਭਾਰਤ ਨੂੰ ਵਿਕਸਿਤ ਕਰਨ ਦੇ ਰਾਹ ਨਹੀਂ ਤੁਰੀ ਤੇ ਨਾ ਤਰ ਸਕਦੀ ਸੀ। ਇਹ ਜਮਾਤ ਭਾਰਤ ਦੇ ਕਿਰਤੀ ਲੋਕਾਂ ਦੀ ਦੁਸ਼ਮਣ ਜਮਾਤ ਹੈ।

47 ਦੀ ਸੱਤਾ ਬਦਲੀ ਵੀ ਜਗੀਰਦਾਰਾਂ ਤੇ ਇਸੇ ਜਮਾਤ ਦੇ ਹੱਥ ਰਾਜ ਦਾ ਆਉਣਾ ਸੀ। ਭਾਰਤੀ ਰਾਜ ਅਸਲ ਟਾਟਿਆਂ ਬਿਰਲਿਆਂ ਤੇ ਅੰਬਾਨੀ ਅਡਾਨੀ ਵਰਗੇ ਚੰਦ ਕੁ ਘਰਾਣਿਆਂ ਦਾ ਰਾਜ ਹੈ ਜੀਹਦੇ 'ਚ ਸਥਾਨਕ ਜਗੀਰਦਾਰ ਵੀ ਹਿੱਸੇਦਾਰ ਹਨ। 47 ਦੀ ਆਜ਼ਾਦੀ ਅਸਲ 'ਚ ਇਹਨਾਂ ਲਈ ਆਜ਼ਾਦੀ ਸੀ ਇਸ ਆਜ਼ਾਦੀ ਦੇ ਜ਼ੋਰ ਇਹ ਅਰਬਾਂ ਖਰਬਾਂਪਤੀ ਹੋਏ ਅਤੇ ਅੰਬਾਨੀਆਂ-ਅਡਾਨੀਆਂ ਵਰਗਿਆਂ ਦੀ ਆਮਦ ਨਾਲ ਇਹਨਾਂ 'ਚ ਹੋਰ ਵਾਧਾ ਹੋਇਆ।

ਜਦੋਂ ਭਾਰਤੀ ਰਾਜ ਰਤਨ ਟਾਟੇ ਵਰਗਿਆਂ ਨੂੰ ਸ਼ਰਧਾਂਜਲੀ ਦਿੰਦਾ ਹੈ ਤਾਂ ਇਸ ਜਮਾਤ ਦੇ ਲੋਕਾਂ ਨਾਲ ਰਿਸ਼ਤੇ ਨੂੰ ਹਮੇਸ਼ਾ ਯਾਦ ਰੱਖਿਆ ਜਾਣਾ ਚਾਹੀਦਾ ਹੈ। ਟਾਟਿਆਂ-ਬਿਰਲਿਆਂ ਨਾਲ ਸਾਈਂ ਬਾਬੇ ਵਰਗਿਆਂ ਦਾ ਰਿਸ਼ਤਾ ਯਾਦ ਰਹਿਣਾ ਚਾਹੀਦਾ ਹੈ। ਇਹ ਰਿਸ਼ਤਾ ਦੁਸ਼ਮਣੀ ਦਾ ਰਿਸ਼ਤਾ ਹੈ, ਜਮਾਤੀ ਦੁਸ਼ਮਣੀ ਦਾ। ਉਹ ਜਮਾਤਾਂ ਇਹ ਰਿਸ਼ਤਾ ਨਿਭਾਉਂਦੀਆਂ ਹਨ ਪਰ ਉਪਰੋਂ ਇਸ 'ਤੇ ਮਿੱਟੀ ਪਾਉਂਦੀਆਂ ਹਨ। ਰਤਨ ਟਾਟਾ ਵਰਗਿਆਂ ਨੂੰ ਸਭਨਾਂ ਲੋਕਾਂ ਦੇ ਬਣਾ ਕੇ ਪੇਸ਼ ਕਰਦੀਆਂ ਹਨ ਤੇ ਸਾਈਂ ਬਾਬੇ ਵਰਗਿਆਂ ਨੂੰ ਦੇਸ਼ ਦੇ ਦੁਸ਼ਮਣ ਬਣਾ ਕੇ ਪੇਸ਼ ਕਰਦੀਆਂ ਹਨ। ਜਿਉਂਦੀ ਜਾਗਦੀ ਅੱਖ ਕਦੇ ਵੀ ਇਸ ਰਿਸ਼ਤੇ ਦੀ ਹਕੀਕਤ ਨੂੰ ਵਿਸਾਰ ਨਹੀਂ ਸਕਦੀ। ਇਹ ਹਕੀਕਤ ਪਰ-ਉਪਕਾਰਾਂ ਦੇ ਦੰਭ ਥੱਲੇ ਦੱਬੀ ਨਹੀਂ ਜਾ ਸਕਦੀ। ਦੇਸ਼ ਦੇ ਕਿਰਤੀ ਲੋਕਾਂ ਨੇ ਆਖਰ ਨੂੰ ਰਤਨ ਟਾਟੇ ਤੇ ਸਾਈਂ ਬਾਬੇ ਦੇ ਰਿਸ਼ਤੇ ਦਾ ਸੱਚ ਪਹਿਚਾਨਣਾ ਹੈ।

# ਪ੍ਰਾਈਵੇਟ ਬਿਲਿੰਗ ਵਾਲੇ ਹੈਲਥ ਕਲੀਨਿਕਾਂ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ ਦਾ ਸਮਰਥਨ

ਟੋਰਾਂਟੋ (ਡਾ: ਹਰਦੀਪ) : ਮਰੀਜ਼ਾਂ ਦੀ ਹੋ ਰਹੀ ਲੁੱਟ ਨੂੰ ਰੋਕਣ ਲਈ ਲਿਬਰਲ ਪਾਰਟੀ ਦੇ ਹੈਲਥ ਕ੍ਰਿਟਿਕ ਡਾ. ਆਦਿਲ ਸ਼ਾਮਜੀ ਦੁਆਰਾ ਵਿਧਾਨ ਸਭਾ ਵਿੱਚ ਬਹਿਸ ਲਈ ਇੱਕ ਨਵੇਂ ਪ੍ਰਾਈਵੇਟ ਮੈਂਬਰ ਬਿੱਲ ਨੂੰ ਪੇਸ਼ ਕੀਤਾ ਹੈ। ਯਾਦ ਰਹੇ ਸਿਹਤ ਪ੍ਰਬੰਧਾਂ ਪ੍ਰਤੀ, ਸਰਕਾਰ ਦੀਆਂ ਨੀਤੀਆਂ ਕਾਰਣ, ਓਂਟਾਰੀਓ ਵਿੱਚ ਪ੍ਰਾਈਵੇਟ ਕਲੀਨਿਕਾਂ ਨੂੰ ਮਰੀਜ਼ਾਂ ਤੋਂ ਉਪਭੋਗਤਾ ਫੀਸਾਂ ਅਤੇ ਭਾਰੀ ਬਿਲਿੰਗ ਵਸੂਲਣ ਦੀ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ, ਜਿਸ ਤੋਂ ਲੋਕਾਂ ਨੂੰ ਭਾਰੀ ਪਰੇਸ਼ਾਨੀ ਹੋ ਰਹੀ ਹੈ। ਇਥੋਂ ਤੱਕ, ਪ੍ਰਾਇਮਰੀ ਕੇਅਰ ਲੈਣ ਲਈ ਵੀ ਮਰੀਜ਼ਾਂ ਤੋਂ ਸੈਂਕੜੇ ਡਾਲਰ ਫੀਸਾਂ ਲਈਆਂ ਜਾ ਰਹੀਆਂ ਹਨ। ਲੋੜੀਂਦੀਆਂ ਸਰਜਰੀਆਂ ਅਤੇ ਡਾਇਗਨੌਸਟਿਕ ਟੈਸਟਾਂ ਲਈ ਵੀ ਕਾਰਡ, ਸਿਰਫ਼ ਆਪਣੇ OHIP ਕਾਰਡ ਦੀ ਵਰਤੋਂ ਨਹੀਂ ਕਰਨੀ ਪਵੇਗੀ" ਪਰ ਇਸ ਦੇ ਉਲਟ ਪ੍ਰਾਈਵੇਟ ਕਲੀਨਿਕਾਂ ਨੂੰ ਮਰੀਜ਼ਾਂ ਤੋਂ ਉਪਭੋਗਤਾ ਫੀਸਾਂ ਅਤੇ ਵਾਧੂ ਬਿਲਿੰਗ ਦੀ ਵੱਧ ਰਹੀ ਲੜੀ ਵਸੂਲਣ ਦੀ ਇਜਾਜ਼ਤ ਦਿੱਤੀ ਜਾ ਰਹੀ ਹੈ।

ਓਂਟਾਰੀਓ ਹੈਲਥ ਕੋਲੀਸ਼ਨ ਦੀ ਕਾਰਜਕਾਰੀ ਨਿਰਦੇਸ਼ਕ ਨੈਟਲੀ ਮਹਿਰਾ ਨੇ ਕਿਹਾ "ਅਸੀਂ ਹਮੇਸ਼ਾ ਨਰਸ ਪ੍ਰੈਕਟੀਸ਼ਨਰਾਂ ਨੂੰ ਹੈਲਥ ਕੇਅਰ ਟੀਮ ਦੇ ਇੱਕ ਅਹਿਮ ਹਿੱਸੇ ਵਜੋਂ ਅਤੇ ਪ੍ਰਮੁੱਖ ਨਰਸ ਪ੍ਰੈਕਟੀਸ਼ਨਰ ਪ੍ਰਾਇਮਰੀ ਕੇਅਰ ਕਲੀਨਿਕਾਂ ਵਿੱਚ ਪੂਰੇ ਦਿਲ ਨਾਲ ਸਮਰਥਨ ਦਿੱਤਾ ਹੈ। ਹਾਲਾਂਕਿ, ਸਾਡੀ ਸਹਾਇਤਾ ਦੀ ਹੱਦ ਉਦੋਂ ਖਤਮ ਹੁੰਦੀ ਹੈ ਜਦੋਂ ਉਹ ਸਿਹਤ ਦੇਖ-ਰੇਖ ਸੇਵਾਵਾਂ ਲਈ




ਮਰੀਜ਼ਾਂ ਤੋਂ ਹਜ਼ਾਰਾਂ ਡਾਲਰ ਵਸੂਲੇ ਜਾ ਰਹੇ ਹਨ। ਬੀਤੇ ਵਿੱਚ, ਅਜਿਹੇ ਖਰਚਿਆਂ ਨੂੰ ਕੰਟਰੋਲ ਕਰਣ ਲਈ ਸਾਡੇ ਪਬਲਿਕ ਮੈਡੀਕੇਅਰ ਕਾਨੂੰਨ ਬਣਾਏ ਗਏ ਸਨ।

ਡਾ. ਆਦਿਲ ਸ਼ਾਮਜੀ ਵੱਲੋਂ ਪੇਸ਼ ਕੀਤਾ ਗਿਆ ਬਿੱਲ 203, "ਕੀਪਿੰਗ ਪ੍ਰਾਇਮਰੀ ਕੇਅਰ ਫੇਅਰ ਐਕਟ (ਨਰਸ ਪ੍ਰੈਕਟੀਸ਼ਨਰ ਸੇਵਾਵਾਂ ਲਈ ਨਿਜੀ ਭੁਗਤਾਨਾਂ 'ਤੇ ਪਾਬੰਦੀ), 2024", ਸਰਕਾਰ ਨੂੰ ਪ੍ਰਾਇਮਰੀ ਹੈਲਥ ਕੇਅਰ ਵਿੱਚ ਸਰਕਾਰੀ ਹਸਪਤਾਲਾਂ ਵਿੱਚ ਨਰਸ ਪ੍ਰੈਕਟੀਸ਼ਨਰਾਂ ਤੱਕ ਜਨਤਕ ਤੌਰ 'ਤੇ ਫੰਡ ਦੀ ਉਪਲਬਧੀ ਵਧਾਉਣ ਦੀ ਮੰਗ ਕਰਦਾ ਹੈ। ਇਸ ਵਿੱਚ ਪਰਿਵਾਰਕ ਸਿਹਤ ਟੀਮਾਂ, ਕਮਿਊਨਿਟੀ ਹੈਲਥ ਸੈਂਟਰਾਂ, ਹੋਰ ਪ੍ਰਾਇਮਰੀ ਕੇਅਰ ਮਾਡਲਾਂ ਦੀਆਂ ਸੇਵਾਵਾਂ ਲਈ ਮੰਗ ਵੀ ਸ਼ਾਮਲ ਹਨ। ਇਸ ਦੇ ਨਾਲ ਹੀ, ਇਹ ਸਰਕਾਰ ਨੂੰ ਪਬਲਿਕ ਮੈਡੀਕੇਅਰ ਕਾਨੂੰਨ ਨੂੰ ਬਰਕਰਾਰ ਰੱਖਣ ਅਤੇ ਮਰੀਜ਼ਾਂ ਲਈ ਉਪਭੋਗਤਾ ਫੀਸਾਂ ਨੂੰ ਰੋਕਣ ਲਈ ਨਿਰਣਾਇਕ ਕਾਰਵਾਈ ਕਰਨ ਦੀ ਲੋੜ ਹੈ। ਇਹ ਗੈਰ-ਕਾਨੂੰਨੀ ਉਪਭੋਗਤਾ ਫੀਸਾਂ ਵਸੂਲਣ ਵਾਲੇ ਸਾਰੇ ਪ੍ਰਾਈਵੇਟ ਕਲੀਨਿਕਾਂ ਅਤੇ ਵਿਅਕਤੀਆਂ ਨੂੰ ਨੱਥ ਪਾਉਣ ਲਈ ਜੁਰਮਾਨੇ ਨੂੰ ਦੁੱਗਣਾ ਕਰਣ ਸੰਦੇਸ਼ ਭੇਜਦਾ ਹੈ।

ਇਹ ਬਿੱਲ ਮੈਡੀਕੇਅਰ ਐਕਟ, 2004 ਨੂੰ ਸੋਧਦਾ ਹੈ ਸੋਧਾਂ ਨਰਸ ਪ੍ਰੈਕਟੀਸ਼ਨਰਾਂ ਨੂੰ ਕਿਸੇ ਬੀਮਾਯੁਕਤ ਵਿਅਕਤੀ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਕੁਝ ਭੁਗਤਾਨ ਜਾਂ ਲਾਭ ਸਵੀਕਾਰ ਕਰਨ ਤੋਂ ਮਨ੍ਹਾ ਕਰਦੀਆਂ ਹਨ ਜੋ ਆਮ ਤੌਰ 'ਤੇ ਖਾਸ ਸੈਟਿੰਗਾਂ ਵਿੱਚ ਬੀਮਾਯੁਕਤ ਸੇਵਾਵਾਂ ਵਜੋਂ ਪ੍ਰਦਾਨ ਕੀਤੀਆਂ ਜਾਣਗੀਆਂ। ਇਹਨਾਂ ਸੇਵਾਵਾਂ ਲਈ ਭੁਗਤਾਨ ਜਾਂ ਲਾਭ ਅਜੇ ਵੀ ਨਿਸ਼ਚਿਤ ਜਨਤਕ ਸਰੋਤਾਂ ਤੋਂ ਜਾਂ ਨਿਯਮਾਂ ਦੇ ਅਨੁਸਾਰ ਸਵੀਕਾਰ ਕੀਤੇ ਜਾ ਸਕਦੇ ਹਨ ਐਕਟ ਦੀ ਉਲੰਘਣਾ ਕਰਨ ਵਾਲਿਆਂ ਲਈ ਜੁਰਮਾਨੇ ਵਧਾ ਦਿੱਤੇ ਗਏ ਹਨ।

ਇਸ ਸਬੰਧੀ ਸਮਾਜ ਸੇਵੀ ਜੱਥੇਬੰਦੀ "ਓਂਟਾਰੀਓ ਹੈਲਥ ਕੋਲੀਸ਼ਨ" ਨੇ ਡਾ. ਆਦਿਲ ਸ਼ਾਮਜੀ ਦੁਆਰਾ ਪੇਸ਼ ਕੀਤੇ ਗਏ, ਨਵੇਂ ਪ੍ਰਾਈਵੇਟ ਮੈਂਬਰ ਬਿੱਲ ਦਾ ਪੂਰਾ ਸਮਰਥਨ ਕੀਤਾ ਹੈ। ਹੈਲਥ ਕੋਲੀਸ਼ਨ ਮੁਤਾਬਿਕ ਲਗਭਗ ਪੂਰਾ ਸਾਲ ਪਹਿਲਾਂ, ਮੌਜੂਦਾ ਸਿਹਤ ਮੰਤਰੀ ਸਿਲਵੀਆ ਜੋਨਸ ਨੇ ਪ੍ਰਾਈਵੇਟ ਕਲੀਨਿਕਾਂ ਨੂੰ ਰੋਕਣ ਲਈ ਕਾਰਵਾਈ ਕਰਨ ਦਾ ਵਾਅਦਾ ਕੀਤਾ ਸੀ, ਜਿੱਥੇ ਨਰਸ ਪ੍ਰੈਕਟੀਸ਼ਨਰਾਂ ਨੇ ਸਿਹਤ ਦੇਖਭਾਲ ਤੱਕ ਪਹੁੰਚ ਲਈ ਮਰੀਜ਼ਾਂ ਤੋਂ ਫੀਸਾਂ ਵਸੂਲਣੀਆਂ ਸ਼ੁਰੂ ਕਰ ਦਿੱਤੀਆਂ ਸਨ। ਸਾਲਾਂ ਤੋਂ, ਪ੍ਰੀਮੀਅਰ ਡੱਗ ਫੋਰਡ ਸਮੇਤ ਉਸਦੇ ਸਿਹਤ ਮੰਤਰੀਆਂ ਨੇ ਸਹੁੰ ਖਾਧੀ ਹੈ ਕਿ ਕਿਸੇ ਵੀ ਮਰੀਜ਼ ਨੂੰ "ਉਨ੍ਹਾਂ ਦੇ ਕ੍ਰੈਡਿਟ ਮਰੀਜ਼ਾਂ ਤੋਂ ਸਿੱਧਾ ਖਰਚਾ ਲੈਂਦੇ ਹਨ"। ਓਂਟਾਰੀਓ ਦੀਆਂ ਨਰਸਾਂ ਆਪਣੇ ਮਰੀਜ਼ਾਂ ਲਈ ਵਕੀਲ ਹਨ। ਓਂਟਾਰੀਓ ਅਤੇ ਪੂਰੇ ਕੈਨੇਡਾ ਵਿੱਚ ਨਰਸ ਨੇਤਾਵਾਂ ਨੇ, ਪਬਲਿਕ ਮੈਡੀਕੇਅਰ ਦੀ ਸ਼ੁਰੂਆਤ ਤੋਂ ਲੈ ਕੇ, ਜਨਤਕ ਸਿਹਤ ਦੇਖਭਾਲ ਦਾ ਵਿਸਤਾਰ ਕਰਨ ਅਤੇ ਕਟੌਤੀਆਂ, ਨਿੱਜੀਕਰਨ ਅਤੇ ਦੋ-ਪੱਧਰੀ ਮੈਡੀਕੇਅਰ ਨੂੰ ਰੋਕਣ ਲਈ ਲੜਾਈ ਦੀ ਅਗਵਾਈ ਕੀਤੀ ਅਤੇ ਅਗਵਾਈ ਕੀਤੀ ਹੈ। ਸ਼੍ਰੀਮਤੀ ਮਹਿਰਾ ਨੇ ਕਿਹਾ, "ਜਿਵੇਂ ਕਿ ਇਹ ਕਹਿਣਾ ਕਦੇ ਵੀ ਸਵੀਕਾਰ ਨਹੀਂ ਹੋਵੇਗਾ ਕਿ ਜੋ ਡਾਕਟਰ ਜ਼ਿਆਦਾ ਪੈਸੇ ਚਾਹੁੰਦੇ ਹਨ ਉਹ ਆਪਣੇ ਮਰੀਜ਼ਾਂ ਤੋਂ ਲੋੜੀਂਦੀਆਂ ਸਿਹਤ ਦੇਖਭਾਲ ਸੇਵਾਵਾਂ ਤੱਕ ਪਹੁੰਚ ਲਈ ਵਾਧੂ ਬਿੱਲ ਜਾਂ ਉਪਭੋਗਤਾ ਫੀਸ ਲੈ ਸਕਦੇ ਹਨ, ਇਹੀ ਸਿਧਾਂਤ ਨਰਸਾਂ 'ਤੇ ਲਾਗੂ ਹੁੰਦਾ ਹੈ।

ਹੁਣ ਤੱਕ, ਓਂਟਾਰੀਓ ਹੈਲਥ ਕੋਲੀਸ਼ਨ ਮੁਤਾਬਿਕ, ਨਰਸ ਪ੍ਰੈਕਟੀਸ਼ਨਰਾਂ ਦੀ ਵਰਤੋਂ ਹਸਪਤਾਲਾਂ, ਟੀਮਾਂ ਅਤੇ ਸਟੈਂਡਅਲੋਨ ਨਰਸ-ਅਗਵਾਈ ਵਾਲੇ ਕਲੀਨਿਕਾਂ ਵਿੱਚ ਜਨਤਕ ਫੰਡਿੰਗ ਦੇ ਤਹਿਤ ਫੈਲੀ ਹੈ। ਓਂਟਾਰੀਓ ਦੀ ਪੁਰਾਣੀ ਲਿਬਰਲ ਸਰਕਾਰ ਨੇ ਨਰਸ ਪ੍ਰੈਕਟੀਸ਼ਨਰ ਦੀ ਅਗਵਾਈ ਵਾਲੇ ਕਲੀਨਿਕਾਂ ਨੂੰ ਲਿਆਂਦਾ ਸੀ ਅਤੇ ਉਹਨਾਂ ਨੂੰ ਜਨਤਕ ਤੌਰ 'ਤੇ ਫੰਡ ਦਿੱਤੇ ਗਏ ਸਨ। ਉਨ੍ਹਾਂ ਨੂੰ ਸਿਹਤ ਦੇਖਭਾਲ ਸੇਵਾਵਾਂ ਲਈ ਮਰੀਜ਼ਾਂ ਤੋਂ ਪੈਸੇ ਲੈਣ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਫੋਰਡ ਸਰਕਾਰ ਦੇ ਅਧੀਨ ਪਬਲਿਕ ਮੈਡੀਕੇਅਰ ਦੇ ਬੁਨੀਆਦੀ ਸਿਧਾਂਤਾਂ ਨਾਲ ਤੋੜ-ਮਰੋੜ ਕਰਨਾ, ਬੇਲੋੜਾ ਅਤੇ ਮਨਜ਼ੂਰ ਕਰਣਯੋਗ ਨਹੀਂ ਹੈ। ਹੈਲਥ ਕੋਲੀਸ਼ਨ ਡਾ. ਸ਼ਾਮਜੀ ਦੇ ਪ੍ਰਾਈਵੇਟ ਮੈਂਬਰ ਬਿੱਲ ਦੀ ਸ਼ਲਾਘਾ ਕਰਦਾ ਹੈ ਅਤੇ ਪੂਰੀ ਤਰ੍ਹਾਂ ਸਮਰਥਨ ਕਰਦਾ ਹੈ, ਅਤੇ ਵਰਚੁਅਲ ਕੇਅਰ ਸਮੇਤ ਪ੍ਰਾਇਮਰੀ ਕੇਅਰ ਦੀ ਮਲਕੀਅਤ ਅਤੇ ਕੰਟਰੋਲ ਦੇ ਕਾਰਪੋਰੇਟ ਨਿੱਜੀਕਰਨ ਨੂੰ ਖਤਮ ਕਰਨ ਦੀ ਮੰਗ ਕਰਦਾ ਹੈ। ਹੈਲਥ ਕੋਲੀਸ਼ਨ ਨਿਰਪੱਖ ਹੈ ਅਤੇ ਸਾਡੀ ਸਿਹਤ ਸੰਭਾਲ ਪ੍ਰਣਾਲੀ ਵਿੱਚ ਜਨਤਕ ਹਿੱਤਾਂ ਦੀ ਵਕਾਲਤ ਕਰਦਾ ਹੈ। ਯਾਦ ਰਹੇ, ਓਂਟਾਰੀਓ ਹੈਲਥ ਕੋਲੀਸ਼ਨ ਨੇ ਪਹਿਲਾਂ ਐਨ ਡੀ ਪੀ ਹੈਲਥ ਕ੍ਰਿਟਿਕ ਫਰਾਂਸ ਗੇਲਿਨਸ ਦੇ ਪ੍ਰਾਈਵੇਟ ਮੈਂਬਰ ਬਿੱਲ, ਬਿੱਲ 24, ਹੈਲਥ ਕੇਅਰ ਇਜ਼ ਨਾਟ ਫਾਰ ਸੇਲ ਐਕਟ (ਐਡਰੈਸਿੰਗ ਅਨਫੈਅਰ ਫੀਸਜ਼ ਟੂ ਪੇਸ਼ੈਂਟਸ), 2022 ਦਾ ਸਮਰਥਨ ਕੀਤਾ ਸੀ, ਜਿਸ ਵਿੱਚ ਮਰੀਜ਼ਾਂ ਤੋਂ ਗਲਤ ਉਪਭੋਗਤਾ ਫੀਸਾਂ, ਅਤੇ ਵਾਧੂ ਬਿਲਿੰਗ ਚਾਰਜ ਕਰਨ ਵਾਲੇ ਸਿਹਤ ਪੇਸ਼ੇਵਰਾਂ ਅਤੇ ਪ੍ਰਾਈਵੇਟ ਕਲੀਨਿਕਾਂ ਲਈ ਲਾਇਸੈਂਸ ਮੁਅੱਤਲ ਜਾਂ ਰੱਦ ਕਰਨ ਦੀ ਮੰਗ ਕੀਤੀ ਗਈ ਸੀ।

# ਨਕਸਲਬਾੜੀ ਲਹਿਰ ਦੇ ਮੋਢੀ ਆਗੂ ਕਾਮਰੇਡ ਤਾਰਾ ਸਿੰਘ ਚਲਾਕੀ-ਅਮਰ ਰਹੇ !!

**ਅਵਤਾਰ ਸਿੰਘ**

ਸੰਨ 1967 'ਚ ਪੱਛਮੀ ਬੰਗਾਲ ਦੇ ਇੱਕ ਪਿੰਡ ਨਕਸਲਬਾੜੀ ਤੋਂ ਸ਼ੁਰੂ ਹੋਏ ਹਥਿਆਰਬੰਦ ਕਿਸਾਨ ਅੰਦੋਲਨ ਦੀਆਂ ਚਿਣਗਾਂ ਸਮੁੱਚੇ ਦੇਸ਼ ਵਿੱਚ ਫੈਲ ਗਈਆ, ਜਿਸ ਦਾ ਗਹਿਰਾ ਅਸਰ ਪੰਜਾਬ ਤੇ ਵੀ ਪਿਆ। ਪੰਜਾਬ ਵਿੱਚ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਕਾਮਰੇਡ ਤਾਰਾ ਸਿੰਘ ਚਲਾਕੀ ਤੇ ਹੋਰ ਕਮਿਊਨਿਸਟ ਇਨਕਲਾਬੀਆਂ ਨਾਲ ਮਿਲਕੇ ਇਨਕਲਾਬੀ ਸਰਗਰਮੀਆਂ ਦੀ ਸ਼ੁਰੂਆਤ ਕੀਤੀ।



ਸਾਥੀ ਤਾਰਾ ਸਿੰਘ ਚਲਾਕੀ ਇੱਕ ਸਿਰੜੀ ਅਤੇ ਦਲੇਰ ਕਮਿਊਨਿਸਟ ਇਨਕਲਾਬੀ ਸਨ। ਉਨ੍ਹਾਂ ਦਾ ਜਨਮ 1946 ਨੂੰ ਰੋਪੜ ਜਿਲ੍ਹੇ ਦੇ ਪਿੰਡ ਚਲਾਕੀ ਵਿਖੇ ਮਜਦੂਰ ਪਰਿਵਾਰ ਵਿੱਚ ਹੋਇਆ ਸੀ। ਮੁੱਢਲੀ ਸਿੱਖਿਆ ਤੋਂ ਬਾਅਦ ਉੱਚ-ਸਿਖਿਆ ਪ੍ਰਾਪਤ ਕਰਨ ਲਈ ਉਨ੍ਹਾਂ ਮਾਤਾ ਗੁਜਰੀ ਕਾਲਜ ਸਰਹੰਦ (ਫਤਿਹਗੜ੍ਹ) ਵਿਖੇ 1965 ਵਿੱਚ ਪੜ੍ਹਾਈ ਕੀਤੀ। ਪੰਜਾਬ ਵਿੱਚ ਨਕਸਲਬਾੜੀ ਲਹਿਰ ਤੋਂ ਪ੍ਰਭਾਵਿਤ ਹੋ ਕੇ ਕਾਮਰੇਡ ਤਾਰਾ ਸਿੰਘ ਚਲਾਕੀ ਨੇ ਇਨਕਲਾਬੀ ਸਰਗਰਮੀਆਂ ਦੀ ਸ਼ੁਰੂਆਤ ਕੀਤੀ, ਜਿੱਥੇ ਉਹ ਪੀਐਸਯੂ ਵਿੱਚ ਸਰਗਰਮ ਰਹੇ ਉੱਥੇ ਉਨ੍ਹਾਂ ਬਿਰਲਾ ਫਾਰਮ ਰੋਪੜ ਦੇ ਘੋਲ ਵਿੱਚ ਵੀ ਅਹਿਮ ਯੋਗਦਾਨ ਪਾਇਆ। ਇਸੇ ਦੌਰਾਨ ਥਾਣਾ ਚਮਕੌਰ ਸਾਹਿਬ ਤੇ ਹੋਏ ਐਕਸ਼ਨ ਸਮੇਂ ਵੀ ਉਨ੍ਹਾਂ ਦੀ ਅਹਿਮ ਭੂਮਿਕਾ ਸੀ

ਥਾਣਾ ਚਮਕੌਰ ਸਾਹਿਬ ਵਾਲੇ ਐਕਸ਼ਨ ਤੋਂ ਬਾਅਦ ਉਹ ਗੜ੍ਹਸ਼ੰਕਰ - ਜੇਜੋਂ -ਮਾਹਿਲਪੁਰ-ਹਿਮਾਚਲ ਇਲਾਕੇ ਵਿੱਚ ਸਰਗਰਮ ਰਹੇ ਹਨ। ਨਕਸਲਬਾੜੀ ਪਾਰਟੀ ਵਿੱਚ ਸ਼ਾਮਿਲ ਹੋਣ ਕਾਰਨ ਕਾਮਰੇਡ ਤਾਰਾ ਸਿੰਘ ਦੇ ਪਿਤਾ, ਪਰਿਵਾਰਕ ਮੈਂਬਰਾਂ ਅਤੇ ਰਿਸ਼ਤੇਦਾਰਾਂ ਨੂੰ ਸਰਕਾਰਾਂ ਤੇ ਪੁਲਿਸ ਤਸ਼ੱਦਦ ਦੇ ਅਕਿਹ ਤੇ ਅਸਹਿ ਤਸੀਹੇ ਝੱਲਣੇ ਪਏ, ਪੰਜਾਬ ਪੁਲਿਸ ਨੇ ਉਸ ਸਮੇਂ ਕਾਮਰੇਡ ਦੇ ਵੱਡੇ ਭਰਾ ਗੁਰਦਿਆਲ ਸਿੰਘ ਨੂੰ ਗ੍ਰਿਫਤਾਰ ਕਰਕੇ ਤੱਸਦਦ ਕਰਨ ਤੋਂ ਬਾਅਦ ਸ਼ਹੀਦ ਕਰ ਦਿੱਤਾ ਸੀ।

ਕਾਮਰੇਡ ਤਾਰਾ ਸਿੰਘ ਚਲਾਕੀ 1969 ਨੂੰ ਸੀ ਪੀ ਆਈ (ਮ.ਲ) ਵਿੱਚ ਸ਼ਾਮਿਲ ਹੋਏ। ਉਹ ਕਾਮਰੇਡ ਹਾਕਮ ਸਿੰਘ ਸਮਾਓ ਦੀ ਅਗਵਾਈ ਵਾਲੀ ਪੰਜਾਬ ਹਿਮਾਚਲ ਕਮੇਟੀ ਦੇ ਸੂਬਾ ਕਮੇਟੀ ਮੈਂਬਰ ਰਹੇ ਅਤੇ ਉਨ੍ਹਾਂ ਸੂਬਾ ਅਤੇ ਕੇਂਦਰੀ ਕਮੇਟੀ ਦੇ ਮੈਂਬਰ ਦੇ ਤੌਰ ਤੇ ਜੁੰਮੇਵਾਰੀ ਨਿਭਾਉਂਦੇ ਹੋਏ। ਲਗਾਤਾਰ ਗੁਪਤਵਾਸ ਇਨਕਲਾਬੀ ਲਹਿਰ ਦੀ ਉਸਾਰੀ ਕਰਦੇ ਰਹੇ।

ਕਾਮਰੇਡ ਤਾਰਾ ਸਿੰਘ ਚਲਾਕੀ ਐਮਰਜੈਂਸੀ ਦੇ ਦੌਰਾਨ ਠੋਸੀਆਂ ਪਾਬੰਦੀਆਂ ਦੇ ਬਾਵਜੂਦ ਵੀ ਉਨ੍ਹਾਂ ਦਸੂਹਾ ਇਲਾਕੇ ਵਿੱਚ ਬਿਆਸ ਦਰਿਆ ਦੇ ਖੇਤਰ ਵਿੱਚ ਮੰਡਪੁੱਟ ਯੂਨੀਅਨ ਜੱਥੇਬੰਦ ਕੀਤੀ ਅਤੇ ਅਬਾਦਕਾਰਾਂ ਨੂੰ ਜਿੱਤਾਂ ਪ੍ਰਾਪਤ ਕਰਨ ਵਿੱਚ ਮੱਦਦ ਕੀਤੀ।

ਕਾਮਰੇਡ ਤਾਰਾ ਸਿੰਘ ਚਲਾਕੀ ਸਰਕਾਰੀ ਜਬਰ, ਗੁਪਤਵਾਸ ਅਤੇ ਹੋਰ ਮੁਸਕਿਲਾਂ ਦੇ ਬਾਵਜੂਦ ਵੀ ਇਨਕਲਾਬੀ ਰਾਹ ਉਪਰ ਅਡੋਲ ਤੇ ਸਰਗਰਮ ਰਹੇ। ਅੱਜ ਤੋਂ ਦੋ ਸਾਲ ਪਹਿਲਾਂ ਕਾਮਰੇਡ ਤਾਰਾ ਸਿੰਘ ਚਲਾਕੀ 12 ਅਕਤੂਬਰ 2022 ਨੂੰ ਸਦੀਵੀ ਅਲਵਿਦਾ ਆਖ ਗਏ ਸਨ। ਉਨ੍ਹਾਂ ਵੱਲੋਂ ਇਨਕਲਾਬ ਲਈ ਕੀਤੀ ਘਾਲਣਾ ਨੂੰ ਸਲਾਮ।

# ਮਾਲਵਿੰਦਰ ਮਾਲੀ ਰਿਹਾਅ

ਮਾਨਯੋਗ ਹਾਈ ਕੋਰਟ ਦੇ ਫੈਸਲੇ ਦੀ ਪਾਲਣਾ ਹਿਤ ਅੱਜ ਮੁਹਾਲੀ ਜਿਲ੍ਹਾ ਅਦਾਲਤ ਨੇ ਮਾਲਵਿੰਦਰ ਸਿੰਘ ਮਾਲੀ ਦੀ ਰਿਹਾਈ ਬਾਬਤ ਸੈਂਟਰਲ ਜੇਲ੍ਹ ਪਟਿਆਲਾ ਨੂੰ ਹੁਕਮ ਰਿਹਾਈ ਭੇਜ ਦਿੱਤੇ, ਜਿਲ੍ਹਾ ਅਦਾਲਤ ਵੱਲੋਂ ਜਾਰੀ ਨਿਆਇਕ ਹਿਰਾਸਤ ਦੇ hukm ਜਿਨ੍ਹਾਂ ਨੂੰ ਅਸੀਂ ਚੁਣੌਤੀ ਦਿੱਤੀ ਸੀ ਵੀ ਰੱਦ ਹੋ ਗਏ, ਸਾਡੇ ਵਕੀਲ sahib ਸਿਰੀ ਆਰ ਐਸ ਚੀਮਾ ਜੀ ਤੇ ਸਿਰੀ ਹਰੀਸ਼ ਜੀ ਵੱਲੋਂ ਉਠਾਏ ਸਾਰੇ ਨੁਕਤੇ hukm ਦਾ ਹਿੱਸਾ ਹਨ ਜਿਨ੍ਹਾਂ ਕਰਕੇ ਝੂਠੀ ਸ਼ਿਕਾਇਤ ਕਰਨ ਵਾਲੇ ਨੂੰ ਬਾਅਦ ਵਿੱਚ ਰਪਟ ਦਰਜ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ, ਹਾਈ ਕੋਰਟ ਤੇ ਸੁਪਰੀਮ ਕੋਰਟ ਦੇ ਹੁਕਮਾਂ ਦੀ ਉਲੰਘਣਾ ਕਰਕੇ ਨਜ਼ਾਇਜ ਗ੍ਰਿਫਤਾਰੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਨੂੰ ਵੀ ਕਟਹਿਰੇ ਵਿੱਚ ਖੜਾ ਹੋਣਾ ਪਵੇਗਾ, ਇਸ ਲਈ ਚਾਰ ਨਵੰਬਰ ਦੇ ਰੋਸ ਮੁਜ਼ਾਹਰੇ hall di ਘੜੀ ਮੁਲਤਵੀ ਕੀਤੇ ਗਏ ਹਨ



ਮਾਲੀ ਦੀ ਪਟਿਆਲਾ ਜੇਲ੍ਹ ਵਿੱਚੋਂ ਰਿਹਾਈ ਉਪਰੰਤ ਡਾਕਟਰ ਦਰਸ਼ਨ ਪਾਲ, ਦੀ ਅਗਵਾਈ ਵਿਚ ਕਿਸਾਨ ਯੂਨੀਅਨ ਦੇ ਕਾਰਕੁੰਨ ਅਤੇ ਪਟਿਆਲਾ ਤੇ ਚੰਡੀਗੜ੍ਹ ਦੇ ਹੋਰ karkun ਮਾਲੀ ਜੀ ਨੂੰ ਇਨਕਲਾਬੀ ਨਾਹਰਿਆਂ ਦੀ ਗੂੰਜ ਵਿੱਚ ਉਨ੍ਹਾਂ ਦੇ ਘਰ ਜਿਥੋਂ ਉਨ੍ਹਾਂ ਨੂੰ ਨਜਾਇਜ਼ ਗ੍ਰਿਫਤਾਰ ਕੀਤਾ ਗਿਆ ਸੀ, ਉਥੇ ਮਾਨ ਇੱਜ਼ਤ ਨਾਲ ਛੱਡ ਕੇ ਆਉਣਗੇ! -ਪਿਆਰਾ ਲਾਲ ਗਰਗ

# ਭਾਰਤ-ਕੈਨੇਡਾ ਰਾਜਦੂਤਕ ਜੰਗ: ਕੱਚੇ ਪ੍ਰਵਾਸੀਆਂ ਦਾ ਘਾਣ

(ਸ.ਫਾ 5 ਦੀ ਬਾਕੀ)

ਧਰਨੇ ਅਤੇ ਪ੍ਰਦਰਸ਼ਨ ਕੀਤੇ ਜਾ ਰਹੇ ਹਨ।

ਭਾਰਤ ਅਤੇ ਕੈਨੇਡਾ ਦੇ ਵਿਗੜਦੇ ਸਬੰਧਾਂ ਦਾ ਸਭ ਤੋਂ ਬੁਰਾ ਪ੍ਰਭਾਵ ਆਰਜ਼ੀ ਰਿਹਾਇਸ਼ ਵਾਲੇ ਨੌਜਵਾਨ ਤੇ ਪੈਣ ਵਾਲਾ ਹੈ। ਕੈਨੇਡਾ ਸਰਕਾਰ ਇਨ੍ਹਾਂ ਵਿਚੋਂ ਬਹੁਤਿਆਂ ਨੂੰ ਭਾਰਤੀ ਨੌਜਵਾਨ ਹੋਣ ਕਰਕੇ ਵਾਪਸ ਭੇਜਣ ਨੂੰ ਤਿਆਰ ਬੈਠੀ ਹੈ। ਭਾਰਤ ਸਰਕਾਰ ਕਨੇਡਾ ਸਰਕਾਰ ਨਾਲ ਇਸ ਮੌਕੇ ਗੱਲਬਾਤ ਦਾ ਰਸਤਾ ਤਿਆਗ ਕੇ ਕਨੇਡਾ ਖਿਲਾਫ ਬਿਆਨਬਾਜ਼ੀ ਕਰ ਰਹੀ ਹੈ। ਇਸ ਕਾਰਨ ਇਨ੍ਹਾਂ ਲੱਖਾਂ ਭਾਰਤੀ ਨੌਜਵਾਨਾਂ ਦੀ ਬਾਂਹ ਫੜਨ ਦਾ ਕਾਰਜ ਭਾਰਤ ਦੇ ਏਜੰਡੇ ਤੋਂ ਖਿਸਕ ਗਿਆ ਹੈ। ਇਨ੍ਹਾਂ ਨੌਜਵਾਨਾਂ ਦਾ ਖਾਲਿਸਤਾਨ ਨਾਲ ਕੋਈ ਵਾਹ ਵਾਸਤਾ ਨਹੀਂ ਹੈ ਅਤੇ ਨਾਂ ਹੀ ਇਨ੍ਹਾਂ ਦਾ ਨਿੱਜਰ ਕਤਲ ਨਾਲ ਕੋਈ ਸਬੰਧ ਹੈ। ਇਹ ਸਰਕਾਰਾਂ ਦੀ ਖਹਿਬਾਜ਼ੀ ਦੇ ਸ਼ਿਕਾਰ ਬਣ ਰਹੇ ਹਨ।

ਇਸ ਤਰ੍ਹਾਂ ਲੱਗਦਾ ਹੈ ਕਿ ਕੈਨੇਡੀਅਨ ਸਰਕਾਰ ਅਤੇ ਭਾਰਤ ਸਰਕਾਰ ਆਪਣਾ ਝਗੜਾ ਗੱਲਬਾਤ ਨਾਲ ਹੱਲ ਕਰਨ ਦੀ ਬਜਾਏ ਇਸ ਨੂੰ ਵਧਾਉਣ ਵੱਲ ਤੁਰ ਰਹੀਆਂ ਹਨ ਅਤੇ ਝਗੜੇ ਨੂੰ ਅੰਦਰੂਨੀ ਸਿਆਸਤ ਨਾਲ ਜੋੜਨ ਦੀ ਪ੍ਰਵਿਰਤੀ ਭਾਰੂ ਹੋ ਰਹੀ ਹੈ। ਦੋਵਾਂ ਦੇਸ਼ਾਂ ਦੇ ਬਾਰਡਰ ਸਾਂਝੇ ਨਾ ਹੋਣ ਕਰਕੇ ਇਨ੍ਹਾਂ ਵਿੱਚ ਜ਼ਮੀਨ ਦੀ ਵੰਡ ਦਾ ਕੋਈ ਇਤਿਹਾਸ ਨਹੀਂ ਹੈ। ਦੋਵੇਂ ਦੇਸ਼ ਵਿਸ਼ਵ ਸੰਸਥਾਵਾਂ ਦੇ ਪ੍ਰਭਾਵਸ਼ਾਲੀ ਮੈਂਬਰ ਹਨ। ਯੂਐਨਓ, ਵਿਸ਼ਵ ਵਪਾਰ ਸੰਸਥਾ, ਵਿਸ਼ਵ ਬੈਂਕ, ਅੰਤਰਰਾਸ਼ਟਰੀ ਮੁਦਰਾ ਕੋਸ਼, ਜੀ-20 ਦੇਸ਼ਾਂ ਦੇ ਸੰਮੇਲਨ ਅਤੇ ਹੋਰ ਅਦਾਰਿਆਂ ਵਿੱਚ ਇਕੱਠੇ ਵਿਚਰਨ ਦਾ ਅਨੁਭਵ ਅਤੇ ਤਜਰਬਾ ਇਨ੍ਹਾਂ ਦੇਸ਼ਾਂ ਕੋਲ ਹੈ। ਦੋਵੇਂ ਦੇਸ਼ ਜਮਹੂਰੀਅਤ ਨੂੰ ਪ੍ਰਣਾਏ ਹੋਏ ਹਨ। ਦੋਵੇਂ ਦੇਸ਼ਾਂ ਵਿੱਚ ਬਹੁ-ਧਰਮਾਂ ਅਤੇ ਬਹੁ-ਸਭਿਆਚਾਰਾਂ ਦਾ ਮਿਸ਼ਰਣ ਹੈ। ਮੌਜੂਦਾ ਹਾਲਤ ਵਿੱਚ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਮਸਲੇ ਦੇ ਹੱਲ ਲਈ ਗੱਲਬਾਤ ਦਾ ਰਸਤਾ ਛੱਡ ਕੇ ਹਉਮੈ ਦੀ ਲੜਾਈ ਲੜ ਰਹੀਆਂ ਹਨ। ਇਹ ਰਸਤਾ ਬੇਲੋੜਾ ਵਿਰੋਧ ਪੈਦਾ ਕਰ ਰਿਹਾ ਹੈ। ਭਾਰਤੀ ਮੂਲ ਦੇ ਲਗਭਗ 21 ਲੱਖ ਕੈਨੇਡੀਅਨ ਨਾਗਰਿਕਾਂ ਅਤੇ ਕਨੇਡਾ ਵਿੱਚ ਰਹਿ ਰਹੇ ਕਈ ਲੱਖ ਕੱਚੇ ਰਹਾਇਸ਼ੀ ਭਾਰਤੀ ਨੌਜਵਾਨਾਂ ਦੇ ਭਵਿੱਖ ਨੂੰ ਦੋਵਾਂ ਦੇਸ਼ਾਂ ਵਲੋਂ ਤਿਲਾਂਜਲੀ ਦਿੱਤੀ ਜਾ ਰਹੀ ਹੈ। ਸਮੇਂ ਦੀ ਮੰਗ ਹੈ ਕਿ ਦੋਵੇਂ ਦੇਸ਼ ਗੱਲਬਾਤ ਰਾਹੀਂ ਆਪਸੀ ਮਤਭੇਦ ਹੱਲ ਕਰਨ ਅਤੇ ਆਰਥਿਕ ਅਤੇ ਸੱਭਿਆਚਾਰਕ ਸੰਭਾਵਨਾਵਾਂ ਦੇ ਵਿਕਾਸ ਵੱਲ ਆਪਣਾ ਧਿਆਨ ਕੇਂਦਰਿਤ ਕਰਨ।

GALAXY Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

# ਗਾਜ਼ਾ ’ਚ ਜਿਉਣ ਲਈ ਸੰਘਰਸ਼

(ਇਹ ‘ਦੀ ਹਿੰਦੂ’ ’ਚ ਪ੍ਰਕਾਸ਼ਿਤ ਲੇਖ ਦਾ ਅਨੁਵਾਦ ਹੈ। ਲੇਖਿਕਾ ਫਰਹਾਤ ਮੈਂਟੂ ਹੈ ਜੋ ਸਾਊਥ ਏਸ਼ੀਆ ’ਚ ‘ਸਰਹੱਦਾਂ ਰਹਿਤ ਡਾਕਟਰ’ ਨਾਂ ਦੀ ਸੰਸਥਾ ਦੀ ਕਾਰਜਕਾਰੀ ਨਿਰਦੇਸ਼ਕ ਹੈ। ਇਸ ਸੰਸਥਾ ਵੱਲੋਂ ਗਾਜ਼ਾ ਪੱਟੀ ਦੇ ਜ਼ਖਮੀਆਂ ਦੀ ਸਿਹਤ ਸੰਭਾਲ ਕੀਤੀ ਜਾ ਰਹੀ ਹੋਣ ਕਰਕੇ ਫਲਸਤੀਨ ਦੇ ਜ਼ਖਮੀਆਂ ਦੇ ਹਾਲਾਤਾਂ ਨਾਲ ਸਿੱਧਾ ਵਾਹ ਹੈ - ਸੰਪਾਦਕ)







**ਫਰਹਾਤ ਮੈਂਟੂ**

10 ਫਰਵਰੀ 2024 ਨੂੰ ਉੱਤਰੀ ਗਾਜ਼ਾ ਵਿੱਚ ਤਬਾਹੀ ਦੇ ਦਰਮਿਆਨ ਅਬਦੂਲ ਆਪਣੇ ਪਰਿਵਾਰ ਲਈ ਉਮੀਦ ਨਾਲ ਖਾਣਾ ਲੱਭ ਰਿਹਾ ਸੀ। ਉਹਨੇ ਮਗਰੋਂ ਮੇਰੇ ਸਹਿਕਰਮੀਆਂ ਨੂੰ ਦੱਸਿਆ ਸੀ ਕਿ ‘ਮੈਂ ਆਪਣੀ ਮਾਂ ਨੂੰ ਕੁਝ ਲੂਣ ਜਾਂ ਆਟੇ ਨਾਲ ਹੈਰਾਨ ਕਰ ਦੇਣਾ ਚਾਹੁੰਦਾ ਸੀ।’ ਪਰ ਜਦੋਂ ਇਹ 15 ਸਾਲਾ ਮੁੰਡਾ ਇਸ ਤਲਾਸ਼ ਵਿੱਚ ਘਰੋਂ ਗਿਆ ਤਾਂ ਉਹ ਇਜ਼ਰਾਇਲੀ ਹਵਾਈ ਹਮਲੇ ਵਿੱਚ ਗੰਭੀਰ ਜ਼ਖ਼ਮੀ ਹੋ ਗਿਆ। ਉਸ ਦੀਆਂ ਲੱਤਾਂ ਬੁਰੀ ਤਰਾਂ ਜਖਮੀ ਹੋ ਗਈਆਂ ਉਹ ਇੱਕ ਘੰਟੇ ਤੋਂ ਵੀ ਜਿਆਦਾ ਆਸ ਪਾਸ ਡਿਗਦੀਆਂ ਹੋਈਆਂ ਮਿਜਾਈਲਾਂ ਦੇ ਵਿੱਚ ਦੀ ਪੈ ਰਹੇ ਕਹਿਰ ਦੀ ਘੜਮੱਸ ਦਰਮਿਆਨ ਰੀਂਗਦਾ ਰਿਹਾ। ਇਕੱਲਾ ਤੇ ਡਰਿਆ ਹੋਇਆ, ਉਹ ਘੰਟਿਆਂ ਬੱਧੀ ਮਦਦ ਲਈ ਕਰ੍ਹਾਉਂਦਾ ਰਿਹਾ ਜਦੋਂ ਤੱਕ ਕੋਈ ਉਸ ਦੇ ਬੇਹੱਦ ਨਾਜ਼ਕ ਹੋ ਚੁੱਕੇ ਜਖਮੀਊ ਸਰੀਰ ਨੂੰ ਨੇੜਲੇ ਚਲਦੇ ਹਸਪਤਾਲ ਵਿੱਚ ਨਹੀਂ ਲੈ ਗਿਆ। ਇੱਥੇ ਵੀ ਉਸਦੇ ਦੁੱਖਾਂ ਦਾ ਅੰਤ ਨਹੀਂ ਹੋਇਆ। ਲਾਸ਼ਾਂ ਨਾਲ ਭਰੇ ਹੋਏ ਅਤੇ ਲੋੜੀਦੀਆਂ ਜਰੂਰੀ ਚੀਜ਼ਾਂ ਦੀ ਘਾਟ ਵਾਲੇ ਹਸਪਤਾਲ ਵਿੱਚ ਡਾਕਟਰ ਬਿਨਾਂ ਬੇਹੋਸ਼ ਕੀਤਿਆਂ ਉਸਦਾ ਆਪਰੇਸ਼ਨ ਕਰਨ ਲਈ ਮਜਬੂਰ ਹੋਏ।

ਗਾਜ਼ਾ ਵਿੱਚ ਐਮਰਜੰਸੀ ਸਰਜਰੀ ਹੋਣ ਤੋਂ ਬਾਅਦ ਅਬਦੂਲ ਉਹਨਾਂ ਚੋਣਵੇਂ ਫਲਸਤੀਨੀ ਮਰੀਜਾਂ ਚੋਂ ਇੱਕ ਸੀ ਜਿਨਾਂ ਨੂੰ ਇਸ ਜੰਗੀ ਜੋਨ ’ਚੋਂ ਮੈਡੀਕਲ ਕਾਰਨਾਂ ਦੇ ਆਧਾਰ ’ਤੇ ਬਾਹਰ ਜਾਣ ਦੀ ਇਜਾਜ਼ਤ ਮਿਲੀ। ਪਹਿਲਾਂ ਉਸਨੂੰ ਮਿਸਰ ਤੇ ਫਿਰ ਜੋਰਡਨ ਦੇ ਐਮ ਐਸ ਐਫ (ਸਰਹੱਦਾਂ ਰਹਿਤ ਡਾਕਟਰ) ਹਸਪਤਾਲ ਵਿੱਚ ਲਿਜਾਇਆ ਗਿਆ। ਸੱਤ ਮਹੀਨੇ ਮਗਰੋਂ ਉਹ ਹੁਣ ਵਿਸਾਖੀਆਂ ਸਹਾਰੇ ਤੁਰਨਾ ਸਿੱਖ ਰਿਹਾ ਹੈ।

ਬਦਕਿਸਮਤੀ ਨਾਲ ਅਬਦੂਲ ਦੀ ਇਹ ਕਹਾਣੀ ਹਜ਼ਾਰਾਂ ਕਹਾਣੀਆਂ ਚੋਂ ਇੱਕ ਹੈ। ‘ਸੇਵ ਦੀ ਚਿਲਡਰਨ’ ਅਨੁਸਾਰ ਇਜਰਾਇਲ ’ਤੇ ਗਾਜ਼ਾ ਉੱਪਰ ਹਮਲੇ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਔਸਤਨ ਹਰ ਰੋਜ਼ 10 ਤੋਂ ਵੀ ਜਿਆਦਾ ਬੱਚੇ ਇਕ ਜਾਂ ਦੋਵੇਂ ਲੱਤਾਂ ਗਵਾਉਂਦੇ ਰਹੇ ਹਨ। ਇਕ ਤਬਾਹਕੁੰਨ ਤੇ ਨਿਰਾਸ਼ਾਮਈ ਕਹਾਣੀ ਵਜੋਂ ਵੀ ਅਬਦੁਲ ਦੀ ਕਹਾਣੀ ਉਹਨਾਂ ਬਹੁਤ ਚੋਣਵੀਆਂ ਕਹਾਣੀਆਂ ਚੋਂ ਇੱਕ ਹੈ, ਜਿਨ੍ਹਾਂ ਦਾ ਉਮੀਦਮਈ ਅੰਤ ਹੁੰਦਾ ਹੈ ਕਿ ਉਹ ਜਿਉਂਦਾ ਹੈ ਅਤੇ ਉਸਦੀ ਇਲਾਜ ਤੱਕ ਪਹੁੰਚ ਬਣ ਰਹੀ ਹੈ।



**ਗਾਜ਼ਾ ਦੀ ਭਿਆਨਕ ਹਕੀਕਤ** : ਇਜਰਾਇਲੀ ਘੇਰਾਬੰਦੀ, ਜਿਸ ਨੇ 16 ਵਰ੍ਹੇ ਗਾਜ਼ਾ ਦਾ ਦਮ ਘੁੱਟ ਕੇ ਰੱਖਿਆ ਹੈ, ਪਿਛਲੇ 12 ਮਹੀਨਿਆਂ ਤੋਂ ਪੂਰੀ ਤਰ੍ਹਾਂ ਇੱਕ ਡਰਾਉਣੇ ਸੁਪਨੇ ’ਚ ਬਦਲ ਚੁੱਕੀ ਹੈ। ਅਕਤੂਬਰ 2023 ਤੋਂ ਲੈ ਕੇ 41,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ ਸੰਸਾਰ ਸਿਹਤ ਸੰਸਥਾ ਅਨੁਸਾਰ ਅੰਦਾਜ਼ਨ 12 ਹਜ਼ਾਰ ਤੋਂ ਉੱਪਰ ਲੋਕਾਂ ਨੂੰ ਇਲਾਜ ਲਈ ਬਾਹਰ ਲਿਜਾਏ ਜਾਣ ਦੀ ਲੋੜ ਹੈ। ਇਲਾਜ ਲਈ ਬਾਹਰ ਲਿਜਾਏ ਜਾਣ ਵਾਲੀਆਂ ਬੇਨਤੀਆਂ ਚੋਂ ਅਜੇ ਤੱਕ ਇਜ਼ਰਾਇਲ ਵੱਲੋਂ ਸਿਰਫ 41% ਨੂੰ ਮਨਜ਼ੂਰੀ ਦਿੱਤੀ ਗਈ ਹੈ। ਇਹ ਸਿਰਫ ਪ੍ਰਬੰਧਨ ਦੀ ਹੀ ਚੁਣੌਤੀ ਨਹੀਂ ਹੈ, ਇਹ ਸਿਹਤ ਸੰਭਾਲ ਦੇ ਬੁਨਿਆਦੀ ਮਨੁੱਖੀ ਹੱਕ ਤੋਂ ਹੀ ਇਨਕਾਰ ਹੈ। ਜਿਹੜੇ ਇੰਨੇ ਕੁ ਕਿਸਮਤ ਵਾਲੇ ਹਨ ਕਿ ਉਹਨਾਂ ਨੂੰ ਇਲਾਜ ਲਈ ਲਾਂਘਾ ਮਿਲ ਗਿਆ ਸੀ ਜਿਵੇਂ ਕਿ ਅਬਦੂਲ ਵਰਗੇ, ਜਿਹੜੇ ਮਹੀਨਿਆਂ ਦੀ ਦਰਦ ਭਰੀ ਰਿਕਵਰੀ ਮਗਰੋਂ ਵੀ ਜਿਉਂਦੇ ਬਚੇ ਹਨ, ਇਹ ਅਜਿਹੀ ਸ਼ਾਨਦਾਰ ਰਾਹਤ ਹੈ ਜਿਹੜੀ ਗਾਜ਼ਾ ’ਚ ਫਸੇ ਹੋਏ ਬਹੁਤ ਸਾਰਿਆਂ ਅਜੇ ਨੂੰ ਨਸੀਬ ਨਹੀਂ ਹੋਈ। ਤਬਾਹ ਹੋ ਚੁੱਕੀਆਂ ਸਿਹਤ ਸਹੂਲਤਾਂ, ਵਰਜਿਤ ਤੋਰਾ-ਫੇਰਾ ਤੇ ਜ਼ਮੀਨੀ ਪੱਧਰ ’ਤੇ ਬੇਹਦ ਭਿਆਨਕ ਹਾਲਤ ਕਾਰਨ ਉਜੜੇ ਲੋਕਾਂ ਦੀ ਇਲਾਜ ਤੱਕ ਕੋਈ ਪਹੁੰਚ ਨਹੀਂ ਹੈ।

ਗਾਜ਼ਾ ’ਚ ਸਿਹਤ ਸੰਭਾਲ ਦੇ ਢਾਂਚੇ ਦੀ ਤਬਾਹੀ ਦੇ ਅਸੀਂ ਗਵਾਹ ਹਾਂ। ਗਾਜ਼ਾ ਦੇ 36 ਹਸਪਤਾਲਾਂ ਚੋਂ 17 ਬੰਦ ਹੋ ਚੁੱਕੇ ਹਨ। ਸਿਹਤ ਸੰਭਾਲ ਸਹੂਲਤਾਂ ’ਤੇ ਹੋਏ 500 ਤੋਂ ਜ਼ਿਆਦਾ ਹਮਲਿਆਂ ਨੇ ਇਸ ਬੁਨਿਆਦੀ ਸਹੂਲਤ ਦੇ ਢਾਂਚੇ ਦੀ ਸਮਰੱਥਾ ਤਬਾਹ ਕਰ ਦਿੱਤੀ। ਸਾਡੀਆਂ ਟੀਮਾਂ ਨੇ ਹਸਪਤਾਲਾਂ ’ਚ ਆਏ ਜਖਮੀਆਂ ਦੇ ਹੜ੍ਹ ਦਰਮਿਆਨ ਫਰਸ਼ਾਂ ’ਤੇ ਮਰਦੇ ਮਰੀਜ਼ਾਂ ਨੂੰ ਤੱਕਿਆ ਹੈ। ਜਰੂਰੀ ਸਪਲਾਈ ਜਿਵੇਂ ਕਿ ਬੇਹੋਸ਼ੀ ਲਈ ਆਕਸੀਜਨ ਕਨਸਨਟਰੇਟਰ,ਜ਼ਰੂਰੀ ਸਰਜੀਕਲ ਸਮਾਨ ਤੇ ਜਨਰੇਟਰ ਬਗੈਰਾ ਇਜ਼ਰਾਈਲੀ ਅਧਿਕਾਰੀਆਂ ਵੱਲੋਂ ਜਾਂ ਰੋਕੇ ਜਾਂਦੇ ਰਹੇ ਹਨ ਜਾਂ ਰੋਕ ਕੇ ਰੱਖਣ ਰਾਹੀਂ ਦੇਰੀ ਕੀਤੀ ਜਾਂਦੀ ਰਹੀ ਹੈ। ਇਨ੍ਹਾਂ ਜ਼ਰੂਰੀ ਸਾਧਨਾਂ ਤੋਂ ਬਿਨਾਂ ਜ਼ਿੰਦਗੀ ਬਚਾਊ ਆਪਰੇਸ਼ਨ ਲਗਭਗ ਅਸੰਭਵ ਹੁੰਦੇ ਹਨ ਅਤੇ ਰੋਕੀਆਂ ਜਾ ਸਕਣ ਵਾਲੀਆਂ ਹਜ਼ਾਰਾਂ ਮੌਤਾਂ ਦਾ ਕਾਰਨ ਬਣਦੇ ਹਨ।

**ਮਾਨਸਿਕ ਜ਼ਖ਼ਮ** : ਜੰਗ ਵੱਲੋਂ ਵਸੂਲੀ ਗਈ ਚੁੰਗ ਸਰੀਰਕ ਜਖਮਾਂ ਤੋਂ ਪਾਰ ਹੈ- ਇਸ ਨੇ ਗਾਜ਼ਾ ਦੀ ਆਬਾਦੀ ਨੂੰ ਡੂੰਘੇ ਮਾਨਸਿਕ ਜ਼ਖ਼ਮ ਦਿੱਤੇ ਹਨ। ਅਬਦੁਲ ਤੇ ਕਰਮ ਵਰਗੇ ਬੱਚੇ ਸਰੀਰਕ ਤੇ ਮਾਨਸਿਕ ਤੌਰ ’ਤੇ ਜ਼ਖ਼ਮੀ ਹੋਏ ਹਨ। ਕਰਮ ਇਕ 17 ਸਾਲਾ ਮੁੰਡਾ ਹੈ ਜਿਹੜਾ ਇੱਕ ਹਵਾਈ ਹਮਲੇ ਦੌਰਾਨ ਬੁਰੀ ਤਰ੍ਹਾਂ ਝੁਲਸਿਆ ਗਿਆ ਸੀ, ਜਿਸ ਹਮਲੇ ਵਿੱਚ ਉਸਦੇ ਪਰਿਵਾਰ ਦੇ 13 ਮੈਂਬਰ ਮਾਰੇ ਗਏ ਸਨ। ਯੂਨੀਸੈਫ ਅਨੁਸਾਰ ਇਸ ਵੇਲੇ ਗਾਜ਼ਾ ਵਿੱਚ 10 ਲੱਖ ਤੋਂ ਉੱਪਰ ਬੱਚਿਆਂ ਨੂੰ ਮਾਨਸਿਕ ਸਿਹਤ ਲਈ ਮਨੋਵਿਗਿਆਨਕ ਸਹਾਇਤਾ ਦੀ ਬੇਹੱਦ ਲੋੜ ਹੈ। ਭਾਵੇਂ ਕਿ ਸਿਹਤ ਸੰਭਾਲ ਵਾਲੇ ਕਾਮੇ ਲਗਾਤਾਰ ਇਹਨਾਂ ਬੱਚਿਆਂ ਦੀ ਸਹਾਇਤਾ ਵਿੱਚ ਜੁਟੇ ਹੋਏ ਹਨ। ਜੇ ਉਹ ਇਸ ਜ਼ਾਲਮਾਨਾ ਹਮਲੇ ਚੋਂ ਕਿਸਮਤ ਨਾਲ ਬਚ ਵੀ ਜਾਣ ਤਾਂ ਵੀ ਲਗਾਤਾਰ ਬੰਬਾਰੀ, ਤਬਾਹੀ ਉਜਾੜੇ ਤੇ ਮੌਤਾਂ ਦੇ ਸਿਲਸਿਲੇ ਦਰਮਿਆਨ ਮਾਨਸਿਕ ਤਣਾਅ ਵਿੱਚ ਰਹਿਣਾ ਉਹਨਾਂ ਨੂੰ ਆਉਂਦੇ ਦਹਾਕਿਆਂ ਤੱਕ ਪ੍ਰਭਾਵਿਤ ਕਰੇਗਾ।

**ਕੌਮਾਂਤਰੀ ਮਨੁੱਖੀ ਕਾਨੂੰਨ ਦੀ ਉਲੰਘਣਾ** : ਜਾਰੀ ਹਿੰਸਾ ਤੇ ਇਜ਼ਰਾਇਲੀ ਨਾਕੇ-ਬੰਦੀਆਂ ਕੌਮਾਂਤਰੀ ਮਨੁੱਖੀ ਕਾਨੂੰਨ ਦੀ ਪੂਰੀ ਤਰਾਂ ਉਲੰਘਣਾ ਹਨ, ਇਸ ਦੇ ਸਿਧਾਤਾਂ ਦਾ ਅਪਮਾਨ ਤੇ ਉਲੰਘਣਾ ਹਨ। ਗਾਜ਼ਾ ਦੀਆਂ ਮੈਡੀਕਲ ਤੇ ਮਨੁੱਖੀ ਲੋੜਾਂ ਦੀ ਪੂਰਤੀ ਲਈ ਫੌਰੀ ਤੇ ਟਿਕਾਊ ਜੰਗਬੰਦੀ ਹੀ ਇੱਕ ਸੰਭਵ ਹੱਲ ਬਣਦਾ ਹੈ। ਇਸ ਤੋਂ ਬਿਨਾਂ ਹੋਰ ਜਾਨਾਂ ਜਾਣਗੀਆਂ ਤੇ ਇਹ ਜੰਗ ਸਾਡੇ ਸਾਰਿਆਂ ਦੀ ਸਮੂਹਿਕ ਆਤਮਾ ’ਤੇ ਇੱਕ ਹੋਰ ਨਾ ਮਿਟਣ-ਯੋਗ ਧੱਬਾ ਲਾ ਜਾਵੇਗੀ...।

ਅਬਦੁਲ ਦੀ ਕਹਾਣੀ ਸਿਰਫ ਅੰਕੜਾ ਨਹੀਂ ਹੈ, ਇਹ ਇਸ ਜੰਗ ਦੀ ਅਸਲ ਮਨੁੱਖੀ ਕੀਮਤ ਦੀ ਭਿਆਨਕ ਯਾਦ ਦਿਵਾਉਂਦੀ ਹੈ। ਕਿਸੇ ਵੀ ਜਵਾਕ ਨੂੰ ਜਿਉਣ ਖਾਤਰ ਇਉਂ ਮਲਬੇ ’ਚ ਰੀਂਗਣਾ ਨਾ ਪਵੇ ਪਰ ਅਜੇ ਵੀ ਹਜ਼ਾਰਾਂ ਫਲੀਸਤੀਨੀ ਬੱਚੇ ਇਸ ਭਿਆਨਕ ਮੰਜ਼ਰ ’ਚੋਂ ਗੁਜ਼ਰਦੇ ਹਨ। ਗਾਜ਼ਾ ਦੇ ਇਹਨਾਂ ਦੁੱਖਾਂ ਦਾ ਅੰਤ ਹੋਣਾ ਚਾਹੀਦਾ ਹੈ। ਸਰਕਾਰਾਂ ਨੂੰ ਇੱਕ ਯਕੀਨੀ ਜੰਗਬੰਦੀ ਲਈ ਕੰਮ ਕਰਨਾ ਚਾਹੀਦਾ ਹੈ ਜਿਹੜੀ ਕਿ ਉਜੜੀ ਹੋਈ ਆਬਾਦੀ ਨੂੰ ਸਿਹਤ ਸੰਭਾਲ ਮੁਹਈਆ ਕਰਾ ਸਕੇ ਜਿਸ ਆਬਾਦੀ ਨੂੰ ਜਿਉਂਦੇ ਰਹਿਣ ਲਈ ਤੇ ਆਪਣੇ ਘਰਾਂ ਦੀ ਮੁੜ ਉਸਾਰੀ ਲਈ ਇਸਦੀ ਬੇਹੱਦ ਲੋੜ ਹੈ। ਇਹ ਸਿਰਫ ਮਨੁੱਖਤਾ ਦਾ ਮੁੱਦਾ ਨਹੀਂ ਹੈ। ਇਹ ਕੌਮਾਂਤਰੀ ਨੈਤਿਕ ਜ਼ਰੂਰਤ ਹੈ। (ਸੰਖੇਪ)



TANGERINE DEVELOPMENTS LTD

Channi Makkar
Vice President, Construction

Mobile : 604-783-0745
Office : 604-652-2733

channi@tangerinedevelopments.com
tangerinedevelopments.com

203 - 15350 Croydon Drive
Surrey, BC V2Z 0Z5


ਗੋਰਕੀ ਪ੍ਰਕਾਸ਼ਨ, ਲੁਧਿਆਣਾ
ਦੀਆਂ ਪ੍ਰਕਾਸ਼ਨਾਵਾਂ







ਆਪਣੀ ਕਿਤਾਬ ਛਪਵਾਉਣ ਲਈ ਸੰਪਰਕ ਕਰੋ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਲੁਧਿਆਣਾ
ਦੁਕਾਨ ਨੰ. 7, ਪੰਜਾਬੀ ਭਵਨ, ਭਾਰਤ ਨਗਰ ਚੌਂਕ
ਲੁਧਿਆਣਾ, ਪੰਜਾਬ-141001, ਫੋਨ. - 9417642785
# 164 Saddle Crest Circle NE, Calgary (AB)
Canada 403-455-4220



Tri-City
Professional Realty Inc. Brokerage
"Aiming Straight with Honesty and Integrity"
Since 1987 on Full Time Basis
Dri: 416-254-7573, Off.: 905-793-5777
Email : pdosanjh2005@yahoo.com


Paul Dosanjh
Sales Representative

# ਕੈਲਗਰੀ ਵਿਖੇ ਰਾਜਿੰਦਰ ਕੌਰ ਚੌਹਕਾ ਦੀ ਪੁਸਤਕ 'ਕੈਨੇਡਾ ਦੇ ਮੂਲ ਵਾਸੀਆਂ ਦੀ ਗਾਥਾ' ਹੋਈ ਲੋਕ ਅਰਪਣ

## ਸਭਾ ਨੇ ਕਾਰਜਕਾਰੀ ਕਮੇਟੀ ਦੇ ਨਵੇ ਅਹੁਦੇਦਾਰ ਐਲਾਨੇ

**ਦਵਿੰਦਰ ਮਲਹਾਂਸ**

ਪੰਜਾਬੀ ਲਿਖਾਰੀ ਸਭਾ ਕੈਲਗਰੀ ਦੀ ਅਕਤੂਬਰ ਮਹੀਨੇ ਦੀ ਮੀਟਿੰਗ ਕੋਸੋ ਹਾਲ ਵਿੱਚ ਸ਼ਨੀਵਾਰ ਬਾਅਦ ਦੁਪਹਿਰ 2 ਵਜੇ ਹੋਈ। ਜਿਸ ਵਿੱਚ ਕੈਲਗਰੀ ਦੀਆਂ ਨਾਮਵਰ ਸ਼ਖਸੀਅਤਾਂ ਤੇ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ। ਮੀਟਿੰਗ ਦੀ ਸ਼ੁਰੂਆਤ ਜਨਰਲ ਸਕੱਤਰ ਮੰਗਲ ਚੱਠਾ ਨੇ ਕੀਤੀ ਤੇ ਪ੍ਰਧਾਨ ਬਲਵੀਰ ਗੋਰਾ ਨੂੰ ਸੱਦਾ ਦਿੱਤਾ, ਜਿਨ੍ਹਾਂ ਨੇ ਨਵੀਂ ਕਮੇਟੀ ਦੇ ਅਹੁਦੇ ਐਲਾਨੇ, ਜਿਨ੍ਹਾਂ ਵਿੱਚ ਨਵੇਂ ਪ੍ਰਧਾਨ ਰਣਜੀਤ ਸਿੰਘ, ਮੀਤ ਪ੍ਰਧਾਨ ਜੋਰਾਵਰ ਸਿੰਘ, ਜਨਰਲ ਸਕੱਤਰ ਦਵਿੰਦਰ ਮਲਹਾਂਸ, ਸਕੱਤਰ ਗੁਰਲਾਲ ਸਿੰਘ ਰੂਪਾਲੋ ਤੇ ਖਜ਼ਾਨਚੀ ਡਾਕਟਰ ਪਰਮਜੀਤ ਕੌਰ, ਕਾਰਜਕਾਰੀ ਮੈਂਬਰਾਂ ਵਿੱਚ ਹਰੀਪਾਲ, ਬਲਜਿੰਦਰ ਸੰਘਾ, ਤਰਲੋਚਨ ਸੈਂਭੀ, ਪਰਮਿੰਦਰ ਰਮਨ ਢੁੱਡੀਕੇ, ਬਲਵੀਰ ਗੋਰਾ, ਮੰਗਲ ਚੱਠਾ, ਗੁਰਮੀਤ ਕੌਰ ਕੁਲਾਰ, ਤਲਵਿੰਦਰ ਟੋਨੀ ਨੂੰ ਅਗਲੇ ਦੋ ਸਾਲਾਂ ਲਈ ਅਹੁਦਿਆਂ ਤੇ ਨਿਯੁਕਤ ਕੀਤਾ। ਨਵੇਂ ਅਹੁਦੇਦਾਰਾਂ ਨੂੰ ਸਾਰਿਆਂ ਵੱਲੋਂ ਵਧਾਈ ਤੇ ਸ਼ੁਭਕਾਮਨਾਵਾਂ ਦਿੱਤੀਆਂ ਗਈਆ।ਨਵੇਂ ਜਨਰਲ ਸਕੱਤਰ ਦਵਿੰਦਰ ਮਲਹਾਂਸ ਦੀ ਕਿਸੇ ਨਿੱਜੀ ਰੁਝੇਵੇਂ ਕਾਰਨ ਗੈਰ ਹਾਜ਼ਰੀ ਹੋਣ ਕਰਕੇ ਇਹ ਮੀਟਿੰਗ ਉਹਨਾਂ ਦੀ ਜਗ੍ਹਾ ਤੇ ਜੋਰਾਵਰ ਸਿੰਘ ਨੇ ਚਲਾਈ। ਮੀਟਿੰਗ ਦਾ ਆਗਾਜ਼ ਕਰਦਿਆ ਜੋਰਾਵਰ ਸਿੰਘ ਨੇ ਨਵੇਂ ਪ੍ਰਧਾਨ ਰਣਜੀਤ ਸਿੰਘ, ਸਕੱਤਰ ਗੁਰਲਾਲ ਸਿੰਘ ਰੂਪਾਲੋ ਤੇ ਰਾਜਿੰਦਰ ਕੌਰ ਚੌਂਹਕਾ ਨੂੰ ਪ੍ਰਧਾਨਗੀ ਮੰਡਲ ਵਿੱਚ ਬੈਠਣ ਲਈ ਸੱਦਾ ਦਿੱਤਾ। ਜੋਰਾਵਰ ਸਿੰਘ ਨੇ ਸ਼ੋਕਮਤੇ ਸਾਂਝੇ ਕਰਦਿਆਂ ਪ੍ਰਸਿੱਧ ਵਿਦਵਾਨ ਡਾਕਟਰ ਜਸਬੀਰ ਸਿੰਘ ਸਾਬਰ ਜੀ ਤੇ ਰੰਗ ਕਰਮੀ ਸ਼ਖਸ਼ੀਅਤ ਕੈਲਾਸ਼ ਕੌਰ ਜੀ ਦੇ ਸਾਹਿਤਿਕ ਸਮਾਜਿਕ ਯੋਗਦਾਨ ਤੇ ਉਨਾਂ ਦੀਆਂ ਜੀਵਨ ਪ੍ਰਾਪਤੀਆਂ ਦਾ ਜ਼ਿਕਰ ਕਰਦਿਆਂ ਪੰਜਾਬੀ ਲਿਖਾਰੀ ਸਭਾ ਵੱਲੋਂ ਉਹਨਾਂ ਦੇ ਸਦੀਵੀ ਵਿਛੋੜੇ ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।



ਬਲਜਿੰਦਰ ਸੰਘਾ ਨੇ ਰਾਜਿੰਦਰ ਕੌਰ ਚੌਂਹਕਾ ਦੀ ਪੁਸਤਕ 'ਕਨੇਡਾ ਦੇ ਮੂਲ ਵਾਸੀਆਂ ਦੀ ਗਾਥਾ' ਬਾਰੇ ਆਪਣੇ ਵਿਚਾਰ ਪੇਸ਼ ਕਰਦੀਆਂ ਕਿਹਾ ਕਿ ਮੀਡੀਆ ਤੇ ਸਰਕਾਰਾਂ ਵੱਲੋਂ ਮੂਲ ਵਾਸੀਆਂ ਨੂੰ ਅਣਗੋਲਿਆ ਹੀ ਗਿਆ ਹੈ। ਇਹ ਪੁਸਤਕ ਮੂਲ ਵਾਸੀਆਂ ਦੇ ਸੰਘਰਸ਼,ਤਸ਼ੱਦਦ ਤੇ ਹੋਂਦ ਦੀ ਗੱਲ ਕਰਦੀ ਹੈ। ਪੰਜਾਬੀ ਵਿੱਚ ਇਹੋ ਜਿਹੀ ਪੁਸਤਕ ਦਾ ਲਿਖਿਆ ਜਾਣਾ ਬਹੁਤ ਵੱਡੀ ਗੱਲ ਹੈ। ਰਾਜਿੰਦਰ ਕੌਰ ਚੌਂਹਕਾ ਨੇ ਇਸ ਕਿਤਾਬ ਨੂੰ ਹੋਂਦ ਵਿੱਚ ਲਿਆਉਣ ਦੇ ਮਕਸਦ ਉੱਤੇ ਚਾਨਣਾ ਪਾਇਆ ਕਿ ਕਿਵੇਂ ਮੂਲ ਵਾਸੀਆ ਦੇ ਕਤਲੇਆਮ, ਨਸਲ ਘਾਤ ਤੇ ਬੱਚਿਆਂ ਔਰਤਾਂ ਦੇ ਹੋਏ ਤਸ਼ੱਦਦ ਨੇ ਉਹਨਾਂ ਨੂੰ ਇਹ ਕਿਤਾਬ ਲਿਖਣ ਵੱਲ ਤੋਰਿਆ। ਜਗਦੀਸ਼ ਸਿੰਘ ਚੌਹਕਾ ਨੇ ਕਿਹਾ ਕਿ ਮੂਲ ਵਾਸੀਆਂ ਬਾਰੇ ਸਿਰਫ ਗੱਲਾਂ ਹੀ ਹੋ ਰਹੀਆਂ ਹਨ।ਕਿਸੇ ਨੇ ਵੀ ਉਹਨਾਂ ਦੀ ਬਾਂਹ ਫੜਨ ਜਾਂ ਉਹਨਾਂ ਦੇ ਪੱਖ ਚ ਖੜ ਕੇ ਹੱਕਾਂ ਦੀ ਗੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਗੁਰਿੰਦਰ ਬਰਾੜ ਐਮ ਐਲ ਏ ਨੇ ਮੂਲ ਨਿਵਾਸੀਆਂ ਬਾਰੇ ਬੜੇ ਪ੍ਰਭਾਵਸ਼ਾਲੀ ਵਿਚਾਰ ਸਾਂਝੇ ਕੀਤੇ ਤੇ ਕਿਹਾ, ਸਰਕਾਰਾਂ ਕੋਲ ਜੰਗਾਂ ਲਈ ਪੈਸੇ ਤਾਂ ਹਨ ਪਰ ਵਿਕਾਸ ਵੇਲੇ ਉਹਨਾਂ ਕੋਲ ਬਜਟ ਨਹੀਂ ਹੁੰਦਾ, ਫਿਰ ਮੂਲ ਵਾਸੀਆਂ ਬਾਰੇ ਕਿਤਾਬ ਲਿਖਣ 'ਤੇ ਮੈਡਮ ਚੋਹਕਾ ਨੂੰ ਵਧਾਈ ਦਿੱਤੀ। ਰਾਜਿੰਦਰ ਕੌਰ ਚੌਂਹਕਾ ਤੇ ਸਭਾ ਦੀ ਕਾਰਜਕਾਰੀ ਕਮੇਟੀ ਮੈਂਬਰਾਂ ਵੱਲੋਂ ਕਿਤਾਬ 'ਕਨੇਡਾ ਦੇ ਮੂਲ ਵਾਸੀਆਂ ਦੀ ਗਾਥਾ' ਹਾਜ਼ਰੀਨ ਦੀਆਂ ਭਰਪੂਰ ਤਾੜੀਆਂ ਵਿੱਚ ਲੋਕ ਅਰਪਣ ਕੀਤੀ ਗਈ।

ਰਚਨਾਵਾਂ ਦੇ ਦੌਰ ਦੀ ਸ਼ੁਰੂਆਤ ਗੁਰਲਾਲ ਸਿੰਘ ਰੂਪਾਲੋ ਨੇ ਆਪਣੀ ਖੂਬਸੂਰਤ ਰਚਨਾ 'ਮਾਰਨ ਵਾਲੇ ਮਾਰ ਗਏ' ਨਾਲ ਕੀਤੀ, ਗੁਰਦੀਪ ਲੋਪੋ ਨੇ 'ਕੁਝ ਲੋਕ ਹੱਸ ਕੇ ਮੁਸੀਬਤਾਂ ਨੂੰ ਝੱਲ ਜਾਂਦੇ', ਤੇਜਾ ਸਿੰਘ ਪ੍ਰੇਮੀ ਨੇ 'ਪਿੰਡ ਦੀ ਫਿਰਨੀ' ਭਾਵ ਪੂਰਕ ਕਵਿਤਾ, ਸਰਦੂਲ ਲੱਖਾਂ ਨੇ 'ਉਹ ਕਹਾਣੀ' ਤੇ 'ਪਾਸ਼ ਵੱਡਾ ਕਿ ਕਵਿਤਾ' ਛੋਟੀਆਂ ਪਰ ਅਰਥ ਭਰਪੂਰ ਕਵਿਤਾਵਾਂ ਸੁਣਾਈਆਂ, ਜਰਨੈਲ ਤੱਗੜ ਨੇ 'ਜੋ ਦੇਸ਼ ਕੌਮ ਲਈ ਮਰਦੇ ਹਨ', ਮਾਸਟਰ ਬਚਿੱਤਰ ਸਿੰਘ ਗਿੱਲ ਨੇ 'ਮੈਨੂੰ ਉੱਠਦੇ ਬਹਿੰਦੇ ਨੂੰ ਰਹਿਣ ਹਰ ਵਕਤ ਵਤਨ ਦੀਆਂ ਤਾਂਘਾਂ' ਬਾਬੂ ਰਾਜਬਲੀ ਦੀ ਕਵੀਸ਼ਰੀ ਬੜੇ ਜੋਸ਼ ਨਾਲ ਸੁਣਾ ਕੇ ਵਾਹ ਵਾਹ ਖੱਟੀ। ਤਰਲੋਚਨ ਸੈਂਭੀ ਨੇ ਮੂਲ ਵਾਸੀਆਂ ਦੀ ਗੱਲ ਕੀਤੀ ਤੇ 'ਸਾਹਾਂ ਚ ਸੁਗੰਧੀਆਂ ਨੇ' ਗੀਤ ਬੁਲੰਦ ਆਵਾਜ਼ ਵਿੱਚ ਸੁਣਾਇਆ, ਸੁਖਵਿੰਦਰ ਸਿੰਘ ਤੂਰ ਨੇ ਬਹੁਤ ਹੀ ਭਾਵਪੂਰਵ ਮੂਲ ਨਿਵਾਸੀਆਂ ਬਾਰੇ ਰਚਨਾ 'ਮੈਂ ਕਬਰਾਂ ਵਿੱਚ ਬੋਲਦੀ' ਪੇਸ਼ ਕੀਤੀ। ਜਸਵੀਰ ਸਿੰਘ ਸਹੋਤਾ ਨੇ 'ਇਹ ਇੱਕ ਨਹੀਂ ਵਿਸ਼ਾ' ਅਰਥ ਭਰਪੂਰ ਕਵਿਤਾ ਸੁਣਾਈ। ਮਨਮੋਹਨ ਸਿੰਘ ਬਾਠ ਨੇ 'ਬਿਨਾਂ ਬੂਹਿਆਂ ਤੋਂ ਹੈ ਘਰ ਜ਼ਿੰਦਗੀ ਦਾ' ਉਦਾਸ ਰੰਗ ਦਾ ਗੀਤ ਸੁਣਾਇਆ, ਪਰਮਿੰਦਰ ਰਮਨ ਢੁਡੀਕੇ ਨੇ 'ਬੋਲਦੇ ਸ਼ਬਦ' ਬਹੁਤ ਹੀ ਸੰਜੀਦਾ ਕਵਿਤਾ ਸੁਣਾਈ। ਪਰਮਜੀਤ ਸਿੰਘ ਭੰਗੂ (ਸ਼ਿਵਾਲਿਕ ਟੀਵੀ) ਨੇ 'ਕਨੇਡਾ ਦੇ ਮੂਲ ਵਾਸੀਆਂ ਦੀ ਗਾਥਾ' ਕਿਤਾਬ ਬਾਰੇ ਕਿਹਾ ਕਿ ਲੇਖਿਕਾ ਨੇ ਮਨੁੱਖਤਾ ਨੂੰ ਉੱਪਰ ਚੁੱਕਣ ਦੀ ਨੀਤੀ ਨਾਲ ਇਹ ਕਿਤਾਬ ਲਿਖੀ ਹੈ ਤੇ ਇੱਕ ਗੀਤ 'ਮੈਂ ਬੋਲੀ ਦੇਸ਼ ਪੰਜਾਬ ਦੀ ਹਾਂ' ਸੁਣਾਇਆ। ਦਰਸ਼ਨ ਸਿੰਘ ਬਰਾੜ ਨੇ 'ਚਾਰ ਦਿਨਾਂ ਦਾ ਮੇਲਾ' ਗੀਤ ਤੇ ਇੰਜ ਜੀਰ ਸਿੰਘ ਬਰਾੜ ਨੇ 'ਬਦਲਾਓ' ਦੀ ਗੱਲ ਕੀਤੀ। ਬਲਵੀਰ ਗੋਰਾ ਨੇ 'ਸਾਡੇ ਪਿੰਡ ਦਿਆਂ ਲੋਕਾਂ ਵਿੱਚ ਹੁੰਦਾ ਸੀ ਪਿਆਰ' ਗੀਤ ਸੁਣਾਇਆ ਤੇ ਸਭਾ ਦਾ ਕਾਰਜਕਾਰੀ ਰਜਿਸਟਰ ਨਵੇਂ ਪ੍ਰਧਾਨ ਰਣਜੀਤ ਸਿੰਘ ਨੂੰ ਸੌਂਪਿਆ। ਚਾਹ ਪਾਣੀ ਦੀ ਸੇਵਾ ਗੁਰਮੀਤ ਕੌਰ ਕੁਲਾਰ ਤੇ ਤਸਵੀਰਾਂ ਰਾਹੀਂ ਮੀਟਿੰਗ ਦੀ ਯਾਦਗਾਰ ਸਾਂਭਣ ਦਾ ਕੰਮ ਫਤਿਹਬੀਰ ਸਿੰਘ ਮਾਨ ਨੇ ਕੀਤਾ। ਅਵਤਾਰ ਕੌਰ ਤੱਗੜ ਵੀ ਇਸ ਮੌਕੇ ਮੀਟਿੰਗ ਵਿੱਚ ਸ਼ਾਮਲ ਸਨ।

ਅਖੀਰ ਵਿੱਚ ਨਵੇਂ ਪ੍ਰਧਾਨ ਰਣਜੀਤ ਸਿੰਘ ਨੇ ਆਏ ਹੋਏ ਹਾਜ਼ਰੀਨ ਦਾ ਧੰਨਵਾਦ ਕੀਤਾ ਤੇ ਅਗਲੀ ਮੀਟਿੰਗ ਜੋ 16 ਨਵੰਬਰ ਨੂੰ ਹੈ। ਉਸ ਉੱਤੇ ਆਉਣ ਲਈ ਸਭ ਨੂੰ ਸੱਦਾ ਦਿੱਤਾ। ਸਭਾ ਬਾਰੇ ਕਿਸੇ ਵੀ ਜਾਣਕਾਰੀ ਦੇ ਲਈ ਪ੍ਰਧਾਨ ਰਣਜੀਤ ਸਿੰਘ ਨੂੰ 825 735 1466 ਤੇ ਜਨਰਲ ਸਕੱਤਰ ਦਵਿੰਦਰ ਮਲਹਾਸ ਨੂੰ 403 993 2201ਨੰਬਰਾਂ ਤੇ ਸੰਪਰਕ ਕੀਤਾ ਜਾ ਸਕਦਾ ਹੈ।













# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਓਂਟਾਰੀਓ ਵਿੱਚ ਪੰਜਾਬੀ ਭਾਸ਼ਾ ਦੇ ਵਿਕਾਸ, ਪ੍ਰਚਾਰ ਤੇ ਪਸਾਰ ਸਬੰਧੀ ਸੈਮੀਨਾਰ

## ਪ੍ਰੋ. ਰਾਮ ਸਿੰਘ, ਡਾ. ਡੀ.ਪੀ ਸਿੰਘ, ਸਤਪਾਲ ਸਿੰਘ ਜੌਹਲ ਤੇ ਡਾ. ਕੰਵਲਜੀਤ ਕੌਰ ਢਿੱਲੋਂ ਵੱਲੋਂ ਪੇਪਰ




ਬਰੈਂਪਟਨ, (ਡਾ. ਝੰਡ) : ਓਨਟਾਰੀਓ ਸੂਬੇ ਵਿਚ ਪੰਜਾਬੀ ਭਾਸ਼ਾ ਦੀ ਬੇਹਤਰੀ ਅਤੇ ਇਸ ਦੇ ਵਿਸਥਾਰ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ (ਰਜਿ.) ਵੱਲੋਂ ਲੰਘੇ ਐਤਵਾਰ 20 ਅਕਤੂਬਰ ਨੂੰ 'ਵਿਸ਼ਵ ਪੰਜਾਬੀ ਭਵਨ' ਵਿਖੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਇਸ ਵਿਚ ਪੰਜਾਬੀ ਭਾਸ਼ਾ ਦੇ ਵਿਸਥਾਰ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਸਬੰਧੀ ਵਿਸ਼ਿਆਂ 'ਪੰਜਾਬੀ ਭਾਸ਼ਾ ਲਈ ਸੰਚਾਰ ਮਾਧਿਅਮ ਦਾ ਯੋਗਦਾਨ ਤੇ ਚੁਣੌਤੀਆਂ', 'ਪੰਜਾਬੀ ਭਾਸ਼ਾ ਉੱਪਰ ਆਰਟੀਫ਼ਿਸ਼ਲ ਇੰਟੈਲੀਜੈਂਸ (ਬਨਾਉਟੀ ਬੁੱਧੀ) ਦਾ ਭਵਿੱਖੀ ਪ੍ਰਭਾਵ', 'ਓਂਟਾਰੀਓ ਦੀਆਂ ਵਿੱਦਿਅਕ ਤੇ ਹੋਰ ਸੰਸਥਾਵਾਂ ਵਿਚ ਪੰਜਾਬੀ ਦੀ ਵਰਤਮਾਨ ਸਥਿਤੀ ਤੇ ਸਥਾਨ' ਅਤੇ 'ਪੰਜਾਬੀ ਭਾਸ਼ਾ ਦੇ ਵਿਸਥਾਰ ਵਿੱਚ ਔਰਤਾਂ ਤੇ ਨੌਜੁਆਨਾਂ ਦੇ ਯੋਗਦਾਨ ਦੀ ਮਹੱਤਤਾ' ਉੱਪਰ ਵਿਦਵਾਨਾਂ ਵੱਲੋਂ ਪੇਪਰ ਪੇਸ਼ ਕੀਤੇ ਗਏ।

ਸੈਮੀਨਾਰ ਦੇ ਪਹਿਲੇ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਡਾ. ਗੁਰਬਖ਼ਸ਼ ਸਿੰਘ ਭੰਡਾਲ, ਪ੍ਰੋ. ਰਾਮ ਸਿੰਘ, ਡਾ. ਡੀ.ਪੀ. ਸਿੰਘ, ਡਾ. ਗੁਰਨਾਮ ਸਿੰਘ ਢਿੱਲੋਂ, ਕੁਲਵਿੰਦਰ ਸਿੰਘ ਖਹਿਰਾ, 'ਸਰਗਮ ਰੇਡੀਓ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ ਅਤੇ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਸ਼ਾਮਲ ਸਨ। ਸੈਮੀਨਾਰ ਦਾ ਆਰੰਭ ਕੈਨੇਡਾ ਦੇ ਕੌਮੀ ਗੀਤ "ਓ ਕੈਨੇਡਾ" ਦੇ ਗਾਇਨ ਅਤੇ ਇਕਬਾਲ ਬਰਾੜ ਵੱਲੋਂ ਗਾਏ ਗਏ ਸ਼ਬਦ "ਦੇਹੁ ਸ਼ਿਵਾ ਬਰ ਮੋਹਿ ਇਹੈ ਸ਼ੁਭ ਕਰਮਨ ਤੇ ਕਬਹੂੰ ਨਾ ਟਰੌਂ" ਨਾਲ ਕੀਤਾ ਗਿਆ। ਉਪਰੰਤ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸੈਮੀਨਾਰ ਵਿਚ ਸ਼ਾਮਲ ਹੋਏ ਬੁਲਾਰਿਆਂ ਤੇ ਸਰੋਤਿਆਂ ਨੂੰ ਨਿੱਘੀ 'ਜੀ-ਆਇਆਂ' ਕਹੇ ਜਾਣ ਪਿੱਛੋਂ ਮੰਚ-ਸੰਚਾਲਕ ਪ੍ਰੋ. ਤਲਵਿੰਦਰ ਮੰਡ ਵੱਲੋਂ ਸਮਾਗਮ ਦੇ ਮੁੱਖ-ਬੁਲਾਰੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਨੂੰ ਕੁੰਜੀਵੱਤ-ਭਾਸ਼ਨ ਦੇਣ ਲਈ ਬੇਨਤੀ ਕੀਤੀ ਗਈ ਜਿਨ੍ਹਾਂ ਨੇ ਆਪਣੇ ਸੰਬੋਧਨ ਵਿੱਚ ਪੰਜਾਬੀ ਬੋਲੀ ਦੀ ਪ੍ਰੀਭਾਸ਼ਾ, ਇਸ ਦੀ ਘਰ ਤੋਂ ਪਹਿਲ, ਬਾਅਦ ਧਰਮ ਨਾਲ ਜੁੜਨ, ਹੀਣ ਭਾਵਨਾ ਤੋਂ ਉੱਪਰ ਉੱਠਣ, ਕਿਤਾਬਾਂ ਨਾਲ ਪਿਆਰ ਪਾਉਣ, ਬਜ਼ੁਰਗਾਂ ਦੀ ਰਹਿਨੁਮਾਈ ਅਤੇ ਮਸਨੂਈ ਬੁੱਧੀ ਦੇ ਸਦ-ਉਪਯੋਗ ਦੇ ਨਾਲ ਨਾਲ ਪੰਜਾਬੀ ਬੋਲੀ ਨੂੰ ਅੱਗੇ ਵਧਾਉਣ ਲਈ ਲੌਬਿੰਗ ਗਰੁੱਪ ਬਨਾਉਣ ਦੀ ਲੋੜ 'ਤੇ ਜ਼ੋਰ ਦਿੱਤਾ।

ਪਹਿਲੇ ਅਕਾਦਮਿਕ ਸੈਸ਼ਨ ਦੇ ਪਹਿਲੇ ਬੁਲਾਰੇ ਪ੍ਰੋ. ਰਾਮ ਸਿੰਘ ਨੇ ਪੰਜਾਬੀ ਭਾਸ਼ਾ ਲਈ ਸੰਚਾਰ ਮਾਧਿਅਮ ਦੀ ਮਹੱਤਤਾ ਬਾਰੇ ਆਪਣੇ ਪੇਪਰ ਵਿੱਚ ਮਨੁੱਖੀ ਚੇਤਨਾ 'ਚ ਭਾਸ਼ਾ ਦੇ ਸੰਚਾਰ ਪੱਧਰਾਂ 'ਸਹਿਜ ਸੁਭਾਅ ਸੰਚਾਰ' ਅਤੇ 'ਚੇਤਨ ਪੱਧਰ 'ਤੇ ਸੰਚਾਰ' ਤੋਂ ਆਪਣੀ ਗੱਲ ਆਰੰਭ ਕਰਦਿਆਂ ਪੱਤਰਕਾਰੀ ਅਤੇ ਸਾਹਿਤ ਰਚਨਾ ਨੂੰ ਆਪਣੇ ਪੇਪਰ ਦਾ ਵਿਸ਼ਾ ਬਣਾਇਆ। ਉਨ੍ਹਾਂ ਵੱਖ-ਵੱਖ ਸੰਚਾਰ ਮਾਧਿਅਮਾਂ ਅਖ਼ਬਾਰਾਂ, ਰੇਡੀਓ, ਟੀ.ਵੀ., ਸਾਹਿਤ ਸਭਾਵਾਂ, ਸੋਸ਼ਲ ਮੀਡੀਆ ਅਤੇ ਸਾਹਿਤ ਰਚਨਾ ਦੀ ਗੱਲ ਬਾਖ਼ੂਬੀ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਕੰਪਿਊਟਰ ਮਾਹਿਰ ਕਿਰਪਾਲ ਸਿੰਘ ਪੰਨੂੰ ਵੱਲੋਂ ਲੋਕਾਂ ਨੂੰ ਕੰਪਿਊਟਰ ਸਿਖਾਉਣ ਅਤੇ ਪੰਜਾਬੀ ਫ਼ੌਂਟਸ ਵਿਚ ਪਾਏ ਗਏ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਗਿਆ।

ਇਸ ਸੈਸ਼ਨ ਦੇ ਦੂਸਰੇ ਬੁਲਾਰੇ ਡਾ. ਡੀ. ਪੀ. ਸਿੰਘ ਵੱਲੋਂ ਆਪਣਾ ਪੇਪਰ 'ਪੰਜਾਬੀ ਭਾਸ਼ਾ ਅਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ : ਸੰਭਾਵਨਾਵਾਂ, ਚੁਣੌਤੀਆਂ ਤੇ ਹੱਲ' ਓਵਰ-ਹੈੱਡ ਪ੍ਰੋਜੈੱਕਟਰ ਰਾਹੀਂ ਪਾਵਰ-ਪਵਾਇੰਟ ਸਲਾਈਡਜ਼ ਦੀ ਮਦਦ ਨਾਲ ਪੇਸ਼ ਕੀਤਾ ਗਿਆ। ਆਰਟੀਫ਼ਿਸ਼ੀਅਲ ਇੰਟੈਲੀਜੈਂਸ (ਏ. ਆਈ.) ਦੀ ਮੁੱਢਲੀ ਸੰਖੇਪ ਜਾਣ-ਪਛਾਣ ਤੋਂ ਬਾਅਦ ਉਨ੍ਹਾਂ ਪੰਜਾਬੀ ਭਾਸ਼ਾ ਉੱਪਰ ਏ. ਆਈ. ਦੇ ਚੰਗੇ ਅਤੇ ਮਾੜੇ ਦੋਹਾਂ ਪ੍ਰਭਾਵਾਂ ਦੀ ਗੱਲ ਕਰਦਿਆਂ ਇਸ ਦੀ ਵਰਤੋਂ ਕਾਰਨ ਨਾਲ ਪੰਜਾਬੀ ਭਾਸ਼ਾ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦੇ ਹੱਲ ਵੀ ਦੱਸੇ। ਉਪਰੰਤ, ਇਨ੍ਹਾਂ ਦੋਹਾਂ ਪੇਪਰਾਂ ਉੱਪਰ ਡਾ. ਗੁਰਨਾਮ ਸਿੰਘ ਢਿੱਲੋਂ ਅਤੇ ਕੁਲਵਿੰਦਰ ਖਹਿਰਾ ਵੱਲੋਂ ਚਰਚਾ ਆਰੰਭ ਕੀਤੀ ਗਈ ਅਤੇ ਸਰੋਤਿਆਂ ਵੱਲੋਂ ਆਏ ਸੁਆਲਾਂ ਦੇ ਜੁਆਬ ਬੁਲਾਰਿਆਂ ਵੱਲੋਂ ਦਿੱਤੇ ਗਏ। ਸੁਆਲ ਕਰਤਾਵਾਂ ਵਿਚ ਉੱਘੇ ਮੀਡੀਆਕਾਰ ਸ਼ਮੀਲ ਜਸਵੀਰ ਮੁੱਖ ਤੌਰ 'ਤੇ ਸ਼ਾਮਲ ਸਨ।

ਇਸ ਸੈਸ਼ਨ ਵਿੱਚ ਪਾਰਲੀਮੈਂਟ ਮੈਂਬਰ ਸੋਨੀਆ ਸਿੱਧੂ ਤੇ ਰੂਬੀ ਸਹੋਤਾ ਅਤੇ ਐੱਮ.ਪੀ.ਪੀ. ਅਮਰਜੋਤ ਸੰਧੂ ਨੇ ਆਪਣੀ ਸ਼ਮੂਲੀਅਤ ਦਰਜ ਕਰਵਾਉਂਦਿਆਂ ਹੋਇਆਂ ਇਹ ਮਹੱਤਵਪੂਰਨ ਸੈਮੀਨਾਰ ਕਰਵਾਉਣ ਲਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਨੂੰ ਸ਼ੁਭ-ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਵੱਲੋਂ ਸਭਾ ਦੀ ਹੌਸਲਾ-ਅਫ਼ਜਾਈ ਕਰਦਿਆਂ ਹੋਇਆਂ ਸਭਾ ਨੂੰ ਸਰਟੀਫ਼ੀਕੇਟ ਦਿੱਤੇ ਗਏ। ਸਭਾ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਓਨਟਾਰੀਓ ਵਿਚ ਪੰਜਾਬੀ ਬੋਲੀ ਦੇ ਪ੍ਰਚਾਰ ਤੇ ਪਸਾਰ ਸਬੰਧੀ ਮੰਗ-ਪੱਤਰ ਪੇਸ਼ ਕੀਤੇ ਗਏ। ਇਸ ਸੈਸ਼ਨ ਵਿਚ ਮਲੂਕ ਸਿੰਘ ਕਾਹਲੋਂ ਦੀ ਕਾਵਿ-ਪੁਸਤਕ 'ਕੂਕ ਫ਼ਕੀਰਾ ਕੂਕ ਤੂੰ ...'ਅਤੇ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਵਾਰਤਕ ਪੁਸਤਕ 'ਜ਼ਿੰਦਗੀ ਜਸ਼ਨ ਹੈ' ਲੋਕ-ਅਰਪਿਤ ਕੀਤੀਆਂ ਗਈਆਂ।

ਦੁਪਹਿਰ ਦੇ ਖਾਣੇ ਤੋਂ ਬਾਅਦ ਦੂਸਰੇ ਸੈਸ਼ਨ ਵਿੱਚ ਮੰਚ-ਸੰਚਾਲਕ ਡਾ. ਸੁਖਦੇਵ ਸਿੰਘ ਝੰਡ ਵੱਲੋਂ ਇਸ ਦੇ ਬੁਲਾਰਿਆਂ ਸਤਪਾਲ ਸਿੰਘ ਜੌਹਲ (ਉਪ-ਚੇਅਰਮੈਨ ਪੀਲ ਡਿਸਟ੍ਰਿਕਟ ਐਜੂਕੇਸ਼ਨ ਬੋਰਡ), ਡਾ. ਕੰਵਲਜੀਤ ਕੌਰ ਢਿੱਲੋਂ, ਟਿੱਪਣੀਕਾਰਾਂ ਸਾਬਕਾ ਸਕੂਲ ਟਰੱਸਟੀ ਬਲਬੀਰ ਕੌਰ ਸੋਹੀ ਤੇ ਲਹਿੰਦੇ ਪੰਜਾਬ ਦੀ ਵਿਦਵਾਨ ਉਜ਼ਮਾ ਮਹਿਮੂਦ, ਮਸ਼ਹੂਰ ਕਵੀ ਪ੍ਰੋ. ਆਸ਼ਿਕ ਰਹੀਲ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੂੰ ਪ੍ਰਧਾਨਗੀ-ਮੰਡਲ ਵਿਚ ਬੈਠਣ ਲਈ ਬੇਨਤੀ ਕੀਤੀ ਗਈ। ਇਸ ਦੇ ਨਾਲ ਹੀ ਇਸ ਸੈਸ਼ ?ਨ ਦੇ ਪਹਿਲੇ ਬੁਲਾਰੇ ਸਤਪਾਲ ਸਿੰਘ ਜੌਹਲ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਗਿਆ ਜਿਨ੍ਹਾਂ ਨੇ ਆਪਣੇ ਪਰਚੇ ਦਾ ਆਰੰਭ ਪੰਜਾਬੀਆਂ ਦੇ ਕੈਨੇਡਾ ਵੱਲ ਪਰਵਾਸ ਕਰਦਿਆਂ ਦੱਸਿਆ ਕਿ 1980 ਦੇ ਦਹਾਕੇ ਤੱਕ ਪੰਜਾਬ ਦਾ ਦਮਦਾਰ ਸਰਕਾਰੀ ਸਕੂਲ ਸਿਸਟਮ ਸੀ ਪਰ ਫਿਰ ਬਾਅਦ ਵਿਚ ਉੱਥੇ ਨਿੱਜੀ ਸਕੂਲ ਸਿਸਟਮ ਭਾਰੂ ਹੋ ਗਿਆ। ਇਸ ਦੇ ਨਾਲ ਹੀ ਪੰਜਾਬੀਆਂ ਦੀ ਵਿਦੇਸ਼ਾਂ ਵੱਲ ਹਿਜਰਤ ਵਿਚ ਤੇਜ਼ੀ ਆ ਗਈ। ਬਰੈਂਪਟਨ ਦੇ ਪੰਜ ਸਕੂਲਾਂ ਵਿਚ ਪੜ੍ਹਾਈ ਜਾਂਦੇ ਪੰਜਾਬੀ ਵਿਸ਼ੇ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬੀ ਪੜ੍ਹਨ ਵਾਲੇ ਇਨ੍ਹਾਂ ਵਿਦਿਆਰਥੀਆਂ ਨੂੰ ਤਿੰਨ ਕ੍ਰੈਡਿਟ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਪੀ.ਡੀ.ਐੱਸ.ਬੀ. ਵੱਲੋਂ ਮਿਸੀਸਾਗਾ ਅਤੇ ਬਰੈਂਪਟਨ ਦੇ ਅੱਠ ਸਕੂਲਾਂ ਵਿੱਚ ਇੰਟਰਨੈਸ਼ਨਲ ਲੈਂਗੂਏਜਜ਼ ਪ੍ਰੋਗਰਾਮ ਲਾਗੂ ਕੀਤਾ ਗਿਆ ਹੈ ਜਿਨ੍ਹਾਂ ਵਿਚ ਪੰਜਾਬੀ, ਹਿੰਦੀ, ਉਰਦੂ ਤਮਿਲ ਤੇ ਕੁਝ ਹੋਰ ਭਾਸ਼ਾਵਾਂ ਸਿਖਾਉਣ ਦਾ ਪ੍ਰਬੰਧ ਕੀਤਾ ਗਿਆ ਹੈ।

ਇਸ ਸੈਸ਼ਨ ਦੇ ਦੂਸਰੇ ਬੁਲਾਰੇ ਕੰਵਲਜੀਤ ਕੌਰ ਢਿੱਲੋਂ ਵੱਲੋਂ ਆਪਣੇ ਪੇਪਰ 'ਓਨਟਾਰੀਓ ਵਿੱਚ ਪੰਜਾਬੀ ਬੋਲੀ ਦੇ ਪਸਾਰ ਵਿੱਚ ਔਰਤਾਂ ਅਤੇ ਨੌਜੁਆਨਾਂ ਦੀ ਮਹੱਤਤਾ' ਵਿਚ ਉਨ੍ਹਾਂ ਜਨਵਰੀ 1912 ਵਿੱਚ ਸੱਭ ਤੋਂ ਪਹਿਲਾਂ ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿੱਚ ਆਉਣ ਵਾਲੀਆਂ ਔਰਤਾਂ ਮਾਤਾ ਹਰਨਾਮ ਕੌਰ ਅਤੇ ਮਾਤਾ ਕਰਤਾਰ ਕੌਰ ਦਾ ਜ਼ਿਕਰ ਕਰਦਿਆਂ ਦੱਸਿਆ ਉਨ੍ਹਾਂ ਨੂੰ ਉੱਥੇ ਪਹੁੰਚਣ 'ਤੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਪੰਜਾਬੀ ਕਮਿਊਨਿਟੀ ਵੱਲੋਂ 200-200 ਡਾਲਰ ਦੇ ਬਾਂਡ ਭਰ ਕੇ ਉਨ੍ਹਾਂ ਨੂੰ ਛੁਡਵਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਰਾਜਨੀਤੀ ਵਿਚ ਪੰਜਾਬੀ ਔਰਤਾਂ ਦੀ ਸ਼ਮੂਲੀਅਤ ਹੋਰ ਭਾਈਚਾਰਿਆਂ ਨਾਲੋਂ ਵਧੇਰੇ ਹੈ ਅਤੇ ਉਹ ਸਮਾਜਿਕ ਤੇ ਸੱਭਿਚਾਰਕ ਖ਼ੇਤਰਾਂ ਵਿਚ ਵੀ ਆਪਣਾ ਭਰਪੂਰ ਯੋਗਦਾਨ ਪਾ ਰਹੀਆਂ ਹਨ। ਇਸ ਸੈਸ਼ਨ ਦੀਆਂ ਟਿੱਪਣੀਕਾਰਾਂ ਬਲਬੀਰ ਸੋਹੀ ਅਤੇ ਉਜ਼ਮਾ ਮਹਿਮੂਦ ਨੇ ਆਪਣੀਆਂ ਟਿੱਪਣੀ ਵਿਚ ਪੰਜਾਬੀ ਭਾਸ਼ਾ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਬੁਲਾਰਿਆਂ ਦੇ ਨਾਲ ਸਰੋਤਿਆਂ ਵੱਲੋਂ ਸੁਆਲਾਂ ਦੇ ਜੁਆਬ ਦਿੱਤੇ। ਸੁਆਲ ਕਰਤਾਵਾਂ ਵਿਚ ਪ੍ਰੋ. ਜਗੀਰ ਸਿੰਘ ਕਾਹਲੋਂ, ਡਾ. ਹਰਦੀਪ ਕੌਰ ਅਤੇ ਸ਼ਾਇਰ ਮਲਵਿੰਦਰ ਸ਼ਾਮਲ ਸਨ। ਇਸ ਸੈਸ਼ਨ ਵਿਚ ਨੌਜੁਆਨ ਵਿਦਾਅਰਥੀ ਜਸ਼ਨ ਨੇ ਸਕੂਲਾਂ ਵਿਚ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਆਉਂਦੀਆਂ ਮੁਸ਼ਕਲਾਂ ਬਾਰੇ ਗੱਲ ਕੀਤੀ। ਦੋਹਾਂ ਸੈਸ਼ਨਾਂ ਦੇ ਬੁਲਾਰਿਆਂ ਤੇ ਟਿੱਪਣੀਕਾਰਾਂ ਨੂੰ ਸਭਾ ਵੱਲੋਂ ਖ਼ੂਬਸੂਰਤ ਫ਼ਰੇਮਾਂ ਵਿਚ ਸਜਾਏ ਗਏ ਸਰਟੀਫ਼ੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਸੈਮੀਨਾਰ ਦੇ ਆਖ਼ਰੀ ਸੈਸ਼ਨ ਵਿੱਚ ਹੋਏ ਕਵੀ-ਦਰਬਾਰ ਦਾ ਸੰਚਾਲਨ ਡਾ. ਜਗਮੋਹਨ ਸੰਘਾ ਵੱਲੋਂ ਕੀਤਾ ਗਿਆ। ਉਨ੍ਹਾਂ ਵੱਲੋਂ ਪ੍ਰਧਾਨਗੀ-ਮੰਡਲ ਵਿਚ ਬੈਠਣ ਲਈ ਰਾਜਕੁਮਾਰ ਓਸ਼ੋਰਾਜ, ਸ਼ਾਮ ਸਿੰਘ 'ਅੰਗਸੰਗ', ਨਿਰਵੈਰ ਸਿੰਘ ਅਰੋੜਾ, ਬਸ਼ੱਰਤ ਰੇਹਾਨ, ਰਾਸ਼ੀਦ ਨਦੀਮ, ਉਜ਼ਮਾ ਮਹਿਮੂਦ ਅਤੇ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੂੰ ਬੇਨਤੀ ਕੀਤੀ ਗਈ ਅਤੇ ਨਾਲ ਹੀ ਇਕਬਾਲ ਬਰਾੜ ਨੂੰ ਆਪਣਾ ਗੀਤ ਪੇਸ਼ ਕਰਨ ਲਈ ਕਿਹਾ ਗਿਆ। ਉਨ੍ਹਾਂ ਤੋਂ ਬਾਅਦ ਵਾਰੀ-ਵਾਰੀ ਹਰਜੀਤ ਬਾਜਵਾ, ਅਮਰਜੀਤ ਪੰਛੀ, ਰੂਬੀ ਕਰਤਾਰਪੁਰੀ, ਹਜ਼ਰਤ ਸ਼ਾਮ ਸੰਧੂ, ਹਰਮੇਸ਼ ਜੀਂਦੋਵਾਲ, ਸੁਖਚਰਨਜੀਤ ਗਿੱਲ, ਸੁਰਿੰਦਰਜੀਤ ਕੌਰ, ਤਲਵਿੰਦਰ ਸਿੰਘ ਮੰਡ, ਸੁਖਦੇਵ ਸਿੰਘ ਝੰਡ, ਸਤਪਾਲ ਸਿੰਘ ਕੋਮਲ ਅਤੇ ਪ੍ਰਧਾਨਗੀ-ਮੰਡਲ ਵਿੱਚ ਸ਼ਾਮਲ ਰਾਜਕੁਮਾਰ ਓਸ਼ੋਰਾਜ, ਨਿਰਵੈਰ ਸਿੰਘ ਅਰੋੜਾ, ਸ਼ਾਮ ਸਿੰਘ, ਬਸ਼ੱਰਤ ਰੇਹਾਨ, ਰਾਸ਼ੀਦ ਨਦੀਮ, ਉਜ਼ਮਾ ਮਹਿਮੂਦ ਨੂੰ ਪੇਸ਼ ਕੀਤਾ ਗਿਆ। ਸਾਰਿਆਂ ਨੇ ਆਪਣੀ ਰਚਨਾਵਾਂ ਬਾਖ਼ੂਬੀ ਪੇਸ਼ ਕੀਤੀਆਂ ਗਈਆਂ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਸਾਰੇ ਕਵੀਆਂ-ਕਵਿਤਰੀਆਂ ਦਾ ਧੰਨਵਾਦ ਕੀਤਾ ਗਿਆ।

ਸੈਮੀਨਾਰ ਦੇ ਅੰਤ ਵੱਲ ਵੱਧਦਿਆਂ ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਸਮੂਹ ਬੁਲਾਰਿਆਂ ਅਤੇ ਸਰੋਤਿਆਂ ਦਾ ਧੰਨਵਾਦ ਕੀਤਾ ਗਿਆ। ਇਹ ਸੈਮੀਨਾਰ ਕਰਵਾਉਣ ਲਈ ਸਭਾ ਦੀ ਵਿੱਤੀ ਮਦਦ ਕਰਨ ਲਈ 'ਮਰੋਕ ਲਾਅ ਆਫ਼ਿਸ' ਦੇ ਸੰਚਾਲਕ ਵਿਪਨਦੀਪ ਮਰੋਕ, 'ਕਰਾਊਨ ਇੰਮੀਗਰੇਸ਼ਨ' ਦੇ ਸੰਚਾਲਕ ਰਾਜਪਾਲ ਸਿੰਘ ਹੋਠੀ ਅਤੇ 'ਜੇ.ਬੀ. ਅਕਾਊਂਟਿੰਗ ਐਂਡ ਫ਼ਾਈਨੈਂਸ਼ਲ ਸਰਵਿਸਿਜ਼' ਦਾ ਹਾਰਦਿਕ ਧੰਨਵਾਦ ਕੀਤਾ। ਸੈਮੀਨਾਰ ਲਈ 'ਵਿਸ਼ਵ ਪੰਜਾਬੀ ਭਵਨ' ਪ੍ਰਦਾਨ ਕਰਨ ਲਈ ਡਾ. ਦਲਬੀਰ ਸਿੰਘ ਕਥੂਰੀਆ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਸੈਮੀਨਾਰ ਵਿਚ ਕਿਰਪਾਲ ਸਿੰਘ ਪੰਨੂੰ, ਗੁਰਬਚਨ ਸਿੰਘ ਚਿੰਤਕ, ਗੁਰਦੇਵ ਚੌਹਾਨ, ਇੰਦਰਜੀਤ ਸਿੰਘ ਬੱਲ, ਡਾ. ਸੋਰਣ ਸਿੰਘਘ ਪਰਮਾਰ, ਗਿਆਨ ਸਿੰਘ ਕੰਗ, ਵਿਪਨਦੀਪ ਮਰੋਕ, ਰਾਜਪਾਲ ਸਿੰਘ ਹੋਠੀ, ਜੰਗੀਰ ਸਿੰਘ ਸੈਂਹਬੀ, ਬਲਦੇਵ ਸਿੰਘ ਰਹਿਪਾ, ਪ੍ਰੋ. ਸਿਕੰਦਰ ਸਿੰਘ ਗਿੱਲ, ਕਰਨੈਲ ਸਿੰਘ ਮਰਵਾਹਾ, ਹਰਦਿਆਲ ਸਿੰਘ ਝੀਤਾ, ਹੀਰਾ ਸਿੰਘ ਹੰਸਪਾਲ, ਨਾਹਰ ਔਜਲਾ, ਹਰਜੀਤ ਬਾਜਵਾ, ਕਾਮਰੇਡ ਸੁਖਦੇਵ ਸਿੰਘ ਧਾਲੀਵਾਲ, ਪਾਕਿਸਤਾਨ ਤੋਂ ਹੁਸਨੈਨ ਅਕਬਰ, ਸੁਰਜੀਤ ਕੌਰ, ਪਰਮਜੀਤ ਦਿਓਲ, ਤਾਹਿਰਾ ਨਸੀਮ, ਗੁਰੰਜਲ ਕੌਰ, ਕੁਲਦੀਪ ਕੌਰ ਪਾਹਵਾ ਸਮੇਤ 150 ਤੋਂ ਵਧੇਰੇ ਵਿਅੱਕਤੀ ਸ਼ਾਮਲ ਸਨ।

ਸੈਮੀਨਾਰ ਦੇ ਸਮੁੱਚੇ ਪ੍ਰੋਗਰਾਮ ਨੂੰ ਡਾ. ਜਗਮੋਹਨ ਸਿੰਘ ਸੰਘਾ ਅਤੇ ਰਮਿੰਦਰ ਰੰਮੀ ਵੱਲੋਂ ਫ਼ੇਸਬੁੱਕ ਤੇ 'ਲਾਈਵ' ਕੀਤਾ ਗਿਆ। ਪੀ.ਟੀ.ਸੀ. ਦੇ ਨੁਮਾਇੰਦੇ ਵੱਲੋਂ ਇਸ ਸੈਮੀਨਾਰ ਦੀ ਰਿਕਾਰਡਿੰਗ ਕੀਤੀ ਗਈ ਅਤੇ ਸਭਾ ਦੇ ਬੁਲਾਰਿਆਂ ਦੀਆਂ 'ਬਾਈਟਸ' ਲਈਆਂ ਗਈਆਂ। ਸੈਮੀਨਾਰ ਦੌਰਾਨ ਫ਼ੋਟੋਗ੍ਰਾਫ਼ੀ ਦੀ ਸੇਵਾ ਰਾਜਪਾਲ ਹੋਠੀ ਵੱਲੋਂ ਬਾਖ਼ੂਬੀ ਨਿਭਾਈ ਗਈ।

### ਸੈਮੀਨਾਰ ਵਿੱਚ ਪਾਸ ਕੀਤ ਗਏ ਮਤੇ

1. ਸਰਕਾਰੀ ਸਰਪ੍ਰਸਤੀ ਦਿੰਦਿਆਂ ਓਂਟਾਰੀਓ ਦੇ ਦਫ਼ਤਰਾਂ ਵਿੱਚ ਅੰਗਰੇਜ਼ੀ ਅਤੇ ਫ਼ਰੈਂਚ ਭਾਸ਼ਾਵਾਂ ਦੇ ਨਾਲ਼ ਪੰਜਾਬੀ ਭਾਸ਼ਾ ਨੂੰ ਬਣਦਾ ਤੀਸਰਾ ਦਰਜਾ ਦਿੱਤਾ ਜਾਵੇ ਅਤੇ ਪਬਲਿਕ ਸਥਾਨਾਂ ਉੱਪਰ ਦੋਹਾਂ ਸਰਕਾਰੀ ਭਾਸ਼ਾਵਾਂ ਦੇ ਨਾਲ ਤੀਸਰੀ ਭਾਸ਼ਾ ਪੰਜਾਬੀ ਵਿਚ ਵੀ ਸਾਈਨ-ਬੋਰਡ ਲਗਾਏ ਜਾਣ।
2. ਓਂਟਾਰੀਓ ਸੂਬੇ ਵਿਚ ਪੰਜਾਬੀ ਭਾਸ਼ਾ ਨੂੰ ਸਕੂਲ, ਕਾਲਜ ਤੇ ਯੂਨੀਵਰਸਿਟੀ ਪੱਧਰ ਤੱਕ ਪੜ੍ਹਾਉਣ ਦਾ ਪ੍ਰਬੰਧ ਕੀਤਾ ਜਾਵੇ ਅਤੇ ਬ੍ਰਿਟਿਸ਼ ਕੋਲੰਬੀਆ ਯੂਨੀਵਰਸਿਟੀ (ਯੂ.ਬੀ.ਸੀ.) ਦੀ ਤਰਜ਼ 'ਤੇ ਪੰਜਾਬੀ ਵਿਸ਼ੇ ਵਿਚ ਉਚੇਰੀ ਸਿੱਖਿਆ ਅਤੇ ਖੋਜ-ਕਾਰਜ ਦਾ ਪ੍ਰਬੰਧ ਕੀਤਾ ਜਾਵੇ।
3. ਸਾਹਿਤਕ, ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਦੀ ਇਕ ਤਾਲਮੇਲ ਕਮੇਟੀ ਗਠਿਤ ਕੀਤੀ ਜਾਵੇ ਜੋ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪਸਾਰ ਲਈ ਸਾਂਝੇ ਯਤਨ ਕਰੇ।
4. ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਸੰਸਥਾਵਾਂ ਵਾਸਤੇ ਕਿਸੇ ਸਾਂਝੀ ਜਗ੍ਹਾ/ਇਮਾਰਤ ਨੂੰ ਉਪਲੱਬਧ ਕਰਵਾਇਆ ਜਾਵੇ ਤਾਂ ਜੋ ਇਸ ਦੀ ਬੇਹਤਰੀ ਲਈ ਹੋਰ ਵਧੇਰੇ ਯਤਨ ਕੀਤੇ ਜਾਣ।
5. ਆਰਟੀਫ਼ਿਸ਼ਿਅਲ ਇੰਟੈਲੀਜੈਂਸ (ਏ.ਆਈ.) ਦੀਆਂ ਭਵਿੱਖੀ ਚੁਣੌਤੀਆਂ ਨੂੰ ਮੁੱਖ ਰੱਖਦਿਆਂ ਹੋਇਆਂ ਪੰਜਾਬੀ ਭਾਸ਼ਾ ਨੂੰ ਗਲੋਬਲ ਪੱਧਰ ਦੇ ਹਾਣ ਦੀ ਬਨਾਉਣ ਲਈ ਯਤਨ ਤੇਜ਼ ਕੀਤੇ ਜਾਣ।
6. ਓਨਟਾਰੀਓ ਸਰਕਾਰ ਤੋਂ ਮੰਗ ਕੀਤੀ ਜਾਂਦੀ ਹੈ ਕਿ ਪੰਜਾਬੀ ਭਾਸ਼ਾ ਵਿੱਚ ਛਪ ਰਹੀਆਂ ਸਰਵੋਤਮ ਪੁਸਤਕਾਂ ਦੀ ਚੋਣ ਕਰਕੇ ਸਲਾਨਾ ਇਨਾਮ ਦੇਣ ਦੀ ਵਿਵਸਥਾ ਕੀਤੀ ਜਾਵੇ।
7. ਓਨਟਾਰੀਓ ਸੂਬੇ ਦੀਆਂ ਨਿੱਜੀ ਪੱਧਰ 'ਤੇ ਪੰਜਾਬੀ ਕਮਿਊਨਿਟੀ ਨੂੰ ਕੈਨੇਡਾ ਦੀ ਮੁੱਖ-ਧਾਰਾ ਨਾਲ ਜੋੜਨ ਲਈ ਕਾਰਜਸ਼ੀਲ ਸੰਸਥਾਵਾਂ ਨੂੰ ਸਲਾਨਾ ਵਿੱਤੀ ਸਹਾਇਤਾ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਹ ਹੋਰ ਵਧੇਰੇ ਸਰਗਰਮੀ ਨਾਲ ਕੰਮ ਕਰ ਸਕਣ।










### ਸ਼ਰਧਾਂਜਲੀ ਸਮਾਗਮ ਮੌਕੇ ਹੋਈ ਵਿਚਾਰ ਚਰਚਾ

# ਨਵੇਂ ਚਾਨਣ ਦੀ ਨਾਇਕਾ ਸੀ ਕੈਲਾਸ਼ ਕੌਰ: ਡਾ. ਸਵਰਾਜਬੀਰ






ਬੀਤੇ ਦਿਨੀਂ ਕਾਫ਼ਲੇ 'ਚੋਂ ਵਿਛੜੀ ਪੰਜਾਬੀ ਰੰਗ ਮੰਚ ਦੇ ਨਵੇਂ ਰਾਹਾਂ ਦੀ ਸਿਰਜਕ ਸ੍ਰੀ ਮਤੀ ਕੈਲਾਸ਼ ਕੌਰ ਦੀ ਯਾਦ 'ਚ ਅੱਜ ਐਮਾਰ ਹੈਬੀਟੈਟ ਕਲੱਬ ਮੋਹਾਲੀ ਵਿਖੇ ਬਹੁਤ ਹੀ ਅਰਥ ਭਰਪੂਰ ਅਤੇ ਨਿਵੇਕਲੇ ਅੰਦਾਜ਼ ਵਿਚ ਸ਼ਰਧਾਂਜਲੀ ਸਮਾਗਮ ਕੀਤਾ ਗਿਆ।

ਸਮਾਗਮ ਦਾ ਆਗਾਜ਼ ਸ੍ਰੀਮਤੀ ਕੈਲਾਸ਼ ਕੌਰ ਦੀ ਦੋਹਤੀ ਨਾਦੀਆ ਸਿੰਘ ਬੁੱਕੂ ਦਾ ਇੰਗਲੈਂਡ ਤੋਂ ਭੇਜਿਆ ਬਹੁਤ ਹੀ ਭਾਵੁਕ ਅਤੇ ਮੁੱਲਵਾਨ ਲਿਖਤੀ ਸੁਨੇਹਾ ਡਾ. ਨਵਸ਼ਰਨ ਵੱਲੋਂ ਪੜ੍ਹਕੇ ਸੁਣਾਉਣ ਨਾਲ ਹੋਇਆ। ਨਾਦੀਆ ਨੇ ਆਪਣੀ ਨਾਨੀ ਦੀਆਂ ਯਾਦਾਂ ਦੀ ਪਟਾਰੀ ਸਾਂਝੀ ਕਰਦਿਆਂ ਲਿਖ ਭੇਜਿਆ ਕਿ ਉਹ ਮੇਰੀ ਨਾਨੀ, ਅਧਿਆਪਕ, ਜਮਾਤੀ ਅਤੇ ਆਲੋਚਕ ਸੀ। ਉਸਦੇ ਸੁਨੇਹੇ ਨੇ ਸਮਾਗਮ ਵਿੱਚ ਜੁੜੇ ਲੋਕਾਂ ਉਪਰ ਯਾਦਗਾਰੀ ਪ੍ਰਭਾਵ ਸਿਰਜਿਆ।

ਸ਼ਰਧਾਂਜਲੀ ਸਮਾਗਮ ਵਿੱਚ ਬੋਲਦਿਆਂ ਨਾਮਵਰ ਵਿਦਵਾਨ ਲੇਖਕ, ਨਾਟਕਕਾਰ ਅਤੇ ਕਵੀ ਡਾ. ਸਵਰਾਜਬੀਰ ਨੇ ਕਿਹਾ ਕਿ ਪੰਜਾਬੀ ਰੰਗਮੰਚ, ਸਾਡੇ ਸਮਾਜ ਅਤੇ ਭਵਿੱਖ ਲਈ ਨਵੇਂ ਚਾਨਣ ਦੀ ਨਾਇਕਾ ਹੈ ਸ੍ਰੀ ਮਤੀ ਕੈਲਾਸ਼ ਕੌਰ।

ਉਹਨਾਂ ਕਿਹਾ ਕਿ ਕੈਲਾਸ਼ ਕੌਰ ਨੇ ਸ਼੍ਰੋਮਣੀ ਨਾਟਕਕਾਰ ਗੁਰਸ਼ਰਨ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਦੀ ਸਿਰਜਣਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।

ਉਹਨਾਂ ਕਿਹਾ ਕਿ ਔਰਤਾਂ ਨੂੰ ਹਰ ਖੇਤਰ ਵਿਚ ਪਹਿਲ ਕਦਮੀ ਕਰਕੇ ਪ੍ਰਮੁੱਖ ਸਥਾਨ ਮੱਲਣ ਲਈ ਕੈਲਾਸ਼ ਕੌਰ ਦੀ ਅਮਿੱਟ ਦੇਣ ਨੂੰ ਆਉਣ ਵਾਲੀਆਂ ਪੀੜ੍ਹੀਆਂ ਸਿਜਦਾ ਕਰਨਗੀਆਂ ਅਤੇ ਪ੍ਰੇਰਨਾ ਲੈ ਕੇ ਆਪਣੇ ਜੀਵਨ ਸਫ਼ਰ ਦੇ ਨਵੇਂ ਰਾਹ ਬਣਾਉਣਗੀਆਂ।

ਡਾ. ਸਵਰਾਜਬੀਰ ਨੇ ਕਿਹਾ ਕਿ ਸਾਨੂੰ ਸਵੈ ਚਿੰਤਨ ਦੀ ਲੋੜ ਹੈ ਕਿ ਅਸੀਂ ਸ੍ਰੀ ਮਤੀ ਕੈਲਾਸ਼ ਕੌਰ ਬਾਰੇ ਜਿਹੜਾ ਸੰਵਾਦ ਅੱਜ ਉਹਨਾਂ ਦੇ ਤੁਰ ਜਾਣ ਤੋਂ ਬਾਅਦ ਕਰ ਰਹੇ ਹਾਂ ਉਹਨਾਂ ਦੇ ਜਿਉਂਦੇ ਜੀਅ ਕਿਉਂ ਨਹੀਂ ਕਰ ਸਕੇ।

ਗੁਰਸ਼ਰਨ ਭਾਅ ਜੀ ਦੇ ਹੱਥੀਂ ਲਾਏ ਬੂਟੇ ਪੰਜਾਬ ਲੋਕ ਸੱਭਿਆਚਾਰਕ ਮੰਚ (ਪਲਸ ਮੰਚ), ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਤਿੰਨੇ ਸੰਸਥਾਵਾਂ ਦੇ ਪ੍ਰਤੀਨਿਧ ਅਮੋਲਕ ਸਿੰਘ ਨੇ ਇਸ ਮੌਕੇ ਬੋਲਦਿਆਂ ਕਿਹਾ ਹੈ ਕਿ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਲੱਗਦਾ ਮੇਲਾ ਗ਼ਦਰੀ ਬਾਬਿਆਂ ਦਾ ਅਤੇ ਪਲਸ ਮੰਚ ਦੀਆਂ ਸਰਗਰਮੀਆਂ ਵਿਚ ਸ੍ਰੀ ਮਤੀ ਕੈਲਾਸ਼ ਕੌਰ ਦੀ ਸੋਚ ਅਤੇ ਅਮਲ ਦੀ ਸਪਿਰਟ ਧੜਕਦੀ ਹੈ।

ਉਹਨਾਂ ਕਿਹਾ ਕਿ ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲੇ ਦੀ ਮੈਂਬਰ ਸ੍ਰੀਮਤੀ ਕੈਲਾਸ਼ ਕੌਰ ਦਾ ਕੁੱਸਾ ਵਿਖੇ ਗੁਰਸ਼ਰਨ ਸਿੰਘ ਦੇ ਇਨਕਲਾਬੀ ਜਨਤਕ ਸਨਮਾਨ ਮੌਕੇ ਹਾਜ਼ਰ ਹੋ ਕੇ ਆਪਣੇ ਲੋਕਾਂ ਤੋਂ ਪ੍ਰਾਪਤ ਅਦਬ ਨੂੰ ਇਉਂ ਮਸਤਕ ਨਾਲ ਲਾਇਆ ਕਿ ਇਸਤੋਂ ਵੱਡਾ ਭਾਰਤ ਰਤਨ ਕਿਹੜਾ ਹੋ ਸਕਦਾ ਹੈ।

ਉਹਨਾਂ ਅਹਿਦ ਕੀਤਾ ਕਿ ਇਹ ਸੰਸਥਾਵਾਂ ਕੈਲਾਸ਼ ਕੌਰ ਦੀ ਕਹਿਣੀ ਅਤੇ ਕਰਨੀ ਵਿਚਲੀ ਇਕਸੁਰਤਾ ਨੂੰ ਸਦਾ ਬੁਲੰਦ ਰੱਖਣਗੀਆਂ। ਕੈਲਾਸ਼ ਕੌਰ ਦੀ ਧੀ ਨਾਮਵਰ ਵਿਦਵਾਨ ਲੇਖਕ, ਸਮਾਜਿਕ ਅਤੇ ਜਮਹੂਰੀ ਕਾਰਕੁਨ ਡਾ. ਨਵਸ਼ਰਨ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਾਡੀ ਮਾਂ ਇੱਕ ਬੇਹਤਰੀਨ ਰੰਗ ਮੰਚ ਦੀ ਬਿਹਤਰੀਨ ਅਦਾਕਾਰਾ ਦੇ ਨਾਲ ਨਾਲ ਬਹੁਤ ਹੀ ਗੁਣਵੰਤੀ ਸ਼ਖ਼ਸੀਅਤ ਸੀ।

ਉਹਨਾਂ ਕਿਹਾ ਕਿ ਜੇਕਰ ਸਾਡੇ ਮਾਪਿਆਂ ਨੇ ਆਪਣੇ ਸਮਾਜ ਪ੍ਰਤੀ ਫ਼ਰਜ਼ ਅਦਾ ਕੀਤੇ ਤਾਂ ਲੋਕਾਂ ਨੇ ਸਾਡੇ ਰੰਗ ਮੰਚ ਅਤੇ ਪਰਿਵਾਰ ਨੂੰ ਐਨੀ ਨਿੱਘੀ ਮੁਹੱਬਤ ਦਿੱਤੀ ਜਿਸਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ।

ਸਮਾਗਮ ਦੇ ਸਿਖ਼ਰ ਤੇ ਸੁਚੇਤਕ ਰੰਗ ਮੰਚ ਮੋਹਾਲੀ ਵੱਲੋਂ ਅਨੀਤਾ ਸ਼ਬਦੀਸ਼ ਦੀ ਨਿਰਦੇਸ਼ਨਾ ਹੇਠ ਬਹੁਤ ਹੀ ਪ੍ਰਭਾਵਸ਼ਾਲੀ ਅੰਦਾਜ਼ ਵਿਚ ਮਸ਼ਾਲਾਂ ਬਾਲ ਕੇ ਚੱਲਣਾ ਕੋਰਿਓਗਰਾਫੀ ਪੇਸ਼ ਕੀਤੀ ਗਈ।

ਸਮਾਗਮ ਮੌਕੇ ਗੁਰਸ਼ਰਨ ਸਿੰਘ, ਪ੍ਰੋ. ਰਣਧੀਰ ਸਿੰਘ ਹੋਰਾਂ ਦੇ ਪਰਿਵਾਰ, ਸਾਕ ਸਬੰਧੀਆਂ ਸਮੇਤ ਕਿਰਤੀ ਕਿਸਾਨ ਯੂਨੀਅਨ ਦੇ ਰਮਿੰਦਰ ਪਟਿਆਲਾ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਨੌਜਵਾਨ ਭਾਰਤ ਸਭਾ ਲਲਕਾਰ ਦੇ ਪੁਸ਼ਪਿੰਦਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਦੇ ਜਨਰਲ ਸਕੱਤਰ ਜਗਮੋਹਣ ਸਿੰਘ, ਪ੍ਰੈਸ ਸਕੱਤਰ ਅੰਗਰੇਜ਼ ਸਿੰਘ, ਜਮਹੂਰੀ ਅਧਿਕਾਰ ਸਭਾ ਦੇ ਪ੍ਰਧਾਨ ਪ੍ਰੋ. ਜਗਮੋਹਣ ਸਿੰਘ, ਬੂਟਾ ਸਿੰਘ ਮਹਿਮੂਦਪੁਰ, ਨਰਭਿੰਦਰ, ਡਾ. ਚਮਨ ਲਾਲ, ਗੁਰਸ਼ਰਨ ਸਿੰਘ ਲੋਕ ਕਲਾ ਸਲਾਮ ਕਾਫ਼ਲਾ ਦੇ ਜਸਪਾਲ ਜੱਸੀ ਅਤੇ ਪਾਵੇਲ ਕੁੱਸਾ, ਪੰਜਾਬੀ ਟ੍ਰਿਬਿਊਨ ਦੇ ਚਰਨਜੀਤ ਭੁੱਲਰ ਅਤੇ ਜਸਵੀਰ ਸਮਰ, ਭਾਰਤੀ ਕਮਿਊਨਿਸਟ ਪਾਰਟੀ ਦੇ ਦੇਵੀ ਦਿਆਲ ਸ਼ਰਮਾ, ਸੀ ਪੀ ਆਈ ਐੱਮ ਐੱਲ ਨਿਊ ਡੈਮੋਕਰੇਸੀ ਦੇ ਦਰਸ਼ਨ ਖਟਕੜ, ਇਨਕਲਾਬੀ ਕੇਂਦਰ ਦੇ ਕੰਵਲਜੀਤ ਖੰਨਾ, ਕਿਰਨਜੀਤ ਯਾਦਗਾਰ ਕਮੇਟੀ ਦੇ ਨਰਾਇਣ ਦੱਤ, ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਰਾਜਿੰਦਰ ਸਿੰਘ ਭਦੌੜ, ਰਾਮ ਸਵਰਨ ਲੱਖੇਵਾਲੀ, ਜਗਸੀਰ ਜੀਦਾ, ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ ਦੇ ਮੇਘ ਰਾਜ ਮਿੱਤਰ ਅਤੇ ਉਹਨਾਂ ਦਾ ਪਰਿਵਾਰ, ਇਪਟਾ ਦੇ ਸੰਜੀਵਨ, ਵਿਸ਼ਵ ਮਿੱਤਰ, ਡਾ. ਮੇਘਾ ਸਿੰਘ, ਸਾਹਿਤ ਆਲੋਚਕ ਅਰਵਿੰਦਰ ਕੌਰ ਕਾਕੜਾ, ਰੰਗ ਕਰਮੀ ਗੁਰਪ੍ਰੀਤ ਭੰਗੂ, ਸਵਰਨ ਭੰਗੂ, ਏਕੱਤਰ, ਪ੍ਰੋ. ਅਜਾਇਬ ਸਿੰਘ ਟਿਵਾਣਾ, ਪ੍ਰੋ. ਜਗਤਾਰ ਮਾਨਸਾ, ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਾਥੀ, ਸਾਹਿਤ ਚਿੰਤਨ ਚੰਡੀਗੜ੍ਹ ਦੇ ਕਨਵੀਨਰ ਸਰਦਾਰਾ ਸਿੰਘ ਚੀਮਾ, ਆਰ ਐਮ ਪੀ ਆਈ ਦੇ ਪ੍ਰੋ. ਜੈਪਾਲ ਸਿੰਘ, ਕੇਂਦਰੀ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸਿੰਘ ਸੇਵੇਵਾਲਾ, ਨੌਜਵਾਨ ਭਾਰਤ ਸਭਾ ਦੇ ਪ੍ਰਧਾਨ ਅਸ਼ਵਨੀ ਘੁੱਦਾ, ਤੇਰਾ ਸਿੰਘ ਚੰਨ ਦਾ ਪਰਿਵਾਰ, ਪ੍ਰਗਤੀਸ਼ੀਲ ਲੇਖਕ ਸੰਘ ਦੇ ਡਾ. ਸੁਖਦੇਵ ਸਿਰਸਾ ਅਤੇ ਡਾ.ਕੁਲਦੀਪ ਦੀਪ, ਡਾ. ਸਤੀਸ਼ ਵਰਮਾ, ਦਲਜੀਤ ਅਮੀ, ਜਤਿੰਦਰ ਮੌਹਰ, ਰਣਦੀਪ ਮੱਦੋਕੇ, ਸ਼ਬਦੀਸ਼, ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ, ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਦੇ ਹਰਕੇਸ਼ ਚੌਧਰੀ ਅਤੇ ਸਾਥੀ ਹਾਜ਼ਰ ਸਨ।

ਸਮਾਗਮ ਦੀ ਸ਼ੁਰੂਆਤ ਡਾ. ਨਿਵੇਦਿਤਾ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸ਼ਬਦ ਗਾਇਨ ਨਾਲ ਹੋਈ। ਮੰਚ ਸੰਚਾਲਨ ਦੀ ਭੂਮਿਕਾ ਨਾਟਕਕਾਰ ਅਤੇ ਗੁਰਸ਼ਰਨ ਸਿੰਘ ਯਾਦਗਾਰੀ ਟਰੱਸਟ ਦੇ ਮੈਂਬਰ ਕੇਵਲ ਧਾਲੀਵਾਲ ਨੇ ਕੀਤੀ। ਉਹਨਾਂ ਨੇ ਬਹੁਤ ਹੀ ਖ਼ੂਬਸੂਰਤ ਅੰਦਾਜ਼ ਵਿਚ ਸ੍ਰੀ ਮਤੀ ਕੈਲਾਸ਼ ਕੌਰ ਦੀਆਂ ਯਾਦਾਂ ਦਾ ਹਾਰ ਪਰੋਣ ਦਾ ਸੂਖ਼ਮਤਾ ਨਾਲ ਕਾਰਜ ਨੇਪਰੇ ਚਾੜ੍ਹਿਆ।

# ਬਲਿਉ ਓਕ ਪਾਰਕ ਵਿਖੇ ਕਮਿਉਨਿਟੀ ਗੈਦਰਿੰਗ ਪ੍ਰੋਗਰਾਮ








ਬਰੈਪਟਨ : ਬਲਿਉ ਓਕ ਨੇਬਰਹੁਡ ਐਸੋਸ਼ੀਏਸ਼ਨ ਬਰੈਂਪਟਨ (ਐਫੀਲੀਏਟਡ) ਵਲੋਂ ਬਲਿਉ ਓਕ ਪਾਰਕ ਵਿਖੇ ਕਮਿਉਨਿਟੀ ਗੈਦਰਿੰਗ ਪ੍ਰੋਗਰਾਮ ਕਰਵਾਇਆ ਗਿਆ। ਇਸ ਸਮਾਗਮ ਵਿਚ ਐਸ਼ੋਸ਼ੀਏਸ਼ਨ ਦੇ ਅਹੁਦੇਦਾਰਾਂ, ਮੈਂਬਰਾਂ ਤੋਂ ਇਲਾਵਾ ਬਲੈਕ ਓਕ ਸੀਨੀਅਰਜ਼ ਕਲੱਬ ਦੇ ਅਹੁਦੇਦਾਰਾਂ, ਮੈਬਰਾਂ ਸਮੇਤ ਪਾਰਕ ਦੇ ਆਲੇ ਦੁਆਲੇ ਰਹਿੰਦੇ ਵੱਖ ਵੱਖ ਕਮਿਉਨਿਟੀ ਦੇ ਪ੍ਰੀਵਾਰਾਂ, ਲੇਡੀਜ਼ ਅਤੇ ਬਚਿਆਂ ਵਲੋਂ ਬੜੇ ਉਤਸ਼ਾਹ ਨਾਲ ਸਮੂਲੀਅਤ ਕੀਤੀ ਗਈ। ਸਟੇਜ ਦਾ ਸੰਚਾਲਣ ਜਸਵੰਤ ਸਿੰਘ ਧਾਲੀਵਾਲ ਵਲੋਂ ਬਾ-ਖ਼ੂਬੀ ਨਿਭਾਇਆ ਗਿਆ। ਪ੍ਰੋਗਰਾਮ ਨੂੰ ਸਫਲਤਾ ਪੂਰਕ ਅਤੇ ਵਧੀਆ ਤਰੀਕੇ ਨਾਲ ਚਲਾਉਣ ਲਈ ਅਸ਼ੋਸ਼ੀਏਸ਼ਨ ਦੇ ਪ੍ਰਧਾਨ ਜਸਕਰਨ ਕੈਲੇ, ਖਜ਼ਾਨਚੀ (ਟਰੈਜ਼ਰ) ਅਮਨਦੀਪ ਸਿੰਘ ਧਾਲੀਵਾਲ ਅਤੇ ਐਚਐਸ ਰੰਧਾਵਾ ਵਲੋਂ ਅਹਿਮ ਭੂਮਕਾ ਅਦਾ ਕੀਤੀ ਗਈ।

ਪ੍ਰੋਗਰਾਮ ਦੇ ਸ਼ੁਰੂ ਵਿਚ ਸ਼੍ਰੀ ਗੁਰਪ੍ਰੀਤ ਸਿੰਘ ਨਾਗਰਾਂ ਵਲੋਂ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ ਗਿਆ। ਸ੍ਰੀ ਸਕੰਦਰ ਸਿੰਘ ਝੱਜ ਵਲੋਂ ਸੰਬੋਧਨ ਕਰਦਿਆਂ ਸੀਨੀਅਰ ਸਿਟੀਜ਼ਨਜ਼ ਨੂੰ ਕਨੇਡਾ ਸਰਕਾਰ ਵਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਬਾਰੇ ਚਾਨਣਾ ਪਾਇਆ। ਇਹ ਵੀ ਸਲਾਹ ਦਿੱਤੀ ਗਈ ਕਿ ਜੋ ਵੀ ਸੱਜਣ ਇੰਡੀਆ/ਪੰਜਾਬ ਜਾ ਰਹੇ ਹਨ ਉਥੇ ਆਪਣਾ ਵਿਸ਼ੇਸ਼ ਧਿਆਨ ਰੱਖਣ। ਇਸ ਪ੍ਰੋਗਰਾਮ ਵਿਚ ਐਮਪੀਪੀ ਗਰੈਮ ਮੈਕਗਰੇਗਰ ਜ਼ਰੂਰੀ ਰੁਝੇਵੇਂ ਹੋਣ ਕਰਕੇ ਪਹੁੰਚ ਨਹੀਂ ਸਕੇ ਅਤੇ ਉਹਨਾਂ ਦੇ ਬਿਹਾਫ ਤੇ ਗਰੈਮ ਦੇ ਪੀਏ ਜਸਕਰਨ ਕੈਲੇ ਅਤੇ ਜੋਤਇੰਦਰ ਸਿੰਘ ਸੋਢੀ ਵਲੋਂ ਹਾਜ਼ਰੀ ਲਵਾਈ ਗਈ ਅਤੇ ਵਿਚਾਰ ਪੇਸ਼ ਕੀਤੇ ਗਏ। ਉਹਨਾਂ ਵਲੋਂ ਪਾਰਕ ਵਿਚ ਕਰਵਾਏ ਵਿਕਾਸ ਦੇ ਕੰਮ ਜਿਵੇਂ ਕਿ ਕ੍ਰਿਕਟ ਸਟੇਡੀਅਮ ਦਾ ਜਿਕਰ ਕੀਤਾ ਅਤੇ ਇਹ ਵੀ ਦਸਿਆ ਕਿ ਸਿਟੀ ਬਰੈਂਪਟਨ ਵਲੋਂ ਪਾਰਕ ਵਿਚ ਇਕ ਹੋਰ ਸ਼ੈਡ ਬਣਾਉਣ ਦੀ ਮੰਨਜ਼ੂਰੀ ਦਿੱਤੀ ਹੈ ਜਿਸ ਦਾ ਕੰਮ ਜਲਦੀ ਸ਼ੁਰੂ ਹੋ ਜਾਵੇਗਾ। ਸਮਾਗਮ ਵਿਚ ਉਚੇਚੇ ਤੌਰ ਤੇ ਪੀਲ ਡਿਸਟ੍ਰਿਕ ਸਕੂਲ ਬੋਰਡ ਦੇ ਡਿਪਟੀ ਚੇਅਰਮੈਨ ਅਤੇ ਵਾਰਡ ਨੰ: 9 ਅਤੇ 10 ਤੋਂ ਸਕੂਲ ਟਰਸਟੀ ਸਤਪਾਲ ਸਿੰਘ ਜੌਹਲ ਵਲੋਂ ਦੱਸਿਆ ਕਿ ਲੋਕਾਂ ਦੀਆਂ ਸਕੂਲਾਂ ਨਾਲ ਸਬੰਧਤ ਮੁਸ਼ਕਲਾਂ ਨੂੰ ਹੱਲ ਕਰਨ ਅਤੇ ਹਾਂ ਪੱਖੀ ਸੁਧਾਰਾ ਲਈ ਲਗਾਤਾਰ ਕੰਮ ਕੀਤਾ ਜਾ ਰਿਹਾ ਹੈ ਅਤੇ ਬੱਚਿਆਂ ਦੇ ਸਕੂਲ ਵਿਚ ਮੁਬਾਇਲ ਨਾ ਵਰਤਣ ਤੇ ਪਾਬੰਦੀ ਲਾਉਣ ਵਿਚ ਸਫਲ ਹੋਏ ਹਨ। ਉਨ੍ਹਾਂ ਨੇ ਮਾਪਿਆਂ ਨੂੰ ਵੀ ਨਸੀਅਤ ਦਿੱਤੀ ਕਿ ਉਹ ਬਚਿਆਂ ਨੂੰ ਘਰੋਂ ਹੀ ਨਾਸ਼ਤਾ ਤਿਆਰ ਕਰ ਕੇ ਦੇਣ ਤਾਂ ਜੋ ਉਹਨਾਂ ਦੀ ਸਿਹਤ ਚੰਗੀ ਬਣ ਸਕੇ। ਉਹਨਾਂ ਵਲੋਂ ਇਹ ਵੀ ਦੱਸਿਆ ਕਿ ਪੜਾਈ ਦੇ ਮਿਆਰੀ ਮਨੋਬਲ ਵੱਲ ਵੀ ਉਹ ਖਾਸ ਧਿਆਨ ਦੇ ਰਹੇ ਹਨ।

ਸਮਾਗਮ ਦੌਰਾਨ ਮਸਤਾਨੇ ਬੈਂਡ ਲਾਈਵ ਮਿਉਜ਼ੀਕਲ ਗਰੁੱਪ ਵਲੋਂ ਸ਼ਾਨਦਾਰ ਪ੍ਰਦਰਸ਼ਨ ਕੀਤਾ ਜਿਸ ਵਿਚ ਜੋਬਨ ਸੁਨਾਮੀ, ਵਲੋਂ ਪੰਜਾਬੀ ਵਿਰਸੇ ਨਾਲ ਸਬੰਧਤ ਸਾਜਾਂ ਤੁੰਬੀ, ਹਰਮੋਨੀਅਮ, ਧਾਲੀਵਾਲ ਵਲੋ ਗਿਟਾਰ ਅਤੇ ਸ਼ੈਰੀ ਵਲੋ ਢੋਲਕੀ ਦੀ ਥਾਪ ਤੇ ਚੰਗਾ ਰੰਗ ਬੰਨਿਆਂ। ਹਰਸ਼ ਅਤੇ ਰਮਨ ਲੀਡ ਸਿੰਗਰ ਵਜੋਂ ਪੰਜਾਬੀ ਗੀਤਾਂ ਦੀ ਸ਼ਹਿਬਰ ਲਗਾਈ ਜਿਸ ਦਾ ਹਾਜ਼ਰ ਸਰੋਤਿਆਂ ਵਲੋਂ ਜ਼ੋਰਦਾਰ ਤਾੜੀਆਂ ਮਾਰ ਕੇ ਸਵਾਗਤ ਕੀਤਾ ਅਤੇ ਕਲਾਂਕਾਰਾਂ ਦੀ ਹੌਸਲਾ ਅਫਜ਼ਾਈ ਕੀਤੀ। ਬੀਬਾ ਕੋਕੋ ਵਲੋਂ ਸੁਰਿੰਦਰ ਕੌਰ ਦਾ ਗੀਤ "ਬਾਜ਼ਰੇ ਦਾ ਸਿਟਾ ਨੀ ਅਸੀਂ ਤਲੀ ਤੇ ਮਰੋੜਿਆ" ਵਖਰੀ ਛਾਪ ਛੱਡ ਗਿਆ। ਸਕੂਲ ਦੀ ਵਿਦਿਆਰਥਨ ਅਨਿਕਾ ਅਤੇ ਨੇਹਾ ਵਲੋਂ ਡਾਨਸ ਪੇਸ਼ ਕੀਤਾ ਅਤੇ ਪਰਮ ਸਿੰਘ ਵਲੋਂ ਭੰਗੜਾ ਪਾ ਕੇ ਖ਼ੂਬ ਰੰਗ ਬੰਨਿਆ। ਚਮਕੌਰ ਸਿੰਘ ਵਲੋਂ ਉਚੀ ਹੇਕ ਵਿਚ ਗਾਏ ਗੀਤ ਵੀ ਸ਼ਲਾਘਾਯੋਗ ਸੀ ਅੰਤ ਵਿਚ ਐਸ਼ੋਸ਼ੀਏਸ਼ਨ ਦੇ ਮੈਬਰ ਅਤੇ ਸੀਨੀਅਰ ਬਲੈਕ ਓਕ ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਬਰਾੜ ਨੇ ਸਾਰਿਆਂ ਦਾ ਧੰਨਵਾਦ ਕੀਤਾ। ਫੋਟੋਗ੍ਰਾਫੀ ਦੀ ਸੇਵਾ ਰਾਮ ਦਿਆਲ ਵਲੋ ਨਿਭਾਈ ਗਈ। ਪ੍ਰਬੰਧਕਾਂ ਵਲੋਂ ਚਾਹ, ਸਟੈਕਸ ਅਤੇ ਕੋਲਡ ਡਰਿੰਕਸ ਦਾ ਪ੍ਰਬੰਧ ਕੀਤਾ ਗਿਆ ਸੀ ਜਿਸ ਦਾ ਸਾਰਿਆਂ ਨੇ ਅਨੰਦ ਮਾਣਿਆਂ।

**ਜਸਵੰਤ ਸਿੰਘ ਧਾਲੀਵਾਲ** 437-217-3689

**ਐਚ ਐਸ ਰੰਧਾਵਾ**

# ਸਾਮਰਾਜੀ ਦੇਸ਼ਾਂ 'ਚ ਰੁਜ਼ਗਾਰ ਦੇ ਘੱਟਦੇ ਮੌਕੇ ਤੇ ਵੱਧਦੀ ਬੇਚੈਨੀ



ਮਨਦੀਪ
(+1 438-924-2052)
mandeepsaddowal@gmail.com

ਕਰੋਨਾ ਮਹਾਂਮਾਰੀ ਤੋਂ ਬਾਅਦ ਮੱਧ ਪੂਰਬੀ ਖਿੱਤੇ ਦੇ ਜੰਗੀ-ਸਰਹੱਦੀ ਕਲੇਸ਼ ਦਾ ਅਸਰ ਦਿਨ-ਬ-ਦਿਨ ਕੁੱਲ ਆਲਮ ਨੂੰ ਆਪਣੀ ਚਪੇਟ ਵਿੱਚ ਲੈ ਰਿਹਾ ਹੈ। ਰੂਸ-ਯੂਕਰੇਨ ਅਤੇ ਇਜ਼ਰਾਇਲ-ਫਲਸਤੀਨ ਵਿਚਕਾਰ ਚੱਲਦੀ ਆ ਰਹੀ ਜੰਗ ਜਿੱਥੇ ਹੋਰ ਲੰਬੀ ਖਿੱਚੀ ਜਾ ਰਹੀ ਹੈ ਉੱਥੇ ਮੱਧ ਪੂਰਬੀ ਖਿੱਤੇ ਦੇ ਇਰਦ-ਗਿਰਦ ਜੰਗੀ ਕਲੇਸ਼ ਦਾ ਘੇਰਾ ਲਗਾਤਾਰ ਵੱਧਦਾ ਜਾ ਰਿਹਾ ਹੈ। ਸੰਸਾਰ ਦੀਆਂ ਮਹਾਂਸ਼ਕਤੀਆਂ ਦੀ ਸਰਪ੍ਰਸਤੀ ਹੇਠ ਚੱਲ ਰਹੀਆਂ ਜੰਗਾਂ ਵਿੱਚ ਉਲਝੇ ਦੇਸ਼ਾਂ ਦੁਆਲੇ ਕਈ ਖੇਤਰੀ ਝਗੜੇ ਹੋਰ ਵੱਧ ਤਿੱਖੇ ਹੋ ਰਹੇ ਹਨ। ਸੰਸਾਰ ਦੇ ਦੋ ਵੱਡੇ ਤੇ ਪੁਰਾਣੇ ਵਿਰੋਧੀ ਧੜੇ ਦੁਨੀਆਂ ਦੇ ਸਾਰੇ ਮੁਲਕਾਂ ਨੂੰ ਇਹਨਾਂ ਦੋ ਜੰਗਾਂ ਦੇ ਇਰਦ-ਗਿਰਦ ਵੰਡਣ ਅਤੇ ਲਾਮਬੰਦ ਕਰਨ ਵਿੱਚ ਮਸ਼ਰੂਫ਼ ਹਨ। ਇੱਕ ਪਾਸੇ ਅਮਰੀਕਾ ਦੀ ਅਗਵਾਈ ਵਾਲੀਆਂ ਪੱਛਮੀ ਤਾਕਤਾਂ ਦਾ ਗੱਠਜੋੜ ਹੈ ਅਤੇ ਦੂਜੇ ਪਾਸੇ ਰੂਸ ਤੇ ਉਸਦੇ ਕੰਮਜ਼ੋਰ ਭਾਈਵਾਲਾਂ ਦਾ ਧੜਾ ਹੈ। ਭਾਵੇਂ ਕਿ ਚੀਨ ਸਿੱਧੀ-ਅਸਿੱਧੀ ਫੌਜੀ ਕਾਰਵਾਈ ਜਾਂ ਜੰਗ ਦਾ ਹਿੱਸਾ ਨਹੀਂ ਬਣ ਰਿਹਾ ਪਰੰਤੂ ਆਲਮੀ ਵਪਾਰਕ ਜੰਗ ਦੇ ਹਿੱਤਾਂ ਦੀ ਰਾਖੀ ਲਈ ਉਸਦਾ ਅਮਰੀਕਾ ਵਿਰੋਧੀ ਤਾਕਤਾਂ ਨੂੰ ਕੂਟਨੀਤਿਕ ਅਤੇ ਵਿੱਤੀ-ਵਪਾਰਕ ਸਹਿਯੋਗ ਬੇਰੋਕ ਜਾਰੀ ਹੈ। ਸੰਸਾਰ ਦੇ ਦੋਵੇਂ ਧੜੇ ਆਪਣੇ-ਆਪਣੇ ਕੌਮਾਂਤਰੀ ਪਸਾਰਵਾਦੀ ਆਰਥਿਕ-ਸਿਆਸੀ ਹਿੱਤਾਂ ਲਈ ਜੋਰ-ਅਜ਼ਮਾਇਸ਼ ਕਰ ਰਹੇ ਹਨ। ਇਹਨਾਂ ਤਾਕਤਾਂ ਦੀ ਨੂਰਾ-ਕੁਸ਼ਤੀ ਵਿਚਕਾਰ ਸੰਸਾਰ ਦੇ ਆਮ ਲੋਕ ਲਗਾਤਾਰ ਪਿਸਦੇ ਜਾ ਰਹੇ ਹਨ। ਸਾਮਰਾਜੀ ਜੰਗਾਂ-ਝਗੜਿਆਂ ਅਤੇ ਇਹਨਾਂ ਤਾਕਤਾਂ ਦੀਆਂ ਆਰਥਿਕ-ਸਿਆਸੀ ਤੇ ਕੂਟਨੀਤਿਕ ਨੀਤੀਆਂ ਕਰਕੇ ਕੁੱਲ ਸੰਸਾਰ ਵਿੱਚ ਮਹਿੰਗਾਈ, ਬੇਰੁਜ਼ਗਾਰੀ, ਗਰੀਬੀ, ਰਿਹਾਇਸ਼ੀ ਘਰਾਂ ਦਾ ਸੰਕਟ, ਟੈਕਸ ਬੋਝ, ਨਸਲੀ ਵਿਤਕਰੇਬਾਜ਼ੀ, ਸ਼ਰਨਾਰਥੀ ਤੇ ਪ੍ਰਵਾਸ ਸੰਕਟ ਲਗਾਤਾਰ ਹੋਰ ਵੱਧ ਗਹਿਰਾ ਹੋ ਰਿਹਾ ਹੈ। ਜਿੱਥੇ ਇਸ ਸਾਮਰਾਜੀ ਉਜਾੜੇ ਦਾ ਸਭ ਤੋਂ ਵੱਧ ਸ਼ਿਕਾਰ ਸੰਸਾਰ ਦੇ ਵਿਕਾਸਸ਼ੀਲ ਮੁਲਕਾਂ ਦੇ ਲੋਕ ਹੋ ਰਹੇ ਹਨ, ਉੱਥੇ ਇਸਦੇ ਦੁਰਪ੍ਰਭਾਵ ਦੇ ਚਿੰਨ੍ਹ ਵਿਕਾਸਸ਼ੀਲ ਮੁਲਕਾਂ ਵਿੱਚ ਵੀ ਉੱਘੜ ਰਹੇ ਹਨ।

ਵਿਕਾਸਸ਼ੀਲ ਮੁਲਕਾਂ ਦੀ ਤੁਲਨਾ 'ਚ ਵਿਕਸਿਤ ਪੂੰਜੀਵਾਦੀ ਮੁਲਕਾਂ ਵਿੱਚ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ ਆਦਿ ਸੰਕਟ ਬਹੁਤੀ ਦਫ਼ਾ 'ਆਮ ਵਰਤਾਰਾ' ਨਹੀਂ ਰਹੇ। ਪਰੰਤੂ ਵਿਸ਼ਵੀਕਰਨ ਅਧੀਨ ਸੰਸਾਰ ਦੇ ਲਗਾਤਾਰ ਤੇਜ਼ੀ ਨਾਲ ਹੋ ਰਹੇ ਪੂੰਜੀਵਾਦੀ ਵਿਕਾਸ ਅਤੇ ਇਸਤੋਂ ਪੈਦਾ ਹੋਏ ਵਿਨਾਸ਼ ਕਾਰਨ, ਵਿਸ਼ਵੀ ਤਾਕਤਾਂ ਵੀ ਪੂੰਜੀਵਾਦੀ ਉਜਾੜੇ ਦੇ ਦੁਰਪ੍ਰਭਾਵਾਂ ਦੀ ਚਪੇਟ ਵਿੱਚ ਆ ਰਹੀਆਂ ਹਨ। ਪਿਛਲੇ ਕੁਝ ਦਹਾਕਿਆਂ ਤੋਂ, ਗਿਣਤੀ ਦੇ ਘੱਟ-ਵੱਧ ਅੰਤਰ ਨਾਲ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਨਿਊਜ਼ੀਲੈਂਡ, ਇੰਗਲੈਂਡ ਆਦਿ ਮੁਲਕਾਂ ਵਿੱਚ ਬੇਸ਼ੁਮਾਰ ਪ੍ਰਵਾਸ ਦੇ ਬਾਵਜੂਦ ਬੇਰੁਜ਼ਗਾਰੀ ਆਮ ਵਰਤਾਰਾ ਨਹੀਂ ਰਹੀ। ਇਸਦੇ ਉਲਟ ਇਹਨਾਂ ਮੁਲਕਾਂ ਵਿੱਚ ਵੱਖ-ਵੱਖ ਖੇਤਰਾਂ ਵਿੱਚ ਹੁਨਰਮੰਦ ਕਾਮਿਆਂ ਦੀ ਵਕਤੀ-ਬੇਵਕਤੀ ਘਾਟ ਰਹੀ ਹੈ। ਵੱਖ-ਵੱਖ ਖੇਤਰਾਂ ਵਿੱਚ ਲੇਬਰ ਦੀ ਇਸੇ ਘਾਟ ਦੀ ਪੂਰਤੀ ਲਈ ਇਹਨਾਂ ਵਿਕਸਿਤ ਪੂੰਜੀਵਾਦੀ ਮੁਲਕਾਂ ਨੇ ਵਿਕਾਸਸ਼ੀਲ ਮੁਲਕਾਂ ਦੇ ਹੁਨਰਮੰਦ ਕਾਮਿਆਂ ਲਈ ਵੱਖ-ਵੱਖ ਤਰ੍ਹਾਂ ਦੇ ਇਮੀਗ੍ਰੇਸ਼ਨ ਪ੍ਰੋਗਰਾਮ ਚਲਾਕੇ ਆਪਣੇ ਮੁਲਕਾਂ ਦੇ ਪੈਦਾਵਾਰੀ ਖੇਤਰਾਂ ਨੂੰ ਹੋਰ ਵੱਧ ਨਿਪੁੰਨ ਤੇ ਵਿਕਸਿਤ ਕੀਤਾ ਹੈ। ਸਾਮਰਾਜੀ ਮੁਲਕਾਂ ਦੇ ਇਹਨਾਂ ਪੈਦਾਵਾਰੀ ਖੇਤਰਾਂ ਦੀਆਂ ਪੈਦਾਵਾਰੀ ਵਸਤੂਆਂ ਦੀਆਂ ਮੰਡੀਆਂ ਵੀ ਮੋੜਵੇਂ ਰੂਪ ਵਿੱਚ ਵਿਕਾਸਸ਼ੀਲ ਮੁਲਕ ਹੀ ਬਣਦੇ ਰਹੇ ਹਨ। ਪਿਛਲੇ ਇੱਕ ਦਹਾਕੇ ਵਿੱਚ ਇਹਨਾਂ ਮੁਲਕਾਂ ਦੇ ਪੈਦਾਵਾਰੀ ਖੇਤਰ ਵਿੱਚ ਆਈ ਤੇਜ਼ੀ ਵਿੱਚ ਜਿੱਥੇ ਸਾਮਰਾਜੀ ਸਰਮਾਏ ਤੇ ਨਵੀਂ ਤਕਨੀਕ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ, ਉੱਥੇ ਸਸਤੀ ਤੇ ਹੁਨਰਮੰਦ ਪ੍ਰਵਾਸੀ ਲੇਬਰ ਦੀ ਵਰਤੋਂ ਨਾਲ ਇਹਨਾਂ ਸਾਮਰਾਜੀ ਮੁਲਕਾਂ ਨੇ ਮੰਡੀ ਦੀਆਂ ਲੋੜਾਂ ਤੋਂ ਵੱਧ ਪੈਦਾਵਾਰ ਕਰਕੇ ਵੱਖ-ਵੱਖ ਜਿਣਸਾਂ ਦੇ ਅੰਬਾਰ ਲਾ ਲਏ। ਇਸ ਵਾਧੂ ਪੈਦਾਵਾਰ ਦੀ ਖਪਤ ਲਈ ਸਾਮਰਾਜੀ ਤਾਕਤਾਂ ਵਿਚਕਾਰ ਵਪਾਰਕ ਜੰਗ ਦੇ ਚੱਲਦਿਆਂ ਸੰਸਾਰ ਭਰ ਵਿੱਚ ਮੰਡੀਆਂ ਦੇ ਪਸਾਰ ਦੀ ਹੋੜ ਲੱਗ ਗਈ। ਜਿਣਸਾਂ ਦੀ ਖਪਤ, ਮੰਡੀ ਦੇ ਪਸਾਰ ਅਤੇ ਸੰਸਾਰ ਚੌਧਰ ਲਈ ਇੱਕ ਤੋਂ ਬਾਅਦ ਇੱਕ ਜੰਗਾਂ ਤੇ ਖੇਤਰੀ-ਸਰਹੱਦੀ ਝਗੜਿਆਂ-ਵਿਵਾਦਾਂ ਦੀ ਲੜੀ ਸ਼ੁਰੂ ਕੀਤੀ ਗਈ। ਸਰਹੱਦੀ ਵਿਵਾਦਾਂ, ਜੰਗਾਂ ਤੇ ਖੇਤਰੀਆਂ ਝਗੜਿਆਂ ਕਾਰਨ ਵਪਾਰਕ ਸਬੰਧਾਂ ਅਤੇ ਆਰਥਿਕ-ਵਪਾਰਕ ਰੋਕਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪੱਛਮੀ ਖੇਮੇ ਦੇ ਦੇਸ਼ਾਂ ਨੇ ਮਿਲਕੇ ਰੂਸ ਉੱਤੇ ਆਰਥਿਕ ਰੋਕਾਂ ਲਗਾ ਦਿੱਤੀਆਂ। ਰੂਸ ਨੇ ਭਾਰਤ-ਚੀਨ ਸਮੇਤ ਅਮਰੀਕਾ ਵਿਰੋਧੀ ਮੱਧ-ਪੂਰਬੀ ਤੇ ਖੱਬੇਪੱਖੀ ਅਤੀਤ ਵਾਲੇ ਕਈ ਲਾਤੀਨੀ ਮੁਲਕਾਂ ਨਾਲ ਵਪਾਰਕ ਸਾਂਝ ਦਾ ਹੱਥ ਵਧਾ ਦਿੱਤਾ। ਰੂਸ ਨਾਲ ਵਪਾਰਕ ਸਾਂਝ ਰੱਖਣ ਵਾਲੇ ਦੇਸ਼ਾਂ ਨੂੰ ਲਗਾਤਾਰ ਅਮਰੀਕੀ ਸਾਮਰਾਜੀ ਵਿਰੋਧ ਤੇ ਕੂਟਨੀਤਿਕ ਘੁਰਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਮਰਾਜੀ ਤਾਕਤਾਂ ਦੀ ਧੜੇਬੰਦੀ ਕਾਰਨ ਵਿਸ਼ਵ ਵਪਾਰਕ ਆਵਾਜਾਈ ਲਈ ਅਹਿਮ ਲਾਲ ਸਾਗਰ, ਕਾਲਾ ਸਾਗਰ ਅਤੇ ਹਿੰਦ ਪ੍ਰਸ਼ਾਂਤ ਮਹਾਂਸਾਗਰ ਦੇ ਆਲੇ-ਦੁਆਲੇ ਦਾ ਖੇਤਰ ਵਿਸ਼ਵ ਵਪਾਰ ਨੂੰ ਬੁਰੇ ਰੁਖ ਪ੍ਰਭਾਵਿਤ ਕਰ ਰਿਹਾ ਹੈ। ਇਹਨਾਂ ਜੰਗਾਂ ਤੇ ਝਗੜਿਆਂ ਤੋਂ ਪ੍ਰਭਾਵਿਤ ਵਿਸ਼ਵ ਵਪਾਰ ਕਾਰਨ ਵਸਤਾਂ ਦੀ ਸਪਲਾਈ ਦੀ ਘਾਟ ਅਤੇ ਸਪਲਾਈ ਦੀ ਇਸ ਘਾਟ ਵਿੱਚੋਂ ਪੈਦਾ ਹੋਈ ਮੰਗ ਕਾਰਨ ਕੀਮਤਾਂ ਵਿੱਚ ਹੋਏ ਬੇਸ਼ੁਮਾਰ ਵਾਧੇ ਕਰਕੇ ਕੁੱਲ ਆਲਮ ਮਹਿੰਗਾਈ ਦੀ ਮਾਰ ਹੇਠ ਆ ਗਿਆ ਹੈ। ਇਸੇ ਕਰਕੇ ਕਰੋਨਾ ਕਾਲ ਤੋਂ ਲੈ ਕੇ ਮੌਜੂਦਾ ਜੰਗਾਂ-ਝਗੜਿਆਂ ਦੇ ਚੱਲਦਿਆਂ ਆਮ ਲੋਕਾਂ ਦਾ ਗੁਜ਼ਰ-ਬਸਰ ਬੇਹੱਦ ਮੁਸ਼ਕਲ ਹੁੰਦਾ ਜਾ ਰਿਹਾ ਹੈ ਅਤੇ ਸੰਸਾਰ ਕਾਰਪੋਰੇਟ ਘਰਾਣਿਆਂ ਦੇ ਸੁਪਰ ਮੁਨਾਫਿਆ ਵਿੱਚ ਕਈ-ਕਈ ਸੌ ਫੀਸਦੀ ਇਜ਼ਾਫਾ ਹੋ ਰਿਹਾ ਹੈ।




*ਹਾਲਤ ਦਾ ਇੱਕ ਕਰੂਰ ਪਹਿਲੂ ਇਹ ਵੀ ਹੈ ਕਿ ਕੈਨੇਡਾ ਵਰਗੇ ਮੁਲਕ ਵਿੱਚ ਸਾਲ 2022 ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ 3% ਦਾ ਵਾਧਾ ਹੋਇਆ ਪ੍ਰੰਤੂ ਮਹਿੰਗਾਈ ਦਰ 6.8% ਦੀ ਗਤੀ ਨਾਲ ਛੜੱਪੇ ਮਾਰਕੇ ਵਧੀ। ਵਿਕਸਿਤ ਮੁਲਕਾਂ ਵਿੱਚ ਗੁਜ਼ਰ-ਬਸਰ ਦੀਆਂ ਕੀਮਤਾਂ, ਫੈਡਰਲ ਬੈਂਕਾਂ ਦੀਆਂ ਵਿਆਜ਼ ਦਰਾਂ, ਰਿਹਾਇਸ਼ੀ ਘਰਾਂ ਦੇ ਕਿਰਾਏ ਤੇ ਟੈਕਸ ਲਗਾਤਾਰ ਉਪਰ ਵੱਲ ਜਾ ਰਹੇ ਹਨ ਅਤੇ ਲੋਕਾਂ ਦੀ ਆਮਦਨ, ਨੌਕਰੀਆਂ ਤੇ ਰਿਹਾਇਸ਼ੀ ਘਰਾਂ ਦੀ ਜ਼ਰੂਰਤ ਹੇਠਾਂ ਵੱਲ ਨੂੰ ਲੁੜਕ ਰਹੀ ਹੈ।*

ਸਾਮਰਾਜੀ ਨੀਤੀਆਂ ਕਾਰਨ ਧੀਮੀ ਹੋਈ ਗਲੋਬਲ ਆਰਥਿਕਤਾ ਕਾਰਨ ਵਸਤੂਆਂ ਅਤੇ ਸੇਵਾਵਾਂ ਦੀ ਮੰਗ ਲਗਾਤਾਰ ਘਟੀ ਹੈ, ਜਿਸ ਨਾਲ ਵੱਡੇ ਕਾਰੋਬਾਰੀਆਂ ਨੇ ਇੱਕ ਤਾਂ ਆਪਣੇ ਕਾਮਿਆਂ ਦੀ ਛਾਂਟੀ ਕਰਕੇ ਲਾਗਤਾਂ ਨੂੰ ਘੱਟ ਕੀਤਾ ਹੈ ਤੇ ਦੂਸਰਾ ਨਵੀਂ ਤਕਨੀਕ (ਖਾਸਕਰ ਮਸਨੂਈ ਬੁੱਧੀ) ਦੇ ਵਾਧੇ ਨਾਲ ਰਵਾਇਤੀ ਉਦਯੋਗ ਅਤੇ ਰਵਾਇਤੀ ਕਾਮੇ ਕਿਰਤ ਮੰਡੀ ਵਿੱਚ ਬੇਮੇਚੇ ਹੁਨਰ ਕਰਕੇ ਮੁਕਾਬਲੇ ਵਿੱਚੋਂ ਬਾਹਰ ਹੋ ਗਏ ਹਨ, ਜਿਸ ਨਾਲ ਰੁਜ਼ਗਾਰ ਸੰਕਟ ਹੋਰ ਵੱਧ ਗਹਿਰਾ ਹੋ ਗਿਆ ਹੈ। ਸਾਮਰਾਜੀ ਮੁਲਕਾਂ ਵਿੱਚੋਂ ਕ੍ਰਮਵਾਰ ਅਮਰੀਕਾ, ਆਸਟ੍ਰੇਲੀਆ ਅਤੇ ਇੰਗਲੈਂਡ ਵਿੱਚ ਸਾਲ 2024 (ਅਗਸਤ-ਸਤੰਬਰ) ਵਿੱਚ ਬੇਰੁਜ਼ਗਾਰੀ ਦਰ 4.1% ਰਹੀ ਹੈ। ਨਿਊਜ਼ੀਲੈਂਡ ਵਿੱਚ ਬੇਰੁਜ਼ਗਾਰੀ ਦਰ 4.3% ਅਤੇ ਸਤੰਬਰ 2024 ਦੇ ਤਾਜ਼ਾ ਅੰਕੜਿਆਂ ਮੁਤਾਬਕ ਕੈਨੇਡਾ ਵਿੱਚ ਸਭ ਤੋਂ ਅਧਿਕ 6.5% ਰਹੀ ਹੈ। ਇਹਨਾਂ ਦੇਸ਼ਾਂ ਵਿੱਚ ਹਕੀਕੀ ਹਾਲਾਤ ਬੇਰੁਜ਼ਗਾਰੀ ਦੇ ਸਰਕਾਰੀ ਅੰਕੜਿਆਂ ਤੋਂ ਕਿਤੇ ਬਦਤਰ ਹਨ। ਇਹਨਾਂ ਮੁਲਕਾਂ ਵਿੱਚ ਨਵੇਂ ਪ੍ਰਵਾਸੀਆਂ ਤੇ ਆਮ ਲੋਕਾਂ ਕੋਲ ਨੌਕਰੀ ਜਾਂ ਛੋਟਾ-ਮੋਟਾ ਧੰਦਾ ਨਾ ਹੋਣ ਦਾ ਅਰਥ ਜ਼ਿੰਦਗੀ ਦੀ ਬਰਬਾਦੀ। ਵੱਡੀਆਂ ਕੰਪਨੀਆਂ ਦੀ ਇਜ਼ਾਰੇਦਾਰੀ, ਧੀਮੀ ਹੋਈ ਗਲੋਬਲ ਆਰਥਿਕਤਾ ਤੇ ਮੁਕਾਬਲੇਬਾਜ਼ੀ ਕਾਰਨ ਛੋਟੇ-ਮੋਟੇ ਕਾਰੋਬਾਰ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹਨ ਬਲਕਿ ਛੋਟੇ ਕਾਰੋਬਾਰ ਲਗਾਤਾਰ ਬੰਦ ਹੋ ਰਹੇ ਹਨ। ਦੂਸਰਾ ਇਹਨਾਂ ਮੁਲਕਾਂ ਵਿੱਚ ਰੋਟੀ-ਕੱਪੜਾ-ਮਕਾਨ, ਸਿੱਖਿਆ, ਸਿਹਤ, ਕਾਰ ਆਦਿ ਜਿਹੀਆਂ ਮਹਿੰਗੀਆਂ ਤੇ ਬੁਨਿਆਦੀ ਲੋੜਾਂ ਲਈ ਰੁਜ਼ਗਾਰ ਅਣਸਰਦੀ ਲੋੜ ਹੈ।

ਅਰਧ ਬੇਰੁਜ਼ਗਾਰੀ ਵਿੱਚ ਸ਼ੁਮਾਰ ਅਸਥਾਈ ਨੌਕਰੀਆਂ, ਘੱਟ ਉਜ਼ਰਤਾਂ ਤੇ ਘੱਟ ਸਹੂਲਤਾਂ ਵਾਲੀਆਂ ਨੌਕਰੀਆਂ, ਅਸੁਰੱਖਿਅਤ ਤੇ ਬਿਨ੍ਹ ਲਾਭ ਵਾਲੀਆਂ ਨੌਕਰੀਆਂ ਅਤੇ ਪਾਰਟ ਟਾਇਮ ਨੌਕਰੀਆਂ ਬੇਰੁਜ਼ਗਾਰੀ ਦੇ ਅੰਕੜਿਆਂ ਤੋਂ ਬਾਹਰ ਹਨ। 'ਪੰਜ ਅੱਖਾਂ' ਨਾਲ ਜਾਣੇ ਜਾਂਦੇ ਇਹੀ ਉਹ ਵਿਕਸਿਤ ਪੂੰਜੀਵਾਦੀ ਮੁਲਕ ਹਨ ਜਿਹਨਾਂ ਵੱਲ ਦੁਨੀਆਂ ਭਰ ਦੇ ਵੱਖ-ਵੱਖ ਮੁਲਕਾਂ ਵਿੱਚੋਂ ਪ੍ਰਵਾਸ ਦਾ ਵਹਿਣ ਸਭ ਤੋਂ ਵੱਧ ਵਹਿੰਦਾ ਆ ਰਿਹਾ ਹੈ। ਅਤੇ ਇਹਨਾਂ ਮੁਲਕਾਂ ਵਿੱਚ ਨਵੇਂ ਪ੍ਰਵਾਸੀਆਂ ਨੂੰ ਸਭ ਤੋਂ ਵੱਧ ਬੇਰੁਜ਼ਗਾਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹਨਾਂ ਪੰਜੇ ਮੁਲਕਾਂ ਨੇ ਪਿਛਲੇ ਦੋ-ਤਿੰਨ ਸਾਲਾਂ ਤੋਂ ਬੜੀ ਤੇਜ਼ੀ ਨਾਲ ਆਪਣੀਆਂ ਇਮੀਗ੍ਰੇਸ਼ਨ ਤੇ ਉਸਦੇ ਅਨੁਸਾਰੀ ਵੀਜ਼ਾ ਤੇ ਸਿੱਖਿਆ ਨੀਤੀਆਂ ਵਿੱਚ ਵੱਡੀਆਂ ਤੇ ਤਿੱਖੀਆਂ ਤਬਦੀਲੀਆਂ ਕੀਤੀਆਂ ਹਨ। ਇਹਨਾਂ ਮੁਲਕਾਂ ਵਿੱਚ ਨਸਲੀ ਵਿਤਕਰੇਬਾਜ਼ੀ, ਧੋਖਾਧੜੀ, ਸ਼ੋਸ਼ਣ ਅਤੇ ਕਿਰਤ ਲੁੱਟ ਦੇ ਸਭ ਤੋਂ ਵੱਧ ਕੇਸ ਸਾਹਮਣੇ ਆਏ ਹਨ। ਅਤੇ ਇਹਨਾਂ ਮੁਲਕਾਂ ਅੰਦਰ ਕਿਰਤ ਕਰਨ ਵਾਲੇ ਲੋਕਾਂ ਵਿੱਚ ਲਗਾਤਾਰ ਬੇਗਾਨਗੀ ਤੇ ਬੇਚੈਨੀ ਦਾ ਤਿੱਖਾ ਇਜ਼ਹਾਰ ਫੁੱਟਣਾ ਸ਼ੁਰੂ ਹੋਇਆ ਹੈ।

ਹਾਲਤ ਦਾ ਇੱਕ ਕਰੂਰ ਪਹਿਲੂ ਇਹ ਵੀ ਹੈ ਕਿ ਕੈਨੇਡਾ ਵਰਗੇ ਮੁਲਕ ਵਿੱਚ ਸਾਲ 2022 ਵਿੱਚ ਪ੍ਰਤੀ ਵਿਅਕਤੀ ਆਮਦਨ ਵਿੱਚ 3% ਦਾ ਵਾਧਾ ਹੋਇਆ ਪ੍ਰੰਤੂ ਮਹਿੰਗਾਈ ਦਰ 6.8% ਦੀ ਗਤੀ ਨਾਲ ਛੜੱਪੇ ਮਾਰਕੇ ਵਧੀ। ਵਿਕਸਿਤ ਮੁਲਕਾਂ ਵਿੱਚ ਗੁਜ਼ਰ-ਬਸਰ ਦੀਆਂ ਕੀਮਤਾਂ, ਫੈਡਰਲ ਬੈਂਕਾਂ ਦੀਆਂ ਵਿਆਜ਼ ਦਰਾਂ, ਰਿਹਾਇਸ਼ੀ ਘਰਾਂ ਦੇ ਕਿਰਾਏ ਤੇ ਟੈਕਸ ਲਗਾਤਾਰ ਉਪਰ ਵੱਲ ਜਾ ਰਹੇ ਹਨ ਅਤੇ ਲੋਕਾਂ ਦੀ ਆਮਦਨ, ਨੌਕਰੀਆਂ ਤੇ ਰਿਹਾਇਸ਼ੀ ਘਰਾਂ ਦੀ ਜ਼ਰੂਰਤ ਹੇਠਾਂ ਵੱਲ ਨੂੰ ਲੁੜਕ ਰਹੀ ਹੈ। ਇਹਨਾਂ ਦੇਸ਼ਾਂ ਵਿੱਚ ਆਰਥਿਕ ਸੰਕਟ ਦੀ ਤੇਜ਼ੀ ਨਾਲ ਹੋ ਰਹੀ ਆਮਦ ਦਾ ਸਹਿਮ ਵੱਧ ਰਿਹਾ ਹੈ ਅਤੇ ਸ਼ੇਅਰ ਮਾਰਕਿਟ, ਰੀਅਲ ਅਸਟੇਟ ਤੇ ਬੈਂਕਿੰਗ ਸੈਕਟਰ ਲਗਾਤਾਰ ਉਤਰਾਅ-ਚੜ੍ਹਾਅ ਦੀ ਘੁੰਮਣਘੇਰੀ ਵਿੱਚ ਫਸਿਆ ਹੋਇਆ ਹੈ। ਇਮੀਗ੍ਰੇਸ਼ਨ ਤੇ ਕਿਰਤ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਦਾ ਵਰਤਾਰਾ ਸਭਨਾਂ ਵਿਕਸਿਤ ਮੁਲਕਾਂ ਵਿੱਚ ਇਕਸਾਰ ਤੇਜ਼ ਹੋ ਰਿਹਾ ਹੈ।

ਸਾਮਰਾਜੀ ਦੇਸ਼ਾਂ ਵਿੱਚ ਨੌਜਵਾਨਾਂ ਤੇ ਕੌਮਾਂਤਰੀ ਵਿਦਿਆਰਥੀਆਂ ਲਈ ਨੌਕਰੀਆਂ ਦਾ ਸੰਕਟ ਸਭ ਤੋਂ ਵੱਧ ਚਿੰਤਾਜਨਕ ਹੈ। ਕੌਮਾਂਤਰੀ ਵਿਦਿਆਰਥੀਆਂ ਲਈ ਮਹਿੰਗੀਆਂ ਫੀਸਾਂ, ਮਹਿੰਗੇ ਰਿਹਾਇਸ਼ੀ ਕਿਰਾਏ, ਮਹਿੰਗੀ ਗਰੌਸਰੀ, ਇਕਲਾਪਾ, ਭਾਸ਼ਾ ਤੇ ਸੱਭਿਆਚਾਰਕ ਵਖਰੇਵੇਂ ਆਦਿ ਮੁਸ਼ਕਲਾਂ ਦੇ ਚੱਲਦਿਆਂ ਗੁਜ਼ਾਰੇ ਲਈ ਪਾਰਟ ਟਾਇਮ ਨੌਕਰੀਆਂ ਲੱਭਣਾਂ ਸਭ ਤੋਂ ਵੱਧ ਔਖਾ ਕਾਰਜ਼ ਹੈ। ਸਟੈਟਿਸਟਿਕਸ ਕੈਨੇਡਾ ਦੇ ਮਈ 2023 ਦੇ ਸਰਵੇ ਮੁਤਾਬਿਕ 15 ਤੋਂ 24 ਸਾਲ ਦੇ ਨੌਜਵਾਨਾਂ ਵਿੱਚ ਬੇਰੁਜ਼ਗਾਰੀ ਦਰ 10.7% ਰਹੀ ਹੈ। ਇਹੀ ਵਰਤਾਰਾ ਬਾਕੀ ਦੇ ਵਿਕਸਿਤ ਮੁਲਕਾਂ ਵਿੱਚ ਚੱਲ ਰਿਹਾ ਹੈ। ਵਿਦੇਸ਼ਾਂ ਵਿੱਚ ਹੋਰਾਂ ਮੁਲਕਾਂ ਦੀ ਤੁਲਨਾ ਵਿੱਚ ਭਾਰਤੀ ਨੌਜਵਾਨਾਂ, ਵਿਦਿਆਰਥੀਆਂ ਤੇ ਪ੍ਰਵਾਸੀਆਂ ਦੀ ਬਦਤਰ ਹਾਲਤ ਦੀਆਂ ਘਟਨਾਵਾਂ ਉਭਰਵੇਂ ਰੂਪ ਵਿੱਚ ਸੁਰਖੀਆਂ ਵਿੱਚ ਰਹਿੰਦੀਆਂ ਹਨ। ਇਸਦਾ ਇੱਕ ਉਘੜਵਾਂ ਕਾਰਨ ਭਾਰਤ ਵਿੱਚ ਨੌਜਵਾਨਾਂ ਵਿੱਚ ਸਭ ਤੋਂ ਵੱਧ ਬੇਰੁਜ਼ਗਾਰੀ ਹੈ। ਕੌਮਾਂਤਰੀ ਕਿਰਤ ਸੰਸਥਾਂ ਦੇ 2024 ਦੇ ਅੰਕੜੇ ਮੁਤਾਬਕ ਭਾਰਤ ਵਿੱਚ ਕੁੱਲ ਬੇਰੁਜ਼ਗਾਰਾਂ ਵਿਚੋਂ 83% ਕੇਵਲ ਨੌਜਵਾਨ ਬੇਰੁਜ਼ਗਾਰ ਹਨ। ਹਜ਼ਾਰਾਂ ਭਾਰਤੀ ਨੌਜਵਾਨਾਂ ਨੂੰ ਜੰਗ ਵਿੱਚ ਉਲਝੇ ਹੋਏ ਯੂਕਰੇਨ ਤੇ ਮੱਧ-ਪੂਰਬੀ ਦੇਸ਼ਾਂ ਵਿੱਚ ਘੱਟ ਉਜ਼ਰਤ ਤੇ ਕੰਮ ਕਰਨ ਜਾਣਾ ਪੈ ਰਿਹਾ ਹੈ। ਭਾਰਤ ਵਿਚਲੀ ਬੇਰੁਜ਼ਗਾਰੀ, ਨਸ਼ੇ, ਗਰੀਬੀ, ਅਸੁਰੱਖਿਅਤ ਭਵਿੱਖ ਤੇ ਹੋਰ ਤੰਗੀਆਂ-ਤੁਰਸ਼ੀਆਂ ਦੇ ਧੱਕੇ ਨੌਜਵਾਨ-ਵਿਦਿਆਰਥੀ ਵਿਦੇਸ਼ਾਂ ਵੱਲ ਪ੍ਰਵਾਸ ਕਰਨ ਲਈ ਮਜ਼ਬੂਰ ਹੋ ਰਹੇ ਹਨ ਪਰੰਤੂ ਬਦਲਦੇ ਹਲਾਤਾਂ ਕਰਕੇ ਵਿਦੇਸ਼ੀ ਧਰਤ ਵੀ ਉਹਨਾਂ ਦੇ ਸੁਪਨਿਆਂ ਦੀ ਸੈਰਗਾਹ ਨਹੀਂ ਰਹੀ।

ਤੇਜੀ ਨਾਲ ਬਦਲ ਰਹੇ ਵਿਸ਼ਵ ਆਰਥਿਕ-ਸਿਆਸੀ ਹਾਲਾਤਾਂ ਕਾਰਨ ਵਿਦੇਸ਼ਾਂ ਵਿੱਚ ਸ਼ਰਨਾਰਥੀਆਂ, ਨੌਜਵਾਨਾਂ, ਕੌਮਾਂਤਰੀ ਵਿਦਿਆਰਥੀਆਂ ਅਤੇ ਪ੍ਰਵਾਸੀਆਂ ਨੂੰ ਵੱਡੇ ਆਰਥਿਕ-ਸਮਾਜਿਕ ਬੋਝ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਮਰਾਜੀ ਆਰਥਿਕ ਨੀਤੀਆਂ ਦੇ ਪੈਦਾ ਕੀਤੇ ਹੋਏ ਸੰਕਟ ਵਿੱਚ ਉਲਝੇ ਹੋਏ ਵਿਕਸਿਤ ਮੁਲਕ ਜਿੱਥੇ ਕਿਰਤ, ਸ਼ਰਨਾਰਥੀ ਤੇ ਇਮੀਗ੍ਰੇਸ਼ਨ ਕਾਨੂੰਨਾਂ ਵਿੱਚ ਤਿੱਖੀਆਂ ਸੋਧਾਂ ਕਰ ਰਹੇ ਹਨ ਉੱਥੇ ਇਹ ਮੁਲਕ ਆਪਣੇ ਘਰੇਲੂ ਤੇ ਕੌਮਾਂਤਰੀ ਸਿਆਸੀ ਲਾਹਿਆਂ ਲਈ ਪ੍ਰਵਾਸੀਆਂ ਨੂੰ ਸਮੁੱਚੇ ਸੰਕਟ ਦਾ ਜਿੰਮੇਵਾਰ ਬਣਾਕੇ ਪੇਸ਼ ਕਰ ਰਹੇ ਹਨ। ਵਿਦੇਸ਼ੀ ਸਰਕਾਰਾਂ ਵੱਲੋਂ ਪ੍ਰਵਾਸੀਆਂ ਨਾਲ ਸਖਤੀ ਨਾਲ ਪੇਸ਼ ਆਉਣ ਕਰਕੇ ਨਸਲੀ ਵਿਤਕਰੇਬਾਜ਼ੀ, ਸਹਿਮ ਤੇ ਸਮਾਜਿਕ-ਆਰਥਿਕ ਅਸੁਰੱਖਿਆ ਦਾ ਮਹੌਲ ਪਨਪ ਰਿਹਾ ਹੈ। ਪ੍ਰਵਾਸੀਆਂ ਸਮੇਤ ਲੋਕਾਂ ਦੀਆਂ ਬੁਨਿਆਦੀ ਲੋੜਾਂ, ਮਾਨਵੀ ਅਧਿਕਾਰਾਂ ਅਤੇ ਸੁਰੱਖਿਆ ਵੱਲ ਧਿਆਨ ਕੇਂਦਰਿਤ ਕਰਨ ਦੀ ਬਜਾਇ ਇਹਨਾਂ ਮੁਲਕਾਂ ਦੀਆਂ ਸਰਕਾਰਾਂ ਜੰਗੀ ਸਹਾਇਤਾ, ਨਸਲੀ ਵਿਤਕਰੇਬਾਜ਼ੀ, ਕੂਟਨੀਤਿਕ ਵਿਵਾਦਾਂ, ਲੋਕ ਵਿਰੋਧੀ ਕਾਨੂੰਨ ਲਾਗੂ ਕਰਨ ਵਿੱਚ ਲੱਗੀਆਂ ਹੋਈਆਂ ਹਨ। ਸਾਰੇ ਸਾਮਰਾਜੀ ਦੇਸ਼ਾਂ ਅੰਦਰ ਵਧਦੀ ਬੇਰੁਜ਼ਗਾਰੀ ਕਾਰਨ ਇਮੀਗ੍ਰੇਸ਼ਨ ਨੀਤੀਆਂ ਵਿਚ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਪਰ ਭਾਰਤ ਦੇ ਬੇਰੁਜ਼ਗਾਰੀ ਨਾਲ ਝੰਬੇ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸੁਪਨ-ਦੇਸ਼ ਬਣੇ ਕੈਨੇਡਾ ਵੱਲੋਂ ਵਿਦੇਸ਼ੀ ਨਾਗਰਿਕਾਂ ਉੱਤੇ ਪਾਬੰਦੀਆਂ ਲਾਉਣ ਨੇ ਭਾਰਤ ਵਿੱਚੋਂ ਕੈਨੇਡਾ ਪਹੁੰਚਣ ਦੀ ਆਸ ਲਾਈ ਬੈਠੇ ਲੱਖਾਂ ਨੌਜਵਾਨਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਚਿੰਤਾਵਾਂ ਨੂੰ ਵੱਡੇ ਪੱਧਰ ਉੱਤੇ ਵਧਾ ਦਿੱਤਾ ਹੈ। ਇਸ ਦੇ ਨਾਲ ਹੀ ਸਾਮਰਾਜੀ ਦੇਸ਼ਾਂ ਅੰਦਰ ਵੱਖ-ਵੱਖ ਹਾਕਮ ਜਮਾਤੀ ਪਾਰਟੀਆਂ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਖ਼ਿਲਾਫ਼ ਫਾਸ਼ੀਵਾਦੀ ਜਨੂੰਨ ਭੜਕਾਇਆ ਜਾ ਰਿਹਾ ਹੈ।

ਵਿਦੇਸ਼ਾਂ ਵਿੱਚ ਚੰਗੇ ਭਵਿੱਖ ਤੇ ਬਿਹਤਰ ਜੀਵਨ ਲਈ ਸਥਾਨਕ ਕਿਰਤੀ-ਕਾਮਿਆਂ, ਮੂਲ-ਨਿਵਾਸੀਆਂ, ਕੌਮਾਂਤਰੀ ਵਿਦਿਆਰਥੀਆਂ, ਪ੍ਰਵਾਸੀਆਂ, ਬਹੁਕੌਮੀ ਲੋਕਾਂ ਵਿਚਕਾਰ ਏਕਤਾ ਤੇ ਸਾਂਝੀਵਾਲਤਾ ਬੇਹੱਦ ਜਰੂਰੀ ਹੈ। ਇਸੇ ਏਕਤਾ ਤੇ ਚੇਤੰਨਤਾ ਦੇ ਅਧਾਰ ਤੇ ਸਰਕਾਰਾਂ ਦੇ ਲੋਕ ਵਿਰੋਧੀ ਫੈਸਲਿਆਂ ਖਿਲਾਫ ਸੰਘਰਸ਼ ਦੀ ਅਵਾਜ਼ ਉਠਾਈ ਜਾਣੀ ਚਾਹੀਦੀ ਹੈ।

# 1984 ਦੀਆਂ ਯਾਦਾਂ : ਸੜ ਰਹੀ ਸੀ ਦਿੱਲੀ

-ਨੰਦਿਤਾ ਹਕਸਰ
ਅਨੁ.: ਬੂਟਾ ਸਿੰਘ ਮਹਿਮੂਦਪੁਰ

*[ਹੱਕਾਂ ਦੀ ਉੱਘੀ ਕਾਰਕੁਨ ਨੰਦਿਤਾ ਹਕਸਰ ਹੱਕਾਂ ਦੇ ਕਾਰਕੁਨਾਂ ਦੀ ਉਸ ਟੋਲੀ ਦੀ ਮੈਂਬਰ ਸੀ ਜਿਨ੍ਹਾਂ ਨੇ ਕਤਲੇਆਮ-1984 ਦੇ ਤੱਥ ਤੁਰੰਤ ਕਲਮਬੱਧ ਕਰਕੇ ਜ਼ੁਅਰਤਮੰਦ ਰਿਪੋਰਟ 'ਦੋਸ਼ੀ ਕੌਣ ਹਨ?' ਪੇਸ਼ ਕੀਤੀ। "ਦੂਜੇ ਮੁੱਖ ਮੈਂਬਰ ਗੌਤਮ ਨਵਲਖਾ ਹਨ ਜੋ ਭੀਮਾ-ਕੋਰੇਗਾਓਂ ਕੇਸ ਚ ਫਸਾਏ ਗਏ ਹਨ। ਹੱਕਾਂ ਦੇ ਇਨ੍ਹਾਂ ਪਹਿਰੇਦਾਰਾਂ ਨੇ ਘੋਰ ਨਫ਼ਰਤ ਤੇ ਹਿੰਸਾ ਦੇ ਆਲਮ 'ਚ ਘੱਟਗਿਣਤੀ ਭਾਈਚਾਰੇ ਦਾ ਡੱਟ ਕੇ ਸਾਥ ਦਿੱਤਾ। ਅਨਿਆਂਕਾਰੀ ਰਾਜ ਵਿਰੁੱਧ ਇਨਸਾਫ਼ ਦੀ ਲੜਾਈ ਅੱਜ ਵੀ ਜਾਰੀ ਹੈ। 2014 'ਚ ਲਿਖੀ ਇਸ ਲਿਖਤ ਵਿਚ ਨੰਦਿਤਾ ਨੇ ਉਸ ਸਮੇਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ ਸਨ ਜੋ ਉਦੋਂ ਦੇ ਹਾਲਾਤ ਨੂੰ ਸਮਝਣ 'ਚ ਸਹਾਇਤਾ ਕਰ ਸਕਦੀਆਂ ਹਨ। ਇਸ ਮਹੱਤਵ ਦੇ ਮੱਦੇਨਜ਼ਰ ਪੰਜਾਬੀ ਰੂਪ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।]*

1. ਜਿਸ ਪਲ ਮੈਂ ਸੁਣਿਆ ਕਿ ਇੰਦਰਾ ਗਾਂਧੀ ਦਾ ਕਤਲ ਹੋ ਗਿਆ, ਮੈਂ ਉਮੀਦ ਕੀਤੀ ਕਿ ਕਾਤਲ ਸਿੱਖ ਨਹੀਂ ਸੀ। ਮੇਰੇ ਮਾਤਾ-ਪਿਤਾ ਨੇ ਕਿਹਾ ਕਿ ਜਦੋਂ ਉਨ੍ਹਾਂ ਨੇ ਪਹਿਲੀ ਵਾਰ ਇਹ ਖ਼ਬਰ ਸੁਣੀ ਕਿ ਗਾਂਧੀ ਜੀ ਦੀ ਹੱਤਿਆ ਕਰ ਦਿੱਤੀ ਗਈ ਹੈ, ਤਾਂ ਉਨ੍ਹਾਂ ਨੂੰ ਉਮੀਦ ਸੀ ਕਿ ਕਾਤਲ ਮੁਸਲਮਾਨ ਨਹੀਂ ਸੀ। ਅਸੀਂ ਇਕ ਅਜੀਬ ਮੁਲਕ ਵਿਚ ਰਹਿੰਦੇ ਹਾਂ; ਜਦੋਂ ਸਾਡੇ ਆਗੂਆਂ ਦਾ ਕਤਲ ਹੁੰਦਾ ਹੈ ਤਾਂ ਅਸੀਂ ਉਮੀਦ ਕਰਦੇ ਹਾਂ ਕਿ ਕਾਤਲ ਘੱਟ-ਗਿਣਤੀ ਭਾਈਚਾਰੇ ਵਿੱਚੋਂ ਨਹੀਂ ਹਨ। ਘੱਟੋ-ਘੱਟ ਸਾਡੇ ਵਿੱਚੋਂ ਜੋ ਚਾਹੁੰਦੇ ਹਨ ਕਿ ਭਾਰਤ ਸਾਰੇ ਭਾਈਚਾਰਿਆਂ ਦਾ ਹੋਵੇ।

2. ਅਗਲੀ ਸਵੇਰ ਮੈਂ ਮੁਨਿਰਕਾ ਵਿਚ ਆਪਣੇ ਘਰ ਦੇ ਸਾਹਮਣੇ ਗੁਰੂ ਹਰਕ੍ਰਿਸ਼ਨ ਸਕੂਲ ਨੂੰ ਸੜਦੇ ਦੇਖਿਆ। ਸਾਡੀ ਕਲੋਨੀ ਦੀ ਇਕ ਛੋਟੀ ਜਿਹੀ ਭੀੜ ਖੜ੍ਹੀ ਦੇਖ ਰਹੀ ਸੀ ਅਤੇ ਕਿਸੇ ਨੇ ਕਿਹਾ: "ਅੰਦਰ ਬੱਚੇ ਹੋ ਸਕਦੇ ਹਨ।"

ਤਦ ਮੇਰੇ ਕੋਲ ਖੜ੍ਹੇ ਇਕ ਨੌਜਵਾਨ ਨੇ ਕਿਹਾ: "ਆਓ ਆਂਟੀ।" ਮੈਨੂੰ ਨਹੀਂ ਪਤਾ ਕਿ ਬਾਕੀ ਪੰਜ ਆਦਮੀ ਕੌਣ ਸਨ, ਪਰ ਅਸੀਂ ਖੁੱਲ੍ਹੇ ਮੈਦਾਨ ਵਿੱਚੋਂ ਦੀ ਸਕੂਲ ਵੱਲ ਭੱਜੇ। ਪੁਲਿਸ ਵਾਲਿਆਂ ਨਾਲ ਭਰੀ ਜੀਪ ਉੱਥੇ ਮੌਜੂਦ ਸੀ। ਉਨ੍ਹਾਂ ਨੂੰ ਦੇਖ ਕੇ ਮੈਨੂੰ ਰਾਹਤ ਮਿਲੀ।

ਜਿਉਂ ਹੀ ਅਸੀਂ ਪਹੁੰਚੇ, ਪੁਲਸੀਏ ਸਕੂਲ ਨੂੰ ਸੜਦੇ ਹੋਏ ਅਤੇ ਸਿੱਖਾਂ ਨੂੰ ਕਲਾਸ ਰੂਮ ਵਿਚ ਫਸੇ ਛੱਡ ਕੇ ਚਲੇ ਗਏ। ਅਤੇ ਇਕ ਹਿੰਸਕ ਭੀੜ ਮੁਨਿਰਕਾ ਪਿੰਡ ਤੋਂ ਸਾਡੇ ਵੱਲ ਆ ਰਹੀ ਸੀ।

3. ਮੈਂ ਕਮਰੇ ਦੇ ਅੰਦਰ ਲੁਕੇ ਸਿੱਖ ਬੰਦਿਆਂ ਨੂੰ ਬਾਹਰ ਆਉਣ ਲਈ ਕਿਹਾ ਕਿ ਅਸੀਂ ਉਨ੍ਹਾਂ ਨੂੰ ਸੁਰੱਖਿਅਤ ਥਾਂ 'ਤੇ ਲੈ ਜਾਵਾਂਗੇ। ਇਕ ਆਦਮੀ ਨੇ ਮੈਨੂੰ ਮੇਰੇ ਘਰ ਦੀਆਂ ਚਾਬੀਆਂ ਦੇਣ ਲਈ ਕਿਹਾ ਕਿ ਉਹ ਉਨ੍ਹਾਂ ਨੂੰ ਉੱਥੇ ਲੈ ਜਾਵੇਗਾ। ਉਹ ਜਾਟ ਸੀ। ਮੈਂ ਉਸ ਨੂੰ ਚਾਬੀ ਦਿੱਤੀ ਅਤੇ ਕਿਹਾ ਕਿ ਮੇਰਾ ਫਲੈਟ ਨੰਬਰ 56 ਹੈ ਅਤੇ ਉਹ ਸਕੂਲ ਦੇ ਅਧਿਆਪਕਾਂ ਨੂੰ ਨਾਲ ਲੈ ਕੇ ਚਲਾ ਗਿਆ।

ਇਕ ਕਮਰੇ ਵਿਚ ਇਕ ਬਜ਼ੁਰਗ ਵ੍ਹੀਲਚੇਅਰ 'ਤੇ ਬੈਠਾ ਸੀ ਅਤੇ ਨਾਲ ਉਸਦੀ ਪੋਤੀ ਤੇ ਉਸਦਾ ਪਤੀ ਸੀ। ਮੈਂ ਨੌਜਵਾਨ ਜੋੜੇ ਨੂੰ ਚਲੇ ਜਾਣ ਲਈ ਕਿਹਾ ਪਰ ਉਨ੍ਹਾਂ ਨੇ ਕਿਹਾ ਕਿ ਉਹ ਆਪਣੇ ਦਾਦਾ ਜੀ ਨੂੰ ਛੱਡ ਕੇ ਨਹੀਂ ਜਾਣਗੇ।

ਮੈਂ ਉਨ੍ਹਾਂ ਨੂੰ ਛੱਡ ਦਿੱਤਾ। ਜਦੋਂ ਮੈਂ ਕਾਹਲੀ ਕਾਹਲੀ ਵਾਪਸ ਜਾ ਰਹੀ ਸੀ ਤਾਂ ਇਕ ਮੁਟਿਆਰ ਆਈ ਅਤੇ ਉਸਨੇ ਆਪਣਾ ਬੱਚਾ ਮੈਨੂੰ ਸੌਂਪ ਦਿੱਤਾ। ਉਸਨੇ ਕਿਹਾ ਕਿ ਸਕੂਲ ਦੀ ਦੇਖਭਾਲ ਕਰਨ ਦੀ ਲੋੜ ਹੈ।

ਮੈਂ ਬੱਚੇ ਦੇ ਨਾਲ ਆਪਣੇ ਫਲੈਟ ਵਿਚ ਵਾਪਸ ਆ ਗਈ। ਸਿੱਖ ਮੇਰੇ ਫਲੈਟ ਵਿਚ ਬੈਠੇ ਸਨ। ਮੈਂ ਉਸ ਜਾਟ ਦਾ ਜਾਂ ਜਿਸ ਮੁਟਿਆਰ ਦਾ ਬੱਚਾ ਮੈਂ ਘਰ ਲੈ ਗਈ ਸੀ ਉਸ ਦਾ ਨਾਮ ਨਹੀਂ ਜਾਣਦੀ।

4. ਇਕ ਨੌਜਵਾਨ ਜੋ ਸਾਡੀ ਬਸਤੀ ਦਾ ਨਹੀਂ ਸੀ, ਜਲਦੀ ਹੀ ਦਾਦਾ ਨੂੰ ਆਪਣੇ ਦੋਪਹੀਆ ਵਾਹਨ 'ਤੇ ਬਿਠਾ ਕੇ ਲੈ ਆਇਆ ਅਤੇ ਨੌਜਵਾਨ ਜੋੜਾ ਵੀ ਸਾਡੇ 'ਚ ਆ ਰਲਿਆ।

ਇਕ ਹੋਰ ਨੌਜਵਾਨ ਪ੍ਰਿੰਸੀਪਲ ਦੇ ਘਰ ਗਿਆ ਜੋ ਆਪਣੇ ਘਰ ਵਿਚ ਘਿਰ ਗਿਆ ਸੀ। ਦਰਵਾਜ਼ਾ ਨੂੰ ਜੰਦਰਾ ਲੱਗਿਆ ਹੋਇਆ ਸੀ, ਇਸ ਕਰਕੇ ਨੌਜਵਾਨ ਨੇ ਨੰਗੇ ਹੱਥਾਂ ਨਾਲ ਸ਼ੀਸ਼ਾ ਤੋੜਿਆ ਅਤੇ ਮੁੱਖ ਅਧਿਆਪਕ ਨੇ ਉਸ ਉੱਪਰ ਤਲਵਾਰ ਨਾਲ ਵਾਰ ਕੀਤਾ। ਫਿਰ ਪ੍ਰਿੰਸੀਪਲ ਅਤੇ ਉਸਦਾ ਬਚਾਅ ਕਰਨ ਵਾਲਾ ਦੋਵੇਂ ਸਾਡੇ 'ਚ ਸ਼ਾਮਿਲ ਹੋ ਗਏ।

5. ਭਾਰਤੀ ਫੌਜ ਦੀ ਵਰਦੀ ਵਿਚ ਇਕ ਆਦਮੀ ਮੇਰੇ ਕੋਲ ਆਇਆ ਅਤੇ ਚੀਕਿਆ: "ਤੁਸੀਂ ਸਿੱਖਾਂ ਨੂੰ ਲਿਆ ਕੇ ਕਲੋਨੀ ਨੂੰ ਖ਼ਤਰੇ ਵਿਚ ਪਾ ਦਿੱਤਾ ਹੈ।"

ਮੈਂ ਉਸ ਨੂੰ ਕਿਹਾ ਕਿ ਜੇਕਰ ਉਸ ਨੂੰ ਇਹ ਆਪਣਾ ਦੇਸ਼ ਭਗਤੀ ਦਾ ਫਰਜ਼ ਲੱਗਦਾ ਹੈ ਤਾਂ ਉਹ ਸਾਰੇ ਸਿੱਖਾਂ ਸਮੇਤ ਮੇਰੇ ਫਲੈਟ ਨੂੰ



ਅੱਗ ਲਗਾ ਕੇ ਸਾੜ ਸਕਦਾ ਹੈ।

ਅਸੀਂ ਕਲੋਨੀ ਦੇ ਲੋਕਾਂ ਨੂੰ ਇਕ ਪਰਿਵਾਰ ਨੂੰ ਪਨਾਹ ਦੇਣ ਲਈ ਕਿਹਾ। ਔਰਤਾਂ ਤਾਂ ਵਧੇਰੇ ਇੱਛਕ ਸਨ; ਪਰ ਮਰਦਾਂ ਨੇ ਕਿਹਾ ਕਿ ਉਹ ਸਿਰਫ਼ ਔਰਤਾਂ ਅਤੇ ਬੱਚਿਆਂ ਨੂੰ ਹੀ ਲੈਣਗੇ।

ਅਸੀਂ ਸਿੱਖਾਂ ਨੂੰ ਕਾਰ ਦੇ ਪਿੱਛੇ ਬਿਠਾਇਆ, ਉਨ੍ਹਾਂ ਨੂੰ ਕੰਬਲ ਨਾਲ ਢੱਕਿਆ ਅਤੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਲੈ ਗਏ ਜਿੱਥੇ ਉਨ੍ਹਾਂ ਨੂੰ ਪਨਾਹ ਦਿੱਤੀ ਗਈ।

ਪਰ ਸਾਡੀ ਬਸਤੀ ਵਿਚ ਵੀ ਕੁਝ ਪਰਿਵਾਰ ਅਜਿਹੇ ਸਨ ਜਿਨ੍ਹਾਂ ਨੇ ਸਿੱਖਾਂ ਨੂੰ ਪਨਾਹ ਦਿੱਤੀ। ਕਰਨਾਟਕਾ ਦਾ ਇਕ ਬ੍ਰਾਹਮਣ ਪਰਿਵਾਰ ਇਕ ਪਰਿਵਾਰ ਨੂੰ ਆਪਣੇ ਘਰ ਲੈ ਗਿਆ। ਮਾਂ ਨੇ ਤਾਂ ਸਿੱਖ ਦੇ ਕੇਸ ਵੀ ਕੱਟ ਦਿੱਤੇ ਜਦੋਂ ਕਿ ਇਹ ਜਾਤਪਾਤ ਦੇ ਨੇਮਾਂ ਦੇ ਵਿਰੁੱਧ ਸੀ। ਉਹ ਦਿੱਲੀ ਹਾਈ ਕੋਰਟ ਦੇ ਭਵਿੱਖੀ ਜੱਜ ਦੀ ਮਾਂ ਸੀ। ਭਵਿੱਖ ਦਾ ਜੱਜ ਉਨ੍ਹਾਂ ਪੰਜਾਂ ਵਿੱਚੋਂ ਇਕ ਸੀ ਜੋ ਬਚਾਅ ਮਿਸ਼ਨ 'ਤੇ ਸਾਡੇ ਨਾਲ ਆਏ ਸਨ।

6. ਮੈਨੂੰ ਪੀਪਲਜ਼ ਯੂਨੀਅਨ ਫਾਰ ਡੈਮੋਕ੍ਰੇਟਿਕ ਰਾਈਟਸ ਦੇ ਇਕ ਉਤੇਜਿਤ ਹੋਏ ਸਾਥੀ ਮੈਂਬਰ ਸੁਮੰਤੋ ਬੈਨਰਜੀ ਦਾ ਫ਼ੋਨ ਆਇਆ। ਉਸਨੇ ਮੈਨੂੰ ਪੰਚਸ਼ੀਲ ਐਨਕਲੇਵ ਆਉਣ ਲਈ ਕਿਹਾ, ਜਿੱਥੇ ਉਹ ਹੋਰ ਵਰਕਰਾਂ ਨਾਲ ਮੀਟਿੰਗ ਕਰ ਰਹੇ ਸਨ।

"ਪਰ, ਸੁਮੰਤੋ, ਕਰਫਿਊ ਲੱਗਿਆ ਹੋਇਐ।"

"ਕਰਫ਼ਿਊ ਤੁਹਾਨੂੰ ਕੁਝ ਕਰਨ ਤੋਂ ਕਿਵੇਂ ਰੋਕ ਸਕਦਾ ਹੈ?"

ਮੈਂ ਉਸ ਘਰ ਪਹੁੰਚਣ 'ਚ ਕਾਮਯਾਬ ਹੋ ਗਈ। ਇਹ ਕਾਰਕੁੰਨਾਂ ਦੀ ਇਹ ਨਿੱਕੀ ਜਹੀ ਟੋਲੀ ਸੀ ਜਿਸ ਨੇ ਜਲਦੀ ਹੀ ਆਪਣੇ ਆਪ ਨੂੰ 'ਨਾਗਰਿਕ ਏਕਤਾ ਮੰਚ' ਦਾ ਨਾਂ ਦਿੱਤਾ।

ਸਾਰਿਆਂ ਨੇ ਮਹਿਸੂਸ ਕੀਤਾ ਕਿ ਸਾਨੂੰ ਵਿਰੋਧੀ ਧਿਰ ਦੇ ਆਗੂਆਂ ਨੂੰ ਜਾ ਕੇ ਮਿਲਣਾ ਚਾਹੀਦਾ ਹੈ ਜੋ ਸ਼ਾਇਦ ਸਿੱਖਾਂ ਦੇ ਕਤਲੇਆਮ ਨੂੰ ਰੋਕਣ ਲਈ ਫ਼ੌਜ ਭੇਜਣ ਵਿਚ ਮਦਦ ਕਰ ਸਕਦੇ ਹਨ। ਸੁਮੰਤੋ ਨੇ ਆਪ ਸਿੱਖਾਂ ਨੂੰ ਜਿਉਂਦੇ ਸੜਦੇ ਦੇਖਿਆ ਸੀ।

7. ਅਸੀਂ ਪੰਜ ਜਣੇ ਕਾਰ ਵਿਚ ਬੈਠ ਕੇ ਵਿੱਠਲਭਾਈ ਪਟੇਲ ਭਵਨ ਪਹੁੰਚ ਗਏ ਅਤੇ ਉੱਥੇ ਵਿਰੋਧੀ ਧਿਰ ਦੇ ਆਗੂ ਇਸ ਉਲਝਣ 'ਚ ਬੈਠੇ ਦੇਖੇ ਕਿ ਉਹ ਕੀ ਕਰ ਸਕਦੇ ਹਨ।

ਸੁਮੰਤੋ ਅਤੇ ਹੋਰਾਂ (ਮੈਂ ਨਾਂ ਭੁੱਲ ਗਿਆ ਹਾਂ) ਨੇ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਪ੍ਰਧਾਨ ਮੰਤਰੀ ਦੇ ਘਰ ਜਾਣਾ ਚਾਹੀਦਾ ਹੈ ਅਤੇ ਫ਼ੌਜ ਭੇਜਣ ਦੀ ਮੰਗ ਕਰਨੀ ਚਾਹੀਦੀ ਹੈ। ਨਹੀਂ ਤਾਂ ਸਾਨੂੰ ਸੰਸਕਾਰ ਰੋਕ ਦੇਣਾ ਚਾਹੀਦਾ ਹੈ। ਉਹ ਬੇਹੱਦ ਗੰਭੀਰ ਸੀ।

ਇਕ ਆਗੂ, ਮੈਨੂੰ ਲੱਗਦਾ ਹੈ ਕਿ ਇਹ ਦੰਡਵਤੇ ਜੀ ਸਨ, ਸਾਡੀ ਕਾਰ ਵਿਚ ਬੈਠ ਗਏ। ਸੁਮੰਤੋ ਨੇ ਜ਼ੋਰ ਦਿੱਤਾ ਕਿ ਮੈਂ ਸਾਹਮਣੀ ਸੀਟ 'ਤੇ ਬੈਠਾਂ ਅਤੇ ਸਕਿਊਰਿਟੀ ਵਿੱਚੋਂ ਦੀ ਉਨ੍ਹਾਂ ਨੂੰ ਅੰਦਰ ਲੈ ਜਾਵਾਂ। ਮੇਰੇ ਪਿਤਾ ਜੀ ਇੰਦਰਾ ਗਾਂਧੀ ਦੇ ਸਕੱਤਰ ਰਹਿ ਚੁੱਕੇ ਹਨ। ਉਸ ਸਮੇਂ ਉਹ ਅਤੇ ਮੇਰੀ ਮਾਂ ਇਕ ਗੁਪਤ ਮਿਸ਼ਨ 'ਤੇ ਚੀਨ ਵਿਚ ਸਨ। ਜਦੋਂ ਅਸੀਂ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਪਹੁੰਚੇ ਤਾਂ ਸੁਰੱਖਿਆ ਕਰਮਚਾਰੀਆਂ ਨੇ ਸਾਨੂੰ ਅੰਦਰ ਜਾਣ ਦਿੱਤਾ। ਉਨ੍ਹਾਂ ਨੇ ਸੋਚਿਆ ਹੋਵੇਗਾ ਕਿ ਮੈਂ ਦੁੱਖ ਪ੍ਰਗਟ ਕਰਨ ਆਈ ਹਾਂ। ਮੈਂ ਅਰੁਣ ਨਹਿਰੂ ਨੂੰ ਮਿਲੀ।

"ਸ਼੍ਰੀਮਾਨ ਨਹਿਰੂ, ਮੈਂ ਨੰਦਿਤਾ ਹਕਸਰ ਹਾਂ। ਜੇਕਰ ਤੁਸੀਂ ਪੱਛਮੀ ਦਿੱਲੀ ਵਿਚ ਫ਼ੌਜ ਨਹੀਂ ਭੇਜਦੇ ਤਾਂ ਅਸੀਂ ਅੰਤਿਮ ਸੰਸਕਾਰ ਨੂੰ ਰੋਕਣ ਦੀ ਕੋਸ਼ਿਸ਼ ਕਰਾਂਗੇ।"

ਅਰੁਣ ਨਹਿਰੂ ਨੇ ਕਿਹਾ ਕਿ ਉਹ ਫ਼ੌਜ ਭੇਜ ਦੇਵੇਗਾ। ਸਾਡੇ ਵਿੱਚੋਂ ਕਿਸੇ ਨੇ ਇਹ ਸਵਾਲ ਨਹੀਂ ਕੀਤਾ ਕਿ ਮਹਿਜ਼ ਇਕ ਸੰਸਦ ਮੈਂਬਰ ਕੋਲ ਅਜਿਹਾ ਕਰਨ ਦੀ ਤਾਕਤ ਕਿਵੇਂ ਹੈ। ਪਰ ਜਦੋਂ ਤੱਕ ਅਸੀਂ ਤ੍ਰਿਲੋਕਪੁਰੀ ਪਹੁੰਚੇ, ਉਦੋਂ ਤੱਕ ਫ਼ੌਜ ਭੇਜ ਦਿੱਤੀ ਗਈ ਸੀ।

8. ਅਸੀਂ ਫਰਸ਼ ਬਾਜ਼ਾਰ ਥਾਣੇ ਆ ਗਏ। ਇਹ ਇਕੋ ਇਕ ਥਾਣਾ ਸੀ ਜਿਸ ਨੇ ਬਚਾਅ ਅਤੇ ਰਾਹਤ ਦੇ ਗੰਭੀਰ ਕਾਰਜ ਕੀਤੇ। ਉੱਥੇ ਇਕ ਰਾਹਤ ਕੈਂਪ ਬਣਾਇਆ ਗਿਆ ਸੀ।

ਕਿਸੇ ਨੇ ਸੁਝਾਅ ਦਿੱਤਾ ਕਿ ਅਸੀਂ ਸਿੱਖਾਂ ਲਈ ਮਿੱਠੇ ਵਾਲੀ ਗਰਮ ਚਾਹ ਬਣਾਈਏ ਜੋ ਸਦਮੇ 'ਚ ਸਨ। ਮੈਨੂੰ ਯਾਦ ਨਹੀਂ ਕਿ ਮੈਂ ਕਿਸ ਦੇ ਨਾਲ ਗਈ ਸੀ, ਪਰ ਇਕ ਔਰਤ ਜੋ ਗੱਡੀ ਸਾਊਥ ਐਕਸਟੈਂਸ਼ਨ ਲੈ ਗਈ ਜਿੱਥੇ ਉਹ ਇਕ ਟੈਂਟ ਵਾਲੇ ਨੂੰ ਜਾਣਦੀ ਸੀ। ਉਸ ਨੇ ਆਪਣੀ ਦੁਕਾਨ ਖੋਲ੍ਹੀ ਅਤੇ ਸਾਨੂੰ ਇਕ ਦੇਗਚੀ ਦੇ ਦਿੱਤੀ; ਫਿਰ ਉਸਨੇ ਪਤਾਸੇ ਖ਼ਰੀਦੇ ਕਿਉਂਕਿ ਸਾਨੂੰ ਖੰਡ ਵੇਚਣ ਵਾਲੀ ਰਾਸ਼ਨ ਦੀ ਦੁਕਾਨ ਨਹੀਂ ਮਿਲੀ। ਅਤੇ ਦੁੱਧ ਲਿਆ।

ਮੈਂ ਚਾਹ ਬਣਾਉਣ ਲੱਗ ਪਈ। ਪਾਣੀ ਉੱਬਲ ਰਿਹਾ ਸੀ ਅਤੇ ਮੈਂ ਸ਼ਸ਼ੋਪੰਜ 'ਚ ਸੀ ਕਿ ਬਰਤਨ ਵਿਚ ਕਿੰਨੀ ਕੁ ਚਾਹ ਪੱਤੀ ਪਾਵਾਂ। ਇਸ ਤੋਂ ਪਹਿਲਾਂ ਕਿ ਮੈਂ ਚਾਹ ਦਾ ਪੈਕੇਟ ਪਾਉਂਦੀ, ਇਕ ਸਰਦਾਰ ਨੇ ਕਿਹਾ: "ਤੁਸੀਂ ਇਸਨੂੰ ਪੁਣੋਗੇ ਕਿਵੇਂ?" ਉਨ੍ਹਾਂ ਨੇ ਮੈਨੂੰ ਦੁਪੱਟਾ ਲੈ ਕੇ ਉਸ ਵਿਚ ਚਾਹ ਪੱਤੀ ਪਾਉਣ ਲਈ ਕਿਹਾ। ਇਕ ਟੀ ਬੈਗ! ਫਿਰ ਮੈਂ ਪੁੱਛਿਆ ਕਿ ਦੁੱਧ ਕਿੰਨਾ ਪਾਵਾਂ? ਇਕ ਨੌਜਵਾਨ ਅੱਖਾਂ 'ਚ ਚਮਕ ਲਿਆ ਕੇ ਬੋਲਿਆ, "ਤੁਸੀਂ ਤਾਂ ਇਕ ਕੱਪ ਚਾਹ ਬਣਾਈ ਹੈ, ਨਾ ਕਿ ਦੋ ਸੌ ਬੰਦਿਆਂ ਲਈ, ਦੋ ਬਾਲਟੀਆਂ ਪਾਓ।"

ਮੈਨੂੰ ਯਕੀਨ ਹੀ ਨਹੀਂ ਆ ਰਿਹਾ ਸੀ ਕਿ ਇਕ ਘੰਟਾ ਪਹਿਲਾਂ ਮੌਤ ਦੇ ਮੂੰਹ 'ਚੋਂ ਬਚਣ ਤੋਂ ਬਾਦ ਹੀ ਇਹ ਨੌਜਵਾਨ ਹੱਸ ਸਕਦੇ ਹਨ ਅਤੇ ਮਜ਼ਾਕ ਕਰ ਸਕਦੇ ਹਨ। ਇਹ ਮੇਰੇ ਲਈ ਸਿੱਖ ਭਾਈਚਾਰੇ ਦੇ ਚੜ੍ਹਦੀ ਕਲਾ ਦੇ ਜਜ਼ਬੇ ਦੀ ਪਹਿਲੀ ਝਲਕ ਸੀ।

9. ਵੱਖ-ਵੱਖ ਗੈਰ-ਸਰਕਾਰੀ ਜਥੇਬੰਦੀਆਂ ਦੇ ਕਾਰਕੁਨਾਂ ਨੇ ਸਾਨੂੰ ਮਨੁੱਖੀ ਅਧਿਕਾਰ ਕਾਰਕੁਨਾਂ ਨੂੰ ਰਾਹਤ ਕਾਰਜ ਉਨ੍ਹਾਂ 'ਤੇ ਛੱਡਣ ਅਤੇ ਤੱਥਾਂ ਦੀ ਖੋਜ ਕਰਨ ਲਈ ਕਿਹਾ। ਤਿੰਨ ਤੱਥ ਖੋਜ ਟੀਮਾਂ ਬਣਾਈਆਂ ਗਈਆਂ ਸਨ। ਅਸੀਂ ਪੀਪਲਜ਼ ਯੂਨੀਅਨ ਫਾਰ ਡੈਮੋਕਰੇਟਿਕ ਰਾਈਟਸ (ਜਿਸ ਦੀ ਨੁਮਾਇੰਦਗੀ ਸੁਮੰਤੋ ਬੈਨਰਜੀ ਅਤੇ ਮੈਂ ਕੀਤੀ) ਅਤੇ ਪੀਪਲਜ ਯੂਨੀਅਨ ਆਫ ਸਿਵਲ ਰਾਈਟਸ (ਜਿਸ ਦੀ ਨੁਮਾਇੰਦਗੀ ਦਿਨੇਸ਼ ਮੋਹਨ ਅਤੇ ਸਮਿਤੂ ਕੋਠਾਰੀ ਨੇ ਕੀਤੀ) ਦੀ ਇਕ ਸਾਂਝੀ ਟੀਮ ਸੀ।

ਅਸੀਂ ਟੀਮ ਦੇ ਦੋ ਹਿੱਸੇ ਬਣਾ ਲਏ ਅਤੇ ਮੈਂ ਆਈ.ਆਈ.ਟੀ. ਤੋਂ ਦਿਨੇਸ਼ ਮੋਹਨ ਨਾਲ ਗਈ। ਜਿਉਂ ਹੀ ਅਸੀਂ ਆਪਣੀ ਤੱਥ ਖੋਜ ਸ਼ੁਰੂ ਕੀਤੀ, ਉਦੋਂ ਸਾਨੂੰ ਪਤਾ ਲੱਗਾ ਕਿ ਸ਼ਹਿਰ ਨੂੰ ਕਿਸ ਹੱਦ ਤੱਕ ਸਾੜ ਦਿੱਤਾ ਗਿਆ ਸੀ। ਇਸ ਅੱਗਜ਼ਨੀ ਲਈ ਹੁਨਰ ਅਤੇ ਮਿੱਟੀ ਦਾ ਤੇਲ ਜਾਂ ਗੰਧਕ ਤੱਕ ਪਹੁੰਚ ਜ਼ਰੂਰੀ ਸੀ ਜੋ ਕਿ ਉਪਲਬਧ ਨਹੀਂ ਸੀ ਕਿਉਂਕਿ ਸਾਰੀਆਂ ਦੁਕਾਨਾਂ ਬੰਦ ਸਨ।

ਲੋਕਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੇ ਕਾਂਗਰਸੀ ਆਗੂਆਂ ਕੋਲ ਸਿੱਖਾਂ ਦੇ ਘਰਾਂ ਦੀ ਪਛਾਣ ਕਰਨ ਵਾਲੇ ਰਜਿਸਟਰ ਦੇਖੇ ਸਨ। ਇਸ ਤਰ੍ਹਾਂ ਦੱਖਣੀ ਦਿੱਲੀ ਦੀਆਂ ਪੌਸ਼ ਕਾਲੋਨੀਆਂ ਵਿਚ ਵੀ ਕੰਕਰੀਟ ਦੇ ਵੱਡੇ-ਵੱਡੇ ਢਾਂਚਿਆਂ/ਇਮਾਰਤਾਂ ਨੂੰ ਅੱਗ ਲਾ ਦਿੱਤੀ ਗਈ ਸੀ। ਸੀਨੀਅਰ ਕਾਂਗਰਸੀ ਆਗੂਆਂ ਦੀ ਅਗਵਾਈ ਵਿਚ ਭੀੜ ਵੱਲੋਂ ਗੁਰਦੁਆਰਿਆਂ ਨੂੰ ਵੀ ਨਿਸ਼ਾਨਾ ਬਣਾਇਆ ਗਿਆ।

ਅਸੀਂ ਇੰਦਰ ਗੁਜਰਾਲ ਨੂੰ ਉਨ੍ਹਾਂ ਦੇ ਨਿਊ ਫਰੈਂਡਜ਼ ਕਲੋਨੀ ਵਾਲੇ ਘਰ 'ਚ ਮਿਲੇ। ਜਦੋਂ ਮੈਂ ਉਸ ਨੂੰ ਪੁੱਛਿਆ ਕਿ ਕੀ ਇਹ ਸੱਚ ਹੋ ਸਕਦਾ ਹੈ ਕਿ ਇਹ ਕਤਲੇਆਮ ਅਤੇ ਅੱਗਜ਼ਨੀ ਉੱਚ ਲੀਡਰਸਪਿ ਦੀ ਪ੍ਰਵਾਨਗੀ ਨਾਲ ਕੀਤੀ ਗਈ ਹੋ ਸਕਦੀ ਹੈ, ਤਾਂ ਉਹ ਇੰਨਾ ਉਦਾਸ ਨਜ਼ਰ ਆਇਆ ਕਿ ਇਹ ਕਾਫ਼ੀ ਜਵਾਬ ਸੀ।

10. ਉਸ ਰਾਤ ਨੂੰ ਪੀਯੂਡੀਆਰ ਦੀ ਪੂਰੀ ਟੀਮ ਪ੍ਰੈੱਸ ਐਨਕਲੇਵ ਵਿਚ ਸੁਮੰਤੋ ਬੈਨਰਜੀ ਦੇ ਘਰ ਜੁੜੀ। ਇਸ ਗੱਲ 'ਤੇ ਗਰਮਾ-ਗਰਮ ਬਹਿਸ ਹੋਈ ਕਿ ਕੀ ਸਾਨੂੰ ਉਨ੍ਹਾਂ ਲੋਕਾਂ ਦੁਆਰਾ ਦੱਸੇ ਗਏ ਕਾਂਗਰਸੀ ਆਗੂਆਂ ਦੇ ਨਾਮ ਛਾਪ ਦੇਣੇ ਚਾਹੀਦੇ ਹਨ ਜਿਨ੍ਹਾਂ ਦੀਆਂ ਅਸੀਂ ਇੰਟਰਵਿਊ ਕੀਤੀਆਂ ਸਨ। ਕੁਝ ਮੈਂਬਰ ਮਹਿਸੂਸ ਕਰਦੇ ਸਨ ਕਿ ਉਨ੍ਹਾਂ ਦਾ ਨਾਮ ਲੈਣ ਨਾਲ ਅਸੀਂ ਆਪਣੇ ਪ੍ਰਧਾਨ ਗੋਵਿੰਦ ਮੁਖੌਟੀ ਦੀ ਜਾਨ ਨੂੰ ਖ਼ਤਰੇ ਵਿਚ ਪਾ ਦੇਵਾਂਗੇ। ਉਸ ਦੀ ਕਾਰ ਨੂੰ ਪਹਿਲਾਂ ਹੀ ਰਹੱਸਮਈ ਢੰਗ ਨਾਲ ਅੱਗ ਲੱਗ ਗਈ ਸੀ। ਮੁਨਿਰਕਾ ਟੋਕਸ ਦੇ ਮੁਕਾਮੀ ਆਗੂ ਨੇ ਆਪਣੇ ਬੰਦਿਆਂ ਨੂੰ ਮੇਰਾ ਪਿੱਛੇ ਲਗਾਇਆ ਹੋਇਆ ਸੀ।

ਫਿਰ ਇਕ ਹੋਰ ਸੋਚ ਵਿਚਾਰ ਹੋਈ। ਕੀ ਸਿੱਖ ਸਾਡੀ ਰਿਪੋਰਟ ਦੀ ਵਰਤੋਂ ਹਿੱਟ ਲਿਸਟ ਬਣਾਉਣ ਲਈ ਕਰਨਗੇ? ਪਰ ਫਿਰ ਸਿੱਖਾਂ ਨੇ ਆਪ ਹੀ ਤਾਂ ਸਾਨੂੰ ਇਹ ਨਾਮ ਨਾਮ ਦਿੱਤੇ ਸਨ।

ਆਖ਼ਿਰਕਾਰ ਅਸੀਂ ਨਾਮ ਛਾਪਣ ਦਾ ਫ਼ੈਸਲਾ ਕੀਤਾ। ਪੂਰੀ ਰਾਤ ਨਾਵਾਂ ਦੀ ਜਾਂਚ ਕੀਤੀ ਗਈ ਅਤੇ ਵੱਖ-ਵੱਖ ਸਬੂਤਾਂ ਨਾਲ ਇਨ੍ਹਾਂ ਨੂੰ ਕਰਾਸ ਚੈੱਕ ਕੀਤਾ ਗਿਆ। ਸੂਚੀ ਬਣਾਈ ਗਈ ਅਤੇ ਰਿਪੋਰਟ ਲਿਖੀ ਗਈ। ਸਾਡੀ ਰਿਪੋਰਟ ਦਾ ਸਿਰਲੇਖ ਸੀ: 'ਦੋਸ਼ੀ ਕੌਣ ਹਨ?'

ਇਸ 'ਤੇ ਪਾਬੰਦੀ ਲਗਾਈ ਗਈ। ਪੁਲਿਸ ਨੇ ਸਾਡੇ ਪ੍ਰਿੰਟਰ ਦੇ ਛਾਪਾ ਮਾਰਿਆ। ਉਸ ਨੂੰ ਬਹੁਤ ਪ੍ਰੇਸ਼ਾਨੀ ਝੱਲਣੀ ਪਈ। ਸਿੱਖ ਜਥੇਬੰਦੀਆਂ ਨੇ ਪਾਬੰਦੀ ਨੂੰ ਟਿੱਚ ਜਾਣਕੇ ਸਾਡੀ ਸਹਿਮਤੀ ਤੋਂ ਬਿਨਾਂ ਹੀ ਰਿਪੋਰਟ ਦੁਬਾਰਾ ਛਾਪ ਦਿੱਤੀ ਅਤੇ ਇਹ ਵਿਆਪਕ ਪੈਮਾਨੇ 'ਤੇ ਵੰਡੀ ਗਈ। ਇਸ ਦਾ ਪੰਜਾਬੀ 'ਚ ਅਨੁਵਾਦ ਕੀਤਾ ਗਿਆ।

ਜਦੋਂ ਮੈਂ ਪੰਜਾਬ ਗਈ ਤਾਂ ਬਹੁਤ ਸਾਰੇ ਸਿੱਖਾਂ ਨੇ ਮੈਨੂੰ ਦੱਸਿਆ ਕਿ ਉਸ ਰਿਪੋਰਟ ਕਾਰਨ ਉਹ ਅਜੇ ਵੀ ਭਾਰਤ ਪ੍ਰਤੀ ਵਫ਼ਾਦਾਰੀ ਮਹਿਸੂਸ ਕਰਦੇ ਹਨ। ਇਸ ਨੇ ਉਨ੍ਹਾਂ ਨੂੰ ਭਰੋਸਾ ਦਿਵਾਇਆ ਕਿ ਇੱਥੇ ਐਸੇ ਭਾਰਤੀ ਸਨ ਜੋ ਉਨ੍ਹਾਂ ਦੇ ਨਾਲ ਉਦੋਂ ਖੜ੍ਹੇ ਜਦੋਂ ਇਹ ਸਭ ਤੋਂ ਜ਼ਰੂਰੀ ਸੀ।

11. ਅਸੀਂ ਆਪਣੀ ਤੱਥ ਖੋਜ ਦੌਰਾਨ ਜੋ ਸਮੱਗਰੀ ਇਕੱਠੀ ਕੀਤੀ ਸੀ ਉਸ ਦੇ ਆਧਾਰ 'ਤੇ ਮੈਂ ਇਕ ਰਿੱਟ ਪਟੀਸ਼ਨ ਦਾ ਖਰੜਾ ਤਿਆਰ ਕੀਤਾ ਅਤੇ ਦਿੱਲੀ ਹਾਈ ਕੋਰਟ ਵਿਚ ਰਿੱਟ ਦਾਇਰ ਕਰ ਦਿੱਤੀ। ਕੇਸ ਜਸਟਿਸ ਰਜਿੰਦਰ ਸੱਚਰ ਕੋਲ ਲੱਗਿਆ, ਜੋ ਬਾਦ ਵਿਚ ਚੀਫ਼ ਜਸਟਿਸ ਬਣੇ। ਉਨ੍ਹਾਂ ਨੇ ਪੁਲਿਸ ਨੂੰ ਨੋਟਿਸ ਜਾਰੀ ਕੀਤਾ। ਅਸੀਂ ਮੰਗ ਕੀਤੀ ਕਿ ਪੀੜਤਾਂ ਦੇ ਹਲਫ਼ਨਾਮਿਆਂ ਵਿਚ ਨਾਮਜ਼ਦ ਆਗੂਆਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕੀਤੀਆਂ ਜਾਣ। ਜਦੋਂ ਕੇਸ ਮੁੜ ਸੁਣਵਾਈ ਲਈ ਆਇਆ ਤਾਂ ਇਸ ਨੂੰ ਰਜਿੰਦਰ ਸੱਚਰ ਦੀ ਅਦਾਲਤ ਤੋਂ ਲੈ ਕੇ ਦੋ ਹੋਰ ਜੱਜਾਂ ਦੀ ਅਦਾਲਤ ਵਿਚ ਤਬਦੀਲ ਕਰ ਦਿੱਤਾ ਗਿਆ।

ਉਨ੍ਹਾਂ ਜੱਜਾਂ ਨੇ ਤੱਥਾਂ ਦੀ ਸੱਚਾਈ ਬਾਰੇ ਖੁੱਲ੍ਹੀ ਅਦਾਲਤ ਵਿਚ ਅਪਮਾਨਜਨਕ ਟਿੱਪਣੀਆਂ ਕੀਤੀਆਂ। ਉਨ੍ਹਾਂ ਵਿੱਚੋਂ ਇਕ ਨੇ ਤਾਂ ਇਹ ਵੀ ਪੁੱਛਿਆ ਕਿ ਪੀੜਤ ਔਰਤ ਪੁਲੀਸ ਕੋਲ ਕਿਉਂ ਨਹੀਂ ਗਈ। ਉਹ ਉਸ ਔਰਤ ਦੇ ਹਲਫ਼ਨਾਮੇ ਤੋਂ ਪੜ੍ਹ ਕੇ ਕਹਿ ਰਿਹਾ ਸੀ ਜਿਸ ਦੇ ਸਾਹਮਣੇ ਉਸ ਦੀ ਧੀ ਨਾਲ ਬਲਾਤਕਾਰ ਕੀਤਾ ਗਿਆ ਸੀ। ਬਲਾਤਕਾਰੀਆਂ ਦੇ ਨਾਮ ਹਲਫ਼ਨਾਮੇ ਵਿਚ ਸਨ।

ਮੈਂ ਜਾਣਦੀ ਹਾਂ ਕਿ ਇਹ ਹਲਫ਼ਨਾਮੇ ਤਿਆਰ ਕਰਨ ਸਮੇਂ ਅਸੀਂ ਕਿੰਨੇ ਸਾਵਧਾਨ ਸੀ। ਉਸ ਨੇ ਪੰਜਾਬੀ ਵਿਚ ਦੱਸਿਆ, ਇਸਦਾ ਹਿੰਦੀ ਵਿਚ ਅਨੁਵਾਦ ਹੋਇਆ ਅਤੇ ਹਲਫ਼ਨਾਮਾ ਅੰਗਰੇਜ਼ੀ ਵਿਚ ਲਿਖਿਆ ਗਿਆ ਸੀ। ਇਸ ਤੋਂ ਪਹਿਲਾਂ ਕਿ ਉਹ ਇਸ 'ਤੇ ਦਸਤਖ਼ਤ ਕਰਦੀ ਇਸ ਨੂੰ ਪੈਰਾ-ਦਰ-ਪੈਰਾ ਪੜ੍ਹ ਕੇ ਸੁਣਾਇਆ ਗਿਆ।

ਹਾਈ ਕੋਰਟ ਦੇ ਜੱਜ ਨੇ ਪੰਨਾ ਪਲਟਿਆ ਅਤੇ ਹਲਫ਼ਨਾਮੇ 'ਤੇ ਹੱਸ ਪਿਆ।

ਪਟੀਸ਼ਨ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਦੇ ਸਾਹਮਣੇ ਰਹੱਸਮਈ ਤਰੀਕੇ ਨਾਲ ਦਾਇਰ ਕੀਤੀ ਗਈ ਸੀ। ਗੋਵਿੰਦ ਮੁਖੌਟੀ ਹਾਜ਼ਰ ਨਹੀਂ ਸਨ। ਮੈਂ ਪੇਸ਼ ਹੋਈ। ਜਸਟਿਸ ਏਐੱਨ ਸੇਨ ਪ੍ਰਧਾਨਗੀ ਕਰ ਰਿਹਾ ਸੀ। ਉਸਨੇ ਬੈਂਚ ਤੋਂ ਹੇਠਾਂ ਵੱਲ ਦੇਖਿਆ ਅਤੇ ਮੁਸਕਰਾਇਆ ਅਤੇ ਮੈਨੂੰ ਹੌਲੀ ਹੌਲੀ ਪ੍ਰੇਰਤ ਕਰਨ ਵਾਲੇ ਤਰੀਕੇ ਨਾਲ ਕਿਹਾ: "ਕਿਰਪਾ ਕਰਕੇ ਰਾਸ਼ਟਰੀ ਹਿਤ 'ਚ ਇਸ ਪਟੀਸ਼ਨ ਨੂੰ ਵਾਪਸ ਲੈ ਲਓ।" ਮੈਂ ਨਾਂਹ ਕਰ ਦਿੱਤੀ। ਪਟੀਸ਼ਨ ਖਾਰਜ ਕਰ ਦਿੱਤੀ ਗਈ। ਉਹ ਸ਼ਬਦ

ਮੇਰੇ ਕੰਨਾਂ ਵਿਚ ਗੂੰਜਦੇ ਹਨ ਅਤੇ ਮੈਨੂੰ ਅਜੇ ਵੀ ਘੋਰ ਸ਼ਰਮਿੰਦਗੀ ਮਹਿਸੂਸ ਹੁੰਦੀ ਹੈ।

12. ਨਾਗਰਿਕ ਏਕਤਾ ਮੰਚ ਨੇ ਸ਼ਾਨਦਾਰ ਰਾਹਤ ਕਾਰਜ ਕੀਤਾ। ਪਰ ਸਭ ਤੋਂ ਪ੍ਰੇਰਕ ਚਰਚਾਵਾਂ ਅਤੇ ਬਹਿਸਾਂ ਰਾਹਤ ਦੀ ਸਿਆਸਤ ਨੂੰ ਲੈ ਕੇ ਹੋਈਆਂ। ਹਰੇਕ ਕੈਂਪ ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਕਾਰਕੁਨਾਂ ਦੁਆਰਾ ਚਲਾਇਆ ਜਾਂਦਾ ਸੀ: ਸਮਾਜਵਾਦੀ, ਨਕਸਲੀ, ਸਮਾਜ ਸੇਵਕ ਅਤੇ ਨਾਰੀਵਾਦੀ। ਵਿਚਾਰ-ਚਰਚਾਵਾਂ ਸਾਡੇ ਸਾਰਿਆਂ ਦੇ ਇਕੱਠੇ ਕੰਮ ਕਰਨ 'ਚ ਅੜਿੱਕਾ ਨਹੀਂ ਬਣੀਆਂ।

ਜਦੋਂ ਸਰਕਾਰ ਨੇ ਹਿੰਸਾ ਦੇ ਕਾਰਨਾਂ ਦੀ ਜਾਂਚ ਲਈ ਰੰਗਨਾਥ ਮਿਸ਼ਰਾ ਕਮਿਸ਼ਨ ਦੇ ਗਠਨ ਦਾ ਐਲਾਨ ਕੀਤਾ, ਤਾਂ ਨਾਗਰਿਕ ਏਕਤਾ ਮੰਚ ਨੇ ਮੈਨੂੰ ਉਨ੍ਹਾਂ ਦੀ ਨੁਮਾਇੰਦਗੀ ਕਰਨ ਲਈ ਕਿਹਾ। ਮੈਂ ਜਸਟਿਸ ਰੰਗਨਾਥ ਮਿਸ਼ਰਾ ਦੇ ਸਾਹਮਣੇ ਪੇਸ਼ ਹੋਈ। ਸਿੱਖ ਪੀੜਤਾਂ ਪ੍ਰਤੀ ਉਸਦਾ ਪੱਖਪਾਤ ਹਰ ਪੱਧਰ 'ਤੇ ਪ੍ਰਤੱਖ ਸੀ। ਇਹ ਫ਼ੈਸਲਾ ਹੋਇਆ ਕਿ ਨਾਗਰਿਕ ਏਕਤਾ ਮੰਚ ਕਮਿਸ਼ਨ ਦਾ ਬਾਈਕਾਟ ਕਰੇਗਾ। ਮੈਂ ਆਪਣਾ ਨਾਮ ਵਾਪਸ ਲੈ ਲਿਆ ਅਤੇ ਇਕ ਲੰਮਾ ਲੇਖ ਲਿਖਿਆ ਕਿ ਅਸੀਂ ਇਹ ਫ਼ੈਸਲਾ ਕਿਉਂ ਲਿਆ। ਲੇਖ ਛਪ ਗਿਆ।

ਇਸ ਤੋਂ ਪਹਿਲਾਂ, ਜਦੋਂ ਰੰਗਨਾਥ ਮਿਸ਼ਰਾ ਸੁਪਰੀਮ ਕੋਰਟ ਦਾ ਸਿੱਟਿੰਗ ਜੱਜ ਸੀ, ਮੈਂ ਮੇਰਠ ਹਿੰਸਾ ਨਾਲ ਸਬੰਧਤ ਕੇਸ ਦਰਜ ਕਰਾਉਣ ਵੇਲੇ ਮੁਸਲਮਾਨਾਂ ਪ੍ਰਤੀ ਉਸ ਦਾ ਪੱਖਪਾਤ ਦੇਖ ਚੁੱਕੀ ਸੀ। ਉਸ ਮਾਮਲੇ 'ਚ ਪੀਏਸੀ (ਉੱਤਰ ਪ੍ਰਦੇਸ਼ ਦੀ ਹਥਿਆਰਬੰਦ ਪੁਲਿਸ) ਨੇ 33 ਮੁਸਲਮਾਨਾਂ ਨੂੰ ਗੋਲੀਆਂ ਮਾਰ ਕੇ ਲਾਸ਼ਾਂ ਨਹਿਰ ਵਿਚ ਸੁੱਟ ਦਿੱਤੀਆਂ ਸਨ। ਰੰਗਨਾਥ ਮਿਸ਼ਰਾ ਨੂੰ ਜੂਨੀਅਰ ਵਕੀਲ ਦੇ ਵਿਰੁੱਧ ਕਾਰਵਾਈ ਕਰਨੀ ਚਾਹੀਦੀ ਸੀ ਜਿਸ ਨੇ ਲੇਖ ਛਪਵਾ ਕੇ ਉਸ ਦੇ ਵਿਰੁੱਧ ਦੋਸ਼ ਲਾਇਆ ਸੀ।

ਜਸਟਿਸ ਰੰਗਨਾਥ ਮਿਸ਼ਰਾ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦਾ ਚੇਅਰਮੈਨ ਬਣਿਆ।

13. ਇਸ ਤੋਂ ਤੁਰੰਤ ਬਾਦ ਇਕ ਹੋਰ ਹਿੰਸਾ ਹੋਈ। ਇਸ ਵਾਰ ਵਾਲਡ ਸਿਟੀ (ਚਾਰ-ਦੀਵਾਰੀ ਵਾਲੇ ਇਲਾਕੇ) ਵਿਚ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਗਿਆ। ਕੋਈ ਵੀ ਨਾਗਰਿਕ ਕਮੇਟੀ ਅੱਗੇ ਨਹੀਂ ਆਈ। ਵਲੰਟੀਅਰਾਂ ਲਈ ਖਾਣਾ ਭੇਜਣ ਵਾਲਾ ਨਿਰੂਲਾ ਪੁਰਾਣੀ ਦਿੱਲੀ ਨਹੀਂ ਆਇਆ। ਮੈਂ ਤੱਥ ਖੋਜਣ ਲਈ ਗਈ ਅਤੇ ਪੀਯੂਡੀਆਰ ਨੇ ਇਕ ਰਿਪੋਰਟ ਛਾਪੀ। ਉਸ ਤਰ੍ਹਾਂ ਦੀ (ਸਿੱਖਾਂ ਦੇ ਕਤਲੇਆਮ ਵਾਲੀ) ਕੋਈ ਹਮਦਰਦੀ ਜਾਂ ਗੁੱਸਾ ਨਹੀਂ ਸੀ।

ਉਦੋਂ ਮੈਨੂੰ ਅਹਿਸਾਸ ਹੋਇਆ ਕਿ ਨਾਗਰਿਕ ਏਕਤਾ ਮੰਚ ਦੇ ਕਾਰਕੁਨ ਜ਼ਿਆਦਾਤਰ ਪੰਜਾਬੀ ਸਨ ਅਤੇ ਉਨ੍ਹਾਂ ਸਾਰਿਆਂ ਦੇ ਦੋਸਤ ਸਨ ਜੋ ਸਿੱਖ ਭਾਈਚਾਰੇ ਨਾਲ ਸਬੰਧਤ ਸਨ। ਪਿੱਛੋਂ, ਜਦੋਂ ਮੈਂ ਵਰਕਰਾਂ ਦੀਆਂ ਇੰਟਰਵਿਊ ਕੀਤੀਆਂ ਤਾਂ ਪਤਾ ਲੱਗਾ ਕਿ ਸਿੱਖਾਂ ਵਿਚ ਸਿਰਫ਼ ਸੁਮੰਤੋ ਦੇ ਅਤੇ ਮੇਰੇ ਦੋਸਤ ਨਹੀਂ ਸਨ; ਅਤੇ ਸਾਡੇ ਸਬੰਧ ਮੁਸਲਮਾਨਾਂ ਨਾਲ ਸਨ।

14. ਦਿੱਲੀ ਯੂਨੀਵਰਸਿਟੀ ਦੇ ਮਿਰਾਂਡਾ ਹਾਊਸ 'ਚ ਮੇਰੀ ਇਤਿਹਾਸ ਦੀ ਅਧਿਆਪਕਾ ਉਮਾ ਚਕਰਵਰਤੀ ਨੇ ਮੈਨੂੰ ਪੀੜਤਾਂ ਦੀਆਂ ਇੰਟਰਵਿਊ ਲੈਣ ਵਿਚ ਮੱਦਦ ਕਰਨ ਲਈ ਕਿਹਾ। ਇਹ ਇਤਿਹਾਸ ਦਾ ਇਕ ਐਸਾ ਪਲ ਸੀ ਜਦੋਂ ਇਕ ਭਾਈਚਾਰਾ ਘੱਟ ਗਿਣਤੀ ਵਿਚ ਬਦਲ ਗਿਆ ਸੀ। ਫਿਰ ਅਸੀਂ ਗੈਰ-ਸਿੱਖ ਗੁਆਂਢੀਆਂ ਅਤੇ ਕਾਰਕੁਨਾਂ ਦੀਆਂ ਇੰਟਰਵਿਊ ਕੀਤੀਆਂ।

ਇੰਟਰਵਿਊਆਂ ਨੇ ਫੌਰੀ ਕਾਰਨਾਂ ਤੋਂ ਇਲਾਵਾ ਹਿੰਸਾ ਦੇ ਪਿੱਛੇ ਕੰਮ ਕਰਦੇ ਗੁੰਝਲਦਾਰ ਕਾਰਨ ਵੀ ਦਰਸਾਏ। ਮੁਨਿਰਕਾ ਵਰਗੀਆਂ ਕਈ ਥਾਵਾਂ 'ਤੇ ਪਿੰਡ ਦੀ ਜ਼ਮੀਨ ਲਏ ਜਾਣ ਨੂੰ ਲੈ ਕੇ ਰੋਸ ਸੀ। ਗੁਰੂ ਹਰਕ੍ਰਿਸ਼ਨ ਸਕੂਲ ਉਸ ਜ਼ਮੀਨ ਉੱਪਰ ਬਣਾਇਆ ਗਿਆ ਸੀ ਜੋ ਕਦੇ ਮੁਨਿਰਕਾ ਪਿੰਡ ਦੇ ਜਾਟਾਂ ਦੀ ਸੀ। ਜਦੋਂ ਸਕੂਲ ਬਣ ਰਿਹਾ ਸੀ ਤਾਂ ਪਿੰਡ ਦੇ ਲੋਕ ਆਏ ਅਤੇ ਗਰਾਊਂਡ ਨੂੰ ਸਵੇਰ ਵੇਲੇ ਜੰਗਲ-ਪਾਣੀ ਜਾਣ ਲਈ ਵਰਤਿਆ। ਹੁਣ ਉਨ੍ਹਾਂ ਨੇ ਬਦਲਾ ਲੈਣ ਲਈ ਸਕੂਲ ਨੂੰ ਅੱਗ ਲਗਾ ਦਿੱਤੀ ਸੀ।

ਆਪਣੇ ਸਿੱਖ ਗੁਆਂਢੀਆਂ ਦੀ ਰੱਖਿਆ ਕਰਨ ਵਾਲੇ ਲੋਕਾਂ ਦੀਆਂ ਕਹਾਣੀਆਂ ਦਿਲ ਨੂੰ ਸਕੂਨ ਦੇਣ ਵਾਲੀਆਂ ਸਨ; ਅਤੇ ਉਨ੍ਹਾਂ 'ਚੋਂ ਬਿਹਤਰੀਨ ਰਵਾਇਤੀ ਅਖਾੜਿਆਂ ਦੇ ਪਹਿਲਵਾਨ ਸਨ ਜਿਨ੍ਹਾਂ ਨੇ ਸਿੱਖਾਂ ਦੀ ਰੱਖਿਆ ਕੀਤੀ ਕਿਉਂਕਿ ਅਖਾੜਾ ਸਾਰੇ ਭਾਈਚਾਰਿਆਂ ਨੇ ਸਵੀਕਾਰ ਕਰਦਾ ਸੀ।

ਪੁਸਤਕ ਛਪ ਗਈ। ਇਸ ਦਾ ਨਾਂ ਸੀ: ਦਿੱਲੀ ਦੰਗੇ: ਰਾਸ਼ਟਰ ਦੀ ਜ਼ਿੰਦਗੀ 'ਚ ਤਿੰਨ ਦਿਨ।

15. 1984 ਦੇ ਕਤਲੇਆਮ ਦੇ ਪੀੜਤ ਅੱਜ ਵੀ ਇਨਸਾਫ਼ ਲਈ ਲੜ ਰਹੇ ਹਨ। ਉਨ੍ਹਾਂ ਨੂੰ ਉਤਸ਼ਾਹੀ ਵਾਲੰਟੀਅਰਾਂ ਦੀ ਹਮਾਇਤ ਨਹੀਂ ਹੈ; ਕਈ ਕਾਰਕੁਨਾਂ ਨੇ ਆਪਣੇ ਲਈ ਚੰਗੇ ਪ੍ਰੋਜੈਕਟ ਪ੍ਰਾਪਤ ਕਰਨ ਲਈ ਉਸ ਤਜਰਬੇ ਦੀ ਵਰਤੋਂ ਕੀਤੀ; ਕੁਝ ਵਕੀਲਾਂ ਨੇ ਇਸ ਤਜਰਬੇ ਤੋਂ ਆਪਣਾ ਕਰੀਅਰ ਬਣਾਇਆ।

ਦਿੱਲੀ ਦੇ ਨਾਗਰਿਕ ਫਿਰ ਕਦੇ ਕਿਸੇ ਕਾਰਨ ਇਕੱਠੇ ਨਹੀਂ ਹੋਏ। (ਇਹ ਲਿਖਤ ਸ਼ਾਹੀਨ ਬਾਗ਼ ਮੋਰਚੇ ਤੋਂ ਪਹਿਲਾਂ ਲਿਖੀ ਗਈ ਸੀ- ਅਨੁਵਾਦਕ) ਗਰੁੱਪ 1984 ਦੀਆਂ ਘਟਨਾਵਾਂ ਨੂੰ ਯਾਦ ਕਰਨ ਅਤੇ ਕਾਂਗਰਸ ਪਾਰਟੀ ਦੀ ਨਿੰਦਾ ਕਰਨ ਲਈ ਇਕੱਠੇ ਹੋਏ ਹਨ। ਹਾਂ, ਕਾਂਗਰਸ ਪਾਰਟੀ ਦੀ ਨਿੰਦਾ ਹੋਣੀ ਚਾਹੀਦੀ ਹੈ। ਪਰ ਕੀ ਸੋਨੀਆ ਗਾਂਧੀ ਨੇ ਜਨਤਕ ਤੌਰ 'ਤੇ ਮੁਆਫ਼ੀ ਨਹੀਂ ਮੰਗੀ?

ਕਾਂਗਰਸ ਪਾਰਟੀ ਦੀ ਨਿਖੇਧੀ ਕਰਨ ਲਈ ਇਕੱਠੀਆਂ ਹੋਈਆਂ ਪਾਰਟੀਆਂ ਅਤੇ ਜਥੇਬੰਦੀਆਂ ਨੇ ਸਿੱਖਾਂ ਨੂੰ ਇਨਸਾਫ਼ ਦਿਵਾਉਣ ਜਾਂ ਇਸ ਮੁੱਦੇ ਨੂੰ ਹਿੰਦੂ ਅਤੇ ਸਿੱਖ ਫਿਰਕੂ ਤਾਕਤਾਂ ਵੱਲੋਂ ਆਪਣੇ ਹੱਥਾਂ ਵਿਚ ਲੈਣ ਤੋਂ ਰੋਕਣ ਲਈ ਕੁਝ ਨਹੀਂ ਕੀਤਾ; ਹੁਣ ਪੀੜਤਾਂ ਲਈ ਇਨਸਾਫ਼ ਲਈ ਸੰਘਰਸ਼ ਫਿਰਕੂ ਸਿਆਸਤ ਦਾ ਹਿੱਸਾ ਹੈ। ਕੀ ਇਸ ਵਰ੍ਹੇਗੰਢ ਨੂੰ ਨਾ ਸਿਰਫ 1984 ਦੇ ਪੀੜਤਾਂ ਲਈ ਲੜਨ ਲਈ, ਸਗੋਂ ਭਾਰਤ ਦੇ ਇਕ ਹੋਰ ਦ੍ਰਿਸ਼ਟੀ ਦੀ ਲੜਾਈ ਵਿਚ ਇਕਜੁੱਟ ਹੋਣ ਲਈ ਮੁੜ ਇਕੱਠੇ ਹੋਣ ਦਾ ਮੌਕਾ ਨਹੀਂ ਬਣਾਇਆ ਜਾ ਸਕਦਾ?

16. ਸਿੱਖਾਂ ਵੱਲੋਂ 1984 ਬਾਰੇ ਪਹਿਲੇ ਨਾਵਲ ਲਿਖੇ ਜਾ ਰਹੇ ਹਨ। ਇਨ੍ਹਾਂ ਵਿਚੋਂ ਇਕ ਅਮਨਦੀਪ ਸੰਧੂ ਦਾ ਹੈ। ਉਸ ਦੇ ਨਾਵਲ ਦਾ ਨਾਂ ਰੋਲ ਆਫ ਆਨਰ ਹੈ। ਇਸ ਨੂੰ ਹਿੰਦੂ ਸਾਹਿਤ ਪੁਰਸਕਾਰ 2013 ਲਈ ਨਾਮਜ਼ਦ ਕੀਤਾ ਗਿਆ ਸੀ।

ਉਹ 1984 ਦੀਆਂ ਘਟਨਾਵਾਂ ਨੂੰ ਪੰਜਾਬ ਦੀ ਵਿਆਪਕ ਸਿਆਸਤ ਦੇ ਪ੍ਰਸੰਗ 'ਚ ਦੇਖਦੇ ਹਨ। ਉਹ ਸੌੜੀ ਫਿਰਕੂ ਸਿਆਸਤ ਜਾਂ ਝੂਠੇ ਪੈਗੰਬਰਾਂ ਤੋਂ ਪ੍ਰੇਰਨਾ ਨਹੀਂ ਲੈਂਦੇ। ਉਹ ਆਪਣੇ ਆਪ ਨੂੰ ਕਿਸੇ ਵੀ ਰਾਜਨੀਤਿਕ ਪਾਰਟੀ ਨਾਲ ਨਹੀਂ ਜੋੜਦੇ ਪਰ ਫਿਰ ਵੀ ਉਹ ਆਪਣੇ ਆਪ ਨੂੰ ਕਿਸੇ ਸਿਆਸੀ ਨਜ਼ਰੀਏ ਨਾਲ ਵੀ ਜੋੜਦੇ ਨਹੀਂ ਜਾਪਦੇ।

ਮੈਂ ਅਮਨਦੀਪ ਨੂੰ ਗੋਆ ਵਿਚ ਇਕ ਸਾਹਿਤ ਉਤਸਵ ਵਿਚ ਮਿਲੀ। ਉਹ ਮੈਨੂੰ ਮਿਲਣ ਬਾਰੇ ਉਤਸ਼ਾਹਿਤ ਹੈ। ਉਹ ਕਹਿੰਦਾ ਹੈ ਕਿ ਉਸਨੇ ਸੁਣਿਆ ਹੈ ਕਿ ਮੈਂ 1984 ਵਿਚ ਕੀ ਕੀਤਾ ਸੀ। ਉਸਨੇ ਮੈਨੂੰ ਆਪਣੀ ਕਿਤਾਬ ਭੇਂਟ ਕੀਤੀ। ਅਮਨਦੀਪ ਨੇ ਕਿਤਾਬ ਦੀ ਸਮਾਪਤੀ ਇਨ੍ਹਾਂ ਸ਼ਬਦਾਂ ਨਾਲ ਕੀਤੀ: "ਇਹ ਇਕ ਇਤਫ਼ਾਕ ਹੈ ਕਿ ਮੈਂ ਇਕ ਖ਼ਾਸ ਪਰਿਵਾਰ, ਜਾਂ ਇਕ ਭਾਈਚਾਰੇ, ਇਕ ਸਮਾਜ ਜਾਂ ਇਕ ਕੌਮ ਵਿਚ ਪੈਦਾ ਹੋਇਆ ਹਾਂ। ਪਰ ਜਦੋਂ ਮੈਂ ਜਨਮ ਸਮੇਂ ਮੈਨੂੰ ਵਿਰਸੇ 'ਚ ਮਿਲੇ ਹੁਕਮਨਾਮਿਆਂ – ਰੰਗ, ਧਰਮ, ਸਥਾਨ, ਬੋਲੀ, ਪਰਿਵਾਰ ਅਤੇ ਪਛਾਣ ਦੇ ਹੋਰ ਚਿੰਨ੍ਹਾਂ ਦੀ ਨੁਮਾਇਸ਼ ਲਾਉਂਦਾ ਹਾਂ ਤਾਂ ਮੇਰਾ ਜਨਮ ਮਜ਼ਾਕ ਬਣ ਜਾਂਦਾ ਹੈ ਜੋ ਮੇਰੀ ਪੂਰੀ ਜ਼ਿੰਦਗੀ ਚੱਲਦਾ ਹੈ। ਮੈਂ ਹੈਰਾਨ ਹਾਂ ਕਿ ਇਸ 'ਤੇ ਕੌਣ ਹੱਸਦਾ ਹੈ। ਕਿਉਂਕਿ ਜਦੋਂ ਮੈਂ ਇਸ ਤਰ੍ਹਾਂ ਜੀਉਂਦਾ ਹਾਂ ਜਾਂ ਉਨ੍ਹਾਂ ਦੀ ਖ਼ਾਤਰ ਮਰਨ ਲਈ ਤਿਆਰ ਹਾਂ, ਤਾਂ ਮੈਂ ਉਸ ਦਾ ਵਿਅੰਗ ਮਹਿਸੂਸ ਕਰਦਾ ਹਾਂ ਜੋ ਮੈਂ ਹੋ ਸਕਦਾ ਸੀ।

"... ਜ਼ਿੰਦਗੀ ਦਾ ਸਾਹਮਣਾ ਕਰਨ ਨੂੰ ਥੋੜ੍ਹਾ ਲੰਮਾ ਲੱਗਾ ਹੈ, ਢਾਈ ਦਹਾਕਿਆਂ ਤੋਂ ਵੱਧ ਸਮਾਂ। ਪਰ ਆਖ਼ਿਰਕਾਰ ਮੈਂ ਖੜ੍ਹਾ ਹੋ ਗਿਆ ਹਾਂ। ਆਖ਼ਿਰਕਾਰ ਮੈਨੂੰ ਇਕ ਐਸੀ ਜਗ੍ਹਾ ਮਿਲ ਗਈ ਹੈ ਜਿੱਥੇ ਮੈਂ ਆਪਣੇ ਆਪ ਤੋਂ, ਮੇਰੇ ਆਲੇ ਦੁਆਲੇ ਦੀ ਦੁਨੀਆ ਤੋਂ ਮਹਿਫ਼ੂਜ਼ ਹਾਂ। ਇਹ ਇਕ ਅਜਿਹੀ ਸਪੇਸ ਹੈ ਜਿੱਥੇ ਹਰ ਸਵੇਰ ਆਜ਼ਾਦ ਪੰਛੀ ਚੋਗਾ ਚੁਗਣ ਲਈ ਆਉਂਦੇ ਹਨ।" ਅਸੀਂ ਪੀੜਤਾਂ ਦੇ ਇਨਸਾਫ਼ ਦੇ ਹੱਕਾਂ ਲੈਣ ਲਈ ਲੜਦੇ ਹਾਂ, ਉੱਥੇ ਪੀੜਤਾਂ ਨੂੰ ਆਪਣੇ ਆਪ ਨੂੰ ਨਫ਼ਰਤ ਅਤੇ ਬਦਲੇ ਦੀ ਕੈਦ ਤੋਂ ਮੁਕਤ ਕਰਨ ਲਈ ਇਕ ਸਪੇਸ ਲਈ ਵੀ ਲੜਨਾ ਚਾਹੀਦਾ ਹੈ। ਮੈਂ ਅਜਿਹਾ ਕਹਿਣ ਦੀ ਹਿੰਮਤ ਨਹੀਂ ਕਰਾਂਗੀ, ਪਰ ਅਮਨਦੀਪ ਨੇ ਰਾਹ ਦਿਖਾ ਦਿੱਤਾ ਹੈ। ਇਸ ਲਈ ਮੈਂ ਇਹ ਲੇਖ 1984 ਦੇ ਪੀੜਤਾਂ ਦੇ ਬੱਚਿਆਂ ਜਾਂ ਸ਼ਾਇਦ ਉਨ੍ਹਾਂ ਦੇ ਪੋਤੇ-ਪੋਤੀਆਂ ਨੂੰ ਸਮਰਪਿਤ ਕਰਦੀ ਹਾਂ।

# ਕੁਝ ਕਾਰੋਬਾਰੀ ਸਮੂਹਾਂ ਤੇ ਅਰਥਸ਼ਾਸਤਰੀਆਂ ਅਨੁਸਾਰ ਇਮੀਗ੍ਰੇਸ਼ਨ 'ਚ ਕਟੌਤੀ ਆਰਥਿਕਤਾ ਨੂੰ ਪ੍ਰਭਾਵਿਤ ਕਰੇਗੀ

*ਇਮੀਗ੍ਰੇਸ਼ਨ ਨੇ ਪਿਛਲੇ ਸਾਲ ਮੰਦੀ ਤੋਂ ਬਚਾ ਲਿਆ ਸੀ, ਪਰ ਇਸ ਚ ਕਟੌਤੀ ਵਿਕਾਸ ਨੂੰ ਰੋਕ ਸਕਦੀ ਹੈ: ਅਰਥਸ਼ਾਸਤਰੀ*

ਕਾਰੋਬਾਰਾਂ ਦੇ ਹਿਮਾਇਤੀਆਂ ਅਤੇ ਅਰਥ ਸ਼ਾਸਤਰੀਆਂ ਦੇ ਅਨੁਸਾਰ ਦੇਸ਼ ਵਿੱਚ ਨਵੇਂ ਦਾਖ਼ਲਿਆਂ ਦੀ ਗਿਣਤੀ ਨੂੰ ਘਟਾਉਣ ਨਾਲ ਆਰਥਿਕਤਾ ਲਈ ਨਕਾਰਾਤਮਕ ਨਤੀਜੇ ਹੋ ਸਕਦੇ ਹਨ ਅਤੇ ਵਪਾਰ ਲਈ ਚੁਣੌਤੀਆਂ ਪੈਦਾ ਹੋ ਸਕਦੀਆਂ ਹਨ।

ਅਰਥਸ਼ਾਸਤਰੀਆਂ ਦਾ ਕਹਿਣਾ ਹੈ ਕਿ ਇਮੀਗ੍ਰੇਸ਼ਨ ਦੇ ਵਧਦੇ ਪੱਧਰਾਂ ਕਰਕੇ ਕੈਨੇਡਾ ਦੀ ਆਬਾਦੀ ਲਗਾਤਾਰ ਵਧ ਰਹੀ ਹੈ ਜਿਸ ਦਾ ਇੱਕ ਨਤੀਜਾ ਇਹ ਹੈ ਕਿ ਕੁੱਲ ਘਰੇਲੂ ਉਤਪਾਦ ਵਰਗੇ ਆਰਥਿਕ ਸੂਚਕ ਸਕਾਰਾਤਮਕ ਦਿਸ਼ਾ ਵੱਲ ਵਧ ਰਹੇ ਹਨ।

ਸਟੈਟਿਸਟਿਕਸ ਕੈਨੇਡਾ ਨੇ ਮਾਰਚ ਵਿੱਚ ਰਿਪੋਰਟ ਦਿੱਤੀ ਸੀ ਕਿ ਦੇਸ਼ ਦੀ ਆਬਾਦੀ ਵਿੱਚ 2023 ਵਿੱਚ ਲਗਭਗ 1.3 ਮਿਲੀਅਨ ਦਾ ਵਾਧਾ ਹੋਇਆ, ਅਤੇ ਇਸ ਵਾਧੇ ਦਾ 97.6 ਪ੍ਰਤੀਸ਼ਤ ਇਮੀਗ੍ਰੇਸ਼ਨ ਦਾ ਨਤੀਜਾ ਸੀ।

ਨਵੰਬਰ 2023 ਵਿਚ ਐਲਾਨੇ ਗਏ ਪਿਛਲੇ ਇਮੀਗ੍ਰੇਸ਼ਨ ਪਲਾਨ ਦੇ ਤਹਿਤ ਸਰਕਾਰ ਨੇ 2025 ਤੇ 2026 ਦੋਵਾਂ ਸਾਲ 500,000 ਪਰਮਾਨੈਂਟ ਰੈਜ਼ੀਡੈਂਟਸ ਨੂੰ ਸਵੀਕਾਰ ਕਰਨਾ ਸੀ। ਪਰ ਵੀਰਵਾਰ ਨੂੰ ਸਰਕਾਰ ਨੇ ਐਲਾਨਿਆ ਕਿ ਉਹ 2025 ਵਿੱਚ ਇਸ ਗਿਣਤੀ ਨੂੰ ਘਟਾ ਕੇ 395,000 ਕਰ ਰਹੀ ਹੈ, ਅਤੇ ਫਿਰ 2026 ਵਿੱਚ 380,000 ਅਤੇ 2027 ਲਈ 365,000 ਪਰਵਾਸੀ ਹੀ ਸਵੀਕਾਰ ਕੀਤੇ ਜਾਣਗੇ।

ਇਮੀਗ੍ਰੇਸ਼ਨ ਮੰਤਰੀ ਮਾਰਕ ਮਿਲਰ ਅਨੁਸਾਰ ਫ਼ੈਡਰਲ ਸਰਕਾਰ ਦੀ ਨਵੀਂ ਇਮੀਗ੍ਰੇਸ਼ਨ ਯੋਜਨਾ ਆਬਾਦੀ ਵਾਧੇ ਨੂੰ ਸਥਿਰ ਕਰੇਗੀ ਅਤੇ ਹਾਊਸਿੰਗ ਮਾਰਕੀਟ 'ਤੇ ਦਬਾਅ ਤੋਂ ਰਾਹਤ ਦੇਵੇਗੀ।

'ਆਬਾਦੀ ਵਾਧੇ ਨੇ ਆਰਥਿਕਤਾ ਨੂੰ ਲੀਹ 'ਤੇ ਰੱਖਿਆ'

ਪਰ ਕੁਝ ਅਰਥਸ਼ਾਸਤਰੀ ਕਹਿੰਦੇ ਹਨ ਕਿ ਵਧੇਰੇ ਇਮੀਗ੍ਰੇਸ਼ਨ ਦੇ ਕੈਨੇਡਾ ਲਈ ਆਰਥਿਕ ਲਾਭ ਸਨ ਅਤੇ ਕਟੌਤੀ ਦੇ ਨਕਾਰਾਤਮਕ ਨਤੀਜੇ ਹੋ ਸਕਦੇ ਹਨ।

ਐਲਬਰਟਾ ਸੈਂਟਰਲ ਕ੍ਰੈਡਿਟ ਯੂਨੀਅਨ ਦੇ ਮੁੱਖ ਅਰਥਸ਼ਾਸਤਰੀ, ਚਾਰਲਜ਼ ਸੇਂਟ-ਆਰਨੌਡ ਨੇ ਕਿਹਾ, ਜੇ ਪਿਛਲੇ ਸਾਲ ਆਬਾਦੀ ਵਾਧਾ ਉਨਾ ਨਾ ਹੁੰਦਾ ਜਿੰਨਾ ਹੋਇਆ ਹੈ, ਤਾਂ 2023 ਦੇ ਅੰਤ ਤੱਕ ਅਸੀਂ ਮੰਦੀ ਵਿਚ ਹੁੰਦੇ।

ਉਨ੍ਹਾਂ ਕਿਹਾ ਕਿ ਵਧੇਰੇ ਲੋਕਾਂ ਦੇ ਕੈਨੇਡਾ ਆਉਣ ਕਰਕੇ ਸਮੁੱਚੇ ਤੌਰ 'ਤੇ ਆਰਥਿਕਤਾ ਵਿਚ ਵਧੇਰੇ ਪੈਸਾ ਖ਼ਰਚ ਹੋ ਰਿਹਾ ਹੈ। ਭਾਵੇਂ ਮੱਠੀ ਆਰਥਿਕਤਾ ਕਰਕੇ ਵਿਅਕਤੀਗਤ ਤੌਰ 'ਤੇ ਖ਼ਰਚਾ ਘੱਟ ਕੀਤਾ ਜਾ ਰਿਹਾ ਹੋਵੇ।

ਹਾਲਾਂਕਿ ਉਨ੍ਹਾਂ ਨੇ ਸਵੀਕਾਰ ਕੀਤਾ ਕਿ ਹਾਊਸਿੰਗ ਮਾਰਕੀਟ ਅਤੇ ਹੋਰ ਜਨਤਕ ਸੇਵਾਵਾਂ ਤੋਂ ਦਬਾਅ ਘਟਾਉਣ ਲਈ ਇਮੀਗ੍ਰੇਸ਼ਨ ਦੀ ਗਿਣਤੀ ਵਿਚ ਤਬਦੀਲੀ ਦੀ ਲੋੜ ਹੈ।

ਸਕੋਸ਼ੀਆ ਬੈਂਕ ਦੀ ਅਰਥਸ਼ਾਸਤਰੀ, ਰਬੈਕਾ ਯੰਗ ਨੇ ਕਿਹਾ ਕਿ ਆਬਾਦੀ ਵਿਕਾਸ ਦਰ ਹੌਲੀ ਹੋਣ ਕਰਕੇ ਜੀਡੀਪੀ ਵਿਚ ਮਾਮੂਲੀ ਗਿਰਾਵਟ ਆਰਥਿਕਤਾ 'ਤੇ ਵੱਡਾ ਪ੍ਰਭਾਵ ਪਾ ਸਕਦੀ ਹੈ।

ਕਾਰੋਬਾਰ ਚੇਤਾਵਨੀ ਦੇ ਰਹੇ ਹਨ ਕਿ ਕੈਨੇਡਾ ਵਿੱਚ ਇਮੀਗ੍ਰੇਸ਼ਨ ਕਟੌਤੀ ਕਾਰਨ ਉਹ ਨਕਾਰਾਤਮਕ ਨਤੀਜੇ ਮਹਿਸੂਸ ਕਰਨਗੇ।

ਕੈਨੇਡੀਅਨ ਫੈਡਰੇਸ਼ਨ ਆਫ ਇੰਡੀਪੈਂਡੈਂਟ ਬਿਜ਼ਨਸ (CFIB) ਨੇ ਕਿਹਾ ਹੈ ਕਿ ਉਸ ਦੇ ਮੈਂਬਰ ਕੈਨੇਡਾ ਦੇ ਕਈ ਹਿੱਸਿਆਂ ਵਿੱਚ ਖਾਲੀ ਪਈਆਂ ਅਸਾਮੀਆਂ ਨੂੰ ਭਰਨ ਲਈ ਸੰਘਰਸ਼ ਕਰ ਰਹੇ ਹਨ।

ਫ਼ੈਡਰੇਸ਼ਨ ਦੇ ਪ੍ਰੈਜ਼ੀਡੈਂਟ ਡੈਨ ਕੈਲੀ ਨੇ ਕਿਹਾ ਕਿ ਕੁਇਕ-ਸਰਵਿਸ ਰੈਸਟੋਰੈਂਟ (ਜਿਵੇਂ ਟਿਮ, ਮੈਕਡੌਨਲਡ ਆਦਿ) ਵਿਚ ਰਾਤ ਦੀ ਸ਼ਿਫ਼ਟ ਵਾਸਤੇ ਲੋਕ ਘੱਟ ਮਿਲ ਰਹੇ ਹਨ। ਕੈਲੀ ਇਮੀਗ੍ਰੈਂਟਸ ਨੂੰ ਕੈਨੇਡੀਅਨ ਆਰਥਿਕਤਾ ਲਈ ਰੱਬੀ ਦਾਤ ਕਹਿੰਦੇ ਹਨ।

ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਇਮੀਗ੍ਰੇਸ਼ਨ ਟੀਚਿਆਂ ਵਿਚ ਹਾਲੀਆ ਕਟੌਤੀ ਦੇ ਨਕਾਰਾਤਮਕ ਪ੍ਰਭਾਵ ਹੋਣਗੇ।

ਤਨਖ਼ਾਹ ਵਧਾਉਣਾ ਹੀ ਹਮੇਸ਼ਾ ਹੱਲ ਨਹੀਂ ਹੁੰਦਾ, ਖ਼ਾਸ ਤੌਰ 'ਤੇ ਫ਼ੂਡ ਅਤੇ ਰਿਟੇਲ ਸੈਕਟਰ ਦੇ ਕਾਰੋਬਾਰਾਂ ਵਿਚ।

ਕੈਨੇਡੀਅਨ ਚੈਂਬਰ ਔਫ਼ ਕੌਮਰਸ ਵਿੱਖੇ ਸੀਨੀਅਰ ਡਾਇਰੈਕਟਰ, ਡਿਐਨਾ ਪਾਰਮੇਰਿਨ-ਵੇਲੈਸਕੋ ਨੇ ਕਿਹਾ, ਇਮੀਗ੍ਰੇਸ਼ਨ ਆਰਥਿਕ ਵਿਕਾਸ ਦਾ ਇੱਕ ਮੁੱਖ ਚਾਲਕ ਹੈ ਅਤੇ ਨੇੜਲੇ ਭਵਿੱਖ ਵਿੱਚ ਕਾਮੇ ਵਧਾਉਣ ਦਾ ਸਾਡਾ ਇੱਕੋ ਇੱਕ ਸਰੋਤ ਹੈ। ਸਾਡੀ ਉਮਰ-ਦਰਾਜ਼ ਹੁੰਦੀ ਆਬਾਦੀ ਘੱਟ ਜਣਨ ਦਰਾਂ ਅਤੇ ਸੇਵਾਮੁਕਤੀ ਦੀ ਮੌਜੂਦਾ ਲਹਿਰ ਦੇ ਸੰਦਰਭ ਵਿੱਚ ਇਹ ਪਹਿਲਾਂ ਨਾਲੋਂ ਜ਼ਿਆਦਾ ਜ਼ਰੂਰੀ ਹੈ।

ਸੇਂਟ ਆਰਨੌਡ ਨੇ ਕਿਹਾ ਕਿ ਇਮੀਗ੍ਰੇਸ਼ਨ ਵਿਚ ਤਬਦੀਲੀ ਦਾ ਬੈਂਕ ਔਫ਼ ਕੈਨੇਡਾ ਦੇ ਫ਼ੈਸਲੇ 'ਤੇ ਵੀ ਪ੍ਰਭਾਵ ਪੈ ਸਕਦਾ ਹੈ।

ਉਨ੍ਹਾਂ ਕਿਹਾ ਕਿ ਬੈਂਕ ਨੇ ਆਪਣੀਆਂ ਪੇਸ਼ੀਨਗੋਈਆਂ ਵਿਚ ਆਬਾਦੀ ਵਾਧੇ ਵਿਚ ਨਿਘਾਰ ਨੂੰ ਨਹੀਂ ਵਿਚਾਰਿਆ ਹੋਵੇਗਾ। ਪਰ ਇਮੀਗ੍ਰੇਸ਼ਨ ਕਟੌਤੀ ਪਲਾਨ ਵਿਚ ਆਬਾਦੀ ਵਿਚ ਅਗਲੇ 2 ਸਾਲਾਂ ਦੌਰਾਨ 0.2% ਦੀ ਗਿਰਾਵਟ ਦੀ ਯੋਜਨਾ ਹੈ।

ਉਨ੍ਹਾਂ ਕਿਹਾ ਕਿ ਅਜਿਹੀ ਸਥਿਤੀ ਵਿਚ ਆਰਥਿਕਤਾ ਨੂੰ ਹੁਲਾਰਾ ਦੇਣ ਲਈ ਬੈਂਕ ਔਫ਼ ਕੈਨੇਡਾ ਭਵਿੱਖ ਵਿਚ ਵਿਆਜ ਦਰਾਂ ਵਿਚ ਹੋਰ ਕਟੌਤੀ ਕਰ ਸਕਦਾ ਹੈ।

(ਇਸ ਰਿਪੋਰਟ ਤੋਂ ਇਹ ਸਾਫ ਦਿਸਦਾ ਹੈ ਕਿ ਕੈਨੇਡੀਅਨ ਸਰਕਾਰ ਵਲੋਂ ਇੰਮੀਗ੍ਰੈਂਟਾਂ ਦੀ ਗਿਣਤੀ ਘਟਾਉਣ ਦਾ ਫੈਸਲਾ ਇਕ ਸਿਆਸੀ ਫੈਸਲਾ ਹੈ, ਆਰਥਿਕ ਤੌਰ 'ਤੇ ਨਿੱਗਰ ਫੈਸਲਾ ਨਹੀਂ। ਇਹ ਫੈਸਲਾ ਪੱਕੇ ਹੋਣ ਦੀ ਉਡੀਕ ਕਰ ਰਹੇ ਆਰਜ਼ੀ ਕਾਮਿਆਂ (ਵਰਕ ਪਰਮਿੱਟਾਂ 'ਤੇ ਕੰਮ ਕਰਦੇ ਕਾਮਿਆਂ) ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਨ ਦੇ ਨਾਲ ਨਾਲ ਆਮ ਕੈਨੇਡੀਅਨ ਲੋਕਾਂ ਦੀ ਜ਼ਿੰਦਗੀ 'ਤੇ ਵੀ ਨਾਂਹ-ਪੱਖੀ ਅਸਰ ਪਾ ਸਕਦਾ ਹੈ। ਜੇ ਕੈਨੇਡਾ ਦੀ ਆਰਥਿਕਤਾ ਵਿੱਚ ਮੰਦੀ ਆ ਜਾਂਦੀ ਹੈ ਤਾਂ ਉਸ ਨਾਲ ਕੈਨੇਡਾ ਦੇ ਸਾਰੇ ਲੋਕਾਂ ਦੀ ਜ਼ਿੰਦਗੀ ਔਖੀ ਹੋ ਜਾਵੇਗੀ।

**ਲੇਖਕ: ਅਨੀਸ ਹੈਦਰੀ - ਸੀਬੀਸੀ ਨਿਊਜ਼**
**ਪੰਜਾਬੀ ਰੂਪਾਂਤਰ - ਤਾਬਿਸ਼ ਨਕਵੀ, ਸੀਨੀਅਰ ਰਾਈਟਰ, ਰੇਡੀਓ ਕੈਨੇਡਾ ਇੰਟਰਨੈਸ਼ਨਲ**
**-ਸੁਖਵੰਤ ਹੁੰਦਲ)**

# ਵਿਚਾਰ ਦਾ ਜਵਾਬ ਵਿਚਾਰ ਨਾਲ ਕਿਉਂ ਨਹੀਂ.?



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਇਕ ਵਾਰ ਜਰਮਨ ਦੇ ਇਕ ਯਹੂਦੀ ਕਵੀ ਨੂੰ ਗ੍ਰਿਫਤਾਰ ਕੀਤਾ ਗਿਆ, ਕਵੀ ਦੀ ਤਿੰਨ ਸਾਲਾਂ ਦੀ ਧੀ ਨੇ ਅਪਣੀ ਮਾਂ ਨੂੰ ਪੁੱਛਿਆ, ਪਾਪਾ ਨੂੰ ਕਿਉਂ ਫੜ ਕੇ ਲੈ ਗਏ?

ਮਾਂ ਨੇ ਦੱਸਿਆ ਕਿ ਪਾਪਾ ਨੇ ਹਿਟਲਰ ਦੇ ਖਿਲਾਫ ਕਵਿਤਾ ਲਿਖੀ ਸੀ, ਤਾਂ ਕਰਕੇ।

ਬੱਚੀ ਬੋਲੀ ਉਹ ਵੀ ਪਾਪਾ ਦੇ ਖਿਲਾਫ ਕਵਿਤਾ ਲਿਖ ਦਿੰਦਾ।

ਮਾਂ ਕਹਿੰਦੀ ਉਹ ਲਿਖ ਪਾਉਂਦਾ ਤਾਂ ਏਨਾ ਖੂਨ ਖਰਾਬਾ ਕਿਉਂ ਹੁੰਦਾ?

ਸੋਸ਼ਲ ਮੀਡੀਆ ਤੇ ਦੇਸ਼-ਵਿਦੇਸ਼ ਵਿੱਚ ਸਾਡੇ ਸਮਾਜ ਦਾ ਇੱਕ ਵੱਡਾ ਹਿੱਸਾ ਵੀ ਇਸੇ ਮਾਨਸਿਕਤਾ (ਹਿਟਲਰਸ਼ਾਹੀ) ਦਾ ਸ਼ਿਕਾਰ ਹੈ। ਉਹ ਵਿਰੋਧੀ ਵਿਚਾਰ ਬਰਦਾਸ਼ਤ ਨਹੀਂ ਕਰਦੇ। ਵਿਚਾਰ ਦਾ ਜਵਾਬ ਦਲੀਲ ਨਾਲ ਵਿਚਾਰ ਰਾਹੀਂ ਦੇਣ ਦੀ ਥਾਂ ਗਾਲੀ-ਗਲੋਚ ਕਰਦੇ ਹਨ, ਧਮਕੀਆਂ ਦਿੰਦੇ ਹਨ, ਬਦਨਾਮ ਕਰਨ ਲਈ ਝੂਠੇ ਇਲਜ਼ਾਮ ਤੇ ਅਫ਼ਵਾਹਾਂ ਫੈਲਾਉਂਦੇ ਹਨ, ਬਾਈਕਾਟ ਕਰਦੇ ਹਨ, ਸਰੀਰਕ ਹਮਲੇ ਕਰਦੇ ਹਨ, ਇੱਥੋਂ ਤੱਕ ਕਿ ਕਈ ਲੋਕਾਂ ਦੇ ਵਿਚਾਰਾਂ ਦੇ ਵਿਰੋਧ ਕਾਰਨ ਕਤਲ ਵੀ ਹੋਏ ਹਨ।

ਹੈਰਾਨੀ ਹੈ ਕਿ ਸਾਡੀ ਕਹੀ ਜਾਂਦੀ ਸਰਬ ਉੱਚ ਅਦਾਲਤ ਅਕਾਲ ਤਖਤ ਵੱਲੋਂ ਵਿਰੋਧੀ ਵਿਚਾਰ ਵਾਲੇ ਲੇਖਕਾਂ, ਵਿਦਵਾਨਾਂ, ਪ੍ਰਚਾਰਕਾਂ ਵੱਲੋਂ ਉਠਾਏ ਜਾਂਦੇ ਸਵਾਲਾਂ ਦੇ ਜਵਾਬ ਦੇਣ ਜਾਂ ਵਿਚਾਰ ਕਰਨ ਦੀ ਥਾਂ ਪੰਥ 'ਚੋਂ ਛੇਕਣ ਵਰਗੀ ਮਧਯੁਗੀ ਪ੍ਰੰਪਰਾ ਅਨੁਸਾਰ ਮਾਫੀਆਂ ਮੰਗਵਾਈਆਂ ਜਾਂਦੀਆਂ ਹਨ। ਜੇ ਕੋਈ ਮਾਫ਼ੀ ਨਾ ਮੰਗੇ ਤਾਂ ਮਧਯੁਗੀ ਕਬੀਲਾ ਪ੍ਰੰਪਰਾ ਅਨੁਸਾਰ ਪੰਥ ਵਿੱਚੋਂ ਛੇਕਿਆ ਜਾਂਦਾ ਹੈ, ਸਮਾਜਿਕ ਬਾਈਕਾਟ ਕੀਤੇ ਜਾਂਦੇ ਹਨ।

ਇਹ ਕਿਹੋ ਜਿਹੀ ਮਾਨਸਿਕਤਾ ਹੈ। ਇੱਕ ਪਾਸੇ ਅਸੀਂ ਕਹਿ ਰਹੇ ਹਾਂ ਸਾਡਾ ਗੁਰੂ ਸ਼ਬਦ ਹੈ, ਗਿਆਨ ਹੈ। ਸਾਡੇ ਗੁਰੂਆਂ ਨੇ ਦੂਰ-ਦੂਰ ਜਾ ਕੇ ਆਪਣੇ ਵਿਰੋਧੀ ਵਿਚਾਰ ਨੂੰ ਦਲੀਲ ਨਾਲ ਹਰਾਇਆ ਹੈ।

ਪਰ ਅਸੀਂ ਆਪ ਕਿੱਧਰ ਨੂੰ ਤੁਰ ਪਏ ਹਾਂ। ਸਹਿਣਸ਼ੀਲਤਾ, ਵਿਚਾਰ, ਦਲੀਲ ਖਤਮ ਕੀਤਾ ਜਾ ਰਿਹਾ ਹੈ। ਅਸੀਂ ਕਿਹੋ ਜਿਹਾ ਸਮਾਜ ਸਿਰਜ ਰਹੇ ਹਾਂ। ਸਾਡੇ ਗੁਰੂ ਤਾਂ ਮਧਯੁਗ ਵਿੱਚ ਦਲੀਲ ਨਾਲ ਆਪਣਾ ਵਿਚਾਰ ਜਗਤ ਅੱਗੇ ਪੇਸ਼ ਕਰਦੇ ਸਨ ਤੇ ਅਸੀਂ 21ਵੀਂ ਸਦੀ ਦੇ ਵਿਗਿਆਨਿਕ ਯੁੱਗ ਵਿੱਚ ਮਧਯੁਗੀ, ਕਬੀਲਾ ਕਲਚਰ ਅਪਨਾ ਰਹੇ ਹਾਂ। ਲੋਕ ਅਗਾਂਹ ਨੂੰ ਜਾ ਰਹੇ ਹਨ ਤੇ ਅਸੀਂ ਪਿਛਲਖੁਰੀ ਹੋ ਤੁਰੇ ਹਾਂ।



ਜੇ ਸਾਡੇ ਸਮਾਜ ਦੇ ਸੋਚਵਾਨ ਨਾ ਬੋਲੇ ਤਾਂ ਅਸੀਂ ਆਪਣੇ ਸਮਾਜ ਵਿੱਚ ਚੁੱਪ ਰਹਿ ਕੇ ਹਿਟਰਲਸ਼ਾਹੀ ਨੂੰ ਹੀ ਪ੍ਰਫੁੱਲਤ ਕਰ ਰਹੇ ਹੋਵਾਂਗੇ।

# ਲੋਕਾਂ ਦੀ ਸੰਗੀ ਸਾਥੀ: ਗ਼ਦਰ ਲਹਿਰ



-ਅਮੋਲਕ ਸਿੰਘ
98778-68710

**ਕਿਸ ਕਿਸ ਦਿਸ਼ਾ ਤੋਂ ਸ਼ਾਮ ਨੂੰ**
**ਆਵਾਜ਼ਾਂ ਆਉਂਦੀਆਂ**
**ਬੰਦੇ ਨੂੰ ਬਿਹਬਲ ਕਰਦੀਆਂ**
**ਪਾਗਲ ਬਣਾਉਂਦੀਆਂ**

ਲੋਕਾਂ ਦੇ ਮਹਿਬੂਬ ਕਵੀ ਸੁਰਜੀਤ ਪਾਤਰ ਦੀ ਕਲਮ ਆਪਣੇ ਚੌਗਿਰਦੇ, ਹਵਾਵਾਂ, ਪੰਛੀਆਂ ਅਤੇ ਆਪਣੇ ਆਪ ਨਾਲ ਸੰਵਾਦ ਰਚਾਉਂਦੀ ਗਹਿਰੇ ਅਤੇ ਭਾਵ-ਪੂਰਤ ਹਰਫ਼ਾਂ ਸੰਗ ਸਾਡੇ, ਤੁਹਾਡੇ ਨਾਲ ਕੁੱਝ ਸਾਂਝਾ ਕਰਨਾ ਲੋਚਦੀ ਹੈ। ਸਹਿਜਤਾ, ਕੋਮਲਤਾ ਅਤੇ ਸੁਰੀਲੀ ਸੁਰ ਦਾ ਇਹ ਮਤਲਬ ਨਹੀਂ ਕਿ ਉਹ 'ਗ਼ਦਰੀ ਗੂੰਜਾਂ' ਵਰਗੀ ਹੀ ਗੂੰਜ ਕਿਉਂ ਨਹੀਂ ਪਾਉਂਦੀ। ਨਾ ਹੀ ਗ਼ਦਰੀ ਗੂੰਜਾਂ ਦੇ ਕਵੀਆਂ ਨਾਲ ਇਹ ਗਿਲਾ ਸ਼ਿਕਵਾ ਕਰਨਾ ਬਣਦਾ ਹੈ ਕਿ ਉਹਨਾਂ ਵਿੱਚ ਸੁਹਜ ਉਸ ਤਰ੍ਹਾਂ ਨਹੀਂ ਜਿਵੇਂ ਸੁਰਜੀਤ ਪਾਤਰ ਜਾਂ ਹੋਰ ਕਿਸ ਕਵੀ ਦੀਆਂ ਕਵਿਤਾਵਾਂ ਵਿੱਚ ਹੈ।

ਸਮਿਆਂ ਦੇ ਹਾਲਾਤ, ਸਮਿਆਂ ਦੀ ਤੋਰ, ਉੱਸਲਵੱਟੇ, ਕਰਵਟਾਂ, ਬਗ਼ਾਵਤਾਂ, ਨਵੇਂ ਰਾਹਾਂ ਦੇ ਰਾਹੀਆਂ ਦੇ ਕਾਫ਼ਲਿਆਂ ਦਾ ਮਾਰਗ ਬਹੁਤ ਕੁੱਝ ਹੈ ਜੋ ਸ਼ਬਦਾਂ ਦੀ ਖੇਤੀ ਕਰਦਾ ਹੈ। ਉਹਨਾਂ ਦੇ ਅੰਗ ਸੰਗ ਹੁੰਦੀਆਂ ਨੇ ਸੁਰਾਂ, ਸੰਗੀਤ ਦੀਆਂ ਤਰੰਗਾਂ, ਰਾਗਾਂ ਦੀ ਵਰਣਮਾਲਾ।

ਜਿਹੜੀਆਂ ਆਵਾਜ਼ਾਂ ਕਿਸੇ ਕਵੀ, ਲੇਖਕ, ਸਾਹਿਤਕਾਰ, ਰੰਗ ਕਰਮੀ ਨੂੰ ਧੁਰ ਅੰਦਰ ਤੱਕ ਝੰਜੋੜ ਜਾਂਦੀਆਂ ਨੇ ਓਹੀ ਆਵਾਜ਼ਾਂ ਕਿੰਨਿਆਂ ਲਈ ਅਣਸੁਣੀਆਂ ਹੋ ਕੇ ਵੀ ਰਹਿ ਜਾਂਦੀਆਂ ਨੇ। ਅੱਜ ਕੱਲ੍ਹ ਵੀ ਅਲੱਗ-ਅਲੱਗ ਦਿਸ਼ਾਵਾਂ ਤੋਂ ਬਹੁਤ ਆਵਾਜ਼ਾਂ ਆ ਰਹੀਆਂ। ਕਈ ਵਾਰ ਤਾਂ ਇਉਂ ਮਹਿਸੂਸ ਹੋਣ ਲੱਗਦੈ ਕਿ ਇਹ ਆਵਾਜ਼ਾਂ ਨਹੀਂ ਇਹ ਸ਼ੋਰ ਹੈ। ਸ਼ੋਰ ਦੇ ਜਮਘਟੇ 'ਚ ਮਿੱਠੀਆਂ, ਸੁਰੀਲੀਆਂ, ਕੁਸੈਲੀਆਂ ਅਤੇ ਜ਼ਹਿਰਾਂ ਭਰੀਆਂ ਆਵਾਜ਼ਾਂ ਦੀ ਪਹਿਚਾਣ ਕਰਨੀ ਵੀ ਆਮ ਬੰਦੇ ਲਈ ਔਖੀ ਹੋ ਜਾਂਦੀ ਹੈ। ਬੰਦੇ ਨੂੰ ਭੀੜਾਂ ਆਪਣੇ ਸ਼ੋਰ ਵਿੱਚ ਧੂਹ ਲੈਂਦੀਆਂ ਨੇ। ਪੀੜ੍ਹਾਂ ਹੰਢਾਉਂਦਾ ਬੰਦਾ ਉਸ ਸ਼ੋਰ ਵਿਚੋਂ ਦਵਾ ਬੂਟੀ ਮਿਲਣ ਦੇ ਝਾਂਸੇ ਵਿੱਚ ਫਸਿਆ; ਉਲਟਾ ਉਮਰਾਂ ਦੇ ਰੋਗ ਲੈ ਬਹਿੰਦਾ ਹੈ।

ਅਜੇਹਾ ਸ਼ੋਰ 1913 'ਚ ਵੀ ਸਿਖ਼ਰਾਂ 'ਤੇ ਸੀ। ਗ਼ਦਰ ਪਾਰਟੀ ਦੀ ਆਧਾਰਸ਼ਿਲਾ ਰੱਖਣ ਲਈ ਜਿਹੜੇ ਦਰਦ-ਪਰੁੰਨੇ ਪਰਦੇਸੀਂ ਰੁਲਦੇ ਲੋਕ ਦਰਦ ਨਿਵਾਰਨ ਲਈ ਬੂਟੀਆਂ ਲੱਭਣ ਤੁਰੇ ਉਹਨਾਂ ਨੂੰ ਚੋਰ, ਡਾਕੂ, ਹਿੰਸਕ ਅਤੇ ਪਾਗਲ ਕਹਿਣ ਦੀਆਂ ਹਨੇਰੀਆਂ ਮੂੰਹ ਜ਼ੋਰ ਸਨ। ਅਨੇਕਾਂ ਦਿਸ਼ਾਵਾਂ ਤੋਂ ਬਿਹਬਲ ਅਤੇ ਪਾਗਲ ਬਣਾਉਂਦੀਆਂ ਆਵਾਜ਼ਾਂ ਉਦੋਂ ਵੀ ਆਉਂਦੀਆਂ ਸੀ। ਉਸ ਵੇਲੇ ਕੋਮਲ ਹਿਰਦੇ ਵਾਲਿਆਂ ਨੇ ਗੌਰ ਨਾਲ? ਸੁਣੀਆਂ, ਵਿਚਾਰੀਆਂ, ਇੱਕ ਦੂਜੇ ਨਾਲ ਸਾਂਝੀਆਂ ਕੀਤੀਆਂ। ਮਿਲਣੀਆਂ, ਵਿਚਾਰ-ਗੋਸ਼ਟੀਆਂ ਨੇ ਮਿਲਣ ਦੇ ਕੇਂਦਰ ਸਥਾਪਤ ਕਰਨ ਲਈ ਵਿਚਾਰਾਂ ਦੀ ਪਨੀਰੀ ਨੂੰ ਪੁੰਗਰਨ ਦਾ ਵਾਤਾਵਰਣ ਦਿੱਤਾ। ਗ਼ਦਰ ਪਾਰਟੀ ਦੀ ਨੀਂਹ ਰੱਖਣ ਤੋਂ ਪਹਿਲਾਂ ਦਾ ਦੌਰ ਵੀ ਤੱਤ ਰੂਪ ਵਿੱਚ ਅੱਜ ਦੀਆਂ ਹਾਲਤਾਂ ਤੋਂ ਮੂਲੋਂ ਵੱਖਰਾ ਨਹੀਂ ਸੀ। ਇਹਨਾਂ ਉੱਬੜ ਖਾਬੜ ਰਾਹਾਂ 'ਚ ਹੀ ਕਾਫ਼ਲੇ ਤੁਰੇ ਅਤੇ ਉਹਨਾਂ ਨਵੇਂ ਰਾਹ ਬਣਾਏ।

ਸੌ ਸਾਲ ਤੋਂ ਵੀ ਪਹਿਲਾਂ ਲੋਕ, ਅਮਰੀਕਾ ਅਤੇ ਕਨੇਡਾ ਗ਼ਦਰ ਪਾਰਟੀ ਬਣਾਉਣ ਨਹੀਂ ਸੀ ਗਏ। ਨਾ ਹੀ ਓਥੇ ਜਾ ਕੇ ਉਹ ਬਾਜ਼ਾਰੋਂ ਕੋਈ ਪੁੜੀਆਂ ਲੈ ਕੇ ਆਏ, ਆਪਣੀ ਮਰਜ਼ ਦੂਰ ਕਰਨ ਲਈ। ਉਥੋਂ ਦੀਆਂ ਤਲਖ਼ ਹਕੀਕਤਾਂ, ਆਪਣੇ ਪਿਛੋਕੜ, ਆਪਣੀ ਇਤਿਹਾਸਕ ਵਿਰਾਸਤ ਦੀਆਂ ਤਿੱਖੀਆਂ ਚੋਭਾਂ ਨੇ ਜੀਵਨ ਨੂੰ ਸਮਝਣ ਅਤੇ ਬਦਲਣ ਲਈ ਉਪਾਅ ਕਰਨ ਵਾਲੀ ਨਵੀਂ ਚੇਤਨਾ ਦੀਆਂ ਲਗਰਾਂ ਫੁੱਟਣ ਦਾ ਮੌਕਾ ਦਿੱਤਾ।



ਅੱਜ ਕੋਈ ਇਹ ਨਵੀਂ ਗੱਲ ਨਹੀਂ ਆਖੀ ਜਾ ਰਹੀ ਕਿ 'ਏਥੇ ਕੁੱਝ ਨਹੀਂ ਬਦਲਣਾ', ਕਨੇਡਾ ਅਤੇ ਹੋਰਨਾਂ ਥਾਵਾਂ 'ਤੇ ਉਜਾੜੇ, ਬੇਰੁਜ਼ਗਾਰੀ ਅਤੇ ਵਤਨ ਵਾਪਸੀ ਲਈ ਧੱਕੇ ਧੋੜਿਆਂ ਦੀ ਮਾਰ ਝੱਲ ਰਹੇ ਲੋਕਾਂ ਦਾ ਕੁੱਝ ਨਹੀਂ ਬਣਨਾ। ਜੇ 1913 ਤੋਂ ਪਹਿਲਾਂ ਦੇ ਇਤਿਹਾਸ ਦੇ ਸਫ਼ਿਆਂ ਉਪਰ ਝਾਤ ਮਾਰੀਏ ਤਾਂ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਰਹਿਣ ਦਿੰਦੇ। ਉਸ ਵੇਲੇ ਵੀ ਬਿਹਬਲ ਕਰਦੇ ਬੋਲਾ ਪਾਗਲ ਬਣਾਉਂਦੀਆਂ ਤਿੱਖੜ ਆਵਾਜ਼ਾਂ ਸਨ।

ਵਿਸ਼ੇਸ਼ ਕਰਕੇ ਪੰਜਾਬ ਅਤੇ ਹੋਰਨਾਂ ਖਿੱਤਿਆਂ ਤੋਂ ਲੋਕਾਂ ਜਦੋਂ ਪਰਦੇਸਾਂ ਨੂੰ ਚਾਲੇ ਪਾਏ ਤਾਂ ਉਹ ਕਰਜ਼ੇ, ਗਰੀਬੀ, ਮੰਦਹਾਲੀ, ਸ਼ਾਹੂਕਾਰਾਂ ਦੇ ਕਹਿਰ ਦੇ ਭੰਨੇ ਹੋਏ ਸਨ। ਪਰਦੇਸੀਂ ਪੁੱਜਕੇ ਉਹਨਾਂ ਨੂੰ ਰੋਟੀ, ਰੋਜ਼ੀ ਕੋਈ ਥਾਲੀ 'ਚ ਪਰੋਸ ਕੇ ਨਹੀਂ ਸੀ ਮਿਲੀ। ਉਹਨਾਂ ਦਰ-ਦਰ ਧੱਕੇ ਖਾਧੇ। ਅਮਰੀਕਾ, ਕਨੇਡਾ ਦੀਆਂ ਹਾਲਤਾਂ, ਜ਼ਿੰਦਗੀ ਦੇ ਆਰਥਕ, ਰਾਜਨੀਤਕ, ਸਮਾਜਕ, ਸਭਿਆਚਾਰਕ ਅਤੇ ਮਨੋਵਿਗਿਆਨਕ ਅਨੇਕਾਂ ਪੱਖਾਂ ਦਾ ਉਹਨਾਂ ਦੇ ਮਨ ਉਪਰ ਪ੍ਰਭਾਵ ਪੈਣਾ ਸੁਭਾਵਕ ਅਤੇ ਲਾਜ਼ਮੀ ਸੀ। ਵਿਗਿਆਨ ਦਾ ਨਿਯਮ ਹੈ ਕਿ ਇਹ ਅਮਲ ਦੋਵੇਂ ਪਾਸਿਆਂ ਨੂੰ ਮੋੜਵੇਂ ਰੂਪ ਵਿੱਚ ਕਲਾਵੇ ਵਿੱਚ ਲੈਂਦਾ ਹੈ। ਅਮਰੀਕਾ, ਕਨੇਡਾ, ਅਫ਼ਰੀਕਾ ਅਤੇ ਹੋਰਨਾਂ ਮੁਲਕਾਂ ਵਿੱਚ ਰੋਟੀ ਰੋਜ਼ੀ ਦੀ ਭਾਲ 'ਚ ਗਏ ਲੋਕਾਂ ਦੇ ਮਨਾਂ ਅੰਦਰ ਪਹਿਲਾਂ ਵਿਚਾਰਾਂ ਦੀ ਅੰਕੁਰ ਫੁੱਟਣ ਲੱਗੀ ਫ਼ ?ਰ ਵਿਚਾਰਾਂ ਦੀ ਫ਼ਸਲ ਜੋਬਨ 'ਤੇ ਆਈ। ਉਹਨਾਂ ਦੇ ਮਨ ਦਰਵਾਜੇ ਖੁੱਲ੍ਹਣ ਲੱਗੇ। ਉਹ ਖੁੱਲ੍ਹੀਆਂ ਹਵਾਵਾਂ, ਚੰਨ ਦੀ ਚਾਨਣੀ, ਸੂਰਜ ਦੀ ਰੌਸ਼ਨੀ ਵਿੱਚੀਂ ਤੱਕਣ ਅਤੇ ਸਮਝਣ ਲੱਗੇ ਕਿ ਸਾਨੂੰ ਇਸ ਕਰਕੇ ਪਰਦੇਸਾਂ ਵੱਲ ਮੂੰਹ ਕਰਨਾ ਪਿਆ ਕਿਉਂਕਿ ਸਾਡਾ ਮੁਲਕ ਗ਼ੁਲਾਮ ਹੈ। ਅੱਗ ਲੈਣ ਆਈ, ਘਰ ਦੀ ਮਾਲਕਣ ਬਣ ਬੈਠੀ ਈਸਟ ਇੰਡੀਆ ਕੰਪਨੀ ਵਰਗੀਆਂ ਧਾੜਾਂ ਨੇ ਸਾਡੇ ਮੁਲਕ ਦੇ ਕੁਦਰਤੀ ਮਾਲ ਖਜ਼ਾਨੇ ਹੜੱਪ ਲਏ। ਸਾਡੇ ਜੰਗਲ, ਜਲ, ਜ਼ਮੀਨ, ਸਿੱਖਿਆ, ਸਾਡੀ ਕਿਰਤ, ਬੋਲੀ, ਧਾਰਮਕ, ਸਮਾਜਕ, ਜਮਹੂਰੀ ਆਜ਼ਾਦੀਆਂ ਉਪਰ ਜੱਫਾ ਮਾਰ ਲਿਆ। ਪਾਬੰਦੀਆਂ ਮੜ੍ਹਕੇ ਸਾਨੂੰ ਗ਼ੁਲਾਮ ਬਣਾ ਕੇ ਸਾਡੇ ਮੁਲਕ ਦੀ ਧਨ ਦੌਲਤ ਹੜੱਪ ਲਈ। ਖੇਤੀ, ਸਨਅਤ, ਗਿਆਨ-ਵਿਗਿਆਨ, ਸਿੱਖਿਆ ਨੂੰ ਆਪਣੇ ਹਿੱਤਾਂ ਮੁਤਾਬਕ ਬਰਤਾਨਵੀ ਹਕੂਮਤ ਨੇ ਮਰੋੜਾ ਦਿੱਤਾ। ਪਰਵਾਸੀਆਂ ਦੇ ਗੱਲ ਪੱਲੇ ਪੈਣ ਲੱਗੀ ਕਿ ਪੁਆੜੇ ਦੀ ਜੜ੍ਹ ਕਿੱਥੇ ਹੈ। ਇਹ ਸੋਚਾਂ ਉਹਨਾਂ ਦੇ ਮਿਲ ਬੈਠਣ ਨਾਲ? ਅੱਗੇ ਤੁਰੀਆਂ।

ਕੈਲੇਫੋਰਨੀਆਂ (ਅਮਰੀਕਾ) ਦੇ ਖੇਤਾਂ 'ਚ ਕੰਮ ਕਰਦੇ ਪੰਜਾਬੀਆਂ ਜਵਾਲਾ ਸਿੰਘ ਠੱਠੀਆਂ, ਵਸਾਖਾ ਸਿੰਘ ਦਦੇਹਰ, ਸੰਤੋਖ ਸਿੰਘ ਧਰਦਿਓ, ਜਗਤ ਰਾਮ ਹਰਿਆਣਾ (ਹੁਸ਼ਿਆਰਪੁਰ), ਭਾਈ ਰੂੜ ਸਿੰਘ ਚੂਹੜਚੱਕ, ਕਰਤਾਰ ਸਿੰਘ ਦੁੱਕੀ ਲਤਾਲਾ (ਲੁਧਿਆਣਾ) ਆਦਿ ਅੰਕੁਰ ਰੂਪ 'ਚ ਨਵੇਂ ਵਿਚਾਰਾਂ ਦੀ ਸਾਂਝ ਪਾਉਣ ਲੱਗੇ। ਇਹ ਵੀ ਪਤਾ ਲੱਗਣ ਲੱਗਾ ਕਿ ਕਰਤਾਰ ਸਿੰਘ ਸਰਾਭਾ ਅਤੇ ਕੁੱਝ ਹੋਰ ਵਿਦਿਆਰਥੀ ਵੀ ਅਜੇਹੀਆਂ ਵਿਚਾਰਾਂ ਕਰਨ ਲੱਗੇ ਹਨ। ਇਉਂ 31 ਮਾਰਚ 1913 ਨੂੰ ਬਰਾਈਡ ਵਿਲ (ਅਮਰੀਕਾ) ਫਿਰ 7 ਅਪ੍ਰੈਲ 1919 ਨੂੰ ਲਿਨਟਨ ਮਿੱਲ ਵਿੱਚ ਮੀਟਿੰਗ ਕੀਤੀ ਗਈ। ਇਸ ਵਿੱਚ ਪੋਰਟਲੈਂਡ ਅਤੇ ਸੈਂਟ ਜਾਨ ਦੇ ਪੰਜਾਬੀ ਵੀ ਸ਼ਾਮਲ ਹੋਏ। ਲਿਨਟਨ ਆਰਾ ਮਿੱਲ ਵਿੱਚ ਸੋਹਣ ਸਿੰਘ ਭਕਨਾ ਕੰਮ ਕਰਦੇ ਸਨ। ਇਉਂ ਮਿਲਣੀਆਂ, ਵਿਚਾਰਾਂ ਦਾ ਅਜੇਹਾ ਮੁੱਢ ਬੱਝਾ ਕਿ 21 ਅਪ੍ਰੈਲ 1913 ਨੂੰ ਅਸਟੋਰੀਆ ਵਿਖੇ ਆਰਾ ਮਿੱਲ 'ਤੇ ਕੇਸਰ ਸਿੰਘ ਠੱਠਗੜ੍ਹ ਦੇ ਟਿਕਾਣੇ 'ਤੇ ਇਕੱਤਰਤਾ ਹੋਈ। ਇਸ ਵਿੱਚ ਵੱਖ-ਵੱਖ ਥਾਵਾਂ 'ਤੇ ਕੰਮ ਕਰਦੇ ਲੋਕ ਇਕੱਠੇ ਹੋਏ। ਇਥੇ ਕਰਤਾਰ ਸਿੰਘ ਸਰਾਭਾ ਵੀ ਛੁੱਟੀਆਂ ਕੱਟਣ ਆਇਆ ਹੋਇਆ ਸੀ, ਉਹਨਾਂ ਨਾਲ ਸੰਪਰਕ ਕਰਕੇ ਇਸ ਇਕੱਤਰਤਾ ਨੇ ਠੋਸ ਕਦਮ ਚੁੱਕਣ ਦਾ ਮਨ ਬਣਾਇਆ।

• ਇਥੇ ਵਿਚਾਰਕੇ ਜਥੇਬੰਦੀ ਦਾ ਨਾਂਅ ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ ਤੋਂ ਸੌਖਿਆਂ ਕਰਕੇ 'ਹਿੰਦੀ ਪੈਸਿਫ਼ਿਕ ਐਸੋਸੀਏਸ਼ਨ' ਰੱਖਣ ਸਮੇਤ ਕਈ ਮਤੇ ਪਾਸ ਕੀਤੇ ਗਏ।

• ਜੱਥੇਬੰਦੀ ਦਾ ਅਖ਼ਬਾਰ ਗ਼ਦਰ ਕੱਢਣ ਦਾ ਵੀ ਫੈਸਲਾ ਹੋਇਆ। ਬਾਅਦ ਵਿੱਚ 'ਗ਼ਦਰ' ਅਖ਼ਬਾਰ ਐਨਾ ਮਕਬੂਲ ਹੋਇਆ ਕਿ ਪਾਰਟੀ ਨੂੰ 'ਗ਼ਦਰ ਪਾਰਟੀ' ਕਰਕੇ ਹੀ ਜਾਣਿਆਂ ਜਾਣ ਲੱਗਾ।

• ਜੱਥੇਬੰਦੀ ਦੀ ਸਾਲਾਨਾ ਚੋਣ ਕੀਤੀ ਜਾਏਗੀ।

• ਹਰੇਕ ਕਾਰਖਾਨੇ ਅਤੇ ਰੇਲ ਮਜ਼ਦੂਰਾਂ ਅਤੇ ਫ਼ਾਰਮਾਂ ਦੀਆਂ ਕਮੇਟੀਆਂ ਬਣਾਈਆਂ।

• ਹਰੇਕ ਮੈਂਬਰ ਹਰ ਮਹੀਨਾ ਇੱਕ ਡਾਲਰ ਚੰਦਾ ਦੇਵੇਗਾ।

• ਜੱਥੇਬੰਦੀ ਧਰਮ-ਨਿਰਪੱਖ ਹੋਏਗੀ। ਇਸ ਵਿੱਚ ਮਜ੍ਹਬੀ ਬਹਿਸਾਂ ਲਈ ਕੋਈ ਥਾਂ ਨਹੀਂ ਹੋਵੇਗੀ।

• ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਮਜ਼ਦੂਰ ਅਤੇ ਹੋਰ ਮਿਹਨਤੀ ਲੋਕ ਜੋ ਆਪਣੇ ਹੱਕਾਂ ਲਈ ਸੰਘਰਸ਼ ਕਰਨਗੇ, ਹਰ ਗ਼ਦਰੀ ਦਾ ਇਹ ਫ਼ਰਜ਼ ਹੋਏਗਾ ਕਿ ਉਹ ਉਸ ਹੱਕੀ ਸੰਘਰਸ਼ ਦੀ ਪੁਰਜ਼ੋਰ ਹਮਾਇਤ ਕਰੇ।

ਇੱਕ ਨਿੱਕੀ ਜਿਹੀ ਕਣੀ, ਦੋ ਬੂੰਦ, ਔੜਾਂ ਮਾਰੀ ਧਰਤੀ ਦਾ ਸੀਨਾ ਠਾਰਨ ਦਾ ਕੰਮ ਕਰਦੇ ਹਨ। ਅਮਰੀਕਾ, ਕਨੇਡਾ ਅਤੇ ਹੋਰ ਥਾਵਾਂ 'ਤੇ ਦਰ-ਦਰ ਭਟਕਦੇ, ਆਪਣੇ ਆਪ ਨੂੰ ਇਕੱਲੇ ਅਤੇ ਸ਼ਕਤੀਹੀਣ ਸਮਝਦੇ ਲੋਕ ਕਿਸ-ਕਿਸ ਦਿਸ਼ਾ ਤੋਂ ਆਉਂਦੀਆਂ ਆਵਾਜ਼ਾਂ ਤੋਂ ਉਦਾਸ ਹੋਣ ਦੀ ਬਜਾਏ ਉਹ ਆਪਣੇ ਦੁੱਖਾਂ ਦਾ ਓਹੜ-ਪੋਹੜ ਜੱਥੇਬੰਦੀ ਵਿੱਚੋਂ ਦੇਖਣ ਲੱਗੇ। ਇਸਦੀ ਮਜ਼ਬੂਤੀ ਲਈ ਜੱਦੋ-ਜਹਿਦ ਦੇ ਜ਼ਰੂਰੀ ਹਥਿਆਰ ਚੰਡਣ ਲੱਗੇ।

ਸਾਨਫਰਾਂਸਿਸਕੋ ਦੀ ਗਲੀ 'ਚ 436 ਨੰਬਰ ਮਕਾਨ ਕਿਰਾਏ 'ਤੇ ਲੈ ਕੇ ਉਸਨੂੰ ਯੁਗਾਂਤਰ ਆਸ਼ਰਮ ਭਾਵ ਗ਼ਦਰ ਆਸ਼ਰਮ ਸਥਾਪਤ ਕਰਕੇ ਗ਼ਦਰ ਲਹਿਰ ਦਾ ਅਤੇ ਅਖ਼ਬਾਰ 'ਗ਼ਦਰ' ਦਾ ਮੁੱਖ ਕੇਂਦਰ ਬਣਾਇਆ ਗਿਆ। ਗ਼ਦਰ ਅਖ਼ਬਾਰ ਪੰਜਾਬੀ ਸਮੇਤ ਅਲੱਗ-ਅਲੱਗ ਭਾਸ਼ਾਵਾਂ ਵਿੱਚ ਛਪਣ ਲੱਗਾ। ਗ਼ਦਰ ਅਖ਼ਬਾਰ ਨੇ ਚਾਰੇ ਪਾਸੇ ਤਰਥੱਲੀ ਛੇੜ ਦਿੱਤੀ। ਪੰਜਾਬ ਵਿੱਚ ਰਾਜ ਭਾਗ 'ਤੇ ਕਾਬਜ਼ ਅੰਗਰੇਜ਼ੀ ਹਕੂਮਤ ਨੇ ਕੰਨ ਖੜ੍ਹੇ ਕਰ ਲਏ। ਸਾਮਰਾਜੀ ਲੁੱਟ ਖੋਹ ਦਾ ਸਿਲਸਿਲਾ ਬੇਰੋਕ ਚੱਲਦਾ ਰੱਖਣ ਲਈ ਉਸਨੇ ਸਾਰੇ ਕਦਮ ਚੁੱਕਣ ਦੀਆਂ ਤਿਆਰੀਆਂ ਖਿੱਚ ਲਈਆਂ। ਬਰਤਾਨਵੀ ਸਾਮਰਾਜ ਦੇ ਵਫ਼ਾਦਾਰ ਸਰਕਾਰੀ ਦਰਬਾਰੇ ਜਾ ਕੇ ਦੋਹੱਥੜਾਂ ਮਾਰਨ ਲੱਗੇ। ਉਹਨਾਂ ਨੇ ਧਾਰਮਕ, ਫ਼ਿਰਕੇਦਾਰਾਨਾ, ਆਪਣੇ ਪਿੱਠੂਆਂ ਦੀਆਂ ਸਭ ਪਾਸੇ ਸੰਸਥਾਵਾਂ ਖੜ੍ਹੀਆਂ ਕਰਨ ਅਤੇ ਗ਼ਦਰੀ ਦੇਸ਼ ਭਗਤਾਂ ਖਿਲਾਫ਼ ਕੂੜ ਪ੍ਰਚਾਰ ਤੇਜ਼ ਕਰਨ ਲਈ ਪੂਰਾ ਟਿੱਲ ਲਗਾ ਦਿੱਤਾ। ਫ਼ਿਰਕੂ ਨਫ਼ਰਤ ਲਈ ਜ਼ਹਿਰੀਲਾ ਪ੍ਰਚਾਰ ਆਰੰਭਕੇ ਜ਼ਮੀਨ ਤਿਆਰ ਕੀਤੀ ਜਾਣ ਲੱਗੀ, ਜਿਸਦਾ ਅਤਿ ਘਿਨੌਣਾ ਦ੍ਰਿਸ਼ ਪੰਜਾਬ ਦੀ ਵੰਡ, ਕਤਲੋਗਾਰਦ ਅਤੇ ਉਜਾੜੇ ਵੇਲੇ ਉਭਰਕੇ ਸਾਹਮਣੇ ਆਇਆ।

ਉਧਰ ਗ਼ਦਰੀ ਗੂੰਜਾਂ ਦੀ ਆਵਾਜ਼ ਆ ਰਹੀ ਸੀ ਕਿ:

**ਮਜ਼ਹਬੀ ਝਗੜਿਆਂ ਤੇ ਤੁਸੀਂ ਜੋਰ ਪਾਯਾ,**
**ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।**
**ਤੁਸਾਂ ਭੋਲਿਓ ਮੂਲ ਨਾ ਖ਼ਬਰ ਲੱਗੀ,**
**ਝਗੜਾ ਘੱਤਿਆ ਵੇਦ ਕੁਰਾਨ ਵੀਰੋ।**
**ਦੇਸ਼ ਪੱਟਿਆ ਤੁਸਾਂ ਦੇ ਝਗੜਿਆਂ ਨੇ,**
**ਤੁਸੀਂ ਸਮਝਦੇ ਨਹੀਂ ਨਦਾਨ ਵੀਰੋ।**
**ਹਿੰਦੂ ਮੁਸਲਮਾਨੋਂ ਝਗੜਾ ਛੱਡ ਦੇਵੋ**
**ਲਾਵੋ ਦੇਸ਼ ਤੇ ਕੌਮ ਦੀ ਜਾਨ ਵੀਰੋ।**

ਇਹ ਦੋ ਧਾਰਾਵਾਂ ਆਹਮੋ-ਸਾਹਮਣੇ ਖੜ੍ਹੀਆਂ ਸਨ। ਇੱਕ ਬੰਨੇ ਬਰਤਾਨਵੀ ਸਾਮਰਾਜਵਾਦ ਅਤੇ ਉਸਦੇ ਵੰਨ-ਸੁਵੰਨੇ ਭਾਰਤੀ ਯਾਰ। ਦੂਜੇ ਬੰਨੇ ਗ਼ਦਰ ਪਾਰਟੀ ਦੇ ਖਰੇ ਕੌਮੀ, ਦੇਸ਼ ਭਗਤ, ਧਰਮ-ਨਿਰਪੱਖ, ਜਮਹੂਰੀ ਅਤੇ ਇਨਕਲਾਬੀ ਲੋਕ ਜਿਹੜੇ ਸਾਡੇ ਮੁਲਕ ਨੂੰ ਸਿਰਫ਼ ਗੋਰੀ ਚਮੜੀ ਤੋਂ ਮੁਕਤ ਕਰਾਉਣ ਦੀ ਬਜਾਏ ਮਹਾਨ, ਉੱਚੇ ਸੁੱਚੇ ਆਦਰਸ਼ਾਂ ਨੂੰ ਪ੍ਰਨਾਏ ਸਨ। ਜਿਹਨਾਂ ਨੇ ਗ਼ਦਰ ਲਹਿਰ ਦੇ ਬੂਟੇ ਨੂੰ ਪਾਣੀ ਪਾਉਂਦਿਆਂ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਲਹਿਰ ਨੇ ਪ੍ਰੋਗਰਾਮ, ਸੰਘਰਸ਼ ਦੇ ਢੰਗ ਤਰੀਕਿਆਂ, ਸਾਮਰਾਜੀ ਜਕੜ ਪੰਜਾ ਤੋੜਕੇ ਹਰ ਪ੍ਰਕਾਰ ਦੀ ਗੁਲਾਮੀ, ਦਾਬੇ, ਵਿਤਕਰੇ, ਜ਼ਬਰ-ਜ਼ੁਲਮ ਤੋਂ ਮੁਕਤ ਭਾਰਤ ਦੀ ਸਿਰਜਣਾ ਕਰਨ ਲਈ ਸੰਗਰਾਮ ਦੇ ਨਵੇਂ ਨਕੋਰ ਵਰਕੇ ਲਿਖੇ। ਇਹਨਾਂ ਨੂੰ ਲਿਖਣ ਲਈ ਉਹਨਾਂ ਨੇ ਆਪਣੇ ਖ਼ੂਨ ਦੀ ਸਿਆਹੀ ਤੋਂ ਕੰਮ ਲਿਆ। ਬਹੁਤ ਹੀ ਸੂਝ-ਬੂਝ ਭਰੀ ਰਾਜਨੀਤਕ, ਸਮਾਜਕ ਚੇਤਨਾ, ਜੱਥੇਬੰਦੀਆਂ ਉਸਾਰਨ, ਇਨਕਲਾਬੀ ਪਾਰਟੀ ਦੀ ਲੋੜ ਉਭਾਰਨ ਦੀ ਭੂਮਿਕਾ ਨਿਭਾਈ। ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਗ਼ਦਰੀ ਬਾਬਿਆਂ, ਸ਼ਹੀਦ ਕਰਤਾਰ ਸਿੰਘ ਸਰਾਭਾ, ਬੀਬੀ ਗੁਲਾਬ ਕੌਰ, ਪ੍ਰੋ. ਬਰਕਤ ਉੱਲਾ ਖਾਂ, ਪੰਡਤ ਕਾਂਸ਼ੀ ਰਾਮ ਮੜੌਲੀ ਅਤੇ ਰਹਿਮਤ ਅਲੀ ਵਜ਼ੀਦਕੇ ਵਰਗੇ ਅਨੇਕਾਂ ਇਨਕਲਾਬੀਆਂ ਨੇ ਗ਼ਦਰੀ ਪੈੜਾਂ ਸੰਭਾਲਦਿਆਂ ਗ਼ਦਰ ਦੇ ਸੱਜਰੇ ਵਰਕੇ ਸਿਰਜੇ। ਉਹਨਾਂ ਗ਼ਦਰ ਲਹਿਰ, ਬੱਬਰ ਅਕਾਲੀ ਲਹਿਰ ਅਤੇ ਕਿਰਤੀ ਲਹਿਰ ਦੇ ਅਨਮੋਲ ਸਬਕਾਂ ਅਤੇ ਕੁਰਬਾਨੀਆਂ ਤੋਂ ਬਹੁਤ ਕੁੱਝ ਹਾਸਲ ਕੀਤਾ। ਉਹਨਾਂ ਅਧਿਐਨ ਕੀਤਾ ਗ਼ਦਰ ਪਾਰਟੀ ਦੇ ਗਠਨ, ਗ਼ਦਰ ਲਈ ਮੁਲਕ ਵੱਲ ਚਾਲੇ ਪਾਉਣ, ਛਾਉਣੀਆਂ ਵਿੱਚ ਬਗ਼ਾਵਤ ਕਰਨ, ਆਮ ਲੋਕਾਂ ਨੂੰ ਗ਼ਦਰ ਲਹਿਰ ਦੇ ਅਟੁੱਟ ਅੰਗ ਬਣਾਉਣ, ਕੌਮੀ ਮੁਕਤੀ ਲਹਿਰ, ਸਾਂਝੀਵਾਲਤਾ ਦੀ ਲਹਿਰ ਵਿੱਚ ਔਰਤਾਂ ਦੀ ਮਹੱਤਵਪੂਰਣ ਭੂਮਿਕਾ, ਨੌਜਵਾਨਾਂ ਨੂੰ ਅੱਗੇ ਆਉਣ ਦੀ ਲੋੜ ਆਦਿ ਬਾਰੇ ਉਹਨਾਂ ਨੇ ਪੜਚੋਲਵੀਆਂ ਵਿਚਾਰਾਂ ਅਤੇ ਅਧਿਐਨ ਕਰਨ ਲਈ ਅਥਾਹ ਮਿਹਨਤ ਕੀਤੀ। ਨਵੇਂ ਮੁਕਾਮ ਸਿਰਜੇ। ਉਹਨਾਂ ਨੇ ਜਾਗੀਰਦਾਰੀ ਦਾ ਖਾਤਮਾ, ਕਿਸਾਨਾਂ ਦੀ ਕਰਜ਼ੇ ਤੋਂ ਮੁਕੰਮਲ ਮੁਕਤੀ, ਜ਼ਮੀਨ ਦੇ ਕੌਮੀਕਰਣ ਅਤੇ ਸਾਂਝੀ ਖੇਤੀ ਸਥਾਪਤ ਕਰਨ, ਘਰਾਂ ਦੀ ਗਾਰੰਟੀ, ਕਾਰਖਾਨਿਆਂ ਦਾ ਕੌਮੀ ਕਰਣ, ਰੁਜ਼ਗਾਰ ਦੀ ਗਾਰੰਟੀ, ਔਰਤ ਦੀ ਬਰਾਬਰੀ ਭਰੇ ਰੁਤਬੇ ਆਦਿ ਬਾਰੇ ਆਪਣੇ ਪ੍ਰੋਗਰਾਮ, ਉਦੇਸ਼ਾਂ ਵਿੱਚ ਉਘਾੜਕੇ ਨੁਕਤੇ ਲਿਆਂਦੇ। ਉਹਨਾਂ ਕਿਹਾ ਕਿ, "ਇਨਕਲਾਬ ਤੋਂ ਸਾਡਾ ਭਾਵ; ਜਨਤਾ ਲਈ, ਜਨਤਾ ਦਾ ਰਾਜਨੀਤਕ ਤਾਕਤ 'ਤੇ ਕਬਜ਼ਾ ਕਰਨਾ ਹੈ। ਸਾਮਰਾਜਵਾਦੀਆਂ ਨੂੰ ਗੱਦੀਓਂ ਲਾਹੁਣ ਲਈ ਭਾਰਤ ਦਾ ਇੱਕੋ-ਇੱਕ ਹਥਿਆਰ, ਕਿਰਤੀ ਇਨਕਲਾਬ ਹੈ।" ਉਹਨਾਂ ਕਿਹਾ ਕਿ, "ਸਾਡੀ ਜੰਗ ਉਦੋਂ ਤੱਕ ਚੱਲਦੀ ਰਹੇਗੀ, ਜਦੋਂ ਤੱਕ ਮਨੁੱਖ ਹੱਥੋਂ ਮਨੁੱਖ ਦੀ ਲੁੱਟ-ਖਸੁੱਟ ਖ਼ਤਮ ਨਹੀਂ ਹੋ ਜਾਂਦੀ। ਇਹ ਜੰਗ ਜਾਰੀ ਹੈ ਅਤੇ ਜਾਰੀ ਰਹੇਗੀ।"

ਜੇ ਈਸਟ ਇੰਡੀਆ ਨਾਮੀ ਇੱਕ ਕੰਪਨੀ ਦੀ ਆਮਦ ਨਾਲ ਸਾਮਰਾਜੀਆਂ ਨੇ ਪੂਰੇ ਮੁਲਕ ਦੀ ਸਾਹ ਰਗ ਉੱਪਰ ਜਕੜ ਪੰਜਾ ਕਸ ਲਿਆ ਸੀ ਤਾਂ ਅੱਜ ਵਿਸ਼ਵ ਬੈਂਕ, ਵਿਸ਼ਵ ਵਪਾਰ ਸੰਸਥਾ, ਬਹੁ ਕੌਮੀ ਕੰਪਨੀਆਂ, ਦੁਨੀਆਂ ਭਰ ਦੇ ਸਾਮਰਾਜੀਏ, ਉਹਨਾਂ ਦੇ ਦੇਸੀ ਯਾਰ ਅਸਲ ਵਿੱਚ ਸਾਡੇ ਮੁਲਕ ਦੀਆਂ ਸਮੱਸਿਆਵਾਂ ਦੇ ਜ਼ਿੰਮੇਵਾਰ ਹਨ। ਵੰਨ-ਸੁਵੰਨੇ ਹਾਕਮ ਇਹਨਾਂ ਦੀ ਸੇਵਾ ਵਿੱਚ ਡੰਡੌਤ ਕਰਦੇ ਆ ਰਹੇ ਹਨ। ਇਹਨਾਂ ਨੇ ਆਪਣੇ ਰਾਜ ਸਿੰਘਾਸਣ ਦੇ ਪਾਵੇ ਮਜ਼ਬੂਤ ਕਰਨ ਅਤੇ ਸੁਰੱਖਿਅਤ ਰੱਖਣ ਲਈ ਫ਼ਿਰਕੂ ਫਾਸ਼ੀ ਏਜੰਡੇ ਨੂੰ ਪ੍ਰਮੁੱਖਤਾ ਨਾਲ ਅਮਲ ਵਿੱਚ ਲਿਆਂਦਾ ਹੋਇਆ ਹੈ। ਚੜ੍ਹਦੇ ਸੂਰਜ ਕਾਲੀ ਰਾਤ ਤੋਂ ਵੀ ਕਾਲੇ ਕਾਨੂੰਨ ਮੜ੍ਹਨ, ਜੇਲ੍ਹਾਂ ਵਿੱਚ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਰੰਗ ਕਰਮੀਆਂ, ਪੱਤਰਕਾਰਾਂ ਨੂੰ ਉਮਰ ਭਰ ਸੜਨ ਮਰਨ ਲਈ ਅੱਤ ਦਰਜ਼ੇ ਦੇ ਘਿਨੌਣੇ ਹੱਥ ਕੰਡੇ ਵਰਤੇ ਜਾ ਰਹੇ ਹਨ।

ਗ਼ਦਰ ਲਹਿਰ ਦੀ ਆਧਾਰਸ਼ਿਲਾ ਤੇ ਖੜ੍ਹਕੇ, ਲੁੱਟੇ ਪੁੱਟੇ ਜਾਂਦੇ ਸਮੂਹ ਦੇਸ਼ ਵਾਸੀਆਂ ਦਾ ਵਿਸ਼ਾਲ ਏਕਾ ਉਸਾਰਦੇ ਹੋਏ ਉਹਨਾਂ ਸਭਨਾਂ ਜਦੋ-ਜਹਿਦ ਨੂੰ ਨਵਾਂ ਰੂਪ ਦੇਣ ਦੇ ਠੋਸ ਉਪਰਾਲੇ ਹੋਣ, ਜਿਹੜੀਆਂ ਲਹਿਰਾਂ, ਜੰਗਲ, ਜਲ, ਜ਼ਮੀਨ, ਖੇਤੀ, ਪਾਣੀ, ਸਿੱਖਿਆ, ਸਿਹਤ, ਰੁਜ਼ਗਾਰ, ਸਮਾਜਕ, ਜਮਹੂਰੀ ਹੱਕਾਂ ਲਈ, ਤਰਕਸ਼ੀਲ ਵਿਗਿਆਨਕ, ਇਨਕਲਾਬੀ ਵਿਚਾਰਾਂ ਅਤੇ ਨਵੇਂ ਲੋਕਾਂ ਦੀ ਪੁੱਗਤ

(ਸਫ਼ਾ 28 ਦੀ ਬਾਕੀ)

## ਗੁਰਿੰਦਰਜੀਤ ਦੀ 'ਬਿੰਬਾਵਲੀ' ਦੇ ਵਿਲੱਖਣ ਬਿੰਬ ਤੇ ਪ੍ਰਤੀਕ

# ਪੁਸਤਕ ਪੜਚੋਲ: ਬਰਫ਼ 'ਚ ਉੱਗੇ ਅਮਲਤਾਸ



ਡਾ. ਸੁਖਦੇਵ ਸਿੰਘ ਝੰਡ
647-567-9128

ਗੁਰਿੰਦਰਜੀਤ ਸਿਵਲ ਇੰਜੀਨੀਅਰ ਤੇ ਸੌਫ਼ਟਵੇਅਰ ਇੰਜੀਨੀਅਰ ਹੈ, ਕਵੀ ਤੇ ਵਾਰਤਾਕਾਰ ਹੈ, ਸਫ਼ਲ ਮੰਚ-ਸੰਚਾਲਕ ਹੈ। ਸਿਵਲ ਇੰਜੀਨੀਅਰਿੰਗ ਦੀ ਬੈਚੁਲਰ ਡਿਗਰੀ ਉਸ ਨੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ, ਲੁਧਿਆਣਾ ਤੋਂ ਲਈ। ਟਾਊਨ-ਪਲੈਨਿੰਗ ਵਿੱਚ ਪੋਸਟ ਗਰੈਜੂਏਟ ਡਿਗਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਤੋਂ ਹਾਸਲ ਕੀਤੀ। ਦੋ ਸਾਲ ਆਰਕੀਟੈਕਚਰ ਵਿਭਾਗ 'ਚ ਪੜ੍ਹਾਇਆ ਵੀ ਤੇ ਫਿਰ ਘਰ ਪਰਤਣ ਦੀ ਬਜਾਏ 1993 ਵਿੱਚ ਉਹ "ਬਾਹਰ" ਆ ਗਿਆ। ਅਮਰੀਕਾ ਦੀ ਨਾਰਥ ਈਸਟਰਨ ਯੂਨੀਵਰਸਿਟੀ, ਬੌਸਟਨ ਤੋਂ ਕੰਪਿਊਟਰ ਐਂਡ ਇਨਫ਼ਰਮੇਸ਼ਨ ਨਾਲ ਸਬੰਧਿਤ ਡਿਗਰੀ ਲੈ ਕੇ 'ਸੌਫ਼ਟਵੇਅਰ ਇੰਜੀਨੀਅਰ' ਬਣ ਗਿਆ ਤੇ ਕਨੇਡਾ ਦੇ ਸ਼ਹਿਰ ਮਾਂਟਰੀਆਲ ਜਾ ਵੱਸਿਆ। ਉਹ ਕਨੇਡੀਅਨ ਨੈਸ਼ਨਲ ਰੇਲ (CN Rail), ਆਈ.ਬੀ.ਐਮ.(IBM) 'ਚ ਸੇਵਾਂਵਾਂ ਨਿਭਾਉਣ ਤੋਂ ਬਾਦ 'ਮੈਰਿਟਿਵ' (ਸੌਫ਼ਟਵੇਅਰ ਕੰਪਨੀ) 'ਚ ਕਨੇਡੀਅਨ ਸੇਵਾਵਾਂ ਦਾ ਮੁਖੀ ਹੈ।

ਮੈਂ ਗੁਰਿੰਦਰਜੀਤ ਨੂੰ 1990-91 ਤੋਂ ਜਾਣਦਾ ਹਾਂ ਜਦੋਂ ਉਹ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਯੂਨੀਵਰਸਿਟੀ ਦੇ ਗੁਰੂ ਰਾਮ ਦਾਸ ਸਕੂਲ ਆਫ਼ ਪਲੈਨਿੰਗ ਐਂਡ ਆਰਕੀਟੈੱਕਚਰ ਵਿੱਚ ਪੜ੍ਹਦਾ/ਪੜ੍ਹਾਉਂਦਾ ਸੀ। ਹੋਸਟਲ ਵਿੱਚ ਉਦੋਂ ਸੀਮਤ ਸੀਟਾਂ ਹੋਣ ਕਾਰਨ ਉਹ ਤੇ ਬਿਕਰਮਜੀਤ ਸੇਖੋਂ ਮੇਰੇ ਘਰ ਦੇ ਚੁਬਾਰੇ ਵਿੱਚ ਦੋ-ਤਿੰਨ ਸਾਲ ਕਿਰਾਏਦਾਰ ਰਹੇ। ਮੈਂ ਉਸ ਸਮੇਂ ਯੂਨੀਵਰਸਿਟੀ ਦੀ ਭਾਈ ਗੁਰਦਾਸ ਲਾਇਬ੍ਰੇਰੀ ਵਿੱਚ ਸੇਵਾ ਨਿਭਾਅ ਰਿਹਾ ਸੀ ਅਤੇ ਇਸ ਤਰ੍ਹਾਂ ਮੇਰੀ ਉਨ੍ਹਾਂ ਦੋਹਾਂ ਨਾਲ ਕਾਫ਼ੀ ਨੇੜਤਾ ਹੋ ਗਈ। ਦੋਹਾਂ ਨੂੰ ਕਲਾ ਤੇ ਸੱਭਿਆਚਾਰ ਨਾਲ ਡੂੰਘਾ ਪਿਆਰ ਸੀ ਅਤੇ ਉਹ ਯੂਨੀਵਰਸਿਟੀ ਦੇ ਯੂਥ-ਫ਼ੈਸਟੀਵਲਾਂ ਤੇ ਹੋਰ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਉਨ੍ਹਾਂ ਦਾ ਵਿਭਾਗ ਇਨ੍ਹਾਂ ਸਮਾਗ਼ਮਾਂ ਵਿੱਚ ਅਕਸਰ ਜੇਤੂ ਹੋਇਆ ਕਰਦਾ ਸੀ। ਜਲੰਧਰ ਤੋਂ ਉਨ੍ਹਾਂ ਦਾ ਦੋਸਤ ਅੱਜ ਦਾ ਮਸ਼ਹੂਰ ਫ਼ਿਲਮ ਐਕਟਰ ਗੁਰਪ੍ਰੀਤ ਘੁੱਗੀ ਕਈ ਵਾਰ ਉਨ੍ਹਾਂ ਨੂੰ ਮਿਲਣ ਆ ਜਾਂਦਾ ਸੀ।

ਲੱਗਦੈ, ਗੁਰਿੰਦਰਜੀਤ ਬਾਰੇ ਤਾਂ ਕਾਫ਼ੀ ਗੱਲ ਹੋ ਗਈ ਏ। ਹੁਣ ਉਸ ਦੀ ਪਲੇਠੀ ਪੁਸਤਕ 'ਬਰਫ਼ 'ਚ ਉੱਗੇ ਅਮਲਤਾਸ' ਦੇ ਬਿੰਬਾਂ ਬਾਰੇ ਕੁਝ ਗੱਲ ਕਰੀਏ। ਇਹ ਉਸਦੀ ਕਾਵਿ-ਮਈ ਵਾਰਤਕ ਹੈ ਜਿਸ ਵਿੱਚ ਉਸ ਨੇ ਆਪਣੇ ਬਚਪਨ ਤੋਂ ਲੈ ਕੇ ਅਮਰੀਕਾ/ਕਨੇਡਾ 'ਚ ਵਿਚਰਨ ਦੀ ਗੱਲ ਕਾਵਿਕ ਅੰਦਾਜ਼ 'ਚ ਕੀਤੀ ਹੈ। ਪੁਸਤਕ ਵਿੱਚ ਉਸ ਦੀ ਵਾਰਤਕ ਅਤੇ ਕਵਿਤਾ ਪੂਰੀ ਤਰ੍ਹਾਂ ਇੱਕ-ਮਿੱਕ ਹੋਈਆਂ ਲੱਗਦੀਆਂ ਹਨ। ਵਾਰਤਕ ਵਿੱਚ ਚੱਲਦੀ ਉਸ ਦੀਆਂ ਸੋਚਾਂ ਦੀ ਲੜੀ ਕਦੋਂ ਕਵਿਤਾ ਦੇ 'ਟਰੈਕ' ਵਿੱਚ ਚਲੇ ਜਾਂਦੀ ਹੈ, ਇਸ ਦਾ ਪਤਾ ਹੀ ਨਹੀਂ ਲੱਗਦਾ। ਉਹ ਆਪਣੀ ਗੱਲ ਆਪਣੇ ਪਿੰਡ ਅਤੇ ਪਿੰਡ ਵਿਚਲੇ ਸਕੂਲ ਦੇ ਦਿਨਾਂ ਤੋਂ ਸ਼ੁਰੂ ਕਰਦਾ ਹੈ। ਉਹ ਦੱਸਦਾ ਹੈ ਕਿ ਪਿੰਡ ਵਿਚ ਪ੍ਰਾਇਮਰੀ ਸਕੂਲ ਅਤੇ ਗੁਰਦੁਆਰਾ ਬਿਲਕੁਲ ਲਾਗੋ-ਲਾਗ ਸਨ। ਗੁਰਦੁਆਰੇ ਵਿੱਚ ਜਦੋਂ ਅਖੰਡ-ਪਾਠ ਹੁੰਦੇ ਸਨ ਤਾਂ 'ਨਿੱਕੂ ਭਗਤ' ਦੇ ਰੂਪ ਵਿੱਚ ਉਹ ਅਤੇ ਹੋਰ ਮੁੰਡੇ ਸਕੂਲੋਂ ਭੱਜ ਕੇ ਗੁਰਦੁਆਰੇ 'ਕੜਾਹ-ਪ੍ਰਸ਼ਾਦ' ਦੀ ਦੇਗ਼ ਲੈਣ ਚਲੇ ਜਾਂਦੇ ਸਨ। ਨਿੱਕੂ ਵੱਲੋਂ ਗੁਰਦੁਆਰੇ ਦੇ ਗ੍ਰੰਥੀ ਕੋਲੋਂ ਘੜੀ-ਮੁੜੀ ਪ੍ਰਸ਼ਾਦ ਲੈਣ ਨੂੰ ਉਹ ਬੜੇ ਖ਼ੂਬਸੂਰਤ ਸ਼ਬਦਾਂ ਵਿੱਚ ਬਿਆਨ ਕਰਦਾ ਹੈ:

**ਤਲ਼ੀਆਂ ਪੂੰਝ**
**ਨਿੱਕੂ ਮੁੜਿਆ**
**ਪ੍ਰਸ਼ਾਦ ਵਾਲਾ ਬਾਬਾ ਘੂਰੇ** (ਪੰਨਾ-19)

ਆਪਣੇ ਸਕੂਲ ਦੇ ਸਾਥੀਆਂ ਨਾਲ ਨਿੱਕੂ 'ਪ੍ਰਭਾਤ-ਫੇਰੀਆਂ' ਤੇ 'ਨਗਰ-ਕੀਰਤਨਾਂ' ਵਿੱਚ ਸ਼ਾਮਲ ਹੁੰਦਾ। ਨਗਰ-ਕੀਰਤਨ ਵਿੱਚ ਕਵਿਤਾਵਾਂ ਸੁਣਾਉਂਦਾ ਭਾਵੇਂ ਉਸ ਦੀ ਆਵਾਜ਼ ਮਾਈਕ੍ਰੋਫ਼ੋਨ ਤੱਕ ਮਸਾਂ ਹੀ ਪਹੁੰਚਦੀ ਤੇ ਕਦੇ ਨਾ ਵੀ ਪਹੁੰਚਦੀ। ਇਸ ਦੌਰਾਨ ਉਹ 'ਕਵੀਆਂ' ਵਿੱਚ ਸ਼ਾਮਲ 'ਤਿੰਨ ਜਣਿਆਂ' ਨੂੰ ਇਨਾਮ ਵਿੱਚ ਮਿਲੇ ਤਿੰਨ ਰੁਪਿਆਂ ਦੀ ਗੱਲ ਬਾਖ਼ੂਬੀ ਕਰਦਾ ਹੈ ਜੋ ਉਨ੍ਹਾਂ ਨੇ 'ਕਾਵਿ-ਭੇਟ' ਦੇ ਰੂਪ ਵਿੱਚ ਆਪਸ ਵਿੱਚ ਵੰਡਣ ਦੀ ਬਜਾਏ 'ਦੇਗ਼' ਛਕਣ ਲਈ ਮੁੜ 'ਮੱਥਾ' ਟੇਕ ਦਿੱਤਾ।

ਪੁਸਤਕ ਵਿੱਚ ਪਿੰਡ ਵਿੱਚ ਵਗਦੇ ਵੇਲਣਿਆਂ ਦੁਆਲੇ ਜੁੜੇ ਹੋਏ ਵਿਅੱਕਤੀਆਂ ਦਾ ਇਕੱਠ, ਗੁੜ ਦੀ ਮਿਠਾਸ ਤੇ ਖ਼ੁਸ਼ਬੋ, ਬਲ਼ਦਾਂ ਦੀਆਂ ਟੱਲੀਆਂ ਦੀ ਟੁਣਕਾਰ ਇੱਕ ਵੱਖਰਾ ਹੀ ਸੰਗੀਤਮਈ ਮਾਹੌਲ ਸਿਰਜਦੇ ਹਨ। ਇਹ ਪਿੰਡ ਦੇ ਲੋਕਾਂ ਦੀ ਆਪਸੀ ਸਾਂਝ ਤੇ ਮਿਲਵਰਤਣ ਦੇ ਖ਼ੂਬਸੂਰਤ ਪ੍ਰਤੀਕ ਬਣ ਜਾਂਦੇ ਹਨ। ਇਨ੍ਹਾਂ ਵਿੱਚ ਦੂਸਰੀ ਸੰਸਾਰ ਜੰਗ ਵਿੱਚੋਂ ਸੇਵਾ-ਮੁਕਤ ਹੋਇਆ 'ਤਾਰਾ ਫ਼ੌਜੀ' ਵੀ ਸ਼ਾਮਲ ਹੋ ਜਾਂਦਾ ਹੈ ਜੋ ਉਸ ਲੜਾਈ ਦੇ ਦਿਲਚਸਪ ਕਿੱਸੇ ਲੋਕਾਂ ਨੂੰ ਸੁਣਾਉਂਦਾ ਹੈ।

**ਪੇਸੀ-ਪੇਸੀ ਗੁੜ ਦੀ**
**ਮੋਹ-ਮਿੱਠੀ ਭਾਫ਼**
**ਤੇ ਭੂਰ ਸ਼ੱਕਰ ਦੀ**
**ਬਿਖਰ ਜਾਂਦੇ ਜ਼ੱਰੇ-ਜ਼ੱਰੇ 'ਚ**
**ਵਰਤ ਜਾਂਦੇ ਉਸ ਦਾ ਪ੍ਰਸ਼ਾਦ ਬਣ**
**'ਵੱਰਲਡ ਵਾਰ' ਦੇ ਉਹ ਛਣ ਚਿਤਵਦਿਆਂ**
(ਪੰਨਾ-25)

ਘਰਾਂ ਦੇ 'ਵੰਡ-ਵੰਡੀਈਏ' ਦੌਰਾਨ ਵਿਹੜੇ ਵਿੱਚ ਉੱਸਰੀ ਹੋਈ ਦੀਵਾਰ 'ਬਰਲਿਨ ਦੀ ਦੀਵਾਰ' ਦੇ ਬਿੰਬ ਦੇ ਰੂਪ ਵਿੱਚ ਉੱਘੜਦੀ ਹੈ। ਇਹ ਉਸ ਨੂੰ ਬਹੁਤ ਬੁਰੀ ਲੱਗਦੀ ਹੈ ਅਤੇ ਉਹ ਇਸ ਦੇ ਢਹਿ ਜਾਣ ਦੀ ਕਾਮਨਾ ਕਰਦਾ ਹੈ:


**ਵਿਹੜੇ ਵਿੱਚ ਉੱਗੀਏ ਕੰਧੇ ਨੀ**
**ਤੇਰੇ ਨੈਣ-ਨਕਸ਼ ਜਿਉਂ ਕੰਡੇ ਨੀ**
**ਤੂੰ ਵੰਡਾਂ ਪਾਉਣੋਂ ਥੱਕਦੀ ਨਾ**
**ਤੂੰ ਖੜੀ ਖਲੋਤੀ ਅੱਕਦੀ ਨਾ**
**'ਬਰਲਿਨ ਵਾਲ' ਜਿਉਂ ਢਹਿ ਜਾ ਨੀ**
**ਜਾਂ ਰਤਾ ਕੁ ਹੇਠਾਂ ਬਹਿ ਜਾ ਨੀ**
(ਪੰਨਾ-32)

ਗੁਰਿੰਦਰ ਸਕੂਲ ਵਿੱਚ ਵੱਜੀ ਹਿਸਾਬ ਵਾਲੇ ਮਾਸਟਰ ਸਵਰਨ ਸਿਹੁੰ ਦੀ ਚੁਪੇੜ ਨੂੰ ਯਾਦ ਕਰਦਾ ਹੈ ਕਿ ਕਿਵੇਂ ਉਸ 'ਚੁਪੇੜ' ਨੇ ਜ਼ਿੰਦਗੀ ਵਿੱਚ ਤਰਤੀਬ ਨੂੰ ਉਸ ਦੇ ਖ਼ਾਨੇ ਵਿੱਚ ਪਾ ਦਿੱਤਾ। ਇਸ ਦੇ ਨਾਲ ਹੀ ਉਹ ਦੁਖੀ ਵੀ ਹੁੰਦਾ ਜਦੋਂ ਉਹ ਵੇਖਦਾ ਹੈ ਕਿ ਮਹਿੰਗੇ ਕਥਿਤ 'ਅੰਗਰੇਜ਼ੀ ਸਕੂਲਾਂ' ਵਿੱਚ ਵਿਦਿਆਰਥੀਆਂ ਵੱਲੋਂ ਵਰਤੇ ਜਾਂਦੇ ਬਾਲ-ਪੈੱਨਾਂ ਨੇ 'ਕਲਮ-ਦਵਾਤ' ਨੂੰ ਖ਼ਤਮ ਕਰ ਦਿੱਤਾ ਹੈ। 'ਬਾਲ-ਪੈੱਨਾਂ' ਤੇ 'ਦਵਾਤਾਂ ਦੇ ਡੋਕਿਆਂ' ਦੇ ਬਿੰਬਾਂ ਨੂੰ ਪ੍ਰਸਪਰ ਵਿਰੋਧਤਾ ਵਿੱਚ ਬਹੁਤ ਹੀ ਵਧੀਆ ਅੰਦਾਜ਼ 'ਚ ਪੇਸ਼ ਕੀਤਾ ਗਿਆ ਹੈ :

**ਮਹਿੰਗੀਆਂ ਜਮਾਤਾਂ ਦੇ**
**ਬਾਲ-ਪੈੱਨਾਂ ਨੇ ਖੋਹ ਲਏ**
**ਡੋਕੇ ਦਵਾਤਾਂ ਦੇ** (ਪੰਨਾ-37)

ਹਾਈ ਸਕੂਲ ਦੇ ਆਪਣੇ ਜਮਾਤੀ 'ਜੁਗਾੜੂ ਛਿੰਦੇ' ਦੀ ਦਿਲਚਸਪ ਗਾਥਾ ਗੁਰਰਿੰਦਰਜੀਤ ਵੱਲੋਂ ਬੜੀ ਖ਼ੂਬਸੂਰਤੀ ਨਾਲ ਬਿਆਨੀ ਗਈ ਹੈ, ਕਿਵੇਂ ਉਹ 'ਪਿੱਦੀ ਪੀਤੂ' (ਪ੍ਰੀਤਮ ਸਿਹੁੰ) ਨੂੰ ਆਪਣਾ ਨਕਲੀ 'ਤਾਇਆ' ਬਣਾ ਕੇ ਸਕੂਲ ਵਿੱਚ ਪ੍ਰਿੰਸੀਪਲ ਦੇ ਸਾਹਮਣੇ ਪੇਸ਼ ਕਰਦਾ ਹੈ ਅਤੇ ਇਸ ਦੀ ਅਸਲੀਅਤ ਦਾ ਪਤਾ ਲੱਗਣ 'ਤੇ ਉਸ ਦੇ ਬਾਪ ਕਿਰਪਾਲ ਸਿੰਘ ਵੱਲੋਂ ਉਸ ਦੀ ਬੈਂਤ ਨਾਲ ਕਿਵੇਂ 'ਸੇਵਾ' ਕੀਤੀ ਜਾਂਦੀ ਹੈ।

ਨਵੀਂ ਤਕਨਾਲੋਜੀ ਦੀ ਗੱਲ ਕਰਦਿਆਂ ਗੁਰਿੰਦਰ ਕਹਿੰਦਾ ਹੈ, "ਤੀਹ ਸਾਲ ਪਹਿਲਾਂ 'ਈ-ਮੇਲ' ਤੱਕ ਆਮ ਲੋਕਾਂ ਦੀ ਪਹੁੰਚ ਨਹੀਂ ਸੀ ਅਤੇ ਉਸ ਦੇ ਹਮ-ਉਮਰਾਂ ਨੇ ਵੀ ਕਾਲਜ ਵਿੱਚ ਹੀ ਕੰਪਿਊਟਰ ਦੇ ਦਰਸ਼ਨ ਕਿਤੇ




ਹੋਣਗੇ। ਜੀ.ਪੀ.ਐੱਸ. ਤੇ ਹੋਰ ਕੰਪਿਊਟਰੀ ਉਪਕਰਨਾਂ ਦੀ ਵਰਤੋਂ ਤਾਂ ਬਹੁਤ ਬਾਅਦ ਦੀ ਗੱਲ ਹੈ। ਪੁਸਤਕ ਦੇ 'ਦੇਸੀ ਜੀ.ਪੀ.ਐੱਸ.' ਵਾਲੇ ਕਾਂਡ ਵਿੱਚ ਉਹ ਅੰਮ੍ਰਿਤਸਰ ਤੋਂ ਨਵਾਂ ਸ਼ਹਿਰ ਦੇ ਨੇੜੇ ਪਿੰਡ 'ਨੂਰਪੁਰ ਜੱਟਾਂ' ਵਿਖੇ ਆਪਣੇ ਇੱਕ ਦੋਸਤ ਦੀ ਬਰਾਤ ਵਿੱਚ ਸ਼ਾਮਲ ਹੋਣ ਦੀ ਦਿਲਚਸਪ ਕਹਾਣੀ ਸਣਾਉਂਦਾ ਹੈ ਜਿਸ ਦੇ 'ਐਡਰੈੱਸ' ਬਾਰੇ ਅਤੇ ਆਪਣੇ ਉਸ ਦੋਸਤ ਦੇ ਸਹੁਰਾ ਸਾਹਿਬ ਦੇ ਨਾਂ ਦਾ ਵੀ ਉਸ ਨੂੰ ਕੋਈ ਪਤਾ ਨਹੀਂ ਸੀ ਅਤੇ ਉਹ 'ਤੀਰ-ਤੁੱਕੇ' ਲਾ ਕੇ ਉੱਥੇ ਪਹੁੰਚਣ ਵਿੱਚ ਕਿਵੇਂ ਕਾਮਯਾਬ ਹੋਇਆ। ਇਸ ਨੂੰ ਉਸ ਨੇ 'ਦੇਸੀ ਜੀ.ਪੀ.ਐੱਸ' ਦੇ ਪ੍ਰਤੀਕ ਦਾ ਨਾਂ ਦਿੱਤਾ ਹੈ।

ਏਸੇ ਤਰ੍ਹਾਂ ਉਸ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਡਲਹੌਜ਼ੀ ਦੇ ਨੇੜੇ ਆਯੋਜਿਤ ਕੀਤਾ ਗਿਆ 'ਟਰੈਕਿੰਗ ਕੈਂਪ' ਦੀ ਯਾਦ ਵੀ ਬਾਖ਼ੂਬੀ ਆਉਂਦੀ ਹੈ ਜਿਸ ਦੌਰਾਨ ਉਨ੍ਹਾਂ ਸਾਰੇ 'ਟਰੈਕਰਾਂ' ਨੂੰ ਲੰਮੀਆਂ ਲੱਤਾਂ ਵਾਲੇ 'ਲਾਲੀ' ਦੇ ਮਗਰ-ਮਗਰ ਇੱਕ ਵੱਡੇ ਸੀਮਿੰਟ ਪਾਈਪ ਉੱਪਰ ਕਈ ਫ਼ੁੱਟ ਲੰਮੀ 'ਘੀਸੀ' ਕਰ ਕੇ ਪਾਰ ਕਰਕੇ ਪਹਾੜੀ ਦੇ ਦੂਸਰੇ ਪਾਸੇ ਜਾਣਾ ਪਿਆ। ਪਰ ਇੱਥੇ ਇੱਕ ਸੁਖ਼ਦ ਘਟਨਾ ਵੀ ਵਾਪਰਦੀ ਹੈ ਜਦੋਂ ਉਨ੍ਹਾਂ ਨੂੰ ਪਹਾੜੀ-ਘਰ ਵਿੱਚ ਇੱਕ ਬਜ਼ੁਰਗ ਦੇ ਪਰਿਵਾਰ ਵੱਲੋਂ ਗਰਮਾ-ਗਰਮ ਸੁਆਦਲੀ ਚਾਹ ਮਿਲਦੀ ਹੈ ਅਤੇ ਇਸ ਦੇ ਸ਼ੁਕਰਾਨੇ ਵਜੋਂ ਉਨ੍ਹਾਂ ਵੱਲੋਂ ਉਸ ਬਜ਼ੁਰਗ ਨੂੰ ਦਿੱਤੇ ਜਾਣ ਵਾਲੇ ਪੈਸਿਆਂ ਦੀ ਬਜਾਏ ਉਸ ਤੋਂ ਨਿਸ਼ਾਨੀ ਵਜੋਂ 'ਕੜੇ' ਦੀ ਮੰਗ ਕੀਤੀ ਜਾਂਦੀ ਜਿਸ ਨੂੰ ਗੁਰਿੰਦਰ ਵੱਲੋਂ ਬੜੇ ਸਤਿਕਾਰ ਸਹਿਤ ਪੂਰਿਆਂ ਕੀਤਾ ਗਿਆ। ਇੱਥੇ 'ਸੁਆਦਲੀ ਗਰਮ ਚਾਹ' ਅਤੇ 'ਕੜਾ' ਆਪਸੀ ਸਾਂਝ ਦੇ ਵਧੀਆ ਬਿੰਬ ਬਣ ਗਏ ਹਨ।

ਆਪਣੀ 'ਨਾਨੀ ਮਾਂ' (ਬੀਬੀ) ਨੂੰ ਬੌਸਟਨ ਵਿੱਚ ਯਾਦ ਕਰਦਿਆਂ ਉਸ ਨੂੰ ਚਿੱਠੀ ਲਿਖਣ ਅਤੇ ਉਸ ਦੇ ਨਾਨੀ ਤੱਕ ਨਾ ਪਹੁੰਚਣ ਦੀ 'ਗਾਥਾ' ਵੀ ਗੁਰਿੰਦਰ ਵੱਲੋਂ ਬੜੇ ਭਾਵਪੂਰਤ ਨਾਟਕੀ ਅੰਦਾਜ਼ 'ਚ ਪੇਸ਼ ਕੀਤੀ ਗਈ ਹੈ। ਉਹ ਰਾਤ ਨੂੰ ਚਿੱਠੀ ਲਿਖ ਕੇ ਉਸ ਉੱਪਰ ਲੋੜੀਂਦੀਆਂ ਡਾਕ-ਟਿਕਟਾਂ ਲਾ ਕੇ ਸਵੇਰੇ ਇਸ ਨੂੰ ਪੋਸਟ ਕਰਨ ਦੇ ਖ਼ਿਆਲ ਨਾਲ ਸੌਂਦਾ ਹੈ ਪਰ ਉਸੇ ਰਾਤ ਉਸ ਦੇ ਪਿਤਾ ਜੀ ਦਾ ਪੰਜਾਬ ਤੋਂ ਫ਼ੋਨ ਆ ਜਾਂਦਾ ਹੈ ਕਿ ਬੀਬੀ ਤਾਂ ਅਗਲੇ ਸੰਸਾਰ 'ਚ ਪਹੁੰਚ ਗਈ ਹੈ। ਇੱਥੇ ਇਸ ਘਟਨਾ ਨੂੰ ਗੁਰਿੰਦਰਜੀਤ ਵੱਲੋਂ 'ਕੁਆਂਟਮ ਰਿਸ਼ਤਿਆਂ' ਦੇ ਬਿੰਬ ਵਜੋਂ ਉਭਾਰਿਆ ਗਿਆ ਹੈ ਜੋ ਬਣਦੇ ਤੇ ਵਿੱਛੜਦੇ ਹਨ।

ਵਿਦੇਸ਼ ਵਿੱਚ 'ਪਰਵਾਸ' ਨੂੰ ਹੰਢਾਉਂਦਿਆਂ ਉਹ 'ਬਾਪੂ ਦੇ ਸੈਕਲ' ਨੂੰ ਬੜੀ ਸ਼ਿੱਦਤ ਨਾਲ ਯਾਦ ਕਰਦਾ ਹੈ। ਸਾਈਕਲ ਉਸ ਨੂੰ ਤਿੰਨ ਪੁਸ਼ਤਾਂ ਦੀ ਸਾਂਝ ਦਾ ਪ੍ਰਤੀਕ ਨਜ਼ਰ ਆਉਂਦਾ ਹੈ ਜੋ ਉਸ ਕੋਲੋਂ ਕਵਿਤਾਵਾਂ ਲਿਖਵਾਉਂਦਾ ਹੈ:

**ਬਾਪੂ ਦੇ ਸੈਕਲ ਦਾ ਪਰਛਾਵਾਂ**
**ਕਾਰਾਂ ਦੇ ਝੁਰਮਟ ਵਿੱਚ**
**ਅਕਸਰ ਪਰਗਟ ਹੁੰਦਾ ਹੈ**
**ਪਿਤਰਾਂ ਵਾਂਗੂ ਜਾਪੇ**
**ਨਿਰਾ ਸਮਾਧ ਜਿਹਾ**
**ਤਿੰਨ ਪੁਸ਼ਤਾਂ ਦਾ ਸਾਂਝੀ**
**ਖ਼ਲਕਤ ਵਿੱਚ ਸਮਾਉਂਦਾ**
**ਨਜ਼ਮਾਂ ਆਣ ਲਿਖਵਾਉਂਦਾ** (ਪੰਨਾ-80)

ਅਗਲੇ ਅਧਿਆਇ ਵਿੱਚ ਉਹ ਕਨੇਡਾ ਵਿੱਚ ਬੱਚਿਆਂ ਦੇ ਰੂਪ ਵਿੱਚ 'ਬਰਫ਼ 'ਚ ਉੱਗੇ ਅਮਲਤਾਸਾਂ', ਇੱਥੇ 'ਭੁਰਦੇ ਪਰਿਵਾਰਾਂ', 'ਬੀਚ ਵੈਡਿੰਗਾਂ' ਤੇ 'ਚਿੜੀਆਂ ਦੇ ਚੰਬੇ' ਦੀ ਗੱਲ ਕਰਦਾ ਹੈ। 'ਕਾਵਿਆਲੋਜੀ' ਵਾਲੇ ਅਧਿਆਇ ਵਿਚ ਉਹ ਆਪਣੀਆਂ ਮੂਲ-ਕਵਿਤਾਵਾਂ 'ਖ਼ਲਾਅ', 'ਮੇਰੀ ਪੱਤਝੜ', 'ਨਿੱਕੀ' ਤੇ ਉਨ੍ਹਾਂ ਦੇ ਅੰਗਰੇਜ਼ੀ ਅਨੁਵਾਦਾਂ ਦੀ ਚਰਚਾ ਕਰਦਾ ਹੈ। ਏਸੇ ਤਰ੍ਹਾਂ ਅੰਗਰੇਜ਼ੀ ਵਿੱਚ ਲਿਖੀ ਗਈ ਕਵਿਤਾ 'ਮਾਈ ਕਿੱਚਨ' ਦੇ ਪੰਜਾਬੀ ਅਨੁਵਾਦ 'ਮੇਰੀ ਰਸੋਈ' ਨੂੰ ਵੱਖਰੀ ਹੀ ਰੰਗਤ ਪ੍ਰਦਾਨ ਕਰਦਾ ਹੈ ਜੋ ਪੰਜਾਬ ਦੇ ਪਿੰਡਾਂ ਦੀਆਂ ਰਸੋਈਆਂ ਦੀ ਖ਼ੂਬਸੂਰਤ ਤਰਜਮਾਨੀ ਕਰਦੀ ਹੈ। ਕਵਿਤਾਵਾਂ ਦੀਆਂ ਕਿਸਮਾਂ 'ਤੁਰਦੀ-ਫਿਰਦੀ ਕਵਿਤਾ', 'ਕੱਚੀ ਕਵਿਤਾ ਪੱਕੀ ਕਵਿਤਾ', 'ਮੂਕ ਕਵਿਤਾ', 'ਢਿੱਲੀ ਕਵਿਤਾ', 'ਸੈਲਾਨੀ ਕਵਿਤਾ', 'ਇੱਕ ਇੱਕ ਕਰਦੀ ਕਵਿਤਾ', 'ਵੱਸਦੇ ਪਿੰਡਾਂ ਦੀ ਕਵਿਤਾ', ਆਦਿ ਸਿਰਲੇਖਾਂ ਹੇਠ ਖ਼ੂਬਸੂਰਤ ਉਦਾਹਰਣਾਂ ਦੇ-ਦੇ ਕੇ ਬਾਖ਼ੂਬੀ ਵਿਆਖਿਆ ਕੀਤੀ ਗਈ ਹੈ। 'ਕਾਵਿ-ਕਰੂੰਬਲਾਂ' ਵਿੱਚ ਬੇਟੀਆਂ ਨਿਮਰਤ ਤੇ ਮਨਸੀਰਤ ਵੱਲੋਂ ਸੱਤ ਸਾਲ ਤੇ ਗਿਆਰਾਂ ਸਾਲ ਦੀ ਉਮਰ ਵਿੱਚ ਲਿਖੀਆਂ ਗਈਆਂ ਭਾਵਪੂਰਤ ਕਵਿਤਾਵਾਂ ਕਾਫ਼ੀ ਦਿਲਚਸਪ ਹਨ। ਏਸੇ ਤਰ੍ਹਾਂ ਪੰਜਾਬ ਵਿੱਚ ਇਸ ਸਮੇਂ ਪੈਦਾ ਹੋਈ ਪਾਣੀ ਦੀ ਘਾਟ ਨੂੰ ਬਿਆਨ ਕਰਦੀ ਇੱਕ ਕਵਿਤਾ ਵਿੱਚ ਖੂਹ ਦੀਆਂ 'ਪਿਆਸੀਆਂ ਟਿੰਡਾਂ' ਨੂੰ ਖ਼ੂਬਸੂਰਤ ਬਿੰਬ ਵਜੋਂ ਬਾਖ਼ੂਬੀ ਯਾਦ ਕੀਤਾ ਗਿਆ ਹੈ:

**ਲੱਜ ਡੋਲ ਗਏ**
**ਬੱਦਲ ਚਿੱਟਾ ਫਿਰ ਗਿਆ**
**ਫਿਰ ਕਦੇ ਨਾ ਪਰਤੀਆਂ**
**ਨਿਰਲੱਜ ਹਲਟ ਦੀਆਂ**
**ਪਿਆਸੀਆਂ ਟਿੰਡਾਂ।** (ਪੰਨਾ-189)

ਹਵਾ ਤੇ ਪਾਣੀ ਦੇ ਦਿਨੋਂ ਦਿਨ ਵੱਧ ਰਹੇ ਪ੍ਰਦੂਸ਼ਣ ਦੀ ਚਿੰਤਾ ਕਰਦਿਆਂ ਹੋਇਆਂ ਗੁਰਿੰਦਰਜੀਤ ਬਾਬੇ ਨਾਨਕ ਦੀ 'ਆਰਤੀ' ਨੂੰ ਚੇਤੇ ਕਰਦਾ ਹੈ ਜਿਸ ਵਿੱਚ ਬਾਬਾ ਜੀ ਵੱਲੋਂ ਪਵਣ ਨੂੰ 'ਗੁਰੂ' ਅਤੇ ਪਾਣੀ ਨੂੰ ਪਿਤਾ ਦਾ ਦਰਜਾ ਦਿੱਤਾ ਗਿਆ ਹੈ :

**'ਕਿਓਟੋ' ਨੂੰ ਅਧਰੰਗ ਕੀ ਹੋਇਆ**
**ਪੌਣ ਵੀ ਮੂੰਹ 'ਤੇ ਮਾਸਕ ਪਾਈ ਫਿਰਨ ਲੱਗੀ**
**ਚੰਨ ਤਾਰੇ ਧੁੰਦ ਦੀ ਬੁੱਕਲਮਾਰੀ ਬੈਠੇ ਨੇ**
**ਦਿਸਦੀ ਹੈ ਤਾਂ ਬੱਸ ਨੈੱਕਟਾਈ ਲਾ ਖੜੋਤੀ**
**ਧੌਣ ਅਕੜਾਈ ਚਿਮਨੀ**
**ਜਾਂ ਤਰੱਕੀ-ਗ੍ਰਾਫ਼ 'ਤੇ**
**ਬੱਕਰੇ ਬੁਲਾਉਂਦਾ ਧੂੰਆਂ।** (ਪੰਨਾ-190)

'ਦੋਗਲੀ ਕ੍ਰਾਂਤੀ' ਦੇ ਸਿਰਲੇਖ ਹੇਠ ਉਹ ਗਾਵਾਂ, ਮੱਝਾਂ, ਕਣਕਾਂ ਤੇ ਹੋਰ ਫ਼ਸਲਾਂ ਨੂੰ ਲਗਾਏ ਗਏ 'ਟੀਕਿਆਂ' ਦੀ ਗੱਲ ਕਰਦਾ ਹੈ ਤੇ ਕਹਿੰਦਾ ਹੈ :

**ਮੈਂ ਦਰ-ਦਰ ਲੱਭ ਰਿਹਾਂ-**
**ਬਿਨਾਂ ਸੂਏ ਵਾਲਾ ਦੁੱਧ**
**ਬਿਨਾਂ ਟੀਕੇ ਵਾਲੀ ਕਣਕ**
**ਬਿਨਾਂ ਮਖੌਟੇ ਵਾਲੀ ਕ੍ਰਾਂਤੀ** (ਪੰਨਾ-193)

ਗੁਰਿੰਦਰ 2020-21 ਦੌਰਾਨ ਭਾਰਤ ਦੀ ਰਾਜਧਾਨੀ ਦਿੱਲੀ ਦੇ 'ਸਿੰਘੂ' ਤੇ 'ਟਿੱਕਰੀ' 'ਤੇ ਸਾਲ ਤੋਂ ਵੱਧ ਚੱਲੇ ਕਿਸਾਨ ਅੰਦੋਲਨ ਨੂੰ ਹਜ਼ਾਰਾਂ ਮੀਲ ਦੂਰ ਮਾਂਟਰੀਆਲ ਬੈਠਾ ਚਿਤਵ ਰਿਹਾ ਹੈ। ਕਿਸਾਨ ਧਰਨੇ ਵਿੱਚ ਬੈਠਾ ਬਾਬਾ ਜੈਮਲ ਸਿੰਘ ਉਸ ਨੂੰ ਇਤਿਹਾਸਕ ਜਾਂ ਮਿਥਿਹਾਸਕ ਬ੍ਰਿਤਾਂਤ ਸੁਫ਼ਨੇ 'ਚ ਆ ਕੇ ਸੁਣਾਉਂਦਾ ਰਹਿੰਦਾ ਹੈ:

**ਮੁੰਧੇ ਨੈਣੀਂ ਅੱਖ ਇੱਕ ਰੋਈ**
**ਟੁੱਟੀ ਜਾ ਰਹੀ ਲੜੀ ਪਰੋਈ**
**ਮੁੜ ਦਿੱਲੀ ਨੂੰ ਡਾਰਾਂ ਮੁੜੀਆਂ**
**ਅਗਨਤ ਕਿਰਤੀ ਬਾਹਵਾਂ ਜੁੜੀਆਂ।**
(ਪੰਨਾ-201)

ਅਤੇ

**ਢਿੱਡੋਂ ਹਉਕਾ ਉੱਠਿਆ**
**ਦਿੱਲੀ ਜਾ ਕੇ ਜੁੱਟਿਆ**
**ਕਪਟੀ ਦੁਆਰ ਤਾਈਂ**
**ਅੰਨ੍ਹੀ ਸਰਕਾਰ ਤਾਈਂ**
**ਕੈਸਾ ਇਹ ਵਪਾਰ ਏ ?**
**ਛੱਲ ਬੇ-ਸ਼ੁਮਾਰ ਏ**
**ਪਰ ਲੋਕੀਂ ਜੁੜੇ ਖੁੱਲ੍ਹ ਕੇ**
**ਗੁੱਸੇ ਗਿਲ੍ਹੇ ਭੁੱਲ ਕੇ।** (ਪੰਨਾ-216)

ਲੰਮੇਂ ਸਮੇਂ ਤੋਂ 'ਪਰਵਾਸੀ' ਹੁੰਦਿਆਂ ਵੀ ਉਹ ਆਪਣੇ 'ਦੇਸ' ਨੂੰ "ਦੇਸ-ਪਰ-ਦੇਸ" ਦੇ ਰੂਪ ਵਿੱਚ ਯਾਦ ਕਰਦਾ ਹੈ ਅਤੇ ਵਤਨ ਵਾਪਸ ਜਾਣ ਦੀ ਤਮੰਨਾ ਕਰਦਾ ਹੈ :

**ਮੈਂ ਭਾਵੇਂ ਪਰਵਾਸ 'ਚ ਹਾਂ**
**ਪਰ ਇਸ ਆਸ 'ਚ ਹਾਂ**
**ਕਿ ਹਿੰਦੋਸਤਾਨ ਇੱਕ ਦਿਨ**
**ਸੱਚੀਂਮੁੱਚੀਂ ਆਜ਼ਾਦ ਹੋਵੇਗਾ**
**ਸੱਭ ਨੂੰ ਇੱਕੋ ਲੜੀ ਵਿੱਚ ਪਰੋਏਗਾ**
**ਮੈਂ "ਰੰਗ ਦੇ ਬਸੰਤੀ" ਗਾ ਰਿਹਾ ਹਾਂ**
**ਮੈਂ ਵਤਨ ਵਾਪਸ ਜਾ ਰਿਹਾ ਹਾਂ।**
(ਪੰਨਾ-211-213)

'ਦੇਸ' ਵਿੱਚ ਚੱਲ ਰਹੇ ਧਾਰਮਿਕ ਵਿਵਾਦ ਉਸ ਨੂੰ 'ਪਨੀਰ' ਨੂੰ ਮੁੜ ਦੁੱਧ ਵਿੱਚ ਬਦਲਣ ਅਤੇ 'ਖ਼ਮੀਰ' ਨੂੰ ਆਟੇ ਵਿੱਚ ਬਦਲਣ ਵਾਂਗ ਲੱਗਦੇ ਹਨ। ਇੱਥੇ 'ਪਨੀਰ' ਅਤੇ 'ਖ਼ਮੀਰ' ਦੇਸ਼ ਦੀ ਏਕਤਾ ਅਤੇ ਅਖੰਡਤਾ ਦੇ ਪ੍ਰਤੀਕ ਹਨ ਜਿਨ੍ਹਾਂ ਨੂੰ ਰਾਜਸੀ ਨੇਤਾਵਾਂ ਵੱਲੋਂ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ :

**ਅਖੇ "ਮੇਰਾ ਮੌਲਾ ਤੇਰੇ ਰੱਬ ਤੋਂ ਚੰਗਾ ਏ**
**ਤੇਰਾ ਛੱਪੜ, ਸਾਡਾ ਟੋਬਾ 'ਗੰਗਾ' ਏ।"**
**ਤੇਰੇ ਸਿਰ 'ਤੇ ਪਰਚਮ ਭਗਵੇ ਫੁੱਲਾਂ ਦਾ**
**ਤਿੰਨ ਰੰਗਾਂ ਤੋਂ ਘੱਟ ਵੀ ਕੋਈ ਤਿਰੰਗਾ ਏ ?**
(ਪੰਨਾ-215)

ਪੁਸਤਕ ਦੇ ਅਖ਼ੀਰਲੇ ਅਧਿਆਇ 'ਨਾਗੋ ਆਇਆ ਨਾਗੋ ਜਾਸੀ' ਵਿੱਚ ਲੇਖਕ ਗੁਰਿੰਦਰਜੀਤ 'ਘਟਿ ਘਟਿ', 'ਸਾਹ ਦਾ ਸਫ਼ਰ', 'ਮਨ-ਮੰਦਰ', 'ਅਕੀਦਤ' ਤੇ 'ਸਿਆਣੇ ਬੈਕਟੀਰੀਏ' ਦੀਆਂ ਦਾਰਸ਼ਨਿਕ ਗੱਲਾਂ ਕਰਦਾ ਹੈ। ਇਸ ਵਿੱਚ 2020 ਵਿੱਚ ਸਾਰੀ ਦੁਨੀਆਂ ਵਿੱਚ ਆਈ ਮਹਾਂਮਾਰੀ 'ਕਰੋਨਾ ਦੀ ਹਿਜਰਤ' ਦਾ ਜ਼ਿਕਰ ਹੈ ਅਤੇ ਇਸ ਵਿੱਚ 'ਸੇਵਾ ਦੇ ਪੁੰਜ' ਭਾਈ ਘਨੱਈਆ, 'ਪਿੰਗਲਵਾੜਾ' ਦੇ ਬਾਨੀ ਭਗਤ ਪੂਰਨ ਸਿੰਘ ਅਤੇ ਮਦਰ ਟੈਰੇਸਾ ਵੀ ਸ਼ਾਮਲ ਹਨ। ਦਿੱਲੀ ਤੋਂ ਨੌਂਵੇਂ ਗੁਰੂ ਤੇਗ਼ ਬਹਾਦਰ ਜੀ ਦਾ ਸੀਸ ਅਨੰਦਪੁਰ ਪਹੁੰਚਾਉਣ ਵਾਲਾ ਭਾਈ ਜੈਤਾ ਵੀ ਇਸ ਅਧਿਆਇ ਦਾ ਅਹਿਮ ਪਾਤਰ ਹੈ।

ਇਸ ਤਰ੍ਹਾਂ ਇਸ ਕਾਵਿ-ਵਾਰਤਕ ਪੁਸਤਕ ਵਿੱਚ ਲੇਖਕ ਨੇ ਪੰਜ-ਸੱਤ ਨਹੀਂ, ਸਗੋਂ ਕਈ ਵਿਸ਼ੇ ਬਾਖ਼ੂਬੀ ਨਿਭਾਏ ਹਨ। ਵਾਰਤਕ ਵਿਧਾ ਵਿੱਚ ਚੱਲਦਿਆਂ ਹੋਇਆਂ ਉਨ੍ਹਾਂ ਨੂੰ ਕਾਵਿ-ਰੂਪ ਦੇ ਕੇ ਕਈ ਬਿੰਬਾਂ ਤੇ ਪ੍ਰਤੀਕਾਂ ਨਾਲ ਪਾਠਕਾਂ ਸਾਹਮਣੇ ਪਰੋਸਿਆ ਹੈ। ਆਪਣੇ ਵਿਚਾਰਾਂ ਨੂੰ ਇਸ ਰੂਪ ਵਿੱਚ ਪੇਸ਼ ਕਰਨ ਦੀ ਉਸ ਦੀ ਇਹ ਤਕਨੀਕ ਨਿਵੇਕਲੀ ਹੈ। ਮੈਨੂੰ ਤਾਂ ਇਹ ਕਾਫ਼ੀ ਚੰਗੀ ਲੱਗੀ ਹੈ। ਉਸ ਦੇ ਵੱਲੋਂ ਵਰਤੇ ਗਏ ਬਿੰਬ ਤੇ ਪ੍ਰਤੀਕ ਬੜੇ ਢੁਕਵੇਂ ਲੱਗੇ ਹਨ। ਵੇਖਦੇ ਹਾਂ, ਅੱਗੋਂ ਪਾਠਕਾਂ ਵੱਲੋਂ ਇਸ ਨੂੰ ਕਿਹੋ ਜਿਹਾ ਹੁੰਗਾਰਾ ਮਿਲਦਾ ਹੈ।

### ਕੰਪਰੈਸਡ ਬਾਇਓ ਗੈਸ ਫ਼ੈਕਟਰੀਆਂ

# ਮਨੁੱਖੀ ਜ਼ਿੰਦਗੀ ਲਈ ਘਾਤਕ ਵਰਤਾਰਾ

**ਕੰਵਲਜੀਤ ਖੰਨਾ**
**9417067344**

ਸਰਮਾਏਦਾਰੀ ਦੇ ਹੋਂਦ 'ਚ ਆਉਣ ਤੇ ਵਿਕਸਤ ਹੁੰਦੇ ਜਾਣ ਨੇ ਕਮਿਊਨਿਸਟ ਇਨਕਲਾਬਾਂ ਤੋਂ ਅਪਣੇ ਬਚਾਅ ਅਤੇ ਉਮਰ ਲੰਮੇਰੀ ਕਰਨ ਲਈ, ਅਪਣੇ ਲੋਕਾਂ ਨੂੰ ਪਤਿਆਉਣ ਲਈ ਵੈਲਫੇਅਰ ਸਟੇਟ ਦਾ ਸੰਕਲਪ ਉਭਾਰਿਆ ਤੇ ਲਾਗੂ ਕਰਨ ਦੀ ਕੋਸ਼ਿਸ਼ ਕੀਤੀ। ਪਰ ਆਪਣੀਆਂ ਵਜੂਦ ਸਮੋਈਆਂ ਕਮਜ਼ੋਰੀਆਂ ਖਾਸਕਰ ਮੁਨਾਫ਼ੇ ਦੀ ਅੰਨ੍ਹੀ ਲਾਲਸਾ ਨੇ ਉਸ ਦਾ ਇਹ ਸੰਕਲਪ ਹੌਲੀ ਹੌਲੀ ਪੇਤਲਾ ਪਾ ਦਿੱਤਾ। ਮਨੁੱਖਤਾ, ਜਮਹੂਰੀਅਤ ਜਿਹੀਆਂ ਧਾਰਨਾਵਾਂ ਸਰਮਾਏਦਾਰੀ ਦੇ ਸਾਮਰਾਜ 'ਚ ਵਟਣ ਨਾਲ ਹੀ ਉੱਡ ਪੁੱਡ ਗਈਆਂ ਹਨ। ਮੁਨਾਫ਼ਾ ਤੇ ਲੁੱਟ ਹੀ ਇਨ੍ਹਾਂ ਦਾ ਇਕਲੌਤਾ ਮਕਸਦ ਬਣ ਗਿਆ ਹੈ। ਇਸ ਲਈ ਜੰਗਾਂ 'ਚ ਹਜ਼ਾਰਾਂ ਲੱਖਾਂ ਲੋਕ ਮਾਰਨੇ, ਹਸਪਤਾਲ, ਸਕੂਲ ਤਬਾਹ ਕਰਨੇ, ਬਸਤੀਆਂ ਨੂੰ ਬੰਬਾਂ ਦਾ ਖਾਜਾ ਬਨਾਉਣਾ, ਇੱਕ ਆਮ ਧਾਰਨਾ ਬਣ ਗਈ ਹੈ। ਲੋਕ ਮੰਗਾਂ, ਲੋਕ ਸਰੋਕਾਰ, ਲੋਕ ਮਸਲੇ, ਲੋਕ ਦਰਦ ਹੁਣ ਉਸ ਦਾ ਮੁੱਦਾ ਨਹੀਂ ਹੈ। ਆਮ ਲੋਕ ਜੇ ਸਿਹਤ, ਸਿੱਖਿਆ ਵਿੱਚ ਸੁਧਾਰ ਲਿਆਉਣ, ਰੁਜ਼ਗਾਰ ਲਈ ਸੰਘਰਸ਼ ਹੋਵੇ, ਕੱਚੇ ਕਾਮੇ ਪਕੇ ਹੋਣ ਦੀ ਮੰਗ ਕਰਨ, ਕਿਸਾਨ-ਮਜ਼ਦੂਰ ਆਪਜੀਆਂ ਮੰਗਾਂ ਮਸਲਿਆਂ ਲਈ ਸੰਘਰਸ਼ ਕਰਨ, ਸੜਕ ਦੁਬਾਰਾ ਬਨ੍ਹਾਉਣ ਦੀ ਮੰਗ ਕਰਨ ਜਾਂ ਮੁਰਮੰਤ ਦੀ ਮੰਗ ਕਰਨ, ਅਖਬਾਰਾਂ 'ਚ ਖ਼ਬਰਾਂ ਲੱਗੀ ਜਾਣ, ਲੋਕ ਮੁਜ਼ਾਹਰੇ ਰੈਲੀਆਂ ਕਰੀ ਜਾਣ, ਛੇ ਛੇ ਮਹੀਨੇ, ਸਾਲ ਸਾਲ ਭਰ ਅਣਮਿੱਥੇ ਸਮੇਂ ਲਈ ਦਿਨ ਰਾਤ ਬੈਠੇ ਰਹਿਣ, ਸਤਾ ਨੂੰ ਕੋਈ ਫਰਕ ਨਹੀਂ ਪੈਂਦਾ। ਬੇਸ਼ਰਮੀ, ਢੀਠਤਾਈ, ਲਾਰੇਬਾਜੀ ਇਸ ਹਰ ਦੌਰ ਦੀ ਸਤਾ ਦਾ ਲਾਜ਼ਮੀ ਗੁਣ ਬਣ ਚੁੱਕਾ ਹੈ।

ਅਜੋਕੀ ਹਾਲਤ ਦੇ ਮੱਦੇਨਜ਼ਰ ਲੁਧਿਆਣਾ ਜਿਲ੍ਹੇ ਦੀਆਂ ਚਾਰ ਥਾਵਾਂ ਤੇ ਹਰ ਰੋਜ਼ ਸੈਂਕੜੇ ਲੋਕ ਚਾਰ ਚਾਰ ਛੇ ਛੇ ਮਹੀਨਿਆਂ ਤੋਂ ਧਰਨੇ ਤੇ ਬੈਠੇ ਹਨ। ਲੁਧਿਆਣਾ ਜਿਲ੍ਹੇ ਦੇ ਚਾਰ ਵੱਡੇ ਪਿੰਡਾਂ ਅਖਾੜਾ, ਭੂੰਦੜੀ (ਜਗਰਾਓਂ ਤਹਿਸੀਲ) ਮੁਸ਼ਕਾਬਾਦ (ਸਮਰਾਲਾ ਤਹਿਸੀਲ), ਘੁੰਗਰਾਲੀ ਰਾਜਪੂਤਾਂ(ਖੰਨਾ ਤਹਿਸੀਲ) 'ਚ ਸੀਬੀਜੀ (ਕੰਪਰੈਸਡ ਬਾਇਓਗੈਸ) ਫ਼ੈਕਟਰੀਆਂ ਲਗਾਈਆਂ ਜਾ ਰਹੀਆਂ ਹਨ। ਇਨ੍ਹਾਂ ਚੋਂ ਪਹਿਲੀਆਂ ਤਿੰਨ ਥਾਵਾਂ 'ਤੇ ਇਹ ਪਲਾਂਟ ਉਸਾਰੀ ਅਧੀਨ ਹਨ ਤੇ ਅਜੇ ਚਾਰ ਦੀਵਾਰੀਆਂ ਹੀ ਹੋਈਆਂ ਹਨ। ਜਦੋਂ ਕਿ ਘੁੰਗਰਾਲੀ ਰਾਜਪੂਤਾਂ ਵਿਖੇ ਦੋ ਸਾਲ ਤੋਂ ਇਹ ਫੈਕਟਰੀ ਚੱਲ ਰਹੀ ਹੈ। ਇਹ ਸਾਰੀਆਂ ਫੈਕਟਰੀਆਂ ਚਾਲੀ ਤੋਂ ਸੱਤਰ ਪ੍ਰਤੀਸ਼ਤ ਸਰਕਾਰੀ ਸਬਸਿਡੀ ਨਾਲ ਲੱਗੀਆਂ ਜਾਂ ਲੱਗਣ ਜਾ ਰਹੀਆਂ ਹਨ। ਮੁੱਦਾ ਉਸ ਸਮੇਂ ਭਖਿਆ ਜਦੋਂ ਘੁੰਗਰਾਲੀ ਰਾਜਪੂਤਾਂ ਅਤੇ ਆਲੇ ਦੁਆਲੇ ਦੇ ਅੱਧੀ ਦਰਜ਼ਨ ਪਿੰਡਾਂ ਦੇ ਇਸ ਫੈਕਟਰੀ ਤੋਂ ਤੰਗ ਆਏ ਲੋਕਾਂ ਨੇ ਇਸ ਚੱਲ ਰਹੀ ਫੈਕਟਰੀ ਦਾ ਵਿਰੋਧ ਕਰਨਾ ਸ਼ੁਰੂ ਕੀਤਾ। ਗਰੀਨ ਜ਼ੋਨ 'ਚ ਈਕੋ ਫਰੈਂਡਲੀ ਕੈਟਗਰੀ 'ਚ ਲੱਗੀ ਇਸ ਫੈਕਟਰੀ ਚੋਂ ਨਿੱਕਲਦੀ ਅੱਤ ਦੀ ਭੈੜੀ ਬਦਬੂ ਦੇ ਸਤਾਏ ਲੋਕ ਵਿਰੋਧ 'ਚ ਨਿੱਤਰ ਆਏ। ਬਾਕੀ ਥਾਵਾਂ ਤੇ ਲੱਗ ਰਹੀਆਂ ਫੈਕਟਰੀਆਂ ਵਾਲੇ ਪਿੰਡਾਂ ਨੇ ਜਦੋਂ ਇਸ ਫੈਕਟਰੀ ਬਾਰੇ ਅਖ਼ਬਾਰੀ ਰਿਪੋਰਟਾਂ ਪੜ੍ਹੀਆਂ ਤਾਂ ਉਨ੍ਹਾਂ ਇਸ ਪਿੰਡ 'ਚ ਜਾ ਕੇ ਪੜਤਾਲ ਕੀਤੀ ਤਾਂ ਪਾਇਆ ਕਿ ਇਸ ਭੈੜੀ ਬਦਬੂ ਕਾਰਨ ਲੋਕਾਂ ਦਾ ਜਾਉਣਾ ਦੁੱਭਰ ਹੋ ਚੁੱਕਾ ਸੀ। ਖੇਡਾਂ ਦੇ ਖੇਤਰ 'ਚ ਨਾਮਣਾ ਖੱਟ ਚੁੱਕਾ ਇਹ ਪਿੰਡ ਹੁਣ ਇਸ ਸੀਬੀਜੀ ਫੈਕਟਰੀ ਦੀ ਗੰਦੀ ਖੇਡ ਦਾ ਸ਼ਿਕਾਰ ਹੋਕੇ ਬੁਰੀ ਤਰ੍ਹਾਂ ਸਹਿਕ ਰਿਹਾ ਸੀ। ਇਸ ਫੈਕਟਰੀ 'ਚੋਂ ਨਿੱਕਲਦੀ ਬਦਬੂ ਕਾਰਨ ਬੱਚੇ ਸਕੂਲ 'ਚ ਬੇਹੋਸ਼ ਹੋ ਜਾਂਦੇ ਸਨ। ਚਮੜੀ ਰੋਗ ਫੈਲ ਰਿਹਾ ਸੀ। ਫੈਕਟਰੀ ਦਾ ਗੰਦਾ ਪਾਣੀ ਜ਼ਮੀਨ ਦੀ ਉਪਜਾਇਕਤਾ ਖ਼ਤਮ ਕਰ ਰਿਹਾ ਸੀ। ਇਸ ਹਾਲਤ ਦੇ ਚੱਲਦਿਆਂ ਪ੍ਰਾਹੁਣੇ ਪਿੰਡ 'ਚ ਆਉਣ ਤੋਂ ਕਤਰਾਉਣ ਲੱਗੇ ਹਨ। ਬਾਕੀ ਥਾਵਾਂ ਤੇ ਲੱਗ ਰਹੀਆਂ ਫੈਕਟਰੀਆਂ ਵਾਲੇ ਪਿੰਡਾਂ 'ਚ ਘੁੰਗਰਾਲੀ ਰਾਜਪੂਤਾਂ ਪਿੰਡ ਦੀ ਇਹ ਹਾਲਤ ਜਾਣ ਕੇ ਇਨ੍ਹਾਂ ਲੱਗ ਰਹੀਆਂ ਸੀਬੀਜੀ ਫੈਕਟਰੀਆਂ ਖਿਲਾਫ਼ ਲੋਕਾਂ ਦਾ ਗੁੱਸਾ ਜ਼ਰਬਾਂ ਖਾ ਗਿਆ। ਘੁੰਗਰਾਲੀ ਸਮੇਤ ਸਾਰੀਆਂ ਥਾਵਾਂ ਤੇ ਫੈਕਟਰੀ ਗੇਟਾਂ ਤੇ ਧਰਨੇ ਸ਼ੁਰੂ ਹੋ ਗਏ। ਪਹਿਲ ਕਦਮੀ ਭੂੰਦੜੀ ਪਿੰਡ ਦੇ ਲੋਕਾਂ ਨੇ ਕੀਤੀ ਸੀ। ਉਪਰੰਤ ਇਨ੍ਹਾਂ ਚਾਰ ਪਿੰਡਾਂ ਦੀਆਂ ਸੰਘਰਸ਼ ਕਮੇਟੀਆਂ ਨੇ ਸਿਰ ਜੋੜੇ। ਇੱਕ ਜੂਨ ਦੀਆਂ ਲੋਕ ਸਭਾ ਚੋਣਾਂ ਦਾ ਅਖਾੜਾ, ਭੂੰਦੜੀ ਪਿੰਡਾਂ ਨੇ ਵੋਟਾਂ ਦਾ ਮੁਕੰਮਲ ਬਾਈਕਾਟ ਕਰਕੇ ਆਪਣੇ ਏਕੇ ਦਾ ਸਬੂਤ ਦਿੱਤਾ।

ਸੰਘਰਸ਼ ਤਾਲਮੇਲ ਕਮੇਟੀ ਦੇ ਸੱਦੇ ਤੇ 11 ਜੂਨ 2024 ਨੂੰ ਲੁਧਿਆਣਾ ਡੀਸੀ ਦਫ਼ਤਰ ਸਾਹਮਣੇ ਜੀ ਟੀ ਰੋਡ 'ਤੇ ਚਾਰ ਪਿੰਡਾਂ ਦੇ ਦੋ ਹਜ਼ਾਰ ਦੇ ਕਰੀਬ ਲੋਕਾਂ ਨੇ ਲਾਮਿਸਾਲ ਧਰਨਾ ਦੇ ਕੇ ਪਿੰਡਾਂ ਦੀਆਂ ਜੜਾਂ 'ਚ ਲਗਾਈਆਂ ਜਾ ਰਹੀਆਂ ਇਨ੍ਹਾਂ ਫ਼ੈਕਟਰੀਆਂ ਨੂੰ ਪੱਕੇ ਤੌਰ 'ਤੇ ਬੰਦ ਕਰਨ ਦੀ ਮੰਗ ਕੀਤੀ। ਡੀਸੀ ਲੁਧਿਆਣਾ ਨਾਲ ਹੋਈ ਮੀਟਿੰਗ 'ਚ ਸਮੁੱਚੇ ਮਾਮਲੇ ਦੀ ਪੜਤਾਲ ਲਈ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਦੀ ਪੜਤਾਲੀਆ ਕਮੇਟੀ ਬਣਾ ਕੇ ਇੱਕ ਹਫ਼ਤੇ 'ਚ ਰਿਪੋਰਟ ਦੇਣ ਦਾ ਭਰੋਸਾ ਦਿੱਤਾ ਗਿਆ। ਪਰ ਇਹ ਪੜਤਾਲ ਚਾਰ ਪੰਜ ਵੇਰ ਡੀਸੀ ਲੁਧਿਆਣਾ ਨੂੰ ਮਿਲਣ ਤੇ ਦਬਾਅ ਦੇਣ ਤੋਂ ਬਾਅਦ ਸਿਰੇ ਲੱਗੀ। ਤਾਲਮੇਲ ਕਮੇਟੀ ਵੱਲੋਂ ਇਸ ਮੁੱਦੇ ਤੇ ਵਿਚਾਰ ਕਰਨ ਤੇ ਹੱਲ ਕੱਢਣ ਲਈ ਮੁੱਖ ਮੰਤਰੀ ਨਾਲ ਮੀਟਿੰਗ ਦੀ ਮੰਗ ਕੀਤੀ ਜਾਂਦੀ ਰਹੀ। ਪਰ ਸਰਕਾਰ ਵੱਲੋਂ ਸੱਦੀਆਂ ਦੋਵਾਂ ਮੀਟਿੰਗਾਂ ਵਿੱਚ ਮੁੱਖ ਸਕੱਤਰ ਅਤੇ ਸਰਕਾਰੀ ਅਧਿਕਾਰੀ ਹਾਜ਼ਰ ਹੁੰਦੇ ਰਹੇ। ਦੋਵਾਂ ਮੀਟਿੰਗਾਂ ਵਿੱਚ ਹੀ ਤਾਲਮੇਲ ਕਮੇਟੀ ਨੇ ਤੱਥਾਂ ਤੇ ਦਲੀਲਾਂ ਨਾਲ ਇਹ ਸਾਬਤ ਕਰ ਦਿੱਤਾ ਕਿ ਇਹ ਬਾਇਓਗੈਸ ਫ਼ੈਕਟਰੀਆਂ ਅਸਲ 'ਚ ਕੈਂਸਰ ਪੈਦਾ ਕਰਨ ਵਾਲੀਆਂ ਫ਼ੈਕਟਰੀਆਂ ਹਨ ਜਿਸ ਨਾਲ ਸਿਹਤ ਤੇ ਵਾਤਾਵਰਣ ਸਿੱਧੇ ਤੌਰ 'ਤੇ ਪ੍ਰਭਾਵਿਤ ਹੋਣਗੇ। ਉਪਰੰਤ ਪੰਜਾਬ ਭਵਨ 'ਚ 11 ਸਤੰਬਰ ਤੇ 21 ਸਤੰਬਰ ਨੂੰ ਪਹਿਲੇ ਦੌਰ ਦੀ ਪੰਜਾਬ ਸਰਕਾਰ ਦੇ ਚਾਰ ਮੰਤਰੀਆਂ ਤੇ ਫਿਰ ਦੂਜੇ ਦੌਰ ਦੀ ਦੋ ਮੰਤਰੀਆਂ ਅਮਨ ਅਰੋੜਾ ਅਤੇ ਹਰਪਾਲ ਚੀਮਾ ਨਾਲ ਹੋਈ ਆਹਮਣੇ ਸਾਹਮਣੇ, ਪੰਜਾਬ ਸਰਕਾਰ ਵੱਲੋਂ ਸੱਦੇ ਮਾਹਰਾਂ ਨਾਲ ਹੋਈ ਮੀਟਿੰਗ 'ਚ ਸਰਕਾਰੀ ਮਾਹਿਰਾਂ ਨੂੰ ਇਹ ਮੰਨਣਾ ਪਿਆ ਕਿ ਇਨ੍ਹਾਂ ਸੀਬੀਜੀ ਫ਼ੈਕਟਰੀਆਂ ਦਾ ਵੇਸਟ ਵਾਟਰ ਧਰਤੀ ਜਾ ਕੇ ਹੇਠਲੇ ਪਾਣੀ 'ਚ ਰਲ ਕੇ ਗੰਭੀਰ ਬੀਮਾਰੀਆਂ ਪੈਦਾ ਕਰੇਗਾ। ਸੰਘਰਸ਼ ਕਮੇਟੀ ਵੱਲੋਂ ਵਿਦੇਸ਼ੀ ਮਾਹਰਾਂ ਦੇ ਖੋਜ ਪੱਤਰਾਂ ਦੇ ਹਵਾਲਿਆਂ ਨਾਲ ਇਹ ਸਾਬਤ ਕੀਤਾ ਗਿਆ ਕਿ ਇਹ ਤਕਨੀਕ ਯੂਰਪ ਦੇ ਮੁਲਕਾਂ ਬੈਨ ਕੀਤੀ ਹੋਈ ਹੈ। ਇਸ ਮਾਮਲੇ 'ਚ ਪੰਜਾਬ ਸਰਕਾਰ ਵੱਲੋਂ 19 ਸਤੰਬਰ ਨੂੰ ਪੀ ਏ ਯੂ ਲੁਧਿਆਣਾ 'ਚ ਸੱਦੀ ਇੱਕ ਵਿਸ਼ੇਸ਼ ਮੀਟਿੰਗ 'ਚ ਵੀ ਦੋਹਾਂ ਧਿਰਾਂ ਦਰਮਿਆਨ ਲਗਾਤਾਰ ਛੇ ਘੰਟੇ ਬਹਿਸ ਵਿਚਾਰ ਹੋਈ। ਇਨ੍ਹਾਂ ਸਾਰੀਆਂ ਮੀਟਿੰਗਾਂ ਸਰਕਾਰ ਨੂੰ ਇਹ ਮੰਨਣਾ ਪਿਆ ਕਿ ਘੁੰਗਰਾਲੀ ਰਾਜਪੂਤਾਂ ਫੈਕਟਰੀ 'ਚ ਪਿਛਲੇ ਦੋ ਸਾਲਾਂ ਦੇ ਅਮਲ ਦੌਰਾਨ ਨਿਯਮਾਂ 'ਤੇ ਪੈਰਾਮੀਟਰਜ ਦੀ ਪਾਲਣਾ ਨਹੀਂ ਹੋਈ। ਸਰਕਾਰ ਨੇ ਮੰਨਿਆ ਕਿ ਸਿਰਫ਼ ਪਰਾਲੀ ਤੇ ਨੈਪੀਅਰ ਘਾਹ ਵਰਤਣ ਲਈ ਅਧਿਕਾਰਤ ਘੁੰਗਰਾਲੀ ਰਾਜਪੂਤਾਂ ਫੈਕਟਰੀ 'ਚ ਗੰਨੇ ਦੀ ਰਹਿੰਦ ਖੂੰਹਦ ਵਰਤੀ ਜਾ ਰਹੀ ਹੈ। ਜੋ ਕਿ ਬਦਬੂ ਦਾ ਮੁੱਖ ਕਾਰਨ ਹੈ। ਉਸ ਸਮੇਂ ਤੱਕ ਵੀ ਟਨਾਂ ਦੇ ਹਿਸਾਬ ਨਾਲ ਗੰਨੇ ਦੀ ਰਹਿੰਦ ਖੂੰਹਦ (ਪਰੈਸਮੈਡ) ਫੈਕਟਰੀ 'ਚ ਜਮਾਂ ਪਈ ਸੀ। ਅੰਤਿਮ ਮੀਟਿੰਗ 'ਚ ਨਵੇਂ ਆਏ ਡੀਸੀ ਲੁਧਿਆਣਾ ਤੇ ਮੰਤਰੀਆਂ ਨੇ ਇਸ ਫੈਕਟਰੀ ਦੇ ਨੁਕਸਾਂ ਨੂੰ ਦੂਰ ਕਰਨ ਲਈ ਲੋਕ ਦਬਾਅ ਕਾਰਨ ਬੰਦ ਪਈ ਇਸ ਫੈਕਟਰੀ ਨੂੰ ਦੁਬਾਰਾ ਟ ?ਰਾਇਲ ਦੇ ਤੌਰ 'ਤੇ ਚਲਾਉਣ ਦੀ ਰਜ਼ਾਮੰਦੀ ਮੰਗੀ, ਜਿਸ ਨੂੰ ਵਫ਼ਦ ਨੇ ਨਕਾਰ ਦਿੱਤਾ।

ਇਨ੍ਹਾਂ ਸਾਰੀਆਂ ਮੀਟਿੰਗਾਂ ਵਿੱਚ ਸੰਘਰਸ਼ ਤਾਲਮੇਲ ਕਮੇਟੀ ਨੇ ਇਹ ਸਪਸ਼ਟ ਕੀਤਾ ਕਿ ਅਸੀਂ ਵਿਕਾਸ ਦੇ ਉਲਟ ਨਹੀਂ ਹਾਂ ਪਰ ਵਿਕਾਸ ਦੇ ਨਾਂ ਤੇ ਮਨੁੱਖੀ ਵਿਨਾਸ਼ ਦੀ ਇਜਾਜ਼ਤ ਨਹੀਂ ਦੇ ਸਕਦੇ। ਕਮੇਟੀ ਦਾ ਵਿਚਾਰ ਹੈ ਕਿ ਬਾਇਓ ਗੈਸ ਘਰਾਂ 'ਚ ਗੋਬਰ ਤੋਂ ਪੈਦਾ ਵੱਡੀ ਗਿਣਤੀ 'ਚ ਕਰਦੇ ਹਨ, ਇਸ ਚ ਕੋਈ ਦਿੱਕਤ ਨਹੀਂ ਹੈ। ਮਸਲਾ ਪਰਾਲੀ ਨੂੰ ਕੰਮਪਰੈਸ ਕਰਕੇ ਸੀਬੀਜੀ ਪੈਦਾ ਕਰਨ ਦਾ ਹੈ। ਕਿਓਂਕਿ ਜਦੋਂ ਹਰੇ ਇਨਕਲਾਬ ਦੀ ਦੇਣ, ਝੋਨੇ ਦੀ ਪਰਾਲੀ ਨੂੰ ਪੰਜ ਛੇ ਦਿਨ ਲਗਾਤਾਰ ਗਾਲ ਕੇ ਉਸ ਵਿੱਚੋਂ ਗੈਸ ਪੈਦਾ ਕੀਤੀ ਜਾਂਦੀ ਹੈ ਤਾਂ ਇਹ ਬਾਇਓਡੀਗਰੇਡ ਹੋ ਜਾਂਦੀ ਹੈ ਪਰ ਝੋਨੇ ਦੀ ਪਰਾਲੀ 'ਚ ਝੋਨਾ ਪੈਦਾ ਕਰਨ ਲਈ ਵਰਤੇ ਗਏ ਕੀਟਨਾਸ਼ਕ, ਨਦੀਨਨਾਸ਼ਕ ਦਵਾਈਆਂ ਤੇ ਸਪਰੇਆਂ ਤੇ ਰਸਾਇਣਕ ਖਾਦਾਂ ਦੇ ਪਰਾਲੀ 'ਚ ਪਏ ਰੈਜੀਡਿਊ (ਅਵਸ਼ੇਸ) ਬਾਇਓਡੀਗਰੇਡ ਨਹੀ ਹੁੰਦੇ ਯਾਨਿ ਕਿ ਖ਼ਤਮ ਨਹੀ ਹੁੰਦੇ। ਗੈਸ ਬਨਣ ਤੋਂ ਬਾਅਦ ਬਾਕੀ ਬਚੇ ਗਾੜ੍ਹੇ ਪਦਾਰਥ ਵਿੱਚੋਂ ਠੋਸ ਖਾਦ (ਮਾਦਾ) ਕੱਢ ਲੈਣ ਉਪਰੰਤ ਵੀ ਅਵਸ਼ੇਸ਼ ਬਚੇ ਗੰਦੇ ਬਦਬੂਦਾਰ ਪਾਣੀ ਵਿੱਚ ਰਹਿ ਜਾਂਦੇ ਹਨ। ਇਸ ਬਚੇ ਪਾਣੀ ਨੂੰ ਜਾਂ ਤਾਂ ਜ਼ੀਰਾ ਫੈਕਟਰੀ ਵਾਂਗ ਰਿਵਰਸ ਬੋਰ ਕਰਕੇ ਧਰਤੀ 'ਚ ਸੁੱਟਿਆ ਜਾਵੇਗਾ, ਜਾਂ ਖੇਤਾਂ 'ਚ ਪਾਇਆ ਜਾਵੇਗਾ ਜਾਂ ਸੀਵਰੇਜ 'ਚ ਰੋੜ੍ਹਿਆ ਜਾਵੇਗਾ ਜਾਂ ਫਿਰ ਫੈਕਟਰੀ ਦੇ ਅੰਦਰ ਵੱਡੇ ਤਲਾਬ ਬਣਾ ਕੇ ਸਾਂਭਿਆ ਜਾਵੇਗਾ। ਇਹ ਜ਼ਹਿਰੀਲਾ ਤੇ ਤੇਜ਼ਾਬੀ ਪਾਣੀ ਹੌਲੀ ਹੌਲੀ ਉੱਡ ਕੇ ਵਾਤਾਵਰਣ ਨੂੰ ਪ੍ਰਦੂਸ਼ਿਤ ਕਰੇਗਾ ਤੇ ਜਾਂ ਫਿਰ ਤਲਾਬ ਦੇ ਕੰਕਰੀਟ ਦੇ ਕਵਰ ਨੂੰ ਗਾਲ ਕੇ ਧਰਤੀ 'ਚ ਸਿਮਦਾ ਜਾਵੇਗਾ। ਇਹ ਰੇਹਾਂ, ਸਪਰੇਆਂ ਵਾਲਾ ਜ਼ਹਿਰੀਲਾ ਗੰਦਾ ਪਾਣੀ ਧਰਤੀ ਦੇ ਹੇਠਲੇ ਪਾਣੀ 'ਚ ਰਲ ਕੇ ਕੈਂਸਰ ਜਿਹੀਆਂ ਨਾਮੁਰਾਦ ਬੀਮਾਰੀਆਂ ਨੂੰ ਜਨਮ ਦੇਵੇਗਾ। ਆਉਣ ਵਾਲੀਆ ਨਸਲਾਂ ਲਈ ਬੇਹੱਦ ਘਾਤਕ ਹੋਵੇਗਾ। ਹਾਰਮੋਨਜ ਤੇ ਸੈਕਸੂਅਲ ਔਰਗਨ ਨੂੰ ਹੌਲੀ ਹੌਲੀ ਨੁਕਸਾਨ ਪਹੁੰਚਾਏਗਾ। ਹਰੇ ਇਨਕਲਾਬ ਦੀ ਦੇਣ ਜ਼ਹਿਰੀਲੀਆਂ ਰੇਹਾਂ ਸਪਰੇਆ ਨੇ ਅੱਧਾ ਪੰਜਾਬ ਬੀਮਾਰੀਆਂ ਦਾ ਘਰ ਬਣਾ ਦਿੱਤਾ ਹੈ ਤੇ ਰਹਿੰਦੀ ਖੂੰਹਦੀ ਕਸਰ ਹੁਣ ਇਹ ਗੈਸ ਫ਼ੈਕਟਰੀਆਂ ਕੱਢਣਗੀਆ। ਕਿਸਾਨ ਝੋਨੇ ਦੀ ਪਰਾਲੀ ਦਾ ਫਸਤਾ ਵੱਢਣਾ ਚਾਹੁੰਦੇ ਹਨ। ਝੋਨਾ ਭਾਵੇਂ ਵਪਾਰਕ ਤੇ ਮੁਨਾਫ਼ੇ ਵਾਲੀ ਫ਼ਸਲ ਹੈ ਪਰ ਜਿੰਨਾ ਪਾਣੀ ਹੇਠਾਂ ਜਾ ਰਿਹਾ ਹੈ ਉਸ ਦਾ ਅਸਰ ਕਿਸੇ ਤੋਂ ਗੁੱਝਾ ਨਹੀਂ ਹੈ। ਨਵੀਂ ਖੇਤੀ ਨੀਤੀ 'ਚ ਇਸ ਬਾਰੇ ਚਿੰਤਾ ਜ਼ਾਹਰ ਕਰਦਿਆਂ ਪੰਜਾਬ ਦੇ ਪੰਦਰਾਂ ਬਲਾਕਾਂ 'ਚ ਝੋਨੇ ਦਾ ਬਦਲ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ।

ਪਰਾਲੀ ਤੋਂ ਗੈਸ ਪੈਦਾ ਕਰਨ ਲਈ ਲੱਖਾਂ ਲੀਟਰ ਪਾਣੀ ਵਰਤਿਆ ਜਾਵੇਗਾ। ਪਹਿਲਾਂ ਚੌਲ ਪੈਦਾ ਕਰਨ ਲਈ ਕਰੋੜਾਂ ਲੀਟਰ ਪਾਣੀ ਧਰਤੀ 'ਚੋਂ ਕੱਢਿਆ ਜਾ ਰਿਹਾ ਹੈ ਤੇ ਹੁਣ ਪਰਾਲੀ ਤੋਂ ਗੈਸ ਪੈਦਾ ਕਰਨ ਲਈ ਵੀ ਕਰੋੜਾਂ ਲੀਟਰ ਪਾਣੀ ਵਰਤਿਆ ਜਾਵੇਗਾ। ਇੱਕ ਕਿਲੋ ਪਰਾਲੀ ਨੂੰ ਗਾਲ ਕੇ ਗੈਸ ਪੈਦਾ ਕਰਨ ਲਈ 900 ਲੀਟਰ ਪਾਣੀ ਦੀ ਜ਼ਰੂਰਤ ਪੈਂਦੀ ਹੈ। ਮਿਸਾਲ ਵਜੋਂ ਇੱਕ ਸੌ ਟਨ ਦੀ ਸਮਰੱਥਾ ਵਾਲੇ ਗੈਸ ਪਲਾਂਟਾਂ 'ਚ ਆਓ ਦੇਖੀਏ ਕਿੰਨਾ ਪਾਣੀ ਵਰਤਿਆ ਗਿਆ। ਸੌ ਟਨ ਮਤਲਬ ਦਸ ਹਜ਼ਾਰ ਕੁਇੰਟਲ ਪਰਾਲੀ ਗਾਲਣ ਲਈ ਲੋੜੀਂਦੇ 900 ਲੀਟਰ ਪਾਣੀ ਦੇ ਹਿਸਾਬ ਨਾਲ 900000 ਲੀਟਰ ਪਾਣੀ ਵਰਤਿਆ ਜਾਵੇਗਾ ਜਿਸ ਵਿੱਚੋਂ ਜੇਕਰ ਅੱਧਾ ਰੀਸਾਇਕਲ ਵੀ ਕਰ ਲਿਆ ਜਾਵੇ ਤਾਂ 4 ਲੱਖ 50 ਹਜ਼ਾਰ ਲੀਟਰ ਪਾਣੀ ਹਰ ਰੋਜ਼ ਵਰਤਿਆ ਜਾਵੇਗਾ। ਮਤਲਬ ਸਾਫ਼ ਹੈ ਕਿ ਪੰਜਾਬ ਨੂੰ ਬੰਜਰ ਬਨਾਉਣ ਦੀ ਸਾਮਰਾਜੀ ਤੇ ਦੇਸੀ ਪੂੰਜੀਪਤੀਆਂ ਦੀ ਇਹ ਇੱਕ ਸੋਚੀ ਸਮਝੀ ਸਾਜ਼ਸ਼ ਹੈ। ਪੰਜਾਬ 'ਚ ਅਜਿਹੀਆਂ 54 ਸੀਬੀਜੀ/ਸੀਐਨਜੀ ਫ਼ੈਕਟਰੀਆਂ ਲੱਗਣ ਜਾ ਰਹੀਆਂ ਹਨ। ਜਲੰਧਰ ਜਿਲ੍ਹੇ 'ਚ ਭੋਗਪੁਰ ਖੰਡ ਮਿੱਲ ਦੀ ਜ਼ਮੀਨ 'ਤੇ ਅਤੇ ਕੰਧੋਲਾ ਗੁਰੂ ਪਿੰਡ 'ਚ ਲੋਕ ਤਾਕਤ ਨੇ



ਉਸਾਰੀ ਰੋਕੀ ਹੋਈ ਹੈ। ਪਟਿਆਲ ?ਾ ਜਿਲ੍ਹੇ ਦੇ ਪਿੰਡ ਕਕਰਾਲਾ ਵਿਖੇ ਪਿੰਡ ਦੀ ਪੰਚਾਇਤ ਟੁੱਟਣ ਕਾਰਨ ਪ੍ਰਬੰਧਕ ਵੱਲੋਂ ਪਿੰਡ ਦੀ ਪੰਚਾਇਤ ਦੀ 18 ਏਕੜ ਜ਼ਮੀਨ ਨਿੱਜੀ ਕੰਪਨੀ ਨੂੰ ਦੇਣ ਦੇ ਪਿੰਡ ਦੇ ਜਾਨਦਾਰ ਵਿਰੋਧ ਨੇ, ਮਾਲਕ ਤੇ ਸਰਕਾਰ ਨੂੰ ਭੱਜਣ ਲਈ ਮਜ਼ਬੂਰ ਕਰ ਦਿੱਤਾ। ਇਸੇ ਤਰ੍ਹਾਂ ਹੁਣ ਲੁਧਿਆਣਾ ਜਿਲ੍ਹੇ ਦੇ ਬੇਟ ਦੇ ਤਿੰਨ ਪਿੰਡ ਬੱਗਾ ਕਲਾਂ, ਚਾਹੜ, ਰਜਾ ਕਲਾਂ 'ਚ ਰਿਲਾਇੰਸ ਦੇ ਇਹ ਪਲਾਂਟ ਲਾਉਣ ਖਿਲਾਫ਼ ਮੋਰਚਾ ਖੋਲ੍ਹ ਦਿੱਤਾ ਗਿਆ ਹੈ।

ਇਸ ਦੌਰਾਨ ਲੁਧਿਆਣਾ ਜਿਲ੍ਹੇ ਦੇ ਚਾਰਾਂ ਪਿੰਡਾਂ ਨੇ ਕਿਸਾਨ ਜਥੇਬੰਦੀਆਂ ਦੇ ਸਹਿਯੋਗ ਨਾਲ ਲੋਕ ਹੀ ਲਾਮਬੰਦੀ ਦੀ ਮਿਸਾਲ ਕਾਇਮ ਕੀਤੀ। ਸ਼ੁਰੂਆਤੀ ਦੌਰ 'ਚ ਹੀ ਲੋਕ ਵਿਰੋਧ ਨੇ ਨਵੀਂ ਕਰਵਟ ਲਈ। ਪਿੰਡਾਂ 'ਚ ਮਰਦ ਔਰਤਾਂ ਦੇ ਲਾਮਿਸਾਲ ਪ੍ਰਦਰਸ਼ਨ, ਟਰੈਕਟਰ ਮਾਰਚ ਅਤੇ ਫਿਰ ਇੱਕ ਜੂਨ ਦੀਆਂ ਲੋਕ ਸਭਾ ਚੋਣਾਂ ਦਾ ਇਨ੍ਹਾਂ ਪਿੰਡਾਂ ਵੱਲੋਂ ਮੁਕੰਮਲ ਬਾਈਕਾਟ ਤੇ ਉਪਰੰਤ 10 ਸਤੰਬਰ ਨੂੰ ਦਿੱਲੀ ਮੁੱਖ ਮਾਰਗ ਜਾਮ ਕਰਨ ਦੇ ਐਲਾਨ ਨੇ ਸਰਕਾਰ ਨੂੰ ਹਿਲਾ ਦਿੱਤਾ। ਸਿੱਟੇ ਵਜੋਂ ਪੰਜਾਬ ਸਰਕਾਰ ਨੂੰ ਸੰਘਰਸ਼ ਤਾਲਮੇਲ ਕਮੇਟੀ ਨੂੰ ਮੀਟਿੰਗਾਂ ਦੇਣ ਲਈ ਮਜਬੂਰ ਹੋਣਾ ਪਿਆ। ਮੀਟਿੰਗਾਂ ਵਿੱਚ ਸਰਕਾਰ ਵੱਲੋਂ ਫੇਲ੍ਹ ਹੋਣ ਤੇ ਬੁਖਲਾਈ ਸਰਕਾਰ ਨੇ ਤਾਲਮੇਲ ਕਮੇਟੀ ਵੱਲੋਂ ਇਹ ਫ਼ੈਕਟਰੀਆਂ ਬੰਦ ਕਰਾਉਣ ਦੀ ਮੰਗ ਤੇ ਅੜੇ ਰਹਿਣ ਕਾਰਨ ਜਬਰ ਦਾ ਰਾਹ ਫੜਣ ਦੀ ਕੋਸ਼ਿਸ਼ ਕੀਤੀ ਗਈ। ਜਿਸ ਨੂੰ ਅਖਾੜਾ ਪਿੰਡ 'ਚ ਦੋ ਵੇਰ ਲੋਕ ਤਾਕਤ ਨਾਲ ਚਕਨਾਚੂਰ ਕੀਤਾ ਗਿਆ। ਘੁੰਗਰਾਲੀ ਰਾਜਪੂਤਾਂ ਦੀ ਸੰਘਰਸ਼ ਟੀਮ ਨੂੰ ਖੁਦ ਮੁੱਖ ਮੰਤਰੀ ਵੱਲੋਂ ਫੋਨ ਕਰਕੇ ਫੈਕਟਰੀ ਦੇ ਨੁਕਸ ਦੂਰ ਕਰਕੇ ਚਲਾਉਣ ਲਈ ਪਤਿਆਉਣ ਦਾ ਸਾਜ਼ਿਸ਼ੀ ਅਮਲ ਚਲਾਇਆ। ਪਰ ਤਾਲਮੇਲ ਕਮੇਟੀ ਦੇ ਦਖ਼ਲ ਨਾਲ ਸਰਕਾਰ ਦਾ ਇਹ ਦਾਅ ਸਫ਼ਲ ਨਹੀਂ ਹੋਣ ਦਿੱਤਾ ਗਿਆ। ਇਨ੍ਹਾਂ ਫ਼ੈਕਟਰੀਆਂ ਸਬੰਧੀ ਬਣੀ ਸੰਘਰਸ਼ ਤਾਲਮੇਲ ਕਮੇਟੀ ਨੇ ਪੰਚਾਇਤੀ ਚੋਣਾਂ ਤੋਂ ਬਾਅਦ ਅਗਲੇ ਸੰਘਰਸ਼ਾਂ ਐਲਾਨ ਕਰਨ ਦਾ ਫੈਸਲਾ ਕੀਤਾ। ਇਨ੍ਹਾਂ ਮੋਰਚਿਆਂ ਦੀ ਬਦੌਲਤ ਹੈ ਕਿ ਅਖਾੜਾ ਜਿੱਥੇ ਪੂਰੇ ਜ਼ੋਰ ਨਾਲ ਸੰਘਰਸ਼ਾਂ ਮੈਦਾਨ 'ਚ ਮਾਵਾਂ ਭੈਣਾਂ ਸੰਗ ਡਟਿਆ ਉੱਥੇ ਪਿੰਡ 'ਚ ਸਰਬਸੰਮਤੀ ਨਾਲ ਜਨਰਲ ਵਰਗ ਦੀ ਥਾਂ ਰਿਜ਼ਰਵ ਪ੍ਰੀਵਾਰ ਦੀ ਔਰਤ ਸਰਪੰਚ ਦੀ ਚੁਣਕੇ ਨਵਾਂ ਇਤਿਹਾਸ ਸਿਰਜਿਆ ਹੈ।

ਦੂਜੇ ਬੰਨੇ ਪੰਜਾਬ-ਹਰਿਆਣਾ ਹਾਈ ਕੋਰਟ 'ਚ ਮਾਲਕਾਂ ਵੱਲੋਂ ਫ਼ੈਕਟਰੀਆਂ ਚਲਾਉਣ ਦੇ ਮਕਸਦ ਨਾਲ ਲਾਏ ਕੇਸਾਂ ਅਦਾਲਤ ਨੇ ਸੇਵਾਮੁਕਤ ਜੱਜ ਦੀ ਅਗਵਾਈ 'ਚ ਕਮੇਟੀ ਬਣਾ ਕੇ ਮਾਮਲਾ ਕੁੱਝ ਸਮੇਂ ਲਟਕਾ ਦਿੱਤਾ ਹੈ। ਸੰਘਰਸ਼ ਕਰ ਰਹੇ ਲੋਕਾਂ ਨੂੰ ਇਹ ਕਦਾਚਿੱਤ ਵੀ ਨਹੀਂ ਭੁੱਲਣਾ ਚਾਹੀਦਾ ਕਿ ਅਦਾਲਤੀ ਪ੍ਰਬੰਧ ਵੀ ਕੁੱਲ ਮਿਲਾਕੇ ਕਾਰਪੋਰੇਟ ਘਰਾਣਿਆਂ ਦਾ ਸੇਵਾਦਾਰ ਹੀ ਹੈ। ਇਸ ਲਈ ਮਨੁੱਖੀ ਜ਼ਿੰਦਗੀ ਬਚਾਉਣ ਦੇ ਸਰੋਕਾਰਾਂ ਲਈ ਇਸ ਲੋਕ ਸੰਘਰਸ਼ ਦਾ ਘੇਰਾ ਵਿਸ਼ਾਲ ਕਰਕੇ ਸਭਨਾਂ ਮੋਰਚਿਆਂ ਤੇ ਸੰਘਰਸ਼ ਜਾਰੀ ਰੱਖਣਾ ਸਮੇਂ ਦੀ ਹਕੀਕੀ ਲੋੜ ਹੈ।

---

# ਲੋਕਾਂ ਦੀ ਸੰਗੀ ਸਾਥੀ: .ਗਦਰ ਲਹਿਰ

**(ਸ.ਫਾ 26 ਦੀ ਬਾਕੀ)**

ਵਾਲੇ ਨਿਜ਼ਾਮ ਲਈ ਜੂਝ ਰਹੀਆਂ ਹਨ।

ਗ਼ਦਰ ਪਾਰਟੀ ਦੇ ਮੁੱਢਲੇ ਫ਼ਰਜ਼ਾਂ ਅਨੁਸਾਰ ਫ਼ਲਸਤੀਨ ਦੇ ਲੋਕਾਂ ਦੇ ਹੱਕਾਂ ਲਈ ਆਵਾਜ਼ ਉਠਾਉਂਦਾ ਗ਼ਦਰੀ ਦੇਸ਼ ਭਗਤਾਂ ਦੇ ਦਰਸਾਏ ਮਾਰਗ ਦਾ ਜ਼ਰੂਰੀ ਹਿੱਸਾ ਹੈ। ਫ਼ਲਸਤੀਨ ਦੀ ਜੱਦੋ-ਜਹਿਦ, ਬਸਤਰ ਆਦਿ ਥਾਵਾਂ 'ਤੇ ਜੰਗਲ ਦੀ ਰਾਖੀ ਲਈ ਅਤੇ ਪੰਜਾਬ ਵਿੱਚ ਚੱਲ ਰਹੇ ਕਿਰਤੀ ਕਿਸਾਨਾਂ ਸਮੂਹ ਮਿਹਨਤਕਸ਼ ਲੋਕਾਂ ਦੀਆਂ ਲਹਿਰਾਂ ਨਾਲ ਇਹ ਆਵਾਜ਼ ਅਤੇ ਗ਼ਦਰ ਪਾਰਟੀ ਦੀ ਸੋਚ ਜੁੜੀ ਹੋਈ ਹੈ। ਜਿਵੇਂ ਜੰਗਲ ਨੂੰ ਮੋਦੀ ਹਕੂਮਤ ਮੁੱਖ ਨਿਸ਼ਾਨਾ ਬਣਾ ਕੇ ਕਾਰਪੋਰੇਟ ਘਰਾਣਿਆਂ ਨੂੰ ਲੁਟਾਉਣ ਲਈ ਤੁਲੀ ਹੈ, ਉਸ ਦਾ ਟਾਕਰਾ ਕਰਨ ਲਈ ਜੂਝਦੇ ਜੰਗਲ ਨੂੰ ਤਬਾਹ ਕਰਨ ਅਤੇ ਲਹੂ 'ਚ ਡਬੋਣ ਖ਼ ?ਲਾਫ਼ ਆਵਾਜ਼ ਉਠਾਉਣਾ ਗ਼ਦਰ ਲਹਿਰ ਦੀ ਪੈੜ ਨੂੰ ਨਤਮਸਤਕ ਹੋਣਾ ਹੈ। ਪੰਜਾਬ ਅੰਦਰ ਚੱਲ ਰਿਹਾ ਕਿਸਾਨਾਂ ਦਾ ਘੋਲ ਮਹਿਜ਼ ਝੋਨੇ ਦੀ ਖਰੀਦ ਜਾਂ ਐੱਮ.ਐੱਸ.ਪੀ. ਤੱਕ ਸੀਮਤ ਨਹੀਂ। ਇਹ ਖੇਤੀ ਨੂੰ ਤਬਾਹ ਕਰਕੇ, ਕਾਰਪੋਰੇਟ ਘਰਾਣਿਆਂ ਵੱਲੋਂ ਜ਼ਮੀਨਾਂ ਹੜੱਪਣ ਦੇ ਹੱਲੇ ਅੱਗੇ ਦੀਵਾਰ ਬਣਕੇ ਖੜ੍ਹਨ, ਜੂਝਣ ਦੀ ਜੱਦੋ-ਜਹਿਦ ਹੈ। ਗ਼ਦਰ ਲਹਿਰ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਗ਼ਦਰੀ ਬਾਬਾ ਜਵਾਲਾ ਸਿੰਘ ਠੱਠੀਆਂ, ਭਾਈ ਰਤਨ ਸਿੰਘ ਰਾਏਪੁਰ ਡੱਬਾ, ਬਾਬਾ ਗੁਰਮੁੱਖ ਸਿੰਘ ਲਲਤੋਂ, ਗ਼ਦਰੀ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਵਰਗੇ ਅਣਗਿਣਤ ਗ਼ਦਰੀ ਜੁਝਾਰੂ ਸਾਡੇ ਮੁਲਕ ਨੂੰ ਸਾਮਰਾਜ ਅਤੇ ਉਸਦੇ ਹਿੱਤ ਪਾਲਕਾਂ ਤੋਂ ਮੁਕਤ ਕਰਾਉਣ ਲਈ ਆਖ਼ਰੀ ਸਾਹ ਤੱਕ ਲੜੇ। ਇਸ ਲਈ ਅੱਜ ਗ਼ਦਰ ਲਹਿਰ ਦੇ ਹਰ ਵਾਰਸ ਦੀ ਨੈਤਿਕ ਜ਼ਿੰਮੇਵਾਰੀ ਹੈ ਕਿ ਉਹ ਲੋਕਾਂ ਨੂੰ ਭਵਿੱਖ਼ ਦੀਆਂ ਚੁਣੌਤੀਆਂ ਬਾਰੇ ਜਾਗਰੂਕ ਕਰਨ ਲਈ ਸੁਹਿਰਦ ਯਤਨ ਜੁਟਾਉਣ।

ਗ਼ਦਰ ਲਹਿਰ ਦੀ ਇਤਿਹਾਸਕ ਵਿਰਾਸਤ ਦੀ ਬੁੱਕਲ ਵਿੱਚ ਉਹ ਸਭ ਕੁੱਝ ਹੈ ਜਿਸਦਾ ਜ਼ਿਕਰ ਇਨਕਲਾਬੀ ਕਵੀ ਲਾਲ ਸਿੰਘ ਦਿਲ ਦੀ ਕਵਿਤਾ ਵਿੱਚ ਸਿਰ ਉੱਚਾ ਕਰਕੇ ਬੋਲਦਾ ਹੈ:

ਜਿਵੇਂ ਮਿੱਟੀ 'ਚ ਸਭ ਕੁੱਝ ਹੈ
ਕਣਕ, ਮਿੱਠਾ, ਲੋਹਾ ਤੇ ਬਾਰੂਦ
ਇਵੇਂ ਜਨਤਾ 'ਚ ਸਭ ਕੁੱਝ ਹੈ
ਲਹਿਰਾਂ, ਹੜ੍ਹ, ਤੂਫ਼ਾਨ,
ਅਣਖ਼, ਇੱਜ਼ਤ ਤੇ ਇਨਕਲਾਬ

### ਵੈਬਸਾਈਟ 'ਇੰਟਰਨੈੱਟ ਆਰਕਾਈਵ' ਖਿਲਾਫ ਅਦਾਲਤੀ ਫੈਸਲਾ

# ਸਰਮਾਏਦਾਰਾਂ ਦੀ ਗਿਆਨ ਸਰੋਤਾਂ ਤੋਂ ਮੁਨਾਫਾ ਕਮਾਉਣ ਦੀ ਭੱਦੀ ਮਿਸਾਲ

**ਸਾਰਾਹ**

ਇੰਟਰਨੈੱਟ ਦੀ ਕਾਢ ਤੋਂ ਬਾਅਦ ਮਨੁੱਖ ਦੇ ਗਿਆਨ ਪ੍ਰਾਪਤ ਕਰਨ ਦੀ ਪ੍ਰਕਿਰਿਆ ਵਿੱਚ ਵੱਡੇ ਬਦਲਾਅ ਆਏ ਹਨ, ਜਿਨ੍ਹਾਂ ਦੀ ਕਲਪਨਾ ਪੁਰਾਣੇ ਸਮਾਜ ਵਿੱਚ ਕੀਤੀ ਵੀ ਨਹੀਂ ਜਾ ਸਕਦੀ ਸੀ। 21ਵੀਂ ਸਦੀ ਵਿੱਚ ਇੰਟਰਨੈੱਟ ਸਦਕਾ ਦੁਨੀਆਂ ਦਾ ਅਜਿਹਾ ਕੋਈ ਕੋਨਾ ਨਹੀਂ ਜਿਸ ਬਾਰੇ ਜਾਣਕਾਰੀ ਸਿਰਫ ਕੁੱਝ ਬਟਨ ਦਬਾਉਣ ਨਾਲ਼ ਹਾਸਲ ਨਾ ਕੀਤੀ ਜਾ ਸਕੇ। ਇੰਟਰਨੈੱਟ ਉੱਤੇ ਦੁਨੀਆਂ ਭਰ ਦੀਆਂ ਕਿਤਾਬਾਂ, ਲੈਕਚਰ, ਫਿਲਮਾਂ ਆਦਿ ਸੌਖ ਨਾਲ਼ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਪਰ ਮੁਨਾਫੇ ਉੱਤੇ ਟਿਕਿਆ ਮੌਜੂਦਾ ਸਰਮਾਏਦਾਰਾ ਢਾਂਚਾ ਗਿਆਨ ਦੇ ਇਸ ਅਥਾਹ ਸੋਮੇ ਉੱਤੇ ਵੀ ਮੁਕੰਮਲ ਕਬਜਾ ਕਰਨਾ ਚਾਹੁੰਦਾ ਹੈ। ਇਸ ਗੱਲ ਦੀ ਤਸਦੀਕ ਪਿਛਲੇ ਦਿਨਾਂ ਵਿੱਚ ਮਸ਼ਹੂਰ ਵੈੱਬਸਾਈਟ 'ਇੰਟਰਨੈੱਟ ਆਰਕਾਈਵ' ਉੱਤੇ ਕੀਤੀ ਗਈ ਅਦਾਲਤੀ ਕਾਰਵਾਈ ਤੋਂ ਹੋ ਜਾਂਦੀ ਹੈ।

**ਕੀ ਹੈ ਇੰਟਰਨੈੱਟ ਆਰਕਾਈਵ**

ਇੰਟਰਨੈੱਟ ਆਰਕਾਈਵ ਇੱਕ ਵੈੱਬਸਾਈਟ ਹੈ ਜੋ 1996 ਵਿੱਚ ਬ੍ਰਿਊਸਟਰ ਕੇਯਲ ਨੇ ਪੂਰੇ ਇੰਟਰਨੈੱਟ ਨੂੰ ਇੱਕ ਥਾਵੇਂ ਸੰਗ੍ਰਹਿਤ ਕਰਨ ਲਈ ਬਣਾਈ ਸੀ। ਇਹ ਪ੍ਰੋਜੈਕਟ ਇੰਟਰਨੈੱਟ ਉੱਤੇ ਉਪਲੱਬਧ ਸਮੱਗਰੀ ਨੂੰ ਹਰ ਇਨਸਾਨ ਦੇ ਹੱਕ ਵਜੋਂ ਪ੍ਰਿੰਟ ਸਮੱਗਰੀ, ਪੀ.ਡੀ.ਐਫ, ਆਡੀਓ-ਵੀਡੀਓ ਫਾਈਲਾਂ ਆਦਿ ਡਿਜੀਟਲ ਰੂਪ ਵਿੱਚ ਡਾਊਨਲੋਡ ਕਰਨ ਜਾਂ ਫਿਰ 14 ਦਿਨਾਂ ਲਈ ਉਧਾਰ ਲੈਣ ਦੀ ਸਹੂਲਤ ਦਿੰਦਾ ਹੈ। ਇੰਟਰਨੈੱਟ ਆਰਕਾਈਵ ਦੁਨੀਆਂ ਦਾ ਸਭ ਤੋਂ ਵੱਡਾ ਡਾਟਾਬੇਸ ਹੈ, ਜਿਸ ਵਿੱਚ 1996 ਤੋਂ 4 ਸਤੰਬਰ 2024 ਤੱਕ ਕੁੱਲ 8.66 ਖਰਬ ਵੈੱਬ ਪੇਜ, 4.21 ਕਰੋੜ ਪ੍ਰਿੰਟ ਸਮੱਗਰੀ, 1.3 ਕਰੋੜ ਵੀਡੀਓ ਫਾਈਲਾਂ, 1.4 ਕਰੋੜ ਆਡੀਓ ਫਾਈਲਾਂ, 50 ਲੱਖ ਫੋਟੋਆਂ, 2,72,660 ਕੰਸਰਟ ਆਦਿ ਸਮੱਗਰੀ ਇਕੱਠੀ ਕੀਤੀ ਜਾ ਚੁੱਕੀ ਹੈ। ਕੁੱਲ ਵਿੱਚ ਇਹ ਸੰਗ੍ਰਹਿ 99 ਪੈਰਾਬਾਈਟ (ਜਾਣੀ 9.9 ਕਰੋੜ ਗਿਗਾਬਾਈਟ) ਸਾਇਜ ਤੋਂ ਵੀ ਵੱਡਾ ਹੈ। ਇਸ ਜਖੀਰੇ ਵਿੱਚ ਕਿੰਨੀਆਂ ਹੀ ਕਿਤਾਬਾਂ, ਲੈਕਚਰ, ਫਿਲਮਾਂ, ਆਡੀਓ ਆਦਿ ਸ਼ਾਮਲ ਹਨ, ਜਿਹਨਾਂ ਵਿੱਚੋਂ ਕਈ ਭੌਤਿਕ ਰੂਪ ਵਿੱਚ ਹੋਰ ਕਿਤੇ ਉਪਲੱਬਧ ਹੀ ਨਹੀਂ। ਇਸ ਵੈੱਬਸਾਈਟ ਉੱਤੇ 'ਓਪਨ ਲਾਇਬ੍ਰੇਰੀ' ਚਲਾਈ ਜਾਂਦੀ ਹੈ, ਜਿਸ ਵਿੱਚ ਲੋਕ ਅਸਲ ਲਾਇਬ੍ਰੇਰੀਆਂ ਵਾਂਗੂੰ ਕਿਤਾਬਾਂ ਪੜ੍ਹਨ ਵਾਸਤੇ ਕੁੱਝ ਦਿਨਾਂ ਲਈ ਉਧਾਰ ਲੈ ਸਕਦੇ ਹਨ ਅਤੇ ਦਿਨ ਪੂਰੇ ਹੋਣ ਤੋਂ ਬਾਅਦ ਉਹ ਕਿਤਾਬ ਹੋਰਾਂ ਲਈ ਵਾਪਸ ਉਪਲੱਬਧ ਹੋ ਜਾਂਦੀ ਹੈ। ਇੰਟਰਨੈੱਟ ਆਰਕਾਈਵ ਵਿੱਚ 'ਵੇਬੈਕ ਮਸ਼ੀਨ' ਨਾਂ ਦਾ ਇੱਕ ਖੋਜ ਇੰਜਣ ਹੈ ਜਿਸ ਵਿੱਚ 1996 ਤੋਂ ਹੁਣ ਤੱਕ ਦੀ ਹਰ ਵੈੱਬਸਾਈਟ ਖੋਲ੍ਹੀ ਜਾ ਸਕਦੀ ਹੈ। ਵੇਬੈਕ ਮਸ਼ੀਨ ਅੰਦਰ ਕਰੋੜਾਂ ਹਟਾਈਆਂ ਜਾਂ ਖਤਮ ਹੋ ਚੁੱਕੀਆਂ ਵੈਬਸਾਈਟਾਂ ਵੀ ਸ਼ਾਮਲ ਹਨ। ਜਾਣੀ ਨਿਚੋੜ ਇਹ ਕਿ ਗਿਆਨ ਦੇ ਇਸ ਅਥਾਹ ਜਖੀਰੇ ਤੋਂ ਦੁਨੀਆਂ ਦੇ ਕਰੋੜਾਂ ਵਿਦਿਆਰਥੀ, ਖੋਜਕਾਰ ਰੋਜਾਨਾ ਮਦਦ ਲੈਂਦੇ ਹਨ।

**ਸਰਮਾਏਦਾਰਾ ਪੁਸਤਕ ਪ੍ਰਕਾਸ਼ਕ ਬਨਾਮ ਇੰਟਰਨੈਟ ਆਰਕਾਈਵ**

2020 ਵਿੱਚ ਕਰੋਨਾ ਵਾਇਰਸ ਦੇ ਰੌਲੇ ਕਰਕੇ ਦੁਨੀਆਂ ਭਰ ਦੀਆਂ ਸਰਕਾਰਾਂ ਨੇ ਸਕੂਲਾਂ, ਲਾਇਬ੍ਰੇਰੀਆਂ, ਯੂਨੀਵਰਸਿਟੀਆਂ ਨੂੰ ਤਾਲੇ ਲਾ ਦਿੱਤੇ ਸਨ। ਸਿੱਖਿਆ ਲਈ ਇਹ ਵੱਡਾ ਨੁਕਸਾਨ ਸੀ। ਲਾਕਡਾਊਨ ਦੌਰਾਨ ਇੰਟਰਨੈਟ ਆਰਕਾਈਵ ਨੇ 24 ਮਾਰਚ, 2020 ਨੂੰ 'ਨੈਸ਼ਨਲ ਐਮਰਜੈਂਸੀ ਲਾਇਬ੍ਰੇਰੀ' ਨਾਂ ਤੋਂ ਇੱਕ ਨਵਾਂ ਆਨਲਾਈਨ ਪ੍ਰੋਗਰਾਮ ਸ਼ੁਰੂ ਕੀਤਾ ਜੋ ਓਪਨ ਲਾਇਬ੍ਰੇਰੀ ਤੋਂ ਵੱਖਰਾ ਸੀ। ਇਸ ਪ੍ਰੋਗਰਾਮ ਤਹਿਤ ਹਜਾਰਾਂ ਲੋਕ ਇੱਕ ਹੀ ਸਮੇਂ 'ਤੇ ਮੁਫਤ ਵਿੱਚ ਕੁੱਝ ਦਿਨਾਂ ਲਈ ਕਿਤਾਬਾਂ ਲੈ ਸਕਦੇ ਸੀ। ਇਸ ਯੋਜਨਾ ਤਹਿਤ ਇੰਟਰਨੈੱਟ ਆਰਕਾਈਵ ਨੇ ਦੁਨੀਆਂ ਭਰ ਦੀਆਂ 14 ਲੱਖ ਕਿਤਾਬਾਂ ਉਪਲੱਬਧ ਕਰਵਾਈਆਂ। ਇੰਟਰਨੈੱਟ ਆਰਕਾਈਵ ਵੱਲੋਂ ਚਲਾਈ ਗਈ 'ਨੈਸ਼ਨਲ ਐਮਰਜੈਂਸੀ ਲਾਇਬ੍ਰੇਰੀ' ਦੀ ਪੱਤਰਕਾਰਾਂ, ਬੁੱਧੀਜੀਵੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਬਹੁਤ ਪ੍ਰਸ਼ੰਸਾ ਕੀਤੀ। ਪਰ ਦੁਨੀਆਂ ਦੇ ਸਭ ਤੋਂ ਵੱਡੇ ਕਿਤਾਬ ਪ੍ਰਕਾਸ਼ਕਾਂ (ਸਰਮਾਏਦਾਰਾਂ) ਨੇ ਇਸ ਉਪਰਾਲੇ ਨੂੰ ਉਹਨਾਂ ਦੇ ਮੁਨਾਫਿਆਂ ਨੂੰ ਠੇਸ ਪਹੁੰਚਾਉਣ ਵਾਲ਼ਾ ਇੱਕ "ਪਰਜੀਵੀ" ਅਤੇ "ਗੈਰ-ਕਨੂੰਨੀ" ਉਪਰਾਲਾ ਕਰਾਰ ਦਿੱਤਾ। ਇਹਨਾਂ 14 ਲੱਖ ਕਿਤਾਬਾਂ ਵਿੱਚੋਂ 127 ਕਿਤਾਬਾਂ ਅਜਿਹੀਆਂ ਸਨ ਜੋ ਦੁਨੀਆਂ ਦੇ ਸਭ ਤੋਂ ਵੱਡੇ ਪੁਸਤਕ ਪ੍ਰਕਾਸ਼ਕਾਂ ਵੱਲੋਂ ਅੱਜ ਵੀ ਛਾਪੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਇੰਟਰਨੈੱਟ ਆਰਕਾਈਵ ਨੇ ਬਿਨਾਂ ਲਸੰਸ ਦੇ ਕਿਤਾਬਾਂ ਨੂੰ ਮੁਫਤ ਵਿੱਚ ਲੋਕਾਂ ਲਈ ਉਪਲੱਬਧ ਕਰਵਾਕੇ ਉਹਨਾਂ ਦਾ ਕਰੋੜਾਂ ਡਾਲਰਾਂ ਦਾ ਨੁਕਸਾਨ ਕੀਤਾ। ਪੈਂਗੂਇਨ ਰੈਂਡਮਹਾਊਸ, ਵਾਇਲੀ, ਹਾਰਪਰ ਕਾਲਿੰਸ ਅਤੇ ਹੈਸੈੱਟ, ਦੁਨਿਆਂ ਦੇ ਸਭ ਤੋਂ ਵੱਡੇ ਅਤੇ ਵੱਧ ਮੁਨਾਫਾ ਕਮਾਉਣ ਵਾਲ਼ੇ ਪ੍ਰਕਾਸ਼ਨ ਹਨ ਜਿਨ੍ਹਾਂ ਵੱਲੋਂ 1 ਜੂਨ 2020 ਨੂੰ ਇੰਟਰਨੈੱਟ ਆਰਕਾਈਵ ਵੱਲੋਂ ਨੈਸ਼ਨਲ ਐਮਰਜੈਂਸੀ ਲਾਇਬ੍ਰੇਰੀ ਚਲਾਉਣ ਬਦਲੇ ਕੇਸ ਕੀਤਾ ਗਿਆ। ਕੇਸ ਵਿੱਚ ਇਹਨਾਂ ਕੰਪਨੀਆਂ ਵੱਲੋਂ ਇੰਟਰਨੈਟ ਆਰਕਾਈਵ ਵੱਲੋਂ ਆਪਣੀ ਨੈਸ਼ਨਲ ਐਮਰਜੈਂਸੀ ਲਾਇਬ੍ਰੇਰੀ ਵਿੱਚ ਇਹਨਾਂ ਕੰਪਨੀਆਂ ਵੱਲੋਂ ਪ੍ਰਕਾਸ਼ਿਤ 127 ਕਿਤਾਬਾਂ ਆਨਲਾਈਨ ਉਪਲੱਬਧ ਕਰਨ ਉੱਤੇ ਇਤਰਾਜ ਜਤਾਉਂਦਿਆਂ ਮੰਗ ਕੀਤੀ ਗਈ ਕਿ ਓਪਨ ਲਾਇਬ੍ਰੇਰੀ ਵਿੱਚੋਂ ਇਹਨਾਂ ਪ੍ਰਕਾਸ਼ਕਾਂ ਵੱਲੋਂ ਪ੍ਰਕਾਸ਼ਿਤ ਸਾਰੀਆਂ 5 ਲੱਖ ਕਿਤਾਬਾਂ ਨੂੰ ਹਟਾਇਆ ਜਾਵੇ ਅਤੇ ਕੰਪਨੀਆਂ ਦੇ ਘਟੇ ਮੁਨਾਫਿਆਂ ਦਾ ਭੁਗਤਾਨ ਕੀਤਾ ਜਾਵੇ।

ਅਦਾਲਤ ਨੇ ਪ੍ਰਕਾਸ਼ਕਾਂ ਦੇ ਹੱਕ ਵਿੱਚ ਭੁਗਤਦਿਆਂ ਇੰਟਰਨੈਟ ਆਰਕਾਈਵ ਨੂੰ ਦੋਸ਼ੀ ਠਹਰਾਇਆ, ਜਿਸ ਮਗਰੋਂ ਉਤਲੀਆਂ ਅਦਾਲਤਾਂ ਵਿੱਚ ਅਪੀਲ ਪਾਉਣ ਦੇ ਬਾਵਜੂਦ 4 ਸਤੰਬਰ 2024 ਨੂੰ ਆਰਕਾਈਵ ਦੀ ਅਖੀਰਲੀ ਅਪੀਲ ਉੱਤੇ ਵੀ ਅਦਾਲਤ ਨੇ ਆਰਕਾਈਵ ਖਿਲਾਫ ਫੈਸਲਾ ਸੁਣਾਇਆ। ਇੰਟਰਨੈਟ ਆਰਕਾਈਵ ਨੂੰ ਆਪਣੀ ਖੁੱਲ੍ਹੀ ਲਾਇਬ੍ਰੇਰੀ ਤੋਂ 5 ਲੱਖ ਕਿਤਾਬਾਂ ਦੀ ਉਪਲੱਬਧਤਾ ਖਤਮ ਕਰਨੀ ਪਈ। ਅਦਾਲਤੀ ਕੇਸ ਹੋਣ ਤੋਂ ਬਾਅਦ 16 ਜੂਨ 2020 ਨੂੰ ਇੰਟਰਨੈੱਟ ਆਰਕਾਈਵ ਨੂੰ ਨੈਸ਼ਨਲ ਐਮਰਜੈਂਸੀ ਲਾਇਬ੍ਰੇਰੀ ਦਾ ਉਪਰਾਲਾ ਵੀ ਖਤਮ ਕਰਨਾ ਪਿਆ।


ਪੂਰੀ ਦੁਨੀਆਂ ਵਿੱਚ ਵਿਦਿਆਰਥੀਆਂ, ਅਧਿਆਪਕਾਂ, ਪ੍ਰੋਫੈਸਰਾਂ, ਅਤੇ ਗਿਆਨ ਹਾਸਲ ਕਰਨ ਦੇ ਚਾਹਵਾਨਾਂ ਲਈ ਇਹ ਇੱਕ ਵੱਡੀ ਔਕੜ ਹੈ। ਇਹ ਹਮਲਾ ਸਿਰਫ ਇੱਕ ਵੈੱਬਸਾਈਟ ਉੱਤੇ ਨਹੀਂ ਸਗੋਂ ਕਰੋੜਾਂ ਲੋਕਾਂ ਤੱਕ ਮੁਫਤ ਵਿੱਚ ਗਿਆਨ ਪਹੁੰਚ ਸਕੇ, ਇਸ ਕੋਸ਼ਿਸ਼ ਉੱਤੇ ਵੀ ਹਮਲਾ ਹੈ। ਇਹ ਹਮਲਾ ਦਿਖਾਉਂਦਾ ਹੈ ਕਿ ਸਰਮਾਏਦਾਰ ਆਪਣੇ ਮੁਨਾਫੇ ਲਈ ਕਿਵੇਂ ਗਿਆਨ ਦਾ ਵੀ ਵਪਾਰ ਕਰਦੇ ਹਨ ਤੇ ਲੋਕਾਂ ਤੱਕ ਸਸਤਾ ਜਾਂ ਮੁਫਤ ਗਿਆਨ ਜਾ ਸਕੇ ਇਸ ਨੂੰ ਹਰ ਸੰਭਵ ਹੱਦ ਤੱਕ ਰੋਕਣ ਦੀ ਕੋਸ਼ਿਸ਼ ਕਰਦੇ ਹਨ।

ਜ਼ਿਕਰਯੋਗ ਹੈ ਕਿ ਉਪਰੋਕਤ ਪ੍ਰਕਾਸ਼ਕ ਕੰਪਨੀਆਂ ਇੰਟਰਨੈੱਟ ਆਰਕਾਈਵ ਅਤੇ ਇੰਟਰਨੈੱਟ ਉੱਤੇ ਹੋਰ ਖੁੱਲ੍ਹੀਆਂ ਲਾਇਬ੍ਰੇਰੀਆਂ ਦੇ ਬਾਵਜੂਦ ਕਰੋੜਾਂ ਵਿੱਚ ਮੁਨਾਫੇ ਕਮਾ ਰਹੀਆਂ ਹਨ। 2024 ਵਿੱਚ ਹਾਰਪਰ ਕਾਲਿੰਸ ਦੇ ਮੁਨਾਫੇ ਵਿੱਚ 61% ਵਾਧਾ ਹੋਇਆ ਅਤੇ ਕੁੱਲ 20.9 ਕਰੋੜ ਅਮਰੀਕੀ ਡਾਲਰ ਦੀ ਵਿਕਰੀ ਹੋਈ ਜਦਕਿ ਪੈਂਗੂਇਨ ਰੈਂਡਮਹਾਊਸ ਦੇ ਮੁਨਾਫੇ 23% ਵਧੇ ਅਤੇ ਕੁੱਲ ਵਿਕਰੀ 22 ਕਰੋੜ ਅਮਰੀਕੀ ਡਾਲਰ ਤੇ ਹੈਸੈੱਟ ਦੀ 2024 ਵਿੱਚ ਕੁੱਲ ਵਿਕਰੀ 20.14 ਕਰੋੜ ਅਮਰੀਕੀ ਡਾਲਰ ਹੋਈ। ਪਰ ਸਰਮਾਏਦਾਰਾਂ ਨੂੰ ਐਨੇ ਨਾਲ਼ ਹੀ ਕਿੱਥੇ ਰੱਜ ਆਉਣਾ ਸੀ! ਉਹਨਾਂ ਨੇ ਹੋਰ ਵਧੇਰੇ ਮੁਨਾਫੇ ਦੀ ਹਵਸ ਵਿੱਚ ਹੀ ਉਪਰੋਕਤ ਮੁਕੱਦਮਾ ਕੀਤਾ।

**ਗਿਆਨ ਦੀ ਵਿਆਪਕ ਪਹੁੰਚ ਉੱਤੇ ਸਰਮਾਏਦਾਰਾ ਹਮਲੇ**

ਅਦਾਲਤ ਵੱਲੋਂ ਆਪਣੇ ਫੈਸਲੇ ਵਿੱਚ ਆਰਕਾਈਵ ਨੂੰ ਕਾਪੀਰਾਈਟ ਕਨੂੰਨਾਂ ਦੀ ਉਲੰਘਣਾ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਹੈ। ਇਸ ਕਨੂੰਨ ਦਾ ਸਿੱਧਾ ਮਤਲਬ ਹੈ ਕਿ ਪ੍ਰਕਾਸ਼ਕਾਂ ਵੱਲੋਂ ਛਾਪੀਆਂ ਕਿਤਾਬਾਂ ਦੇ ਮਾਲਕ ਵੀ ਓਹੀ ਪ੍ਰਕਾਸ਼ਕ ਹਨ। ਸਿਰਫ ਕਿਤਾਬਾਂ ਦੇ ਮਾਮਲੇ ਵਿੱਚ ਹੀ ਨਹੀਂ ਸਗੋਂ ਕਾਪੀਰਾਈਟ ਕਨੂੰਨ ਸੰਗੀਤ, ਫਿਲਮਾਂ, ਵੈੱਬ ਸੀਰੀਜ, ਆਦਿ ਉੱਤੇ ਵੀ ਲਾਗੂ ਹੁੰਦੇ ਹਨ। ਕਾਪੀਰਾਈਟ ਕਨੂੰਨਾਂ ਤਹਿਤ ਕਲਾਕਾਰਾਂ, ਲੇਖਕਾਂ, ਸੰਗੀਤਕਾਰਾਂ ਅਤੇ ਹੋਰ ਰਚਨਾਤਮਕ ਪੇਸ਼ਿਆਂ ਦੇ ਲੋਕਾਂ ਦੀਆਂ ਮੂਲ ਰਚਨਾਵਾਂ/ਕਿਰਤਾਂ ਦੀ ਵਿਕਰੀ ਤੋਂ ਮੁਨਾਫੇ ਕਮਾਉਣ ਦਾ ਹੱਕ ਉਹਨਾਂ ਕੰਪਨੀਆਂ ਕੋਲ਼ ਹੀ ਰਾਖਵਾਂ ਹੁੰਦਾ ਹੈ ਜੋ ਇਹਨਾਂ ਦੇ ਕਨੂੰਨੀ ਹੱਕ ਖਰੀਦਦੀਆਂ ਹਨ। ਬਦਲੇ ਵਿੱਚ ਲੇਖਕਾਂ, ਕਲਾਕਾਰਾਂ ਆਦਿ ਨੂੰ ਛੋਟਾ ਹਿੱਸਾ ਮਿਲ਼ਦਾ ਹੈ। ਇਹਨਾਂ ਰਚਨਾਵਾਂ ਨੂੰ ਮੁਫਤ ਵਿੱਚ ਉਪਲੱਬਧ ਕਰਵਾਉਣ ਜਾਂ ਡਾਊਨਲੋਡ ਕਰਨ ਨੂੰ "ਪਾਇਰੇਸੀ" ਆਖਿਆ ਜਾਂਦਾ ਹੈ, ਜੋ ਕਿ ਕਾਪੀਰਾਈਟ ਕਨੂੰਨਾਂ ਦੀ ਉਲੰਘਣਾ ਤਹਿਤ ਅਪਰਾਧ ਮੰਨਿਆ ਜਾਂਦਾ ਹੈ।

ਸਾਫ ਹੈ ਕਿ ਇੰਟਰਨੈੱਟ ਆਰਕਾਈਵ ਉੱਤੇ ਇਹ ਹਮਲਾ ਇਹਨਾਂ ਕੰਪਨੀਆਂ ਵੱਲੋਂ ਆਪਣੇ ਮੁਨਾਫਿਆਂ ਲਈ ਕੀਤਾ ਗਿਆ। ਲੋਕਾਂ ਤੱਕ ਕੋਈ ਸਸਤੀਆਂ ਜਾਂ ਮੁਫਤ ਕਿਤਾਬਾਂ ਜਾਂ ਹੋਰ ਸਮੱਗਰੀ ਜਾਵੇ ਇਹ ਉਹਨਾਂ ਨੂੰ ਬਰਦਾਸ਼ਤ ਨਹੀਂ। ਇਸ ਤੋਂ ਪਹਿਲਾਂ ਵੀ ਇੰਟਰਨੈੱਟ ਆਰਕਾਈਵ ਖਿਲਾਫ ਅਜਿਹੇ ਅਦਾਲਤੀ ਮੁਕੱਦਮੇ ਚਲਾਏ ਜਾ ਚੁੱਕੇ ਹਨ। ਇੰਟਰਨੈੱਟ ਆਰਕਾਈਵ ਦਾ ਇੱਕ ਹੋਰ ਉਪਰਾਲਾ 'ਮਹਾਨ 78 ਪ੍ਰੋਜੈਕਟ' ਹੈ, ਜਿਸ ਵਿੱਚ ਉਹਨਾਂ ਵੱਲੋਂ 1898 ਤੋਂ 1950'ਵਿਆਂ ਤੱਕ ਕਲਾਕਾਰਾਂ ਵੱਲੋਂ ਵਾਇਨਲ ਡਿਸਕ ਉੱਤੇ ਰਿਕਾਰਡ ਕੀਤੇ ਗੀਤਾਂ ਅਤੇ ਅਵਾਜਾਂ ਨੂੰ ਡਿਜੀਟਲ ਰੂਪ ਵਿੱਚ ਸੰਗ੍ਰਹਿਤ ਕੀਤਾ ਗਿਆ। ਉਹਨਾਂ ਨੇ ਰਿਕਾਰਡਿੰਗਾਂ ਨੂੰ ਮੁਨਾਫਾਖੋਰ ਸੰਗੀਤ ਕੰਪਨੀਆਂ ਵਾਂਗੂੰ ਪੈਸਾ ਕਮਾਉਣ ਦਾ ਸਾਧਨ ਨਾ ਬਣਾਇਆ ਅਤੇ ਆਪਣੀ ਵੈੱਬਸਾਈਟ ਉੱਤੇ ਹਰ ਕਿਸੇ ਲਈ ਮੁਫਤ ਵਿੱਚ ਉਪਲੱਬਧ ਕਰਾਇਆ ਜਿਸ ਉੱਤੇ ਰਿਕਾਰਡ ਕੰਪਨੀਆਂ ਦੀ ਪ੍ਰਤੀਕਿ ?ਰਆ ਵੀ ਵੱਡੇ ਪ੍ਰਕਾਸ਼ਨਾਂ ਵਰਗੀ ਹੀ ਰਹੀ। ਉਸ ਦੌਰ ਦੇ 3 ਨਾਮੀ ਕਲਾਕਾਰਾਂ ਦੀ ਮੌਤ ਤੋਂ ਬਾਅਦ 'ਸੋਨੀ ਸੰਗੀਤ ਮਨੋਰੰਜਨ' ਕੰਪਨੀ ਅਤੇ 'ਯੂਨੀਵਰਸਲ ਸੰਗੀਤ ਗਰੁੱਪ' ਕੰਪਨੀ ਨੂੰ ਉਹਨਾਂ ਕਲਾਕਾਰਾਂ ਦੇ ਸੰਗੀਤ ਦੀ ਵਿਕਰੀ ਤੋਂ ਹੋਣ ਵਾਲ਼ੇ ਮੁਨਾਫਿਆਂ ਦਾ ਹੱਕ ਹਾਸਲ ਹੋਇਆ। ਇਹਨਾਂ ਕੰਪਨੀਆਂ ਨੇ ਅਗਸਤ 2023 ਵਿੱਚ 'ਮਹਾਨ 78 ਪ੍ਰੋਜੈਕਟ' ਦੀਆਂ 2,749 ਰਿਕਾਰਡਿੰਗਾਂ ਨੂੰ ਗੈਰ-ਕਨੂੰਨੀ ਆਖਦਿਆਂ ਇੰਟਰਨੈਟ ਆਰਕਾਈਵ ਉੱਤੇ ਕਾਪੀਰਾਈਟ ਕਨੂੰਨਾਂ ਤਹਿਤ 40 ਕਰੋੜ ਡਾਲਰ ਦਾ ਕੇਸ ਕੀਤਾ। ਇਸ ਕੇਸ ਦਾ ਨਿਪਟਾਰਾ ਅਜੇ ਤੱਕ ਨਹੀਂ ਹੋਇਆ ਹੈ। ਸਿਰਫ ਇੰਟਰਨੈੱਟ ਆਰਕਾਈਵ ਹੀ ਨਹੀਂ, ਅਨੇਕਾਂ ਹੀ ਹੋਰ ਵੈੱਬਸਾਈਟਾਂ ਉੱਤੇ ਕਾਪੀਰਾਈਟ ਉਲੰਘਣਾ ਤਹਿਤ ਕੇਸ ਪਾਏ ਗਏ ਹਨ। ਇਸੇ ਤਰ੍ਹਾਂ ਦੀ ਮਿਸਾਲ 'ਜੀ-ਲਾਇਬ੍ਰੇਰੀ' ਤੇ 'ਸਾਇ-ਹੱਬ' ਵੈੱਬਸਾਈਟ ਸੀ ਜਿੱਥੇ ਮੁਫਤ ਕਿਤਾਬਾਂ ਅਤੇ ਵਿਗਿਆਨ ਦੇ ਖੋਜ ਪੇਪਰ ਡਿਜੀਟਲ ਰੂਪ ਵਿੱਚ ਮਿਲ਼ਦੇ ਹਨ। 2022 ਵਿੱਚ ਕਾਪੀਰਾਈਟ ਕਨੂੰਨਾਂ ਤਹਿਤ ਭਾਰਤ, ਸੰਯੁਕਤ ਰਾਜ ਅਮਰੀਕਾ, ਚੀਨ, ਫਰਾਂਸ ਤੇ ਬਰਤਾਨੀਆ ਵਿੱਚ 'ਜੀ-ਲਾਇਬ੍ਰੇਰੀ' ਨੂੰ ਬੈਨ ਕਰ ਦਿੱਤਾ ਗਿਆ ਸੀ। ਇੰਟਰਨੈੱਟ ਉੱਤੇ ਜਿਹੜੇ ਖੋਜ ਪੱਤਰ ਪੜ੍ਹਨ ਵਾਸਤੇ ਆਮ ਤੌਰ 'ਤੇ 30-60 ਅਮਰੀਕੀ ਡਾਲਰ (2500-5000 ਰੁਪਏ) ਫੀਸ ਪ੍ਰਤੀ ਪੇਪਰ ਲੱਗਦੀ ਸੀ, ਉਹਨਾਂ ਨੂੰ ਸਾਇ-ਹੱਬ ਅਤੇ ਲਿਬ-ਜੈੱਨ ਵਰਗੀਆਂ ਵੈੱਬਸਾਈਟਾਂ ਮੁਫਤ ਵਿੱਚ ਉਪਲੱਬਧ ਕਰਵਾਉਂਦੀਆਂ ਸਨ। ਇਸ ਕਰਕੇ ਹੀ ਪ੍ਰਕਾਸ਼ਕ 'ਵਾਇਲੀ' ਅਤੇ 'ਅਮਰੀਕੀ ਕੈਮੀਕਲ ਸੁਸਾਇਟੀ' ਅਤੇ ਭਾਰਤੀ ਕੰਪਨੀਆਂ ਏਅਰਟੈਲ, ਜੀਓ, ਬੀ.ਐੱਸ.ਐਨ.ਐੱਲ ਅਤੇ ਸਰਕਾਰ ਦੇ ਦੂਰਸੰਚਾਰ ਵਿਭਾਗ ਵੱਲੋਂ 2020 ਵਿੱਚ ਸਾਇ-ਹਬ ਦੀ ਸੰਸਥਾਪਕ ਆਲੇਕਸਾਂਡਰਾ ਐਲਬਕਆਂ ਉੱਤੇ ਕਾਪੀਰਾਈਟ ਕਨੂੰਨਾਂ ਤਹਿਤ ਕੇਸ ਦਰਜ ਕੀਤਾ ਗਿਆ। ਅਜਿਹੇ ਕਨੂੰਨ ਅਸਲ ਵਿੱਚ ਗਿਆਨ ਅਤੇ ਕਲਾ ਨੂੰ ਨਿੱਜੀ ਹੱਥਾਂ ਵਿੱਚ ਮੁਨਾਫਾ ਇਕੱਠਾ ਕਰਨ ਦੇ ਸਾਧਨਾਂ ਵਜੋਂ ਇਸਤੇਮਾਲ ਕਰਨ ਲਈ ਹੀ ਬਣਾਏ ਜਾਂਦੇ ਹਨ।




**ਗਿਆਨ ਸਰੋਤਾਂ ਦੀ ਖੁੱਲ੍ਹੀ ਵਰਤੋਂ ਬਨਾਮ ਸਰਮਾਏਦਾਰਾ ਪ੍ਰਬੰਧ**

ਗਿਆਨ ਦਾ ਵਿਕਾਸ ਮਨੁੱਖੀ ਕਿਰਤ ਨਾਲ਼, ਮਨੁੱਖ ਦੀ ਪੈਦਾਵਾਰੀ ਸਰਗਰਮੀ ਨਾਲ਼ ਜੁੜਿਆ ਹੋਇਆ ਹੈ। ਗਿਆਨ ਆਪਣੇ ਮੁੱਢ ਤੋਂ ਹੀ ਸਮਾਜਿਕ ਉਪਜ ਹੈ। ਪਰ ਗਿਆਨ ਦੀ ਵਿਚਾਰਵਾਦੀ ਧਾਰਨਾ ਇਸ ਨੂੰ ਵਿਅਕਤੀਆਂ ਦੇ ਨਿੱਜੀ ਉੱਦਮ ਤੱਕ ਹੀ ਦੇਖਦੀ ਹੈ ਜਿਸ ਤਹਿਤ ਕੁੱਝ ਅਤੀ ਹੋਣਹਾਰ ਅਤੇ ਪ੍ਰਤਿਭਾਸ਼ਾਲੀ ਵਿਅਕਤੀਆਂ ਨੂੰ ਹੀ ਗਿਆਨ ਦੀ "ਆਮਦ" ਹੁੰਦੀ ਹੈ, ਸਿਰਫ ਉਹੀ ਗਿਆਨ ਸਿਰਜਣ ਦੇ ਕਾਬਲ ਹੁੰਦੇ ਹਨ। ਗਿਆਨ ਦੀ ਉਪਜ ਸਬੰਧੀ ਦੂਸਰੀ ਧਾਰਨਾ ਪਦਾਰਥਵਾਦੀ ਧਾਰਨਾ ਹੈ ਜੋ ਕਹਿੰਦੀ ਹੈ ਕਿ ਮਨੁੱਖ ਦੀ ਕੁਦਰਤ ਨਾਲ਼ ਜੱਦੋ-ਜਹਿਦ ਵਿੱਚੋਂ ਗਿਆਨ ਦਾ ਵਿਕਾਸ ਹੋਇਆ। ਜਮਾਤੀ ਸਮਾਜ ਵਿੱਚ ਵੰਡੇ ਜਾਣ ਮਗਰੋਂ ਬਾਕੀ ਪੈਦਾਵਾਰੀ ਸਾਧਨਾਂ ਵਾਂਗ ਗਿਆਨ ਦੇ ਸਰੋਤਾਂ ਉੱਪਰ ਵੀ ਹਾਕਮ ਜਮਾਤ ਦਾ ਕਬਜਾ ਹੋ ਗਿਆ। ਬਾਕੀ ਦੀਆਂ ਪੈਦਾਵਾਰੀ ਸਰਗਰਮੀਆਂ ਵਾਂਗ ਗਿਆਨ ਦੀ ਪ੍ਰਕਿਰਿਆ ਵੀ ਸਮਾਜਿਕ ਹੁੰਦੀ ਹੈ। ਗਿਆਨ ਸਮੂਹਿਕ ਸਰਗਰਮੀ ਵਿੱਚੋਂ ਪੈਦਾ ਹੁੰਦਾ ਹੈ, ਜਿੱਥੇ ਹਰ ਇਨਸਾਨ ਆਪਣਾ ਯੋਗਦਾਨ ਪਾਉਂਦਾ ਹੈ। ਸਰਮਾਏਦਾਰਾ ਸਮਾਜ ਲਈ ਤਾਂ ਇਹ ਹੋਰ ਵੀ ਸੱਚ ਹੈ। ਮਿਸਾਲ ਦੇ ਤੌਰ ਉੱਤੇ, ਲੇਖਕ ਆਪਣੇ ਵਿਚਾਰ ਅਲੱਗ-ਅਲੱਗ ਰੂਪਾਂ ਵਿੱਚ ਸਮਾਜ ਵਿੱਚੋਂ ਹੀ ਗ੍ਰਹਿਣ ਕਰਦਾ ਹੈ, ਉਸਦੇ ਕਿਤਾਬ ਲਿਖਣ ਵਿੱਚ ਉਹਨਾਂ ਲੱਕੜਹਾਰਿਆਂ ਦਾ ਵੀ ਯੋਗਦਾਨ ਹੁੰਦਾ ਹੈ ਜਿਹੜੇ ਲੱਕੜਾਂ ਤਿਆਰ ਕਰਦੇ ਹਨ, ਉਹਨਾਂ ਮਜਦੂਰਾਂ ਦਾ ਵੀ ਜਿਹੜੇ ਫੈਕਟਰੀ ਵਿੱਚ ਲੱਕੜ ਤੋਂ ਕਾਗਜ ਬਣਾਉਂਦੇ ਹਨ ਤੇ ਫੇਰ ਕਿਤਾਬ ਛਾਪਦੇ ਹਨ, ਉਹਨਾਂ ਮਜਦੂਰਾਂ ਦਾ ਵੀ ਜਿਹੜੇ ਉਸ ਨੂੰ ਪੂਰੀ ਦੁਨੀਆਂ ਵਿੱਚ ਸੜਕ, ਰੇਲ, ਹਵਾਈ ਸਾਧਨਾਂ ਰਾਹੀਂ ਪਹੁੰਚਾਉਂਦੇ ਹਨ ਤੇ ਅੰਤ ਨੂੰ ਪਾਠਕ ਤੱਕ ਪਹੁੰਚਣ ਤੋਂ ਪਹਿਲਾਂ ਦੁਕਾਨਾਂ 'ਤੇ ਕੰਮ ਕਰਦੇ ਮਜਦੂਰਾਂ ਦਾ ਵੀ ਜਿਹੜੇ ਕਿਤਾਬ ਦੀ ਵਿਕਰੀ ਤੱਕ ਸਾਂਭ-ਸੰਭਾਲ ਕਰਦੇ ਹਨ। ਜਦ ਬਾਕੀ ਸਾਰੀਆਂ ਜਿਣਸਾਂ ਵਾਂਗ ਗਿਆਨ ਦੀ ਬੁਨਿਆਦ ਵੀ ਸਮੂਹਿਕ ਹੈ, ਤਾਂ ਸਵਾਲ ਉੱਠਦਾ ਹੈ ਕਿ ਕੋਈ ਇਨਸਾਨ ਜਾਂ ਨਿੱਜੀ ਅਦਾਰਾ ਇਸਦਾ ਮਾਲਕ ਕਿਵੇਂ ਹੋ ਸਕਦਾ ਹੈ? ਸਗੋਂ ਜਦ ਸਾਰੀ ਪੈਦਾਵਾਰੀ ਸਰਗਰਮੀ ਹੀ ਸਮੂਹਿਕ ਹੈ ਤਾਂ ਪੈਦਾਵਾਰ ਦੇ ਸਾਧਨਾਂ ਉੱਤੇ ਨਿੱਜੀ ਮਾਲਕੀ ਕਿਵੇਂ ਜਾਇਜ ਕਹੀ ਜਾ ਸਕਦੀ ਹੈ?

ਸਰਮਾਏਦਾਰਾ ਪ੍ਰਬੰਧ ਵਿੱਚ ਪੈਦਾਵਾਰ ਦਾ ਮਕਸਦ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੁੰਦਾ ਹੈ। ਕਿਤਾਬਾਂ, ਖੋਜ ਕਾਰਜ ਜਾਂ ਗਿਆਨ ਦੇ ਹੋਰ ਕੋਈ ਵੀ ਸਰੋਤਾਂ ਉੱਤੇ ਕਾਪੀਰਾਈਟ ਤਹਿਤ ਮੁਕੱਦਮੇ ਠੋਕ ਕੇ ਵੱਡੀਆਂ ਕੰਪਨੀਆਂ ਇਹਨਾਂ ਨੂੰ ਆਪਣੇ ਮੁਨਾਫੇ ਲਈ ਵਰਤ ਰਹੀਆਂ ਹਨ ਜਿਹਨਾਂ ਦੀ ਤਾਜੀ (ਪਰ ਆਖਰੀ ਨਹੀਂ) ਮਿਸਾਲ ਇੰਟਰਨੈੱਟ ਆਰਕਾਈਵ ਦਾ ਮਾਮਲਾ ਹੈ। ਹੋਣਾ ਇਹ ਚਾਹੀਦਾ ਹੈ ਕਿ ਕਿਤਾਬਾਂ ਸਣੇ ਗਿਆਨ ਦੇ ਸਾਰੇ ਸੋਮੇ ਸਭ ਲੋਕਾਂ ਲਈ ਉਪਲੱਬਧ ਹੋਣੇ ਚਾਹੀਦੇ ਹਨ, ਇੰਟਰਨੈੱਟ ਸਹੂਲਤ ਲੋਕਾਂ ਨੂੰ ਮੁਫਤ ਵਿੱਚ ਮਿਲ਼ਣੀ ਚਾਹੀਦੀ ਹੈ। ਸਮਾਜਵਾਦੀ ਸੋਵੀਅਤ ਯੂਨੀਅਨ ਨੇ 20ਵੀਂ ਸਦੀ ਵਿੱਚ ਲੋਕਾਂ ਤੱਕ ਕਿਤਾਬਾਂ ਪਹੁੰਚਾਉਣ ਦੀ ਇਤਿਹਾਸਕ ਮਿਸਾਲ ਪੇਸ਼ ਕੀਤੀ ਸੀ। ਸਮਾਜਵਾਦੀ ਸੋਵੀਅਤ ਸਰਕਾਰ ਨੇ ਦੁਨੀਆਂ ਭਰ ਵਿੱਚ ਚੰਗੀਆਂ ਕਿਤਾਬਾਂ ਬਹੁਤ ਹੀ ਸਸਤੀਆਂ ਉਪਲੱਬਧ ਕਰਵਾਈਆਂ ਤੇ ਇਸ ਤੋਂ ਬਿਨਾਂ ਵਿੱਦਿਅਕ ਤੇ ਮਨੋਰੰਜਨ ਅਦਾਰੇ ਆਮ ਲੋਕਾਂ ਲਈ ਖੋਲ੍ਹ ਦਿੱਤੇ। ਪਰ ਅੱਜ ਦੀ ਸਰਮਾਏਦਾਰਾ ਦੁਨੀਆਂ ਕਿਤਾਬਾਂ ਤੋਂ ਵੀ ਢੇਰ ਮੁਨਾਫੇ ਕਮਾ ਰਹੀ ਹੈ ਤੇ ਨਾਟਕਾਂ, ਫਿਲਮਾਂ, ਸੰਗੀਤ ਆਦਿ ਦੀਆਂ ਮਹਿੰਗੀਆਂ ਤੋਂ ਮਹਿੰਗੀਆਂ ਟਿਕਟਾਂ ਵੇਚੀਆਂ ਜਾ ਰਹੀਆਂ ਹਨ। ਕੋਈ ਵੀ ਸਮਾਜ ਉਦੋਂ ਤੱਕ ਅਸਲ ਅਰਥਾਂ ਵਿੱਚ ਬਰਾਬਰ ਜਾਂ ਅਜਾਦ ਨਹੀਂ ਮੰਨਿਆ ਜਾ ਸਕਦਾ ਜਦ ਤੱਕ ਆਮ ਕਿਰਤੀ ਲੋਕਾਂ ਦੀ ਹੱਡ-ਭੰਨਵੀ ਮਿਹਨਤ ਕਰਕੇ ਸਿਰਜਿਆ ਗਿਆਨ ਉਹਨਾਂ ਤੱਕ ਵਾਪਸ ਨਹੀਂ ਪਹੁੰਚਦਾ। ਪਰ ਨਿੱਜੀ ਜਾਇਦਾਦ ਉੱਤੇ ਟਿਕੇ ਇਸ ਸਰਮਾਏਦਾਰਾ ਪ੍ਰਬੰਧ ਵਿੱਚ ਇਹ ਅਸੰਭਵ ਹੈ - ਇਸਦੇ ਲਈ ਨਿੱਜੀ ਜਾਇਦਾਦ ਦਾ ਖਾਤਮਾ ਤੇ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਹੀ ਅੰਤਮ ਰਾਹ ਹੈ।

**ਲਲਕਾਰ 'ਚੋਂ ਧੰਨਵਾਦ**

## ਏਨਾ ਧੱਕਾ !

ਚੋਣਾਂ ਮੌਕੇ ਏਨਾ ਧੱਕਾ
ਕਦੇ ਨੀ ਹੋਇਆ।
ਸਾਡੇ ਵੇਲੇ ਚੋਣਾਂ ਮੌਕੇ
ਚਲਦੀਆਂ ਸੀ ਡਾਂਗਾਂ
ਇੱਟਾਂ-ਰੋੜ੍ਹੇ ਹੱਦ ਤਲਵਾਰਾਂ
ਪਰ ਇਸ ਵਾਰੀ
ਗੋਲੀਆਂ ਚੱਲੀਆਂ ਲਹੂ ਡੁਲਿਆ
ਕਤਲ ਨੇ ਹੋਏ
ਏਨਾ ਧੱਕਾ!
ਏਨਾ ਧੱਕਾ ਕਦੇ ਨੀ ਹੋਇਆ।

ਸਾਡੇ ਵੇਲੇ ਨਾਗਣੀ-ਭੁੱਕੀ
ਚੱਲਦੀ ਦੇਸੀ ਹੱਦ ਅੰਗਰੇਜ਼ੀ
ਪਰ ਇਸ ਵਾਰੀ
ਚਿੱਟਾ ਚਲਿਆ ਟੀਕੇ ਚੱਲੇ
ਕੈਪਸੂਲ-ਗੋਲੀਆਂ
ਏਨਾ ਧੱਕਾ!
ਏਨਾ ਧੱਕਾ ਕਦੇ ਨੀ ਹੋਇਆ।

ਆਪਣੇ ਵੇਲੇ ਪਾਉਂਦੇ ਸਾਂ ਵੰਡੀਆਂ
ਜਾਤਾਂ-ਪਾਤਾਂ ਦੇ ਨਾਂ ਉੱਤੇ
ਪਰ ਇਸ ਵਾਰੀ
ਮਜ਼ ?ਹਬਾਂ ਦੀਆਂ ਵੰਡੀਆਂ
ਅਗਜ਼ਨੀ-ਦੰਗੇ
ਏਨਾ ਧੱਕਾ!
ਏਨਾ ਧੱਕਾ ਕਦੇ ਨੀ ਹੋਇਆ।

ਆਪਣੇ ਵੇਲੇ ਵਰਤੀ ਮਸ਼ੀਨਰੀ
ਪੁਲਿਸ-ਪ੍ਰਸਾਸ਼ਨ ਧੱਕਾਜ਼ੋਰੀ
ਪਰ ਇਸ ਵਾਰੀ
ਚੋਣ ਕਮਿਸ਼ਨ ਗੱਠਿਆ
ਏਨਾ ਧੱਕਾ!
ਏਨਾ ਧੱਕਾ ਕਦੇ ਨੀ ਹੋਇਆ।

ਸਾਡੇ ਵੇਲੇ
ਜਿੱਤਦੀ ਬਾਲਟੀ ਕਦੇ ਲਾਲਟੈਨ
ਪਰ ਇਸ ਵਾਰੀ
ਨੋਟਾ ਜਿੱਤਿਆ
ਏਨਾ ਧੱਕਾ!
ਏਨਾ ਧੱਕਾ ਕਦੇ ਨੀ ਹੋਇਆ।



-ਰੰਜੀਵਨ ਸਿੰਘ
2249, ਫੇਸ-10, ਮੋਹਾਲੀ।
98150-68816

## ਚਲਾਓ ਨਾ ਪਟਾਕੇ

ਚਲਾਓ ਨਾ ਪਟਾਕੇ ਇਹ ਤਾਂ,
ਪਹਿਲਾਂ ਹੀ ਚੱਲੀ ਜਾਂਦੇ ਨੇ।
ਬੰਦ ਕਰੋ ਇਹਨਾਂ ਨੂੰ,
ਬੰਦਿਆਂ ਨੂੰ ਨਿਗਲੀ ਜਾਂਦੇ ਨੇ।
ਬੰਬਾਂ ਅਤੇ ਮਿਜ਼ਾਇਲਾਂ ਨੂੰ,
ਦੱਸ ਕੀ ਬੰਦਿਆਂ ਨੇ ਖਾਣਾ,
ਠਾਹ ਠੂਹ ਕਰਨੀ ਛੱਡੇ,
ਬਣ ਜਾਏ ਬੰਦਾ ਸਿਆਣਾ।
ਬਾਹਰ ਹਾਂ ਦੀਵੇ ਬਾਲਦੇ,
ਅੰਦਰ ਉਵੇਂ ਹਨੇਰਾ ਹੈ।
ਜਿੰਦਗੀ ਭਰ ਜੋ ਢੋਣ ਹਨੇਰਾ,
ਉਹਨਾਂ ਦਾ ਵੀ ਜੇਰਾ ਹੈ।
ਧਰਤੀ ਉੱਤੇ ਬੰਦੇ ਨੇ,
ਅਗੇ ਹੀ ਪਾਇਆ ਗੰਦ ਹੈ।
ਚਲਾ ਕੇ ਹੋਰ ਪਟਾਕੇ,
ਦੱਸੋ ਚਾੜ੍ਹਨਾ ਕੀ ਚੰਦ ਹੈ।
ਰੌਲਾ ਹਰ ਪਾਸੇ ਰੌਲਾ,
ਬੰਦਾ ਸੋਚ ਨਹੀਂਓ ਸਕਦਾ।
ਜੇ ਸੋਚ ਨਹੀਂ ਸਕਦਾ,
ਚੰਗਾ ਲੋਚ ਨਹੀਂਓ ਸਕਦਾ।
ਏਸੇ ਲਈ ਮਨੁੱਖਤਾ ਦੇ,
ਥੰਮ ਹਿੱਲੀ ਜਾਂਦੇ ਨੇ।
ਚਲਾਓ ਨਾ ਪਟਾਕੇ,
ਇਹ ਤਾਂ ਪਹਿਲਾਂ ਹੀ ਚੱਲੀ ਜਾਂਦੇ ਨੇ।

-ਹਰਜੀਤ ਬੇਦੀ

CLASSIFY
Ramghaira unmarried girl Birth 1997 Height 5'5" Boy need for marriage in Canada Australia newzealand USA any country
WhatsAp 9914607554

## ਸਮੇਂ ਦੀ ਸਭ ਤੋਂ ਸੁੰਦਰ ਤਸਵੀਰ

ਉਹ ਸਮਾਜ
ਜਿੱਥੇ ਬਚਪਨ ਤੋਂ ਹੀ
ਸਮੇਂ ਦੀ ਸਭ ਤੋਂ ਸੁੰਦਰ ਤਸਵੀਰ
ਸਹਿਜੇ-ਸਹਿਜੇ
ਕੀਤੀ ਜਾਂਦੀ ਹੈ ਹੱਤਿਆ,
ਪੁਰਸ਼ ਦੇ ਅੰਦਰਲੇ
ਨਾਰੀਪਣ ਦੀ

ਉਸ ਅੰਦਰਲੀ ਨਾਰੀ ਵੀ
ਇੱਕ ਦਿਨ ਭੱਜ ਕੇ
ਬਚ ਪਾਉਂਦੀ ਹੈ
ਕਿਸੇ ਯੂਨੀਵਰਸਿਟੀ 'ਚ ਹੀ

ਯੂਨੀਵਰਸਿਟੀ 'ਚ ਹੀ
ਪੜ੍ਹਦੇ ਹੋਏ
ਇਤਿਹਾਸ, ਭੂਗੋਲ, ਗਣਿਤ
ਸਿਖਦੇ ਨੇ ਨੌਜਵਾਨ
ਸਮਾਜ ਬਦਲਣਾ

ਤੇ ਆਪਣੇ ਹੀ ਨਹੀਂ
ਸਗੋਂ
ਦੂਜਿਆਂ ਦੇ ਹੱਕ ਲਈ ਵੀ
ਘਰੋਂ ਨਿਕਲਣਾ

ਉਹ ਸਹਿਜੇ-ਸਹਿਜੇ
ਸਿਖਦੇ ਨੇ
ਪੁਰਸ਼ ਤੋਂ ਮਨੁੱਖ ਬਣਨਾ
ਤੇ
ਨਾਲ ਸੰਘਰਸ਼ ਕਰਦੀਆਂ
ਨਾਰੀਆਂ ਨੂੰ
ਦੇਹ ਤੋਂ ਜਿਆਦਾ
ਜਾਨਣ-ਸਮਝਣ ਲੱਗਣਾ

ਯੂਨੀਵਰਸਿਟੀ ਦੇ
ਨੌਜਵਾਨ
ਬੰਦੇ ਦੇ ਹੱਕ ਦੀ
ਆਵਾਜ਼ ਉਠਾਉਂਦੇ ਨੇ

ਵਿਵਸਥਾ ਖ਼ਾਤਰ
ਕਿਸੇ ਬੰਦੇ ਨੂੰ
ਮਸ਼ੀਨ ਬਣ ਜਾਣ ਤੋਂ
ਬਚਾਉਂਦੇ ਨੇ

ਲਾਸ਼ ਬਣਕੇ
ਘਰ ਤੋਂ ਦਫ਼ਤਰ
ਤੇ ਦਫ਼ਤਰ ਤੋਂ ਘਰ ਮੁੜਦੇ
ਬੰਦੇ ਨੂੰ
ਜਿੰਦਾ ਹੋਣ ਦੀ
ਵਜ੍ਹਾ ਬਤਾਉਂਦੇ ਨੇ

ਇੱਕ ਬੇਜ਼ਮੀਰਾ ਸਮਾਜ
ਜੋ ਪੁਰਸ਼ਾਂ ਨੂੰ
ਸਿਖਾਉਂਦਾ ਹੈ
ਨਾਰੀ ਨਾਲ ਕਰਨਾ
ਸਮੂਹਿਕ ਦੁਸ਼ਕਰਮ
ਤੇ ਚੁੱਪ ਵੱਟ ਲੈਂਦਾ ਹੈ
ਉਸਦੀ ਹਰ ਹੱਤਿਆ 'ਤੇ

ਇੱਥੇ ਇਹ ਰੀਤ
ਚਲਦੀ ਆ ਰਹੀ ਹੈ
ਸਦੀਆਂ ਤੋਂ

ਉਸੇ ਸਮਾਜ ਦੀ
ਕਿਸੇ ਯੂਨੀਵਰਸਿਟੀ 'ਚ
ਨਾਲ ਪੜ੍ਹਦੀਆਂ-ਲੜਦੀਆਂ
ਨਾਰੀਆਂ
ਘੇਰ ਕੇ ਇੱਕ ਪੁਰਸ਼ ਨੂੰ
ਬਚਾਉਂਦੀਆਂ ਨੇ
ਪੁਲਿਸ ਦੇ
ਬੇਰਹਿਮ ਡੰਡਿਆਂ ਤੋਂ

ਯੂਨੀਵਰਸਿਟੀ ਹੀ
ਪੇਸ਼ ਕਰ ਸਕਦੀ ਹੈ
ਕਿਸੇ ਸਮਾਜ ਨੂੰ
ਬਿਹਤਰ ਬਣਾਉਣ ਦੀ
ਨਜ਼ੀਰ

ਯੂਨੀਵਰਸਿਟੀ 'ਚੋਂ ਹੀ
ਨਿੱਕਲ ਸਕਦੀ ਹੈ
ਇਸ ਧਰਤੀ ਨੂੰ
ਸੁੰਦਰ ਬਣਾਉਣ ਵਾਲੀ
ਸਭ ਤੋਂ ਸੁੰਦਰ
ਤਸਵੀਰ



ਆਦਿਵਾਸੀ ਕਵਿੱਤਰੀ:
ਜਸਿੰਤਾ ਕੇਰਕੱਟਾ
ਅਨੁ. : ਯਸ਼ ਪਾਲ
98145 35005

ਮਹਾਦੇਵੀ ਵਰਮਾ ਜੀ ਦੀ ਹਿੰਦੀ ਕਵਿਤਾ ਦਾ ਪੰਜਾਬੀ ਅਨੁਵਾਦ



## ਮੈਂ ਹੈਰਾਨ ਹਾਂ !

ਮੈਂ ਹੈਰਾਨ ਹਾਂ ਇਹ ਸੋਚ ਕੇ
ਕਿਸੇ ਔਰਤ ਨੇ ਕਿਉਂ ਨਾ ਚੁੱਕੀ ਉਂਗਲ
ਤੁਲਸੀਦਾਸ 'ਤੇ ਜਿਸਨੇ ਕਿਹਾ
ਢੋਲ, ਗੰਵਾਰ, ਸ਼ੂਦਰ,ਪਸ਼ੂ, ਨਾਰੀ
ਇਹ ਸਭ ਤਾੜਨ ਕੇ ਅਧਿਕਾਰੀ

ਮੈਂ ਹੈਰਾਨ ਹਾਂ
ਕਿਸੇ ਔਰਤ ਨੇ ਕਿਉਂ ਨਾ ਸਾੜੀ ਮੰਨੂ ਸਿਮ੍ਰਤੀ
ਜਿਸਨੇ ਪਾਏ ਉਨ੍ਹਾਂ ਦੇ
ਗ਼ੁਲਾਮੀ ਦੀ ਸੰਗਲ

ਮੈਂ ਹੈਰਾਨ ਹਾਂ
ਕਿਸੇ ਔਰਤ ਨੇ ਕਿਉਂ ਨਾ ਧਿਕਾਰਿਆ
ਉਸ ਰਾਮ ਨੂੰ
ਜਿਸਨੇ ਗਰਭਵਤੀ ਪਤਨੀ ਸੀਤਾ ਨੂੰ
ਪ੍ਰੀਖਿਆ ਤੋਂ ਬਾਅਦ ਵੀ
ਕੱਢ ਦਿੱਤਾ ਘਰੋਂ ਬਾਹਰ
ਧੱਕੇ ਮਾਰ ਕੇ

ਕਿਸੇ ਔਰਤ ਨੇ ਲਾਹਨਤ ਨਹੀਂ ਭੇਜੀ
ਉਨ੍ਹਾਂ ਸਭਨਾਂ ਨੂੰ
'ਔਰਤ ਨੂੰ ਵਸਤੂ ਸਮਝ ਕੇ'
ਲਾ ਦਿੱਤਾ ਦਾਅ 'ਤੇ
ਹੁੰਦਾ ਰਿਹਾ 'ਨਪੁੰਸਕ' ਯੋਧਿਆਂ ਵਿੱਚ
ਸਮੁੱਚੀ ਔਰਤ ਜ਼ਾਤ ਦਾ ਚੀਰ ਹਰਨ?
ਮਹਾਂਭਾਰਤ ਵਿੱਚ?

ਮੈਂ ਹੈਰਾਨ ਹਾਂ ਇਹ ਸੋਚ ਕੇ
ਕਿਸੇ ਔਰਤ ਨੇ ਕਿਉਂ ਨਹੀਂ ਕੀਤਾ
ਸੰਯੋਗਿਤਾ, ਅੰਬਾ-ਅੰਬਾਲਿਕਾ ਦੇ
ਦਿਨ ਦਿਹਾੜੇ ਅਪਹਰਣ ਦਾ ਵਿਰੋਧ
ਅੱਜ ਤੱਕ।

ਮੈਂ ਹੈਰਾਨ ਹਾਂ
ਐਨਾ ਕੁੱਝ ਹੋਣ ਦੇ ਬਾਵਜੂਦ ਵੀ
ਕਿਉਂ ਆਪਣੀ ਸ਼ਰਧਾ ਮੰਨ ਕੇ
ਪੂਜਦੀਆਂ ਨੇ ਮੇਰੀਆਂ ਮਾਂ-ਭੈਣਾਂ
ਉਨ੍ਹਾਂ ਨੂੰ ਦੇਵਤਾ ਭਗਵਾਨ ਮੰਨ ਕੇ

ਮੈਂ ਹੈਰਾਨ ਹਾਂ
ਉਨ੍ਹਾਂ ਦੀ ਚੁੱਪ ਵੇਖ ਕੇ
ਇਸ ਨੂੰ ਉਨ੍ਹਾਂ ਦੀ ਸਹਿਣਸ਼ੀਲਤਾ ਕਹਾਂ ਜਾਂ
ਅੰਧ ਸ਼ਰਧਾ ਜਾਂ ਫਿਰ
ਮਾਨਸਿਕ ਗ਼ੁਲਾਮੀ ਦੀ ਸਿਖ਼ਰ?

## ਸਰਾਪਿਆ ਵਰਦਾਨ

ਮੇਰੀ ਚੁੱਪ ਦਾ ਸ਼ੋਰ ਮਰ ਗਿਆ
ਔਰਤ ਹੋਣ ਦੀ ਜੂਨੋਂ ਡਰ ਗਿਆ
ਰੂਹ ਦੀ ਚੀਕ ਵਲਵਲੇ ਖਾਵੇ
ਮਰਦ ਦੀ ਜਨਨੀ ਕੁੱਖ ਕੁਰਲਾਵੇ
ਕਿਉ ਕੀਤਾ ਮੈਂ ਪੈਦਾ ਇਸ ਨੂੰ
ਭੁੱਖ ਮੇਰੇ ਹੀ ਜਿਸਮ ਦੀ ਜਿਸ ਨੂੰ ,
ਔਰਤ, ਜਨਨੀ, ਮਾਂ ਦਾ ਹੋਣਾ
ਮੁੱਕਿਆ ਸਭ
ਰਿਹਾ ਦੇਹ ਦਾ ਰੋਣਾ
ਰੱਬਾ!
ਕਿਹੜੇ ਮੈਂ ਦੇਣੇ ਲੇਖੇ
ਤਨ ਨੂੰ ਛੱਡ ਕੋਈ ਮਨ ਤਾਂ ਦੇਖੇ
ਮੈਂ ਰੂਪ ,ਰੰਗ ਕੋਈ ਅੰਗ ਨਾ ਚਾਹੁੰਦੀ
ਕਿਵੇਂ ਇੱਜ਼ਤ ਬਚਾਵਾਂ
ਕੋਈ ਢੰਗ ਨਾ ਚਾਹੁੰਦੀ
ਮੈਂ ਇਕੱਲੀ ਬਹੁਤ
ਕੋਈ ਸੰਗ ਨਾ ਚਾਹੁੰਦੀ
ਸਰਾਪ ਬਣ ਗਿਆ ਵਰਦਾਨ ਹਰ ਤੇਰਾ
ਕੁੱਖ ਹੋਵੇ ਜਾਂ ਜਿਸਮ ਇਹ ਮੇਰਾ
ਮੈਂ ਕਰੂਪ ਚੰਗੀ
ਮੇਰਾ ਰੂਪ ਵਿਗਾੜ ਦੇ
ਜੇ ਰਾਕਸ਼ ਜੰਮੇ
ਮੇਰੀ ਕੁੱਖ ਉਜਾੜ ਦੇ

ਜੇ ਰਾਕਸ਼ ਜੰਮੇ
ਮੇਰੀ ਕੁੱਖ ਉਜਾੜ ਦੇ।

ਸੁਖਜੀਤ ਸਿਮਰਨ

## ਬੱਚੇ ਮਾਰੇ ਜਾ ਰਹੇ ਹਨ

**(ਪੂਨਮ ਵਾਸਮ ਬਸਤਰ ਦੀ ਜੰਮਪਲ ਤੇ ਉਥੋਂ ਦੀ ਮਿੱਟੀ, ਹਵਾ, ਪੌਣਪਾਣੀ ਵਿਚ ਪਲੀ ਤੇ ਵੱਡੀ ਹੋਈ ਇਕ ਆਜ਼ਾਦ ਜੁਬਾਨ ਕਵੀ ਹੈ। ਜਿਹੜੀ ਆਪਣੇ ਅਧਿਕਾਰਾਂ ਲਈ ਵੀ ਸੁਚੇਤ ਹੈ ਅਤੇ ਇਹਨਾਂ ਦੀ ਰਾਖੀ ਪ੍ਰਤੀ ਵੀ ਜਾਗ੍ਰਿਤ ਹੈ। ਉਹ ਬਸਤਰ ਨੂੰ ਉਵੇਂ ਹੀ ਬਿਆਨ ਕਰਦੀ ਹੈ, ਜਿਵੇਂ ਉਹ ਹੈ। ਉਹ ਬਸਤਰ ਦੀ ਆਵਾਜ਼ ਹੈ।**

ਬਾਰੂਦ ਦੇ ਢੇਰ ਉੱਤੇ ਬਹਿ ਕੇ ਪੜ੍ਹਨ ਦਾ ਜ਼ਜ਼ਬਾ ਰੱਖਣ ਵਾਲੇ
ਬੱਚੇ ਮਾਰੇ ਜਾ ਰਹੇ ਹਨ।
ਡਾਮਰ ਦੀਆਂ ਲਿਸ਼ਕਦੀਆਂ ਸੜਕਾਂ ਨੂੰ ਮਨ ਭਰ ਕੇ ਨਿਹਾਰਨ ਦੀ ਇੱਛਾ ਵਿਚ
ਬੱਚੇ ਮਾਰੇ ਜਾ ਰਹੇ ਹਨ।
ਬੌਲਦਾਂ ਨੂੰ ਹਰੀ ਘਾਹ ਖੁਆਉਣ ਦੀ ਜਿੱਦ ਵਿਚ
ਬੱਚੇ ਮਾਰੇ ਜਾ ਰਹੇ ਹਨ।
ਹਲ ਜੋੜ ਕੇ ਝੋਨਾ ਲਾਉਣ ਨੂੰ ਤਿਆਰ ਹੁੰਦੇ
ਬੱਚੇ ਮਾਰੇ ਜਾ ਰਹੇ ਹਨ।
ਬੱਕਰੀਆਂ ਅਤੇ ਤਿਤਲੀਆਂ ਦੇ ਪਿੱਛੇ ਪਿੱਛੇ ਭੱਜ ਕੇ ਦੌੜ ਜਿੱਤਣ ਦੀ ਜੁਗਤ ਰੱਖਣ ਵਾਲੇ
ਬੱਚੇ ਮਾਰੇ ਜਾ ਰਹੇ ਹਨ।
ਰੁੱਖਾਂ ਦੀ ਕਿਸੇ ਟਾਹਣੀ ਦਾ ਕੋਈ ਪੱਤਾ ਤੋੜ ਕੇ ਚਿਪੜੀ ਬਣਾਉਣ ਦੀ ਚਾਹ ਚ
ਬੱਚੇ ਮਾਰੇ ਜਾ ਰਹੇ ਹਨ।
ਦੇਸ਼ ਦੇ ਵਿਸ਼ੇ ਵਿੱਚ ਥੋੜ੍ਹਾ ਥੋੜ੍ਹਾ ਜਾਨਣ ਦੀ ਜਗਿਆਸਾ ਮਨ ਵਿੱਚ ਰੱਖਣ ਵਾਲੇ
ਬੱਚੇ ਮਾਰੇ ਜਾ ਰਹੇ ਹਨ।

ਬੱਚੇ ਮਾਰੇ ਜਾ ਰਹੇ ਹਨ,
ਇਹ ਗੱਲ ਐਨੀ ਗੁੱਪਤ ਹੈ ਇੱਥੇ
ਕਿ ਦੇਸ਼ ਦੇ ਨਕਸ਼ੇ ਉਤੇ ਕੋਈ ਹਲਚਲ ਨਹੀਂ ਹੈ।

ਬੱਚੇ ਆਪਣੀਆਂ ਕਬਰਾਂ ਵਿਚੋਂ ਉੱਠਣਗੇ,
ਤੇ ਇਕ ਦਿਨ ਪੁੱਛਣਗੇ ਸਵਾਲ,
ਜਦੋਂ ਅਸੀਂ ਸਾਰੇ ਮਾਰੇ ਜਾ ਰਹੇ ਸਾਂ,
ਉਦੋਂ ਤੁਸੀਂ ਆਪਣੀਆਂ ਕਵਿਤਾਵਾਂ ਦੇ ਨਾਲ
ਆਪਣੇ ਕਮਰੇ ਵਿਚ ਬਹਿ ਕੇ,
ਕਿਹੜੀਆਂ ਗੱਲਾਂ ਕਰ ਰਹੇ ਸੀ।

ਪੂਨਮ ਵਾਸਮ
ਅਨੁਵਾਦ ਤੇ ਪੇਸ਼ਕਸ਼ : ਨਰਭਿੰਦਰ
ਪਾਸ਼ ਨੂੰ ਯਾਦ ਕਰਦਿਆਂ

## ਫਲਸਤੀਨੀ ਮਾਂਵਾਂ ਦੇ ਨਾਮ

**(ਇਕ ਸਾਲ ਪਹਿਲਾਂ ਦੀ ਰਚਨਾ ਜੋ ਅਜ ਵੀ ਪ੍ਰਸੰਗਕ ਹੈ)**

ਬਾਰੂਦ ਦੇ ਪਹਾੜ ਤੇ ਬੈਠੀਆਂ
ਬੇਘਰ, ਬੇ ਵਤਨ ਮਾਵਾਂ
ਕਿਓ ਜੰਮਦੀਆਂ ਹਨ ਬਾਲ?
ਜਿੱਥੇ ਹਰ ਸਾਹ ਤੇ ਹੈ
ਮੌਤ ਮੰਡਰਾ ਰਹੀ,
ਹਰ ਪਾਸੇ ਬਾਰੂਦ ਦੀ ਗੰਧ ਹੈ
ਅਗ ਉਗਲਦੀਆਂ
ਸੰਗੀਨਾਂ ਦਾ ਪਹਿਰਾ ਹੈ
ਕਬਰਗਾਹਾਂ ਹੀ ਕਬਰਗਾਹਾਂ ਹਨ।

ਕਿਓਂ ਪਾਲਦੀਆਂ ਹਨ
ਇਹ ਮਾਂਵਾਂ
ਕੁੱਖਾਂ 'ਚ ਮਮਤਾ ਦੇ ਰੰਗੀਨ ਸਪਨੇ?
ਅਨਾਥ, ਲਹੂ ਲੁਹਾਣ
ਦਹਿਸ਼ਤਜਦਾ
ਭੁੱਖੇ -ਪਿਆਸੇ,
ਮਾਂ ਬਾਪ ਨੂੰ ਤਲਾਸ਼ਦੇ,
ਮ੍ਰਿਤ ਅੱਬਾਆਂ ,ਅੱਬਾਵਾਂ
ਦੀਆਂ ਦੇਹਾਂ ਨੂੰ ਚਿੰਬੜੇ,
ਉਹਨਾਂ ਦੇ ਚਿਹਰਿਆਂ ਤੇ
ਵਾਰ ਵਾਰ
ਅੰਤਿਮ ਚੁੰਬਣ ਕਰਦੇ
ਵਿਲਕਦੇ ਬੱਚੇ ,
ਧਾੜਵੀਆਂ ਨੂੰ
ਕਰ ਰਹੇ ਹਨ ਸੁਆਲ
ਸਾਡਾ ਕਸੂਰ ਕੀ ਹੈ?
ਅਸੀਂ ਤਾਂ ਕਿਸੇ ਦੀ
ਜਮੀਨ ਨਹੀਂ ਨੱਪੀ
ਨਾ ਹੀ ਕੀਤਾ ਹੈ
ਕਿਸੇ ਤੇ ਹਮਲਾ।
ਕਿਓਂ ਮਾਰਿਆ ਜਾ ਰਿਹਾ ਸਾਨੂੰ?

ਕਸੂਰ ਥੌਡਾ ਨਹੀਂ ਪਿਆਰੇ ਬੱਚਿਓ
ਥੋਡੀਆਂ ਮਾਵਾਂ ਦਾ ਹੈ
ਨਾਬਰ ਹਨ ਜੋ
ਨਹੀਂ ਛੱਡ ਰਹੀਆਂ
ਅਪਣਾ ਵਤਨ, ਅਪਣੀ ਜਮੀਨ
ਤੇ ਜਿੰਦਾ ਰਹਿਣ ਦਾ ਜਜਬਾ।
ਚੱਟਾਨ ਵਾਂਗ ਖੜ੍ਹੀਆਂ ਹਨ
ਅਪਣੇ ਖਾਵੰਦਾਂ ਨਾਲ
ਇਹ ਹੀ ਕਸੂਰ ਹੈ ਥੌਡਾ ।
ਇਹ ਹਰ ਥਾਂ ਹੁੰਦਾ ਹੈ
ਚਾਹੇ ਉਹ ਫਲਸਤੀਨ ਹੋਵੇ
ਜਾ ਜਲ, ਜੰਗਲ ਅਤੇ ਜਮੀਨ
ਦੀ ਰਾਖੀ ਲਈ ਲੜਦੇ ਲੋਕ।
ਪਿਆਰੇ ਬੱਚਿਓ!

-ਜੋਗਿੰਦਰ ਆਜ਼ਾਦ

## ਕਵਿਤਾ

**(ਪਹਿਲਵਾਨ ਧੀਆਂ ਦੇ ਸੰਘਰਸ਼ ਨੂੰ ਸਮਰਪਿਤ)**

ਆ ਦਿੱਲੀ ਦੀ ਦਹਿਲੀਜ਼ 'ਤੇ
ਰਲ਼ ਚਿੜੀਆਂ ਪਾਵਣ ਸ਼ੋਰ।
ਅੱਜ ਭਗਵੇ ਪੰਖਾਂ ਵਾਲੜਾ
ਇੱਕ ਸ਼ਿਕਰਾ ਫਿਰਦਾ ਹੋਰ।

ਉਹਨੇ ਲੱਖਾਂ ਚਿੜੀਆਂ ਨੋਚੀਆਂ,
ਵਿੱਚ ਰਾਜ ਸਤਾ ਦੇ ਲੋਰ।
ਉਹ ਉੱਡਦੈ ਖੁੱਲ੍ਹੇ ਅੰਬਰੀਂ
ਉਹਦੇ ਪੈਰੀਂ ਨਾ ਕੋਈ ਡੋਰ।

ਸੋਨੇ ਦੇ ਖੰਭਾਂ ਵਾਲ਼ੀਆਂ
ਇਹ ਚਿੜੀਆਂ ਦਿਸਣ ਉਦਾਸ।
ਜੋ ਚੁੰਝੀਂ ਪੀੜਾਂ ਘੁੱਟ ਕੇ
ਚੱਲ ਆਈਆਂ ਰਾਜੇ ਪਾਸ।

ਇਹ ਬਾਤ ਜਬਰ ਦੀ ਪਾਉਂਦੀਆਂ
ਤੇ ਰੱਖ ਨਿਆਂ ਦੀ ਆਸ।
ਕੋਈ ਹਾਕਮ ਸੁਣੇ ਨਾ ਦੁੱਖੜੇ
ਤੇ ਨਾ ਦੇਵੇ ਧਰਵਾਸ।

ਹੁਣ ਕੁਸ਼ਤੀ ਹੋਣੀ ਸੱਚ ਦੀ
ਹਰ ਜਬਰ ਜ਼ੁਲਮ ਦੇ ਨਾਲ਼।
ਤੇ ਓੜਕ ਜਿੱਤਣਾ ਸੱਚ ਨੇ
ਫਿਰ ਡਿੱਗਣਾ ਝੂਠ ਚੌਫਾਲ਼।

ਸੁਣ ਲੋਕ ਹਿਤਾਂ ਦੇ ਵਾਰਸੋ
ਰਲ਼ ਆਪ ਸਵਾਰੋ ਕਾਜ।
ਤੇ ਧੌਣੋ ਫੜ ਕੇ ਲਾਹ ਲਵੋ
ਜੋ ਅੰਬਰੀਂ ਉੱਡਦਾ ਬਾਜ।

ਜਗਜੀਤ ਕੌਰ ਢਿੱਲਵਾਂ

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਪੰਜਾਬੀ ਆਰਟਸ ਐਸੋਸੀਏਸ਼ਨ ਦੀ ਇਕ ਹੋਰ ਕਲਾਤਮਿਕ ਪੇਸ਼ਕਸ਼ - ਨਾਟਕ 'ਹੌਂਸਲਾ-ਵਤਨਾਂ ਵੱਲ ਫੇਰਾ'

-ਉਂਕਾਰਪ੍ਰੀਤ



ਪੰਜਾਬੀ ਆਰਟਸ ਐਸੋਸੀਏਸ਼ਨ ਟਰਾਂਟੋਂ ਪਿਛਲੇ ਲੰਬੇ ਸਮੇਂ ਅਪਣੀਆਂ ਰੰਗ ਮੰਚ ਪੇਸ਼ਕਾਰੀਆਂ ਰਾਹੀਂ,ਕੈਨੇਡੀਅਨ ਪੰਜਾਬੀ ਰੰਗ ਮੰਚ ਦਾ ਹਾਸਿਲ ਬਣ ਚੁੱਕਾ ਹੈ। ਇਸ ਵਲੋਂ ਪੇਸ਼ ਨਾਟਕਾਂ ਦੀ ਖਾਸੀਅਤ ਜਿੱਥੇ ਉਨ੍ਹਾਂ ਦੇ ਇੰਡੋ-ਕੈਨੇਡੀਅਨ ਜੀਵਨ ਨਾਲ ਸਿੱਧੇ ਜੁੜੇ ਵਿਸ਼ੇ ਹੁੰਦੇ ਹਨ ਓਥੇ ਇਹਨਾਂ ਸਥਾਨਕ ਵਿਸ਼ਿਆਂ ਨੂੰ ਸਹਿਜੇ ਹੀ ਗਲੋਬਲੀ ਆਧਾਰ ਤੇ ਛੋਹਾਂ ਦੇ ਜਾਣਾ ਸਦਾ ਇਹਨਾਂ ਦਾ ਵਿਲੱਖਣ ਤੇ ਮੀਰੀ ਗੁਣ ਹੁੰਦਾ ਹੈ। ਪੰਜਾਬੀ ਆਰਟਸ ਐਸੋਸੀਏਸ਼ਨ ਦੀ ਤਾਜ਼ਾ ਪੇਸ਼ਕਾਰੀ, ਨਾਟਕ 'ਹੌਂਸਲਾ - ਵਤਨਾਂ ਵੱਲ ਫੇਰਾ' ਇਸੇ ਲੜੀ ਵਿੱਚ ਇਕ ਹੋਰ ਕਲਾਤਮਿਕ ਵਾਧਾ ਹੈ।

ਪੰਜਾਬੀ ਦੇ ਨਾਮਵਰ ਨਾਟਕਕਾਰ ਡਾ, ਚਰਨਦਾਸ ਸਿੱਧੂ ਹੁਰਾਂ ਦੇ ਲਿਖੇ ਇਸ ਨਾਟਕ ਨੂੰ ਸਰਬਜੀਤ ਅਰੋੜਾ ਜੀ ਦੀ ਨਿਰਦੇਸ਼ਨਾ ਹੇਠ ਬਰੈਂਪਟਨ ਦੇ ਰੋਜ਼ ਥੀਏਟਰ 'ਚ ਅਕਤੂਬਰ 20,2024 ਨੂੰ ਵੱਡੀ ਸਫ਼ਲਤਾ ਨਾਲ ਮੰਚਤ ਕੀਤਾ ਗਿਆ।

ਨਾਟਕ ਵਿਚਲਾ ਪੰਜਾਬ ਭਾਵੇਂ ਕੁਝ ਦਹਾਕੇ ਪਹਿਲਾਂ ਦਾ ਸੀ ਪਰ ਡੂੰਘੇ ਤਲਾਂ ਤੇ ਨਾਟਕ ਦਾ ਅਸਲ ਮੁੱਦਾ ਸਾਡੇ ਆਲ-ਦੁਆਲੇ 'ਚ ਹਰ ਸਮੇਂ ਸਦਾ ਵਸਦੇ ਉਹ ਲੋਕ ਸਨ ਜੋ ਤਨੋ-ਮਨੋ-ਧਨੋਂ ਕੁਝ ਚੰਗਾ ਕਰਨਾ ਸੋਚਦੇ ਅਤੇ ਲੋਚਦੇ ਹਨ। ਜਿਹਨਾਂ ਲੋਕਾਂ ਨੂੰ ਸਾਡੇ ਗੁਰ-ਬਾਬਿਆਂ, 'ਜਨ ਪਰਉਪਕਾਰੀ ਆਏ', 'ਘਾਲ ਖਾਏ ਕੁਛ ਹੱਥੋਂ ਦੇਹ' ਕਹਿ ਕੇ ਵਡਿਆਇਆ ਹੈ।

ਨਾਟਕ 'ਹੌਂਸਲਾ - ਵਤਨਾਂ ਵੱਲ ਫੇਰਾ' ਅਸਲ ਵਿਚ ਪੰਜਾਬੀ ਧਰਾਤਲ 'ਚ ਰਮੇ ਅਜਿਹੇ ਰੌਸ਼ਨ ਗੁਰਬਾਬੇ ਬਚਨਾਂ ਨਾਲ ਅੱਜ ਦੇ ਤੇਜ਼ੀ ਨਾਲ ਸਵੈ-ਮੁਖੀ ਹੁੰਦੇ ਜਾ ਰਹੇ ਮਨਾਂ ਨੂੰ ਟੁੰਬ ਕੇ, ਮੁੜ ਹੌਸਲੇ 'ਚ ਲਿਆ ਕੇ ਊਰਜਿਤ ਤੇ ਉਜਾਗਰ ਕਰਨਾ ਸੀ। ਅਜਿਹੇ ਹੌਸਲੇ ਨਾਲ ਕਮਾਏ ਕਰਮ ਯਕੀਨਨ ਹਰ ਸਮੇਂ 'ਚ 'ਪੁੱਤਰਾਂ ਨੂੰ ਸਪੁੱਤਰ' ਹੋਣ ਦਾ ਬਲ ਅਤੇ ਮਾਣ ਬਖਸ਼ਦੇ ਹਨ।

ਤਦ ਹੀ ਨਾਟਕ ਦਾ ਮੁੱਖ ਪਾਤਰ ਕੈਨੇਡਾ ਤੋਂ ਵਤਨੀਂ ਗਿਆ ਬਲਦੇਵ (ਲਵ ਧਵਨ) ਤਨੋ-ਮਨੋ-ਧਨੋਂ ਅਪਣੇ ਦਿਲੀ ਅਕੀਦੇ ਨੂੰ ਕਮਾ ਸਕਿਆ। ਗੁਰਜੰਟ (ਅਰਵ ਭੁੱਲਰ) ਵਰਗੇ ਅਪਣੇ ਹੀ ਘਰਦਿਆਂ ਦੇ ਵਿਰੋਧ ਅਤੇ ਜਬਰ ਅੱਗੇ ਡਟ ਸਕਿਆ। ਅਪਣੇ ਵਾਂਗ ਸਰਬਤ ਲਈ ਚੰਗਾ ਕਰਨ ਦੀ ਤਾਂਘ ਰੱਖਣ ਵਾਲੇ ਲੋਕਾਂ ਨੂੰ ਨਾਲ ਜੋੜ ਕੇ ਅਪਣੇ ਪਿੰਡ ਵਿੱਚ ਹਸਪਤਾਲ ਬਣਾਉਣ 'ਚ ਕਾਮਯਾਬ ਹੋ ਸਕਿਆ।

ਮੁੱਖ ਪਾਤਰਾਂ ਦੇ ਨਾਲ ਨਾਲ ਨਿਗਾਹੀਏ ਦੇ ਰੋਲ 'ਚ ਨਵਜੋਤ ਨਰੂਲਾ ਅਤੇ ਬਾਬੇ ਮੋਹਨ ਸਿੰਹੁ ਦੇ ਰੋਲ 'ਚ ਸੈਂਡੀ ਸੰਦੀਪ ਨੇ ਅਪਣੇ ਪਾਤਰਾਂ 'ਚ ਰੂਹ ਭਰ ਕੇ ਦਰਸ਼ਕਾਂ ਤੋਂ ਭਰਪੂਰ ਵਾਹਵਾ ਲਈ। ਬਲਦੇਵ, ਗੁਰਜੰਟ, ਨਿਗਾਹੀਏ ਤੇ ਮੋਹਨ ਸਿੰਘ ਦੇ ਪਾਤਰਾਂ ਦੀ ਅਪਣੇ ਕਿਰਦਾਰਾਂ ਨਾਲ ਇਕਮਿਕ ਬੌਡੀ ਲੈਂਗੂਏਜ਼ ਜਿਵੇਂ ਸੋਨੇ ਤੇ ਸੁਹਾਗੇ ਵਾਂਗ ਰਹੀ। ਅਰਸ਼ਦੀਪ ਕੌਰ ਅਤੇ ਹਰਨੂਰ ਕੌਰ ਦੀ ਆਪੋ ਅਪਣੇ ਪਾਤਰਾਂ ਨੂੰ ਬਾਖੂਬੀ ਨਿਭਾਉਣ ਦੇ ਨਾਲ ਨਾਲ ਡਾਇਲਾਗ ਡਲਿਵਰੀ ਉਚੇਚੇ ਤੌਰ ਤੇ ਟੁੰਭਵੀਂ ਰਹੀ।

ਨਿਰਦੇਸ਼ਕ ਸਰਬਜੀਤ ਅਰੋੜਾ ਅਤੇ ਸਹਿ-ਨਿਰਦੇਸ਼ਕ ਜਗਵਿੰਦਰ ਜੱਜ ਹੁਰਾਂ ਦੀਆਂ ਕਲਾਤਮਿਕ ਛੋਹਾਂ ਨਾਟਕ ਦੇ ਸਾਰੇ ਪਾਤਰਾਂ ਚੋਂ ਬਾਖੂਬੀ ਰੂਪਮਾਨ ਹੋ ਰਹੀਆ ਸਨ ਜਿਸ ਦੀ ਬਦੌਲਤ ਸਾਰੇ ਪਾਤਰ ਆਪੋ ਅਪਣੇ ਕਿਰਦਾਰ ਨਾਲ ਧੁਰੋਂ ਨਿਭਦੇ ਨਜ਼ਰੀਂ ਆਏ।

ਸਾਰੇ ਨਾਟਕ ਦੌਰਾਨ ਅਕਬਰ ਹੁਸੈਨ ਅਤੇ ਵਿਸ਼ਾਲ ਬੇਦੀ ਵਲੋਂ ਪੇਸ਼ ਲਾਈਵ ਸੰਗੀਤ ਇਸ ਨਾਟਕ ਦੇ ਦ੍ਰਿਸ਼-ਭਾਵਾਂ ਨੂੰ ਜਿਵੇਂ ਦਰਸ਼ਕਾਂ ਦੇ ਦਿਲਾਂ 'ਚ ਉਤਾਰ ਰਿਹਾ ਸੀ। ਵਾਰਿਸ-ਬੁੱਲੇ ਦਾ ਕਲਾਮ, ਅਕਬਰ ਹੁਰਾਂ ਦੀ ਸੁਰਤਾਲ-ਮੰਝੀ ਆਵਾਜ਼ ਅਤੇ ਗੀਤ ਦੇ ਭਾਵ ਨੂੰ ਰਹਿ ਰਹਿ ਉਜਾਗਰ ਕਰਦੀਆਂ ਉਹਨਾਂ ਦੀਆਂ ਸੁਰਾਂ ਤੇ ਅਲਾਪ ਮਾਹੌਲ ਨੂੰ ਨਾਟ-ਸੰਗੀਤ ਨਾਲ ਓਤਪੋਤ ਕਰ ਰਹੀਆਂ ਸਨ।

ਰਜਤ, ਜੀਤ ਅਤੇ ਮਿਰਦੁਲ ਸ਼ਰਮਾ ਵਲੋਂ ਬਣਾਈ ਸਟੇਜ ਦੀ ਵੇਸ਼-ਭੂਸ਼ਾ ਅਤੇ ਸੈਟ ਬੜਾ ਕਲਾਤਮਿਕ ਅਤੇ ਭਾਵਪੂਰਤ ਸੀ।

ਕੁੱਲ ਮਿਲਾ ਕੇ ਨਾਟਕ 'ਹੌਂਸਲਾ - ਵਤਨਾ ਵੱਲ ਫੇਰਾ' ਪੰਜਾਬੀ ਆਰਟਸ ਐਸੋਸੀਏਸ਼ਨ ਦੀ ਸਮੁਚੀ ਟੀਮ ਵਲੋਂ ਕੈਨੇਡੀਅਨ ਪੰਜਾਬੀ ਰੰਗ ਮੰਚ 'ਚ ਇਕ ਹੋਰ ਨਵਾਂ ਕਲਾਤਮਿਕ ਜੋੜ ਸੀ ਜਿਸਨੂੰ ਦਰਸ਼ਕਾਂ ਨੇ ਭਰਪੂਰ ਮਾਣਿਆ ਅਤੇ ਸਲਾਹਿਆ। ਅਪਣੀ ਇਸ ਪੇਸ਼ਕਾਰੀ ਲਈ ਆਰਟਸ ਐਸੋਸੀਏਸ਼ਨ ਦੀ ਸਮੁਚੀ ਟੀਮ ਵਧਾਈ ਦੀ ਹੱਕਦਾਰ ਤਾਂ ਹੈ ਹੀ ਨਾਲ ਹੀ ਉਸ ਦੁਆ ਦੀ ਵੀ ਕਿ 'ਅੱਲਾ ਕਰੇ ਜ਼ੋਰ-ਏ-ਫ਼ਨ ਔਰ'।

ਮੇਰੇ ਨਾਲ ਨਾਟਕ ਵੇਖ ਰਹੇ ਮੇਰੇ 11 ਸਾਲਾ ਬੇਟੇ ਮਾਹੀ ਸਿੰਘ ਵਲੋਂ ਨਾਟਕ ਦੇਖ ਕੇ ਅੰਗ੍ਰੇਜ਼ੀ 'ਚ ਕਲਮਬੱਧ ਕੀਤੇ ਅਪਣੇ ਸੱਚੇ ਦਿਲੀ ਭਾਵ ਵੀ ਮੈਂ ਏਥੇ ਹੂ-ਬ-ਹੂ ਸ਼ਾਮਲ ਕਰ ਰਿਹਾ ਹਾਂ:


When I first sat down and saw the show, the first parts were very funny and entertaining. I liked the story line.

When I was watching the show there was little action but I loved it because it had so many plot twists and at the end there was a very unexpected turn at the end where the protagonist dies mostly from all the shows i saw on the tv or in person i never really seen the protagonist die so it kind of makes the show stand out.

The characters acted very well and had the right tones and expressions another thing i want to talk about is the setting when there was a new setting i liked it but while the show happened it got boring to look at same set so i wish that you guys could have changed the settings by a bit for each scene.

Overall I liked this show. It was really good and had me hooked into it. This is my review about this show. (Maahi Singh)









# ਵਿਸ਼ਵ ਪੰਜਾਬੀ ਸਭਾ ਵੱਲੋਂ ਸਨਮਾਨ ਸਮਾਰੋਹ ਅਤੇ ਕਵੀ ਦਰਬਾਰ



ਬਰੈਂਪਟਨ : ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਵੱਲੋਂ ਵਿਲੇਜ਼ ਆਫ ਇੰਡੀਆ 114 ਕੈਨੇਡੀ ਰੋਡ ਬਰੈਂਪਟਨ ਵਿਖੇ 28 ਅਕਤੂਬਰ ਦਿਨ ਸੋਮਵਾਰ ਨੂੰ ਬਾਅਦ ਸ਼ਾਮ 6 ਵਜੇ ਬਹੁਤ ਸ਼ਾਨਦਾਰ ਯਾਦਗਾਰੀ ਸਨਮਾਨ ਸਮਾਰੋਹ ਤੇ ਕਵੀ ਦਰਬਾਰ ਕਰਾਇਆ ਗਿਆ ਜੋ ਬਹੁਤ ਯਾਦਗਾਰੀ ਹੋ ਨਿਬੜਿਆ। ਭਾਰਤ ਤੋਂ ਆਏ ਪ੍ਰੋ. ਡਾ. ਕੁਲਦੀਪ ਪਾਹਵਾ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਪੈਂਤੀ ਅੱਖਰਾਂ ਵਾਲੀ ਤਖ਼ਤੀ, ਕਿਤਾਬਾਂ ਦਾ ਸੈਟ ਅਤੇ ਦੋਸ਼ਾਲਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸੇ ਤਰ੍ਹਾਂ ਭਾਰਤ ਤੋਂ ਆਏ ਸੀਨੀਅਰ ਜਰਨਲਿਸਟ ਰਾਜਵੀਰ ਸਿੰਘ ਸੰਧੂ ਨੂੰ ਵੀ ਯਾਦਗਾਰੀ ਸਨਮਾਨ ਚਿੰਨ੍ਹ ਪੈਂਤੀ ਅੱਖਰਾਂ ਵਾਲੀ ਤਖ਼ਤੀ, ਕਿਤਾਬਾਂ ਦਾ ਸੈਟ ਅਤੇ ਦੋਸ਼ਾਲਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਡਾ. ਕਥੂਰੀਆ ਜੀ ਨੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਵਿੱਚ ਬਿਰਾਜਮਾਨ ਸੱਭ ਮਹਿਮਾਨਾਂ ਨੂੰ ਨਿੱਘਾ ਜੀ ਆਇਆਂ ਕਿਹਾ। ਇਸ ਸਾਰੇ ਪ੍ਰੋਗਰਾਮ ਨੂੰ ਡਾ. ਜਗੀਰ ਸਿੰਘ ਕਾਹਲੋਂ ਨੇ ਹੋਸਟ ਕੀਤਾ। ਡਾ. ਜਗੀਰ ਸਿੰਘ ਕਾਹਲੋਂ ਮੰਝੇ ਹੋਏ ਬੁਲਾਰੇ ਹਨ ਤੇ ਬਾਕਮਾਲ ਹੋਸਟਿੰਗ ਕਰਦੇ ਹਨ। ਡਾ. ਜਗੀਰ ਸਿੰਘ ਕਾਹਲੋਂ ਨੇ ਪ੍ਰੋ. ਡਾ. ਕੁਲਦੀਪ ਪਾਹਵਾ ਜੀ ਦੇ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਉਹਨਾਂ ਨੇ ਡਾ. ਕੁਲਦੀਪ ਪਾਹਵਾ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ ਤੇ ਕਿਹਾ ਉਹ ਆਪ ਆਪਣੇ ਬਾਰੇ ਵਿਚਾਰਾਂ ਦੀ ਸਾਂਝ ਪਾਉਣ ਤੇ ਆਪਣੀਆਂ ਰਚਨਾਵਾਂ ਦੀ ਪੇਸ਼ਕਾਰੀ ਵੀ ਕਰਨ। ਡਾ. ਪਾਹਵਾ ਜੀ ਨੇ ਆਪਣੇ ਬਾਰੇ ਦੱਸਿਆ ਅਤੇ ਆਪਣੀਆਂ ਕੁਝ ਰਚਨਾਵਾਂ ਵੀ ਪੇਸ਼ ਕੀਤੀਆਂ ਜਿਹਨਾਂ ਨੂੰ ਦਰਸ਼ਕਾਂ ਨੇ ਖ਼ੂਬ ਸਲਾਹਿਆ। ਡਾ. ਪਾਹਵਾ ਬਹੁਤ ਹੀ ਨਿਰਛੱਲ ਤੇ ਉੱਚੀ ਸੁੱਚੀ ਸੋਚ ਵਾਲੇ ਹਨ, ਉਹਨਾਂ ਦੀ ਕਹਿਣੀ ਕਥਨੀ ਇਕੋ ਜਿਹੀ ਹੈ। ਬਹੁਤ ਹੀ ਰੂਹਾਨੀਅਤ ਭਰਪੂਰ ਉਹਨਾਂ ਦੀਆਂ ਨਜ਼ਮਾਂ ਹਨ। ਇਸ ਕਵੀ ਦਰਬਾਰ ਵਿੱਚ ਬਹੁਤ ਨਾਮਵਰ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ। ਸਭਾ ਦੀ ਪ੍ਰਧਾਨ ਰੂਪ ਕਾਹਲੋਂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਡਾ. ਜਗੀਰ ਸਿੰਘ ਕਾਹਲੋਂ ਨੇ ਕਵੀ ਦਰਬਾਰ ਵਿਚ ਸਭ ਤੋਂ ਪਹਿਲਾਂ ਕੈਨੇਡਾ ਦੀ ਧਰਤੀ ਤੇ ਨਵੇਂ ਆਏ ਸੀਨੀਅਰ ਜਰਨਲਿਸਟ ਰਾਜਵੀਰ ਸਿੰਘ ਭਲੂਰਿਆ ਦੇ ਹੋਣਹਾਰ ਬੱਚਿਆਂ ਨੂੰ ਸੱਦਾ ਦਿੱਤਾ ਤੇ ਉਹਨਾਂ ਦੀ ਬੇਟੀ ਸਨਮਵੀਰ ਨੇ ਦੱਸਿਆ ਕਿ ਉਸਨੇ 13 ਸਾਲ ਦੀ ਉਮਰ ਵਿਚ ਕਵਿਤਾ ਲਿਖਣੀ ਸ਼ੁਰੂ ਕਰ ਦਿੱਤੀ ਸੀ ਤੇ ਉਸਦੀ ਬਾਲ ਰਚਨਾਵਾਂ ਦੀ ਕਿਤਾਬ ਵੀ ਪਬਲਿਸ਼ ਹੋ ਚੁੱਕੀ ਹੈ। ਉਸਨੇ ਮਾਂ ਤੇ ਲਿਖੀ ਬਹੁਤ ਪਿਆਰੀ ਕਵਿਤਾ ਸੁਣਾਈ । ਪਰਮਵੀਰ ਸਿੰਘ 13 ਸਾਲ ਦੇ ਬੱਚੇ ਨੇ ਬਹੁਤ ਪਿਆਰੀ ਅਵਾਜ਼ ਵਿੱਚ ਕਵੀਸ਼ਰੀ ਗਾ ਕੇ ਖ਼ੂਬ ਰੰਗ ਬਣਿਆ। ਹਰਭਜਨ ਗਿੱਲ, ਸੁਖਚਰਨਜੀਤ ਗਿੱਲ, ਪਰਮਜੀਤ ਦਿਓਲ , ਦਰਸ਼ਨਦੀਪ, ਸਰਬਜੀਤ ਕਾਹਲੋਂ, ਗਿਆਨ ਸਿੰਘ ਦਰਦੀ, ਸੁਰਿੰਦਰ ਸੂਰ ਤੇ ਹਾਜ਼ਰੀਨ ਹੋਰ ਸ਼ਾਇਰਾਂ ਨੇ ਆਪਣੀਆਂ ਖ਼ੂਬਸੂਰਤ ਰਚਨਾਵਾਂ ਪੇਸ਼ ਕਰਕੇ ਵਿਸ਼ਵ ਪੰਜਾਬੀ ਭਵਨ ਦੇ ਵਿਹੜੇ ਨੂੰ ਰੁਸ਼ਨਾ ਦਿੱਤਾ। ਰਾਜਵੀਰ ਸਿੰਘ ਸੰਧੂ ਨੇ ਆਪਣੇ ਵਿਚਾਰ ਪੇਸ਼ ਕੀਤੇ ਤੇ ਡਾ. ਦਲਬੀਰ ਸਿੰਘ ਕਥੂਰੀਆ ਜੀ ਦਾ ਦਿਲੋਂ ਧੰਨਵਾਦ ਕੀਤਾ ਤੇ ਕਿਹਾ ਕਿ ਉਹਨਾਂ ਨੇ ਸਨਮਾਨ ਦੇ ਕੇ ਨਿਵਾਜਿਆ ਹੈ ਤੇ ਮਾਣ ਬਖ਼ਸ਼ਿਆ ਹੈ। ਆਖੀਰ ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਡਾ. ਕਥੂਰੀਆ ਜੀ ਦੇਸ਼ਾਂ ਵਿਦੇਸ਼ਾਂ ਵਿੱਚ ਮਾਂ ਬੋਲੀ ਪੰਜਾਬੀ, ਪੰਜਾਬੀਅਤ, ਕਲਾ, ਸਾਹਿਤ, ਪੰਜਾਬੀ ਸਭਿਆਚਾਰ ਤੇ ਪੰਜਾਬੀ ਵਿਰਸੇ ਨੂੰ ਪ੍ਰਫੁੱਲਿਤ ਕਰਨ ਲਈ ਬਹੁਤ ਯਤਨਸ਼ੀਲ ਹਨ ਤੇ ਉਹਨਾਂ ਵੱਲੋਂ ਕੀਤੇ ਜਾ ਰਹੇ ਇਹ ਉਪਰਾਲੇ ਬਹੁਤ ਸ਼ਲਾਘਾਯੋਗ ਹਨ। ਚਾਹ ਪਾਣੀ ਸਨੈਕਸ ਤੇ ਡਿਨਰ ਦਾ ਵਿਸ਼ੇਸ਼ ਪ੍ਰਬੰਧ ਸੀ, ਸਭ ਨੇ ਮਿਲਕੇ ਉਸਦਾ ਅਨੰਦ ਲਿਆ ਤੇ ਮੁੜ ਮਿਲਣ ਦਾ ਵਾਦਾ ਕਰ ਸੱਭਨੇ ਵਿਦਾ ਲਈ। ਇਹ ਸਨਮਾਨ ਸਮਾਰੋਹ ਤੇ ਕਵੀ ਦਰਬਾਰ ਯਾਦਗਾਰੀ ਹੋ ਨਿਬੜਿਆ।

**ਰਮਿੰਦਰ ਵਾਲੀਆ**







Thank you very much and salute for those who showed up despite wind and rain. Weather disrupted larger presence. I request others to please participate participate in our future protests date to be announced soon.










Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


THE HARP GREWAL REAL ESTATE TEAM
ਹਰਪ ਗਰੇਵਾਲ
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS


Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program, Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


Hiring Drivers/Owners/Operators
GALAXY
Frightline inc.
We Offer:
* Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਕਰਨਲ ਜੇ ਐਸ ਬਰਾੜ ਨੂੰ ਸ਼ਾਨਾਮੱਤੀ ਅੰਤਮ ਵਿਦਾਇਗੀ

## ਵੱਖ ਵੱਖ ਇਨਕਲਾਬੀ, ਜਮਹੂਰੀ, ਤਰਕਸ਼ੀਲ ਜੱਥੇਬੰਦੀਆਂ ਵਲੋਂ ਆਖਰੀ ਸਲਾਮ





ਲੁਧਿਆਣਾ, (ਬਲਜਿੰਦਰ ਸਿੰਘ ਪਟਿਆਲਾ) ਇਨਕਲਾਬੀ ਜਮਹੂਰੀ, ਤਰਕਸ਼ੀਲ ਹਲਕਿਆਂ ਵਿੱਚ ਬਹੁਤ ਹੀ ਜਾਣੀ ਪਹਿਚਾਣੀ ਸ਼ਖ਼ਸੀਅਤ ਲੈ. ਕਰਨਲ ਜਗਦੀਸ਼ ਸਿੰਘ ਬਰਾੜ ਜੋ 25 ਅਕਤੂਬਰ, 2024 ਨੂੰ ਲੰਮੀ ਬਿਮਾਰੀ ਕਾਰਣ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਦਾ ਅੱਜ ਲੁਧਿਆਣਾ ਵਿਖੇ ਸ਼ਾਨਾ ਮੱਤੇ ਢੰਗ ਨਾਲ ਅੰਤਮ ਸਸਕਾਰ ਕੀਤਾ ਗਿਆ। ਕਰਨਲ ਬਰਾੜ ਦੀ ਮ੍ਰਿਤਕ ਦੇਹ ਨੂੰ ਉਹਨਾਂ ਦੇ ਘਰੋਂ ਵੱਡੇ ਕਾਫਲੇ ਨਾਲ ਗਦਰੀ ਸ਼ਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਲਿਆ ਕੇ ਜੋਸ਼ ਭਰਪੂਰ ਨਾਹਰਿਆਂ ਨਾਲ ਸੁਆਗਤ ਕੀਤਾ ਗਿਆ। ਕਰਨਲ ਬਰਾੜ ਜੋ ਸ਼ਹੀਦ ਬਾਬਾ ਭਾਨ ਸਿੰਘ ਗ਼ਦਰ ਮੈਮੋਰੀਅਲ ਟਰੱਸਟ ਸੁਨੇਤ (ਲੁਧਿਆਣਾ) ਅਤੇ ਸਮਾਜ ਸੇਵੀ ਸੰਸਥਾ ਮਹਾਂ ਸਭਾ ਲੁਧਿਆਣਾ ਦੇ ਪ੍ਰਧਾਨ ਵਜੋਂ ਸਮਾਜ ਵਿੱਚੋਂ ਹਰ ਤਰ੍ਹਾਂ ਦੀ ਸਿਆਸੀ ਧੱਕੇਸ਼ਾਹੀ, ਲੁੱਟ ਖਸੁੱਟ, ਜਬਰ ਜ਼ੁਲਮ ਖਿਲਾਫ ਬਹੁਤ ਸ਼ਿਦਤ ਨਾਲ ਲੜਦੇ ਰਹੇ। ਜਿੱਥੇ ਮਿਲਟਰੀ ਵਿੱਚ ਲੈ. ਕਰਨਲ ਵਜੋਂ ਦੇਸ਼ ਦੀਆਂ ਸਰਹੱਦਾਂ ਦੀ ਰਾਖੀ ਕੀਤੀ, ਉੱਥੇ ਸੇਵਾ ਮੁਕਤ ਹੋ ਕੇ ਵੀ ਸਮਾਜ ਵਿੱਚ ਗਲਤ ਪ੍ਰਬੰਧ ਨੂੰ ਲੋਕਾਂ ਦੀ ਪੁੱਗਤ ਵਾਲਾ ਬਣਾਉਣ ਲਈ ਬਹੁਤ ਹੀ ਦ੍ਰਿੜਤਾ ਨਾਲ ਅੰਤ ਸਮੇਂ ਤੱਕ ਸੰਘਰਸ਼ ਕਰਦੇ ਰਹੇ। ਅੱਜ ਉਹਨਾਂ ਦੀ ਅੰਤਮ ਵਦਾਇਗੀ ਸਮੇਂ ਉਹਨਾਂ ਵੱਲੋਂ ਸ਼ੁਰੂ ਕੀਤੇ ਸੰਘਰਸ਼ਾਂ ਬਾਰੇ ਜਾਣਕਾਰੀ ਦਿੰਦਿਆਂ ਸ਼ਹੀਦ ਬਾਬਾ ਭਾਨ ਸਿੰਘ ਟਰੱਸਟ ਅਤੇ ਮਹਾਂ ਸਭਾ ਲੁਧਿਆਣਾ ਦੇ ਜਨਰਲ ਸਕੱਤਰ ਜਸਵੰਤ ਜੀਰਖ ਅਤੇ ਸੇਵਾ ਮੁਕਤ ਫੌਜੀਆਂ ਦੀ ਜੱਥੇਬੰਦੀ ਦੇ ਪ੍ਰਧਾਨ ਕਰਨਲ ਐਸ ਐਸ ਸੋਹੀ ਨੇ ਸੰਖੇਪ ਜਾਣਕਾਰੀ ਸਾਂਝੀ ਕੀਤੀ। ਮਿਲਟਰੀ ਦੀ ਟੁਕੜੀ ਵੱਲੋਂ ਉਹਨਾਂ ਨੂੰ ਸਲਾਮੀ ਭੇਂਟ ਕੀਤੀ। ਉਹਨਾਂ ਚਿਖਾ ਨੂੰ ਅਗਨੀ ਉਹਨਾਂ ਦੇ ਪੁੱਤਰ ਵਿਕਰਮ ਸਿੰਘ ਅਤੇ ਬੇਟੀ ਪੂਨਮ ਵੱਲੋਂ ਵਿਖਾਈ ਗਈ। ਉਹਨਾਂ ਦੀ ਪਤਨੀ ਸ੍ਰੀਮਤੀ ਸੁਰਿੰਦਰ ਕੌਰ ਵੱਲੋਂ ਭਰੇ ਮਨ ਨਾਲ ਵਿਦਾਇਗੀ ਦਿੱਤੀ। ਉਹਨਾਂ ਦੇ ਮ੍ਰਿਤਕ ਸਰੀਰ 'ਤੇ ਗ਼ਦਰੀ ਝੰਡਾ ਪਹਿਨਾ ਕੇ ਸਤਿਕਾਰ ਕਰਨ ਸਮੇਂ ਬਾਬਾ ਭਾਨ ਸਿੰਘ ਟਰੱਸਟ ਵੱਲੋਂ ਜਸਵੰਤ ਜ਼ੀਰਖ, ਮਾ.





ਭਜਨ ਸਿੰਘ ਕੈਨੇਡਾ (ਸਬ ਅਡੀਟਰ ਸਰੋਕਾਰਾਂ ਦੀ ਆਵਾਜ਼) ਬਲਵਿੰਦਰ ਸਿੰਘ, ਮਾ. ਜਰਨੈਲ ਸਿੰਘ, ਰਾਕੇਸ਼ ਆਜ਼ਾਦ, ਐਡਵੋਕੇਟ ਹਰਪ੍ਰੀਤ ਜ਼ੀਰਖ ਹਾਜ਼ਰ ਸਨ। ਇਸੇ ਤਰ੍ਹਾਂ ਜਮਹੂਰੀ ਅਧਿਕਾਰ ਸਭਾ ਵੱਲੋਂ ਡਾ. ਹਰਬੰਸ ਗਰੇਵਾਲ, ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ, ਗਦਰੀ ਬਾਬਾ ਭਾਨ ਸਿੰਘ ਨੌਜਵਾਨ ਸਭਾ, ਅਰੁਣ ਕੁਮਾਰ, ਜਗਜੀਤ ਸਿੰਘ, ਵਰੁਣ ਕੁਮਾਰ, ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਦੇ ਕਾ. ਸੁਰਿੰਦਰ ਸਿੰਘ, ਕਾਰਖਾਨਾ ਮਜ਼ਦੂਰ ਯੂਨੀਅਨ ਦੇ ਲਖਵਿੰਦਰ, ਜਗਦੀਸ਼, ਲੋਕ ਮੋਰਚਾ ਪੰਜਾਬ ਦੇ ਹਿੰਮਤ ਸਿੰਘ, ਪੰਜਾਬ ਲੋਕ ਸਭਿਆਚਾਰਕ ਮੰਚ ਕਸਤੂਰੀ ਲਾਲ, ਮੋਲਡਰ ਐਂਡ ਸਟੀਲ ਵਰਕਰ ਯੂਨੀਅਨ ਦੇ ਹਰਜਿੰਦਰ ਸਿੰਘ ਅਤੇ ਉੱਘੇ ਵਕੀਲ ਹਰੀਸ਼ ਰਾਏ ਢਾਂਡਾ, ਕਰਨਲ ਜਸਜੀਤ ਸਿੰਘ ਗਿੱਲ, ਕਰਨਲ ਬਲਦੇਵ ਸਿੰਘ, ਪ੍ਰਿੰਸੀਪਲ ਜਸਵੰਤ ਸਿੰਘ ਗਿੱਲ, ਦਲਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਕੌਮਾਂਤਰੀ ਵਿਦਿਆਰਥੀਆਂ ਤੇ ਪ੍ਰਵਾਸੀਆਂ ਲਈ ਚੁਣੌਤੀਆਂ ਅਤੇ ਸੰਘਰਸ਼ ਦਾ ਰਾਹ ਵਿਸ਼ੇ 'ਤੇ ਸੈਮੀਨਾਰ

ਬਰੈਂਪਟਨ, (ਕੈਨੇਡਾ) 'ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ' ਵੱਲੋਂ ਖੁਸ਼ਪਾਲ ਗਰੇਵਾਲ, ਮਨਪ੍ਰੀਤ ਕੌਰ, ਹਰਿੰਦਰ ਮਹਿਰੋਕ ਤੇ ਵਰੁਣ ਖੰਨਾ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਦਲਦੀਆਂ ਸੰਸਾਰ ਹਾਲਤਾਂ ਕਾਰਨ ਵਿਦੇਸ਼ਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਤੇ ਪ੍ਰਵਾਸੀਆਂ ਲਈ ਹਾਲਾਤ ਸਾਜਗਰ ਨਹੀਂ ਰਹੇ। ਕਰੋਨਾ ਕਾਲ ਤੋਂ ਬਾਅਦ ਮੱਧ ਪੂਰਬੀ ਖਿੱਤੇ ਵਿੱਚ ਵਧ ਰਹੇ ਜੰਗੀ ਤਣਾਅ ਕਾਰਨ ਵਿਕਸਿਤ ਮੁਲਕਾਂ ਵਿੱਚ ਮਹਿੰਗਾਈ ਤੇ ਬੇਰੁਜ਼ਗਾਰੀ ਲਗਾਤਾਰ ਵੱਧ ਰਹੀ ਹੈ। ਇਸਤੋਂ ਬਿਨਾ ਇਹਨਾਂ ਮੁਲਕਾਂ ਵਿੱਚ ਰਿਹਾਇਸ਼ੀ ਘਰਾਂ ਦਾ ਸੰਕਟ ਵੀ ਵਧ ਰਿਹਾ ਹੈ। ਕੈਨੇਡਾ-ਅਮਰੀਕਾ ਵਿੱਚ ਚੋਣਾਂ ਨੇੜੇ ਆਉਣ ਕਰਕੇ ਮਹਿੰਗਾਈ, ਬੇਰੁਜ਼ਗਾਰੀ ਤੇ ਰਿਹਾਇਸ਼ੀ ਘਰਾਂ ਦੇ ਸੰਕਟ ਦਾ ਜ਼ਿੰਮੇਵਾਰ ਕੌਮਾਂਤਰੀ ਵਿਦਿਆਰਥੀਆਂ ਤੇ ਕੱਚੇ ਪ੍ਰਵਾਸੀਆਂ ਨੂੰ ਠਹਿਰਾਇਆ ਜਾ ਰਿਹਾ ਹੈ। ਅਜਿਹੀ ਹਾਲਤ ਵਿੱਚ ਜਿੱਥੇ ਇਮੀਗ੍ਰੇਸ਼ਨ ਨਿਯਮਾਂ-ਨੀਤੀਆਂ ਵਿੱਚ ਸਖ਼ਤੀ ਕੀਤੀ ਜਾ ਰਹੀ ਹੈ ਉੱਥੇ ਪ੍ਰਵਾਸੀਆਂ ਪ੍ਰਤੀ ਨਸਲੀ ਵਿਤਕਰੇਬਾਜ਼ੀ ਨੂੰ ਬੜਾਵਾ ਦਿੱਤਾ ਜਾ ਰਿਹਾ ਹੈ। ਇਹਨਾਂ ਮੁਲਕਾਂ ਵਿੱਚ ਕੱਚੇ ਲੋਕਾਂ ਨੂੰ ਦੇਸ਼-ਨਿਕਾਲਾ ਦਿੱਤਾ ਜਾ ਰਿਹਾ ਹੈ। ਇਹਨਾਂ ਮੁਲਕਾਂ ਵਿੱਚ ਕੌਮਾਂਤਰੀ ਵਿਦਿਆਰਥੀਆਂ ਤੇ ਕਾਮਿਆਂ ਦੇ ਵਰਕ ਪਰਮਿਟ ਖਤਮ ਹੋ ਰਹੇ ਹਨ ਤੇ ਉਹ ਲੱਖਾਂ ਰੁਪਏ ਖਰਚਕੇ ਮੁੜ ਵਤਨੀ ਪਰਤਣ ਦੇ ਕਗਾਰ ਤੇ ਪਹੁੰਚ ਗਏ ਹਨ। ਅਜਿਹੇ ਹਾਲਤ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਹਨਾਂ ਦੀ ਗਦਰ ਪਾਰਟੀ ਦੇ ਉਹ ਬੋਲ ਮੁੜ ਫਿਰ ਸੱਚ ਸਾਬਤ ਹੋ ਰਹੇ ਹਨ ਕਿ 'ਦੇਸ਼ ਪੈਣ ਧੱਕੇ ਬਾਹਰ ਮਿਲੇ ਢੋਈ ਨਾ, ਸਾਡਾ ਪ੍ਰਦੇਸੀਆਂ ਦੀ ਦੇਸ਼ ਕੋਈ ਨਾ।' ਉਹਨਾਂ ਕਿਹਾ ਕਿ ਸੋਲ੍ਹਾਂ ਵਰ੍ ?ਆਂ ਦਾ ਸਰਾਭਾ ਸਾਲ 1912 ਵਿੱਚ ਇੱਕ ਕੌਮਾਂਤਰੀ ਵਿਦਿਆਰਥੀ ਵਜੋਂ ਅਮਰੀਕਾ ਦੀ ਯੂਨੀਵਰਸਿਟੀ ਵਿੱਚ ਦਾਖਲ ਹੋਇਆ ਸੀ। ਵਿਦੇਸ਼ੀ ਸਰਕਾਰਾਂ ਦੀਆਂ ਧੱਕੇਸ਼ਾਹੀਆਂ ਤੇ ਭਾਰਤੀ ਲੋਕਾਂ ਦੀ ਗੁਲਾਮੀ ਤੋਂ ਤੰਗ ਆ ਕੇ ਉਸਨੇ ਗਦਰ ਪਾਰਟੀ ਵਿੱਚ ਸ਼ਾਮਲ ਹੋ ਕੇ ਤੇ ਵਤਨ ਪਰਤ ਕੇ ਦੇਸ਼ ਦੇ ਲੋਕਾਂ ਦੀ ਮੁਕਤੀ ਲਈ ਸੰਘਰਸ਼ ਕੀਤਾ। ਅੱਜ ਫਿਰ ਵਿਦੇਸ਼ੀ ਤਾਕਤਾਂ ਪੂਰੀ ਮਨੁੱਖਤਾ ਨੂੰ ਜੰਗ ਤੇ ਉਜਾੜੇ ਵੱਲ ਧੱਕ ਰਹੀਆਂ ਹਨ। ਭਾਰਤ ਦੇਸ਼ ਦੇ ਹਾਕਮ ਨੌਜਵਾਨਾਂ-ਵਿਦਿਆਰਥੀਆਂ ਨੂੰ ਰੁਜ਼ਗਾਰ ਤੇ ਚੰਗਾਂ ਭਵਿੱਖ ਦੇਣ ਤੋਂ ਨਾਕਾਮਯਾਬ ਸਾਬਤ ਹੋਏ ਹਨ। ਅਜਿਹੀ ਮਰਨਾਊ ਹਾਲਤ ਵਿੱਚ ਸ਼ਹੀਦਾਂ ਦੀ ਸਪਿਰਟ ਨੂੰ ਮੁੜ ਪੈਦਾ ਕਰਨ ਦੀ ਜ਼ਰੂਰਤ ਹੈ। ਉਹਨਾਂ ਕਿਹਾ ਕਿ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 109ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ 16 ਨਵੰਬਰ 2024, ਦਿਨ ਸ਼ਨੀਵਾਰ ਨੂੰ ਬਰੈਂਪਟਨ ਦੇ ਕੈਂਸੀ ਕੈਂਬਲ ਕਮਿਊਨਿਟੀ ਸੈਂਟਰ ਵਿਖੇ ਦੁਪਹਿਰ 12 ਵਜੇ ਤੋਂ 3 ਵਜੇ ਤੱਕ 'ਕੀਤਾ ਜਾ ਰਿਹਾ ਹੈ। ਇਸ ਦੌਰਾਨ 'ਨੌਜਵਾਨ ਅਵਾਜ਼' ਮੈਗਜ਼ੀਨ ਦੇ ਸੰਪਾਦਕ ਮਨਦੀਪ ਤੇ ਭਰਾਤਰੀ ਜੱਥੇਬੰਦੀਆਂ ਦੇ ਬੁਲਾਰੇ ਆਪਣੇ ਵਿਚਾਰ ਸਾਂਝੇ ਕਰਨਗੇ।

ਉਹਨਾਂ ਕਿਹਾ ਕਿ ਬਰੈਂਪਟਨ ਨੇੜੇ ਵਸਦੇ ਕੌਮਾਂਤਰੀ ਵਿਦਿਆਰਥੀਆਂ, ਪ੍ਰਵਾਸੀ ਕਾਮਿਆਂ, ਅਗਾਂਹਵਧੂ ਭਰਾਤਰੀ ਸੰਸਥਾਵਾਂ ਤੇ ਹੋਰ ਸੁਹਿਰਦ ਲੋਕਾਂ ਨੂੰ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ।

**ਵੱਲੋਂ : ਮੌਂਟਰੀਅਲ ਯੂਥ ਸਟੂਡੈਂਟ ਆਰਗੇਨਾਈਜੇਸ਼ਨ**

**ਖੁਸ਼ਪਾਲ ਗਰੇਵਾਲ** (+1 (514) 576-4373)
**ਵਰੁਣ ਖੰਨਾ** (+1 (514) 546-8202)





Advice from someone you trust.
Sun Life
Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.



Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

# ਪੱਤਰਕਾਰ ਕੰਵਰ ਸੰਧੂ ਵੱਲੋਂ ਪੰਜਾਬ ਦੇ ਅਜੋਕੇ ਹਾਲਾਤ ਬਾਰੇ ਆਯੋਜਿਤ ਕੀਤਾ ਗਿਆ 'ਪੰਜਾਬ ਕਨਕਲੇਵ'

## ਅਮਰੀਕਾ ਤੋਂ ਆਏ ਡਾ. ਸਵੈਮਾਣ ਸਿੰਘ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਐਡਵੋਕੇਟ ਹਰਮਿੰਦਰ ਢਿੱਲੋਂ ਨਾਲ ਰਚਾਇਆ ਸੰਜੀਦਾ ਸੰਵਾਦ






ਬਰੈਂਪਟਨ, (ਡਾ. ਝੰਡ) - ਭਾਰਤ ਵਿੱਚ ਅੰਗਰੇਜ਼ੀ ਦੀਆਂ ਵੱਕਾਰੀ ਅਖ਼ਬਾਰਾਂ 'ਦ ਟ੍ਰਿਬਿਊਨ', 'ਇੰਡੀਅਨ ਐਕਸਪਰੈੱਸ' ਤੇ 'ਹਿੰਦੋਸਤਾਨ ਟਾਈਮਜ਼' ਅਖ਼ਬਾਰਾਂ ਨਾਲ ਸਮੇਂ-ਸਮੇਂ ਜੁੜੇ ਰਹੇ ਪੱਤਰਕਾਰ ਅਤੇ 'ਡੇਅ ਐਂਡ ਨਾਈਟ' ਵਰਗੇ ਅਹਿਮ ਟੀ.ਵੀ. ਪ੍ਰੋਗਰਾਮ ਦੇ ਸੰਚਾਲਕ ਉੱਘੇ ਪੱਤਰਕਾਰ ਕੰਵਰ ਸੰਧੂ ਵੱਲੋਂ ਲੰਘੇ ਸ਼ੁੱਕਰਵਾਰ 25 ਅਕਤੂਬਰ ਨੂੰ 'ਪੰਜਾਬ ਕਨਕਲੇਵ' ਦੇ ਨਾਂ ਹੇਠ ਬਰੈਂਪਟਨ ਵਿੱਚ 'ਟੈਰੇਸ ਔਨ 'ਦ ਗਰੀਨ' ਵਿਖੇ ਕਰਵਾਏ ਗਏ ਸਮਾਗ਼ਮ ਰਾਹੀਂ ਪੰਜਾਬ ਅਤੇ ਬਰੈਂਪਟਨ ਦੇ ਅਜੋਕੇ ਹਾਲਾਤ ਤੇ ਕਾਨੂੰਨੀ ਵਿਵਸਥਾ ਬਾਰੇ ਖ਼ੂਬਸੂਰਤ ਸੰਵਾਦ ਰਚਾਇਆ ਗਿਆ। ਇਸ ਵਿਚ ਅਮਰੀਕਾ ਤੋਂ ਆਏ ਹਾਰਟ-ਸਪੈਸ਼ਲਿਸਟ ਤੇ ਸਮਾਜ-ਸੇਵੀ ਡਾ. ਸਵੈਮਾਣ ਸਿੰਘ, ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਅਤੇ ਐਡਵੋਕੇਟ ਹਰਮਿੰਦਰ ਢਿੱਲੋਂ ਸ਼ਾਮਲ ਹੋਏ। ਇਸ ਦੌਰਾਨ ਕੰਵਰ ਸੰਧੂ ਵੱਲੋਂ ਕੀਤੇ ਗਏ ਸੁਆਲਾਂ ਦੇ ਜੁਆਬ ਵਿੱਚ ਉਨ੍ਹਾਂ ਵੱਲੋਂ ਆਪਣੇ ਵਿਚਾਰ ਬਾਖ਼ੂਬੀ ਪੇਸ਼ ਕੀਤੇ ਗਏ।

ਆਏ ਮਹਿਮਾਨਾਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਕੰਵਰ ਸੰਧੂ ਵੱਲੋਂ ਪੰਜਾਬ ਨੂੰ ਇਸ ਸਮੇਂ ਦਰਪੇਸ਼ ਵਿੱਤੀ ਚੁਣੌਤੀਆਂ, ਪਾਣੀ ਦੇ ਸੰਕਟ ਅਤੇ ਹੋਰ ਮਸਲਿਆਂ ਬਾਰੇ ਓਵਰ-ਹੈੱਡ ਪ੍ਰੋਜੈੱਕਟਰ ਉੱਪਰ ਵੀਡੀਓ-ਕਲਿੱਪਸ ਰਾਹੀਂ ਉਦਯੋਗਪਤੀ ਜਿੰਦਲ, ਸਾਬਕਾ ਆਈ.ਏ.ਐੱਸ. ਅਫ਼ਸਰ ਕਾਹਨ ਸਿੰਘ ਪੰਨੂੰ, ਪੰਜਾਬੀ ਫ਼ਿਲਮ ਐਕਟਰ ਤੇ ਡਾਇਰੈੱਕਟਰ ਅਮਿਤੋਜ ਮਾਨ ਅਤੇ ਡਾ. ਰਣਜੀਤ ਸਿੰਘ ਘੁੰਮਣ ਨਾਲ ਵੱਖ-ਵੱਖ ਸਮੇਂ ਹੋਈ ਗੱਲਬਾਤ ਦੇ ਅੰਸ਼ ਪੇਸ਼ ਕੀਤੇ ਗਏ। ਪੰਜਾਬ ਵਿਚ ਅਜਾਈਂ ਜਾ ਰਹੀਆਂ ਜਾਨਾਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਕਰਜ਼ੇ ਹੇਠ ਆ ਕੇ ਹਜ਼ਾਰਾਂ ਕਿਸਾਨ ਆਤਮ-ਹੱਤਿਆ ਕਰ ਚੁੱਕੇ ਹਨ ਅਤੇ ਇਹ ਸਿਲਸਲਾ ਅਜੇ ਵੀ ਉਂਜ ਹੀ ਜਾਰੀ ਹੈ । ਪੰਜਾਬ ਵਿੱਚ ਨਸ਼ਾ ਰੋਕੂ ਮੁਹਿੰਮ ਨਾਲ ਜੁੜੇ ਮੋਹਨ ਸ਼ਰਮਾ ਨਾਲ ਕੀਤੀ ਗਈ ਗੱਲਬਾਤ ਦੇ ਹਵਾਲੇ ਨਾਲ ਉਨ੍ਹਾਂ ਕਿਹਾ ਕਿ ਮਾਲਵੇ ਵਿਚ 61% ਅਤੇ ਮਾਝੇ ਵਿੱਚ 80% ਲੋਕ ਨਸ਼ੇ ਦੇ ਆਦੀ ਹਨ। ਉਨ੍ਹਾਂ ਕਿਹਾ ਕਿ ਖੇਤੀ ਲਈ ਮੁਫ਼ਤ ਬਿਜਲੀ ਦੀ ਸਹੂਲਤ ਲੈਣ ਵਾਲਿਆਂ ਵਿਚ ਛੋਟੇ ਕਿਸਾਨਾਂ ਦੇ ਨਾਲ 25-25 ਟਿਊਬਵੈੱਲਾਂ ਦੇ ਮਾਲਕ ਵੀ ਸ਼ਾਮਲ ਹਨ।

ਡਾ. ਸਵੈਮਾਣ ਸਿੰਘ ਨਾਲ ਗੱਲਬਾਤ ਕਰਦੇ ਹੋਏ ਕੰਵਰ ਸੰਧੂ ਨੇ ਕਿਸਾਨ ਅੰਦੋਲਨ ਸਮੇਂ ਉਨ੍ਹਾਂ ਵੱਲੋਂ ਇਸ ਵਿੱਚ ਪਾਏ ਗਏ ਭਰਪੂਰ ਯੋਗਦਾਨ ਦੀ ਸਰਾਹਨਾ ਕਰਦਿਆਂ ਜਦੋਂ ਇਸ ਵਿਚ ਸ਼ਾਮਲ ਹੋਣ ਦੀ ਪ੍ਰੇਰਨਾ ਬਾਰੇ ਪੁੱਛਿਆ ਤਾਂ ਉਨ੍ਹਾਂ ਦੱਸਿਆ ਕਿ ਇਹ ਉਨ੍ਹਾਂ ਨੂੰ ਆਪਣੇ ਪਰਿਵਾਰਕ ਸੰਸਕਾਰਾਂ ਤੋਂ ਮਿਲੀ। ਉਨ੍ਹਾਂ ਕਿਹਾ ਕਿ ਸਿੱਖਿਆ, ਸਿਹਤ ਅਤੇ ਸੁਰੱਖਿਆ ਮਨੁੱਖ ਦੇ ਬੁਨਿਆਦੀ ਹੱਕ ਹਨ। ਵੱਡੇ-ਵੱਡੇ ਘਰਾਂ ਤੋਂ ਬਿਨਾਂ ਤਾਂ ਅਸੀਂ ਰਹਿ ਸਕਦੇ ਹਾਂ ਪਰ ਬੱਚਿਆਂ ਨੂੰ ਵਧੀਆ ਪ੍ਰਵਰਿਸ਼? ਦੇਣ ਅਤੇ ਚੰਗੇਰੀ ਸਿੱਖਿਆ ਦਿਵਾਉਣ ਬਿਨਾਂ ਸਾਡਾ ਗ਼ੁਜ਼ਾਰਾ ਨਹੀਂ ਹੈ। ਪੰਜਾਬ ਵਿਚ ਚੰਗੇਰੀ ਸਿਹਤ ਲਈ ਵਧੀਆ ਹਸਪਤਾਲਾਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਉੱਥੇ ਕਿ ਪੀ.ਜੀ.ਆਈ. ਵਰਗੇ ਤਿੰਨ-ਚਾਰ ਵੱਡੇ ਮੈਡੀਕਲ ਸੈਂਟਰਾਂ ਦੇ ਨਾਲ ਨਾਲ ਪਿੰਡਾਂ ਤੇ ਸ਼ਹਿਰਾਂ ਵਿਚ ਮੁਹੱਲਾ-ਕਲਿੱਨਿਕਾਂ ਦੀ ਬੜੀ ਲੋੜ ਹੈ, ਜਿੱਥੇ ਆਮ ਲੋਕਾਂ ਨੂੰ ਮੈਡੀਕਲ ਸਹੂਲਤਾਂ ਉਪਲੱਭਧ ਕਰਵਾਈਆਂ ਜਾਣ। ਸਰੀਰਕ ਤੰਦਰੁਸਤੀ ਵਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਸਾਨੂੰ ਸ਼ਾਮ ਸੱਤ ਤੋਂ ਪਹਿਲਾਂ ਰਾਤ ਦਾ ਖਾਣਾ ਖਾ ਲੈਣਾ ਚਾਹੀਦਾ ਹੈ ਤੇ ਫਿਰ ਉਸ ਤੋਂ ਬਾਅਦ ਪੇਟ ਨੂੰ ਖ਼ਾਲੀ ਰੱਖਣਾ ਚਾਹੀਦਾ ਹੈ।

'ਵੇਸਟ ਮੈਨੇਜਮੈਂਟ' ਬਾਰੇ ਬਰੈਂਪਟਨ ਦੇ ਡਿਪਟੀ ਮੇਅਰ ਹਰਕੀਰਤ ਸਿੰਘ ਨੂੰ ਕੰਵਰ ਸੰਧੂ ਵੱਲੋਂ ਕੀਤੇ ਗਏ ਸੁਆਲ ਦੇ ਜੁਆਬ ਵਿੱਚ ਹਰਕੀਰਤ ਸਿੰਘ ਨੇ ਦੱਸਿਆ ਕਿ ਬਰੈਂਪਟਨ ਦੇ ਕੂੜਾ-ਕਰਕਟ ਨੂੰ ਇਕੱਠਾ ਕਰਨ ਦਾ ਪ੍ਰਬੰਧ ਪੀਲ ਰੀਜਨ ਦੇ ਤਿੰਨਾਂ ਸ਼ਹਿਰਾਂ ਬਰੈਂਪਟਨ, ਮਿਸਿਸਾਗਾ ਤੇ ਕੈਲੇਡਨ ਵਿੱਚ ਕੂੜਾ-ਗੱਡੀਆਂ ਵਿਚ ਲੱਗੀਆਂ ਹੋਈਆਂ ਸਵੈਚਾਲਕ ਮਸ਼ੀਨਾਂ ਨਾਲ ਜਾਂਦਾ ਹੈ ਅਤੇ ਇਹ 'ਮੈਨੂਅਲ' ਨਹੀਂ ਹੈ। । ਇਕ ਹੋਰ ਸੁਆਲ ਦੇ ਜੁਆਬ ਵਿਚ ਉਨ੍ਹਾਂ ਕਿਹਾ ਕਿ ਬਰੈਂਪਟਨ ਵਿੱਚ ਕਾਰਾਂ ਤੇ ਹੋਰ ਵਾਹਨਾਂ ਦੀ ਚੋਰੀ ਨੂੰ ਰੋਕਣ ਅਤੇ ਇਨ੍ਹਾਂ ਨੂੰ ਬਾਹਰ ਦੂਸਰੇ ਦੇਸ਼ਾਂ ਵਿਚ ਸਮੱਗਲ ਹੋਣ ਤੋਂ ਬਚਾਉਣ ਲਈ ਵੱਖ-ਵੱਖ ਥਾਵਾਂ 'ਤੇ ਸਕੈਨਰ ਲਗਾਏ ਗਏ ਹਨ ਜਿਸ ਨਾਲ ਕਾਰ ਚੋਰੀ ਵਿਚ ਕਾਫ਼ੀ ਕਮੀ ਆਈ ਹੈ। ਉਨ੍ਹਾਂ ਨੇ ਲੋਕਾਂ ਨੂੰ ਬਰੈਂਪਟਨ ਸਿਟੀ ਵੱਲੋਂ ਸਮੇਂ-ਸਮੇਂ ਆਯੋਜਿਤ ਕੀਤੀਆਂ ਜਾਂਦੀਆਂ ਸਿਟੀ ਹਾਊਸ ਮੀਟਿੰਗਾਂ ਵਿੱਚ ਸ਼ਾਮਲ ਹੋਣ ਦੀ ਅਪੀਲ ਵੀ ਕੀਤੀ।

ਇਸ 'ਕਨਕਲੇਵ' ਤੀਸਰੇ ਬੁਲਾਰੇ ਐਡਵੋਕੇਟ ਹਰਮਿੰਦਰ ਢਿੱਲੋਂ ਨੇ ਕੰਵਰ ਸੰਧੂ ਦੇ ਸੁਆਲਾਂ ਦੇ ਜੁਆਬ ਵਿਚ ਦੱਸਿਆ ਕਿ ਕੈਨੇਡਾ ਦੇ ਕਾਨੂੰਨ ਕਾਫ਼ੀ ਸਖ਼ਤ ਹਨ ਭਾਵੇਂ ਇਨ੍ਹਾਂ ਵਿੱਚੋਂ ਬੇਸ਼ਕ ਇਨ੍ਹਾਂ ਕੁਝ ਲਚਕਦਾਰ ਵੀ ਹਨ। ਬਹੁਤ ਸਾਰੇ ਲੋਕਾਂ ਵੱਲੋਂ ਇਨ੍ਹਾਂ ਕਾਨੂੰਨਾਂ ਦੀ ਇੱਥੇ ਪਾਲਣਾ ਕੀਤੀ ਜਾਂਦੀ ਹੈ। ਸਿਰਮੌਰ ਪੰਜਾਬੀ ਕਵੀ ਸੁਰਜੀਤ ਪਾਤਰ ਦੇ ਸ਼ਿਅਰ "ਇਸ ਅਦਾਲਤ 'ਚ ਬੰਦੇ ਬਿਰਖ਼ ਹੋ ਗਏ ..."ਦੇ ਹਵਾਲੇ ਨਾਲ ਕੀਤੇ ਗਏ ਸੁਆਲ ਦੇ ਜੁਆਬ ਵਿਚ ਐਡਵੋਕੇਟ ਢਿੱਲੋਂ ਨੇ ਕਿਹਾ ਕਿ ਇੱਥੇ ਕੈਨੇਡਾ ਵਿਚ ਇਨਸਾਫ਼ ਲੈਣ ਵਿੱਚ ਭਾਰਤ ਵਾਂਗ ਬਹੁਤੀ ਦੇਰੀ ਨਹੀਂ ਹੁੰਦੀ। ਬਹੁਤ ਸਾਰੇ ਕੇਸਾਂ ਦਾ ਫ਼ੈਸਲਾ ਸਾਲ/ਡੇਢ ਸਾਲ ਦੇ ਅੰਦਰ-ਅੰਦਰ ਹੋ ਜਾਂਦਾ ਹੈ ਅਤੇ ਲੰਮੇਂ ਤੋਂ ਲੰਮਾਂ ਕੇਸ ਵੀ ਦੋ ਸਾਲ ਤੱਕ ਨਿਪਟ ਜਾਂਦਾ ਹੈ। ਬਹੁਤੇ ਕੇਸ ਤਾਂ ਅਦਾਲਤਾਂ ਵੱਲੋਂ ਛੇ ਕੁ ਮਹੀਨਿਆਂ ਵਿਚ ਹੀ ਹੱਲ ਕਰ ਲਏ ਜਾਂਦੇ ਹਨ। ਵਾਤਾਵਰਣ ਦੀ ਗੱਲ ਕਰਦਿਆਂ ਹਰਮਿੰਦਰ ਢਿੱਲੋਂ ਨੇ ਕਿਹਾ ਕਿ ਅਸੀਂ ਕੁਦਰਤ ਨੂੰ ਆਪਣਾ 'ਦੁਸ਼ ?ਮਣ' ਬਣਾ ਲਿਆ ਹੈ। ਉਸ ਦੇ ਦਿੱਤੇ ਹੋਏ 'ਵਰਦਾਨਾਂ' ਸ਼ੁੱਧ ਹਵਾ ਤੇ ਸਾਫ਼ ਪਾਣੀ ਦੀ ਅਸੀਂ ਕਦਰ ਨਹੀਂ ਪਾ ਰਹੇ। ਰੁੱਖ ਜੋ ਸਾਡੀ 'ਜੀਵਨ-ਰੇਖਾ' ਹਨ, ਦੀ ਅਹਿਮੀਅਤ ਸਾਡੀ ਸਮਝ ਤੋਂ ਬਾਹਰ ਹੁੰਦੀ ਜਾ ਰਹੀ ਹੈ। ਕੈਨੇਡਾ ਵਿਚ ਤਾਂ ਫਿਰ ਵੀ ਲੋਕੀਂ ਇਸ ਦੀ ਕੁਝ ਅਹਿਮੀਅਤ ਸਮਝਦੇ ਹਨ ਪਰ ਸਾਡੇ ਪੰਜਾਬ ਅਤੇ 'ਭਾਰਤ ਦੇਸ਼ ਮਹਾਨ' ਵਿੱਚ ਇਨ੍ਹਾਂ ਦੀ ਕਟਾਈ ਧੜਾਧੜ ਹੋ ਰਹੀ ਹੈ।

ਇਸ ਮੌਕੇ ਸੁਆਲ-ਕਰਤਾਵਾਂ ਵਿੱਚ ਸ਼ਾਮਲ ਡਾ. ਸਵੈਮਾਣ ਸਿੰਘ, ਡਾ. ਸੁਖਦੇਵ ਸਿੰਘ ਝੰਡ, ਪ੍ਰੋ. ਜਗੀਰ ਸਿੰਘ ਕਾਹਲੋਂ, ਰਾਜਿੰਦਰ ਸੈਣੀ, ਜਸਬੀਰ ਸਿੰਘ, ਐੱਮ.ਪੀ.ਪੀ. ਦੀਪਕ ਅਨੰਦ, ਬਿਲ ਬਿਲਿੰਗ, ਨਵਨੀਤ ਸ਼ਰਮਾ ਤੇ ਕਈ ਹੋਰਨਾਂ ਵੱਲੋਂ ਆਏ ਸੁਆਲਾਂ ਦੇ ਜੁਆਬ ਸਾਰੇ ਬੁਲਾਰਿਆਂ ਵੱਲੋਂ ਤਸੱਲੀ-ਪੂਰਵਕ ਦਿੱਤੇ ਗਏ। ਸਰੋਤਿਆਂ ਵਿਚ ਬਰੈਂਪਟਨ ਦੀਆਂ ਪ੍ਰਮੁਖ ਸ਼ਖ਼ਸੀਅਤਾਂ ਪ੍ਰਿੰਸੀਪਲ ਸਰਵਣ ਸਿੰਘ, ਪੂਰਨ ਸਿੰਘ ਪਾਂਧੀ, ਗੁਰਦੇਵ ਸਿੰਘ ਮਾਨ, ਗੁਰਦੇਵ ਚੌਹਾਨ, ਪ੍ਰੋ. ਪੀ.ਡੀ. ਸਿੰਗਲਾ, ਸੰਦੀਪ ਸਿੰਗਲਾ, ਹਰਜੀਤ ਸਿੰਘ ਗਿੱਲ, ਆਦਿ ਸ਼ਾਮਲ ਸਨ।

ਸਮਾਗਮ ਦੇ ਅਖ਼ੀਰ ਵੱਲ ਵੱਧਦਿਆਂ 'ਦੇਸ਼ ਭਗਤ ਸਪੋਰਟਸ ਕਲੱਬ ਬਰੈਂਪਟਨ' ਵੱਲੋਂ ਡਾ. ਸਵੈਮਾਣ ਸਿੰਘ ਨੂੰ ਖ਼ੂਬਸੂਰਤ ਯਾਦਗਾਰੀ-ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ। ਡਾ. ਸੁਖਦੇਵ ਸਿੰਘ ਝੰਡ ਵੱਲੋਂ ਉਨ੍ਹਾਂ ਨੂੰ ਆਪਣੀਆਂ ਪੁਸਤਕਾਂ 'ਸਰੋਕਾਰ ਤੇ ਸ਼ਖ਼ਸੀਅਤਾਂ' ਅਤੇ 'ਪੱਤੇ ਤੇ ਪਰਛਾਵੇਂ : ਚੌਹਾਨ ਤੋਂ ਬਰੈਂਪਟਨ' ਭੇਂਟ ਕੀਤੀ ਗਈਆਂ। ਵਰਨਣਯੋਗ ਹੈ ਕਿ ਪਹਿਲੀ ਪੁਸਤਕ ਦੇ ਸ਼ਖ਼ਸੀਅਤਾਂ ਵਾਲੇ ਦੂਸਰੇ ਭਾਗ ਵਿਚ ਇੱਕ ਆਰਟੀਕਲ "ਕਿਸਾਨ ਅੰਦੋਲਨ ਦਾ ਮਾਣ : ਡਾ. ਸਵੈਮਾਣ ਸਿੰਘ" ਵੀ ਸ਼ਾਮਲ ਹੈ। ਅਖ਼ੀਰ ਵਿਚ ਕੰਵਰ ਸੰਧੂ ਹੁਰਾਂ ਦੀ ਹਮਸਫ਼ਰ ਸਫ਼ੀਨਾ ਬਿੱਟੂ ਸੰਧੂ ਵੱਲੋਂ ਸਮਾਗ਼ਮ ਦੇ ਬੁਲਾਰਿਆਂ ਅਤੇ ਮਹਿਮਾਨਾਂ ਦਾ ਧੰਨਵਾਦ ਕੀਤਾ ਪ੍ਰਬੰਧਕਾਂ ਵੱਲੋਂ ਪਰੋਸੇ ਗਏ ਸੁਆਦਲੇ ਰਾਤ ਦੇ ਖਾਣੇ ਦਾ ਸਾਰਿਆਂ ਨੇ ਭਰਪੂਰ ਅਨੰਦ ਮਾਣਿਆਂ।

ਇਸ ਦੌਰਾਨ 'ਦੇਸ਼-ਭਗਤ ਸਪੋਰਟਸ ਕਲੱਬ ਬਰੈਂਪਟਨ' ਵੱਲੋਂ ਡਾ. ਸਵੈਮਾਣ ਸਿੰਘ ਨੂੰ ਉਨ੍ਹਾਂ ਦੀਆਂ ਸਮਾਜ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਸੁਖਦੇਵ ਸਿੰਘ ਝੰਡ ਵੱਲੋਂ ਉਨ੍ਹਾਂ ਨੂੰ ਆਪਣੀਆਂ ਦੋ ਪੁਸਤਕਾਂ 'ਸਰੋਕਾਰ ਤੇ ਸ਼ਖ਼ਸੀਅਤਾਂ' ਅਤੇ 'ਪੱਤੇ ਤੇ ਪਰਛਾਵੇਂ : ਚੌਹਾਨ ਤੋਂ ਬਰੈਂਪਟਨ ਭੇਂਟ ਕੀਤੀਆਂ ਗਈਆਂ। ਇਹ ਸੰਜੀਦਾ ਸਮਾਗ਼ਮ ਸਾਰਿਆਂ ਲਈ ਯਾਦਗਾਰੀ ਸਮਾਗ਼ਮ ਹੋ ਨਿੱਬੜਿਆ।

KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

DM TRANSPORT
ace ACI US&Canada Bonded
Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8
Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

ਕਿਤਾਬ ਸਮੀਖਿਆ

# ਔਰਤ ਦੀਆਂ ਸਮੱਸਿਆਵਾਂ ਨੂੰ ਸੇਧਤ ਕਵਿਤਾਵਾਂ ਦਾ ਸੰਗ੍ਰਹਿ 'ਕੰਧਾਂ ਦੇ ਓਹਲੇ'



ਬਲਜਿੰਦਰ ਸੰਘਾ
403-680-3212

**ਕਿਤਾਬ ਦਾ ਨਾਮ: 'ਕੰਧਾਂ ਦੇ ਓਹਲੇ'**
**ਲੇਖਿਕਾ : ਸੰਦੀਪ ਕੌਰ 'ਰੂਹਵ'**
**ਪ੍ਰਕਾਸ਼ਕ : ਅਸੰਖ ਪਬਲੀਕੇਸ਼ਨ**
**ਚਰਚਾ ਕਰਤਾ: ਬਲਜਿੰਦਰ ਸੰਘਾ**

ਇਸ ਕਿਤਾਬ ਦੀ ਚਰਚਾ ਲਈ ਲਿਖੇ ਇਸ ਲੇਖ ਦਾ ਇਹ ਵੀ ਟਾਈਟਲ ਰੱਖਿਆ ਜਾ ਸਕਦਾ ਸੀ ਕਿ 'ਮਨ ਵਿਚੋਂ ਕਾਗਜਾਂ ਤੇ ਆਏ ਜਜ਼ਬਾਤਾਂ ਦੀਆਂ ਹੂਕ ਵੰਨੀ ਕਵਿਤਾਵਾਂ ਦਾ ਕਾਵਿ ਸੰਗ੍ਰਹਿ' 'ਤੇ ਸ਼ਾਇਦ ਕਿਸੇ ਹੋਰ ਪਾਠਕ ਨੂੰ ਪੂਰੀ ਕਿਤਾਬ ਪੜ੍ਹਨ ਤੋਂ ਬਾਅਦ ਇਹ ਜਿ ?ਆਦਾ ਢੁਕਦਾ ਲੱਗੇ। ਪਰ ਜਦੋਂ ਮੈਂ ਇਸ ਕਿਤਾਬ ਦੇ 8 ਭਾਗਾਂ ਦੀਆਂ ਕਵਿਤਾਵਾਂ ਵਿਚੋਂ ਤਿੰਨ ਭਾਗ 'ਝੱਲੀਆਂ ਜਿਹੀਆਂ ਕੁੜੀਆਂ' 'ਮਸਲੇ' 'ਤਾਣਾ-ਬਾਣਾ' ਪੜ੍ਹੇ ਤਾਂ ਉਪਰੋਕਤ ਟਾਈਟਲ ਜ਼ਿਆਦਾ ਢੁਕਵਾਂ ਲੱਗਿਆ ਤੇ ਮੇਰੀ ਇਸ ਕਿਆਬ ਬਾਰੇ ਬਹੁਤੀ ਚਰਚਾ ਦਾ ਵਿਸ਼ਾ ਇਹੀ ਤਿੰਨ ਭਾਗ ਹਨ। ਦੂਸਰਾ ਇਹ ਚਰਚਾ ਪਹਿਲਾ ਹੀ ਹੈਲਨ ਸਿਕਸੂ (ਫਰੈਂਚ ਲੇਖਿਕਾ) ਦੁਆਰਾ ਕਹੇ ਜਾ ਚੁੱਕੇ ਇਹਨਾਂ ਸ਼ਬਦਾਂ ਦੇ ਅਧਾਰਿਤ ਹੈ ਕਿ 'ਔਰਤ ਨੂੰ ਮਰਦਾਂ ਦੁਆਰਾ ਬਣਾਈ ਗਈ ਦੁਨੀਆਂ ਦੇ ਘੇਰੇ ਤੋਂ ਬਾਹਰ ਆਕੇ ਆਪਣੇ ਵਿਚਾਰ ਪੇਸ਼ ਕਰਨੇ ਅਤੇ ਲਿਖਣਾ ਚਾਹੀਦਾ ਹੈ' ਤੀਸਰਾ ਕਾਰਨ ਇਹ ਹੈ ਕਿ ਕਵਿਤਾਵਾਂ ਪੜ੍ਹਕੇ ਇਹ ਮਹਿਸੂਸ ਹੋਇਆ ਕਿ ਇਹਨਾਂ ਵਿਚ ਕਵਿੱਤਰੀ ਦਾ ਕੋਈ ਵਿਚਾਰਧਾਰਕ ਰਲੇਵਾ ਨਾ ਹੋਣ ਕਰਕੇ ਇਹ ਨਾਰੀਵਾਦ ਨੂੰ ਸਮਝਣ ਲਈ ਹੋਰ ਰਾਹ ਵੀ ਪੈਦਾ ਕਰਦੀਆਂ ਹਨ।

ਕਾਵਿ ਸੰਗ੍ਰਹਿ 'ਕੰਧਾਂ ਦੇ ਓਹਲੇ' ਦੀਆਂ ਸਾਰੀਆਂ ਕਵਿਤਾਵਾਂ ਹੀ ਕੰਧਾਂ ਦੇ 5ਹਲੇ ਜਾਂ ਆਖ ਲਈਏ ਸਾਡੇ ਸਮਾਜ ਦੀਆਂ ਪ੍ਰਪਰਾਵਾਂ ਦੇ ਬਣਾਏ ਅਦਿੱਖ ਪਰ ਕਿਲੇ ਦੀਆਂ ਕੰਧਾਂ ਨਾਲੋਂ ਵੀ ਮਜਬੂਤ ਅਦਿਸਦੇ ਪਰਦਿਆਂ ਦੇ ਪਿੱਛੋਂ ਹਿੰਮਤ ਕਰਕੇ ਕਾਗਜਾਂ ਦੀ ਹਿੱਕ ਤੇ ਵਾਹੇ ਔਰਤ ਦੇ ਉਹ ਮਸਲੇ ਹਨ ਜੋ ਆਰਥਿਕ, ਰਾਜਨੀਤਕ ਤੇ ਕਾਨੂੰਨੀ ਬਰਾਬਰਤਾ ਦੇ ਮਸਲੇ ਜੇਕਰ ਇਹ ਮੰਨ ਲਈਏ ਕਿ ਸੌ ਪ੍ਰਤੀਸ਼ਤ ਹੱਲ ਹੋ ਗਏ ਹਨ ਤਾਂ ਵੀ ਇਸ ਕਾਵਿ ਸੰਗ੍ਰਹਿ ਨੂੰ ਪੜ੍ਹਦਿਆਂ, ਮਹਿਸੂਸ ਕਰਦਿਆਂ ਤੇ ਸਮਝਦਿਆਂ ਲੱਗਦਾ ਹੈ ਕਿ ਔਰਤ ਦੀਆਂ ਸਮਾਜਿਕ ਖੁੱਲਾਂ ਦੇ ਮਸਲੇ ਅਜੇ ਵੀ ਉਵੇਂ ਹੀ ਬਰਕਰਾਰ ਹਨ ਅਤੇ ਉਹ ਰਵਾਇਤਾਂ ਵਿਚ ਘਿਰੀ ਹੋਈ ਹੈ। ਕਵਿਤਾਵਾਂ ਪੜ੍ਹਕੇ ਮਹਿਸੂਸ ਹੁੰਦਾ ਹੈ ਨਾਰੀਵਾਦ ਔਰਤ ਦੇ ਮਸਲਿਆਂ ਦਾ ਜੋ ਮੁਲਾਂਕਣ ਹੁਣ ਤੱਕ ਕਰ ਚੁੱਕਾ ਹੈ ਇਹ ਕਾਵਿ-ਸੰਗ੍ਰਿਹ ਦੀਆਂ ਲਿਖਤਾਂ ਇੱਕ ਖਿੱਤੇ ਦੇ ਸਰੋਕਾਰ ਸਮਝਣ ਵਿਚ ਸਹਾਈ ਹੋਰ ਸਹਾਈ ਹੋ ਸਕਦੀਆਂ ਹਨ। ਕਿਉਂਕਿ ਇਸ ਕਿਤਾਬ ਦੀਆਂ ਲਿਖ਼ਤਾਂ ਵਿਚ ਉਹ ਅੰਸ਼ ਮੌਜੂਦ ਹੈ ਜਦੋਂ ਔਰਤ ਸਮਾਜ ਦੇ ਜਾਂ ਮਰਦ ਪ੍ਰਧਾਨ ਸਮਾਜ ਦੇ ਬਣਾਏ ਲਿਖਣ ਦਾਇਰੇ ਦੇ ਰਿੰਗ ਵਿਚੋਂ ਬਾਹਰ ਆਕੇ ਕਲਮ ਚੁੱਕਦੀ ਹੈ।

ਸਾਡੇ ਮਰਦ ਪ੍ਰਧਾਨ ਸਮਾਜ ਨੇ ਕੁੜੀਆਂ ਨੂੰ ਹੀ ਬਾਬਲ ਦੀ ਪੱਗ ਤੇ ਘਰ ਦੀ ਇੱਜ਼ਤ ਦਾ ਸਾਰਾ ਭਾਰ ਚੁਕਾਇਆ ਹੋਇਆ ਹੈ। ਉਹਨਾਂ ਦੇ ਬਹੁਤੇ ਚਾਅ-ਮਲਾਰ ਇਸ ਭਾਰ ਥੱਲੇ ਹੀ ਦੱਬਕੇ ਮਰ ਜਾਂਦੇ ਹਨ। ਇਸ ਕਾਵਿ-ਸੰਗ੍ਰਹਿ ਦੀਆਂ ਕਵਿਾਤਵਾਂ ਰਾਹੀਂ ਸਮਝੀਏ ਤਾਂ ਕਵਿਤਾ 'ਮੋਹੱਬਤ ਦੇ ਸਬੂਤ' ਵਿਚ ਕਵਿੱਤਰੀ ਦੇ ਬੋਲ-

**ਤੂੰ ਮਰਦ ਸੀ**
**ਮੋਹੱਬਤ ਸਾਬਿਤ ਕਰਨ ਲਈ**
**ਤੂੰ ਰਾਂਝਾ ਬਣਿਆ**
**ਫ਼ਕੀਰ ਹੋਇਆ**
**ਕਿਉਂਕਿ ਤੰ ਦੁਨੀਆਂ ਦੇ**
**ਬੰਧਨਾਂ, ਰਿਵਾਜ਼ਾਂ ਤੋਂ ਬਾਹਰ ਸੀ**
**ਮੈਂ ਕੁੜੀ ਸੀ**
**ਮੋਹੱਬਤ ਸਾਬਿਤ ਕਰਨ ਲਈ**
**ਚਾਹ ਕੇ ਵੀ ਮੈਂ**
**ਘਰ ਨਹੀਂ ਛੱਡ ਸਕੀ**
**ਕਿਉਂਕਿ ਮੇਰੇ ਮੋਢਿਆਂ 'ਤੇ**
**ਘਰ ਦੀ ਇੱਜ਼ਤ ਦਾ ਭਾਰ ਸੀ**

ਬਹੁਤ ਕੁਝ ਬਦਲ ਗਿਆ ਹੈ ਅਤੇ ਬਦਲ ਰਿਹਾ ਹੈ। ਪਰ ਸਾਡਾ ਸਮਾਜ ਅਜੇ ਵੀ ਔਰਤ ਦਾ ਚਰਿੱਤਰ ਉਹਦੇ ਪਹਿਰਾਵੇ ਨਾਲ ਜੋੜਕੇ ਹੀ ਦੇਖਦਾ ਹੈ। ਕਵਿਤਾ 'ਪਹਿਰਾਵਾ' ਵਿਚ ਸਦੀਆਂ ਦੇ ਔਰਤ ਦੇ ਦਰਦ ਦੀ ਚੀਸ ਹੈ ਮਾਂ ਤੋਂ ਧੀ ਤੇ ਉਸ ਤੋਂ ਅੱਗੇ ਉਹਦੀ ਧੀ। ਚਾਹੇ ਦੇਸ਼ ਤੋਂ ਵਿਦੇਸ਼ ਤੱਕ ਦਾ ਸਫ਼ਰ ਤਹਿ ਹੋ ਚੁੱਕਾ ਹੈ। ਸਾਡਾ ਰਹਿਣ-ਸਹਿਣ, ਖਾਣ-ਪੀਣ, ਪਹਿਨਣ ਵੀ ਮੋਕਲਾ ਹੋਇਆ ਹੈ ਪਰ ਸਾਡੇ ਪੰਜਾਬੀ ਸਮਾਜ ਦਾ ਬਹੁਤਾ ਵਰਗ ਅਜਿਹਾ ਹੈ ਜਿਸ ਵਿਚ ਔਰਤ ਨੂੰ ਅਜੇ ਵੀ ਨਾਰੀਵਾਦ ਦੇ ਪਹਿਲੇ ਦੌਰ ਦੀਆਂ ਸਮੱਸਿਆਵਾਂ ਅਤੇ ਪਰੰਪਰਾਵਾਂ ਨਾਲ ਜੂਝਣਾ ਪੈ ਰਿਹਾ ਹੈ ਜੋ ਅਠਾਰਵੀਂ ਸਦੀ ਤੋਂ ਵੀਹਵੀਂ ਸਦੀ ਤੱਕ ਅੱਪੜਦਿਆਂ ਕਨੇਡਾ-ਅਮਰੀਕਾ ਵਰਗੇ ਦੇਸ਼ਾਂ ਦੇ ਸਥਾਨਿਕ ਲੋਕਾਂ ਵਿਚ ਤਾਂ ਵੇਲਾ-ਵਿਆਹ ਚੁੱਕੀਆ ਹਨ ਪਰ ਇਹਨਾਂ ਦੇਸ਼ਾਂ ਵਿਚ ਵੱਸਦੇ ਅਸੀਂ ਅਜੇ ਵੀ ਇਹਨਾਂ ਵਿਚ ਬੱਝੇ ਹਾਂ। 'ਪਹਿਰਾਵਾ' ਕਵਿਤਾ ਦੀਆਂ ਕੁਝ ਲਾਇਨਾਂ-


**ਯੁੱਗ ਪਲਟਦੇ ਨੇ।**
**ਸਦੀਆਂ ਅਗ੍ਹਾਂ ਹੀ ਨੂੰ ਤੁਰਦੀਆਂ ਨੇ**
-

**ਵਰ੍ਹਿਆਂ ਦੇ ਵਰ੍ਹੇ ਬੀਤਣ ਤੇ ਵੀ ਸਾਡੀਆਂ**
**ਸੋਚਾਂ ਇਕੋ ਥਾਂ ਜੰਮ ਕੇ ਖੜੀਆਂ ਨੇ**
**ਹਰ ਸਦੀ 'ਚ ਕੁੜੀਆਂ ਦੇ ਪਹਿਰਾਵੇ ਤੋਂ ਉਹਨਾਂ**
**ਦੇ ਚਰਿੱਤਰ ਦੇ ਲੱਖਣ ਲੱਗਦੇ ਸੀ**
**ਅਜੇ ਵੀ ਉਂਗਲਾਂ ਓਠਦੀਆਂ ਨੇ,**
**ਤੇ ਹਮੇਸ਼ਾਂ ਦੀ ਤਰ੍ਹਾਂ! ਕੁੜੀਆਂ ਦੇ ਲੀੜੇ**
**ਪਾਉਣ-ਹੰਢਾਉਣ ਦੇ ਚਾਅ**
**ਸੰਦੂਖਾਂ, ਪੇਟੀਆਂ। ਅਲਮਾਰੀਆਂ 'ਚ ਇਹ ਹੀ**
**ਦਫ਼ਨ ਹੁੰਦੇ ਰਹਿਣਗੇ**

ਕਵਿਤਾਵਾਂ ਵਿਚ ਜਿੱਥੇ ਸਮਾਜ ਦੇ ਔਰਤ ਨੂੰ ਰੂੜ੍ਹੀਵਾਦੀ ਪਰੰਪਰਾਵਾਂ ਰਾਹੀਂ ਦਿੱਤੇ ਮਾਨਸਿਕ ਤਣਾਓ ਅਤੇ ਖ਼ਾਹਿਸ਼ਾ ਦੇ ਘਾਣ ਦਾ ਦਰਦ ਹੈ ਉੱਥੇ ਹੀ ਰੂੜ੍ਹੀਵਾਦੀ ਪਰੰਪਰਾਵਾਂ ਦੇ ਜਲਦੀ ਹੀ ਟੁੱਟਣ ਦੇ ਸਬੰਧ ਵਿਚ ਆਸ਼ਾਵਾਦੀ ਸੋਚ ਵੀ ਹੈ। ਇਹ ਸੋਚ ਘਰ ਤੋਂ ਸ਼ੁਰੂ ਹੁੰਦੀ ਹੈ ਅਤੇ ਕੁੜੀਆਂ ਦੇ ਹੌਸਲੇ ਅਤੇ ਆਤਮ-ਵਿਸ਼ਵਾਸ਼ ਨੂੰ ਮਜ਼ਬੂਤ ਕਰਦੀ ਹੈ। ਜਿਵੇਂ 'ਕੁੜੀਆਂ ਤੇ ਕਵਿਤਾਵਾਂ ਹੁੰਦੀਆਂ' ਵਿਚ ਬਾਪ, ਰਿਸ਼ਤੇਦਾਰ, ਅਵਾਰਾ ਆਸ਼ਕ ਕਿਸਮ ਦੇ ਮਰਦ, ਆਂਢਣਾ-ਗੁਆਂਢਣਾਂ ਰੂੜ੍ਹੀਵਾਦੀ ਪ੍ਰੰਪਰਾਵਾਂ ਦੇ ਚਿੰਨ੍ਹ ਹਨ ਜੋ ਕਿਸੇ ਨਾ ਕਿਸੇ ਘੂਰ, ਤੌਹਮਤ ਜਾਂ ਮੱਤ ਰਾਹੀਂ ਇਹ ਕਹਿੰਦੇ ਹਨ ਕਿ ਚੰਗੀਆਂ ਕੁੜੀਆਂ ਉਹ ਹੁੰਦੀਆਂ ਹਨ, ਜੋ ਸਮਾਜ ਦੇ ਬਣਾਏ ਘੇਰੇ ਦੇ ਵਿਚ ਰਹਿਕੇ ਜੀਵਨ ਪੂਰਾ ਕਰਦੀਆਂ ਹਨ। ਉਹਨਾਂ ਦੀ ਆਪਣੀ ਮਰਜ਼ੀ, ਖਹਿਸ਼ ਜਾਂ ਮੌਜ ਤਾਂ ਹੀ ਪਰਵਾਨ ਹੁੰਦੀ ਹੈ ਜੇ ਉਹ ਇਸ ਘੇਰੇ ਵਿਚ ਫਿੱਟ ਬੈਠਦੀ ਹੈ। ਪਰ ਕਵਿੱਤਰੀ ਇਹ ਕਹਿੰਦੀ ਹੈ ਕਿ ਇਹ ਰੂੜ੍ਹੀਵਾਦੀ ਪਰੰਪਰਾਵਾਂ ਦੇ ਘੇਰੇ ਜਲਦੀ ਟੁੱਟ ਸਕਦੇ ਹਨ, ਜਦੋਂ ਇੱਕ ਧੀ ਦਾ ਮਾਂ ਸਾਥ ਦਿੰਦੀ ਹੈ ਅਤੇ ਭਰਾ ਨਾਲ ਖੜ੍ਹਦਾ ਹੈ। ਕਵਿਤਰੀ ਅਨੁਸਾਰ ਪਰਿਵਾਰਕ ਰਿਸ਼ਤਿਆਂ ਦੇ ਸਹਾਰੇ ਵੀ ਰੂੜ੍ਹੀਵਾਦੀ ਪ੍ਰੰਪਰਾਵਾਂ ਟੁੱਟ ਸਕਦੀਆਂ ਹਨ। ਇਸ ਵੱਲ ਇਸ਼ਾਰਾ ਹੈ। ਇੱਥੇ ਦੋ ਤਰ੍ਹਾਂ ਦੀ ਸੋਚ ਇਸ ਕਵਿਤਾ ਬਾਰੇ ਪੈਦਾ ਹੁੰਦੀ ਹੈ ਕਿ ਔਰਤ ਦੀ ਫਿਰ ਆਵਦੀ ਕੀ ਹਸਤੀ ਹੋਈ ਜੇ ਉਹ ਭਰਾ ਦੇ ਨਾਲ ਖੜ੍ਹਨ ਨਾਲ ਜਾਂ ਮਾਂ ਦੇ ਕਹਿਣ ਤੇ ਹੀ ਅੱਗੇ ਵੱਲ ਕਦਮ ਰੱਖ ਸਕਦੀ ਹੈ। ਕੀ ਕਦੇ ਕਿਸੇ ਭਰਾ ਨੇ ਕੋਈ ਕੰਮ ਕਰਨ ਲੱਗਿਆ ਇਹ ਆਸਰਾ ਤੱਕਿਆ ਹੈ?

ਇਸ ਕਵਿਤਾ ਵਿਚ ਦੂਸਰੀ ਸੋਚ ਇਹ ਹੈ ਕਿ ਇਹ ਆਸਰਾ ਇਕ ਪਗਡੰਡੀ ਤਾਂ ਪੈਦਾ ਕਰਦਾ ਹੈ ਜੋ ਰਾਹ ਬਣ ਸਕਦੀ ਹੈ ਚਾਹੇ ਹੌਲੀ ਹੀ ਸਹੀ। ਇਸ ਤਰ੍ਹਾਂ ਇਸ ਅਧਾਰ ਤੇ ਨਾਰੀਵਾਦ ਨੂੰ ਹੋਰ ਡੂੰਘੇਰਾ ਸਮਝਣ ਲਈ ਇਸ ਕਵਿਤਾ ਦੇ ਅਧਾਰ ਤੇ ਪੈਦਾ ਹੋਏ ਰਹਿਮਵਾਦੀ ਨਾਰੀਵਾਦ ਰਾਹੀ ਔਰਤ ਦੇ ਮਸਲੇ ਸਮਝਣ ਦੀ ਗੱਲ ਕਰਨੀ ਚਾਹੀਦੀ ਹੈ। ਕਿਉਂਕਿ 'ਘਰ ਦੀ ਇੱਜ਼ਤ' 'ਆਮ ਜਿਹੀ ਕੁੜੀ' 'ਰੱਬ ਨੂੰ ਸ਼ਿਕਾਇਤਾਂ' ਵਰਗੀਆਂ ਕਵਿਤਾਵਾਂ ਮਰਦ ਪ੍ਰਧਾਨ ਸਮਾਜ ਵਿਚ ਰੂੜ੍ਹੀਵਾਦੀ ਪ੍ਰੰਪਰਾਵਾਂ ਦਾ ਸਹਾਰਾ ਲੈ ਕੇ ਪਿੱਤਰਸੱਤਾ ਰਾਹੀਂ ਔਰਤ ਦੇ ਚਾਅ ਕੁਚਲਣ ਨੂੰ ਸਮਝਣ ਅਤੇ 'ਕੁੜੀਆਂ ਤੇ ਕਵਿਤਾਵਾਂ ਹੁੰਦੀਆਂ' ਰਾਹੀਂ ਇਸਦਾ ਹੱਲ ਸ਼ੁਰੂ ਕੀਤਾ ਜਾ ਸਕਦਾ ਹੈ।

ਕਵਿਤਾ 'ਰੁੱਖੇ ਤੇ ਖੁਰਦਰੇ ਜਿਹੇ ਮਰਦ' ਵਿਚ ਜੋ ਮਰਦ ਅਤੇ ਸਮਾਜ ਦਾ ਵਿਖਿਆਨ ਕਰਦਿਆਂ ਸਿੱਟਾ ਕੱਢਿਆ ਹੈ ਉਹ ਇਹ ਹੈ ਕਿ ਔਰਤ ਦਾ ਭਲਾ ਪਰਿਵਾਰ ਵਿਚ ਰਹਿੰਦਿਆਂ ਆਪਣੀਆਂ ਚਾਹਤਾਂ ਨੂੰ ਸਿਮਟ ਕੇ ਪਰ ਮਾਨਣ ਦਾ ਮੌਕਾ ਮਿਲਣ ਤੇ ਬੰਧਨਾਂ




ਵਿਚ ਬੱਧਿਆ ਮਾਨਣ ਵਿਚ ਹੈ ਤੇ ਮੈਨੂੰ ਲੱਗਦਾ ਹੈ ਇਹ ਵੀ ਸਮਝੌਤਾਵਾਦੀ ਨਾਰੀਵਾਦ ਸਿਧਾਂਤ ਘੜਦੀ ਕਵਿਤਾ ਹੈ, ਜਾਂ ਇਸ ਵਿਚ ਪਰਿਵਾਰਕ ਸਮਝੌਤਾਵਾਦੀ ਨਾਰੀਵਾਦ ਨਾਮ ਦਾ ਇਕ ਨਵਾਂ ਭਾਗ ਬਣਾਕੇ ਵੀ ਨਾਰੀਵਾਦ ਹੋਰ ਡੂੰਘਾ ਵਿਸ਼ਲੇਸ਼ਣ ਕਰ ਸਕਦਾ ਹੈ।

ਦੂਸਰੇ ਪੱਖ ਤੋਂ ਸੋਚੀਏ ਤਾ ਚਾਹੇ ਇਹ ਮਰਦ ਪ੍ਰਧਾਨ ਸਮਾਜਕ ਵਿਵਸਥਾ ਵਿਚ ਬੱਝਿਆ ਹੈ ਪਰ ਜਿਸ ਦੇਸ਼ ਜਾਂ ਸਥਾਨ ਤੇ ਅਜੇ ਨਾਰੀਵਾਦ ਦਾ ਪਹਿਲਾ ਦੌਰ ਹੀ ਚੱਲ ਰਿਹਾ ਹੋਵੇ ਇਸ ਵਿਚ ਅੱਗੇ ਔਰਤ ਦੇ ਦੂਸਰੇ ਜਾਂ ਤੀਸਰੇ ਦੌਰ ਵਿਚ ਸ਼ਾਮਲ ਹੋਣ ਦੇ ਮੌਕੇ ਪੈਦਾ ਕਰਦਾ ਹੈ। 'ਕੁੜੀਆਂ ਤੇ ਕਵਿਤਾਵਾਂ ਹੁੰਦੀਆਂ' 'ਮਾਵਾਂ ਤੇ ਧੀਆਂ' ਕਵਿਤਾਵਾਂ ਨੂੰ ਇਸ ਕੈਟਾਗਿਰੀ ਵਿਚ ਰੱਖਕੇ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਜੋ ਪਹਿਲੀ ਨਹੀ ਤਾਂ ਔਰਤ ਦੀ ਦੂਸਰੀ ਪੀੜੀ ਤੱਕ ਜਾਕੇ ਤਾਂ ਔਰਤ ਦੀ ਹਾਲਤ ਸੰਭਾਲ ਸਕਦੀਆਂ ਹਨ। ਪਰ 'ਪਹਿਰਾਵਾ' ਕਵਿਤਾ ਵਿਚ ਇਸ ਅਧਾਰ ਤੇ ਆਸ ਦੀ ਕਿਰਨ ਔਰਤ ਵੱਲੋਂ ਤਾਂ ਬਿਕਲੁਲ ਨਹੀਂ ਹੈ ਪਰ ਸਥਾਨ ਬਦਲਣ ਨਾਲ ਸੰਭਵ ਹੈ।

ਇਸ ਕਾਵਿ ਸੰਗ੍ਰਹਿ ਦੀ ਰੈਡੀਕਲ ਨਾਰੀਵਾਦ ਦੀ ਕਵਿਤਾ 'ਬਾਗੀ' ਹੈ ਜੋ ਅਮਰੀਕਨ ਲੇਖਿਕਾ ਬੈਟੀ ਫਰੀਡਮ ਦੀ 1963 ਵਿਚ ਪ੍ਰਕਾਸ਼ਿਤ ਕਿਤਾਬ 'ਫੈਨੀਨਿਨ ਮਿਸਟਿਕ' ਦੀ ਇਸ ਵਿਚਾਧਾਰਾ ਦੀ ਵੀ ਪਰੋੜਤਾ ਕਰਦੀ ਹੈ ਕਿ ਔਰਤ ਨੂੰ ਜ਼ਿੰਦਗੀ ਦਾ ਅਨੰਦ ਮਾਨਣ ਲਈ ਰਵਾਇਤੀ ਔਰਤਾਂ ਅਤੇ ਸਮਾਜ ਦੇ ਰਵਿਾਈਤੀ ਰੰਗਾਂ-ਢੰਗਾਂ ਤੋਂ ਬਚਕੇ ਨਿਕਲਣਾ ਹੋਵੇਗਾ। ਇੱਥੇ ਬਚਕੇ ਨਿਕਲਣ ਦਾ ਅਰਥ ਇਹ ਨਹੀਂ ਕਿ ਡਰ ਜਾਣਾ ਅਤੇ ਪਾਸਾ ਵੱਟ ਲੈਣਾ ਬਲਕਿ ਉਨਾਂ ਦੀਆਂ ਰਵਿਾਇਤਾਂ ਨੂੰ ਨਿਕਾਰਨਾ ਜਾਂ ਪਰਵਾਹ ਨਾ ਕਰਨੀ ਹੈ। ਬਾਗੀ ਕਵਿਤਾ ਵਿਚ ਇਹੀ ਵਿਚਾਰ ਹਨ ਜਿਵੇ :

**ਚੁੱਲ੍ਹਾ-ਚੌਂਕਾ ਸਾਂਭਣ ਵਾਲੀ ਨੇ**
**ਜਦੋਂ ਕਲਮਾਂ ਨੂੰ ਹੱਥ ਪਾਇਆ**
**ਸਮਾਜ ਨੇ ਇਹਨਾਂ ਕੁੜੀਆਂ ਨੂੰ**
**ਸਮਾਜ ਤੋਂ ਬਾਗੀ ਠਹਿਰਾਇਆ**
-

**ਜਦੋਂ ਕੁੜੀਆਂ ਦੇ ਹੌਕਿਆ-ਹਾਵਾ ਦਾ**
**ਸ਼ੋਰ ਕਿਸੇ ਨੇ ਨਾ ਸੁਣਿਆ**
**ਓਦੋਂ ਹੀ ਫਿਰ ਕੁੜੀਆਂ ਨੇ**
**ਬਗਾਵਤ ਦਾ ਰਾਹ ਚੁਣਿਆ**

ਇਸ ਲੰਬੀ ਕਵਿਤਾ ਵਿਚ ਇਹ ਪੇਸ਼ ਕੀਤਾ ਗਿਆ ਹੈ ਕਿ ਕੁੜੀਆਂ ਨੇ ਬਾਗੀ ਹੋਣ ਦਾ ਰਾਹ ਕਦੋ ਅਤੇ ਕਿਉਂ ਅਪਣਾਇਆ? 'ਕਲਮਾਂ ਦੀ ਜ਼ੁਬਾਨ' ਕਵਿਤਾ ਵੀ ਇਸੇ ਕੈਟਾਗਿਰੀ ਦੀ ਉਤਸ਼ਾਹਿਤ ਕਰਨ ਵਾਲੀ ਕਵਿਤਾ ਹੈ।

'ਕਲਯੁਗੀ' ਕਵਿਤਾ ਪੰਜਾਬ ਵਿਚਲੀਆਂ ਪ੍ਰੰਪਰਾਵਾਂ ਜਾਂ ਖੇਤੀ ਪ੍ਰਧਾਨ ਸੂਬਾ ਹੋਣ ਅਤੇ ਪੀੜ੍ਹੀ-ਦਰ-ਪੀੜ੍ਹੀ ਜੱਦੀ ਜਾਇਦਾਦ ਦੇ ਘੇਰੇ ਵਿਚ ਰਹਿਕੇ ਸੋਚੀਏ ਤਾਂ ਭਾਵੁਕ ਕਰ ਸਕਦੀ ਹੈ ਪਰ ਸੰਸਾਰਰਿਕ ਪੱਧਰ ਮਾਰਕਸਵਾਦ ਦੀ ਧਾਰਾ ਅਨੁਸਾਰ ਬੱਚੇ ਮਾਂ-ਬਾਪ ਦੀ ਜਾਇਦਾਦ ਨਹੀਂ ਹਨ ਅਤੇ ਨਾਂ ਹੀ ਬੱਚਿਆਂ ਲਈ ਜਰੂਰੀ ਹੈ ਕਿ ਉਹ ਆਪਣਾ ਕੰਮ ਛੱਡਕੇ ਅਤੇ ਭਵਿੱਖ ਬਣਾਉਣ ਦਾ ਸਮਾਂ ਬੁੱਢੇ ਮਾਪਿਆਂ ਦੀ ਸਾਂਭ-ਸੰਭਾਲ ਵਿਚ ਲਗਾ ਦੇਣ। ਸਹੀ ਵੀ ਲੱਗਦਾ ਹੈ ਕਿ ਜੇਕਰ ਸਾਰੀ ਨੌਜਵਾਨ ਪੀੜ੍ਹੀ ਸਰਬਣ ਪੁੱਤ ਬਣਕੇ ਬੁੱਢਿਆਂ ਦੀਆਂ ਵਹਿਗੀਆਂ ਚੱਕਕੇ ਤੀਰਥਾਂ ਤੇ ਤੁਰੀ ਫਿਰੇ ਤਾਂ ਦੇਸ਼ ਵਿਚ ਕਾਮਾ ਕਿਹੜਾ ਹੋਵੇਗਾ। ਮਾਂ-ਬਾਪ ਨੂੰ ਬੁਢਾਪੇ ਵਿਚ ਨਾ ਸਾਂਭਣ ਵਾਲੇ ਬੱਚੇ ਇਸ ਕਵਿਤਾ ਅਨੁਸਾਰ 'ਕਲਯੁਗੀ' ਹਨ ਜੋ ਕਿ ਇਕ ਗਾਹਲ ਦੇ ਤੌਰ ਤੇ ਸਾਡੇ ਸੱਭਿਅਕ ਸਮਾਜ ਵਿਚ ਵਰਤਿਆ ਜਾਂਦਾ ਸ਼ਬਦ ਹੈ। ਪਰ ਮਾਰਕਸਵਾਦ ਕਹਿੰਦਾ ਹੈ ਕਿ ਬੱਚੇ ਦੇਸ਼ ਦਾ ਧਨ ਹਨ ਉਹਨਾਂ ਨੂੰ ਸਹੀ ਇਨਸਾਨ ਅਤੇ ਕਾਮੇ ਬਣਾਉਣਾ ਸਰਕਾਰਾਂ ਦਾ ਕੰਮ ਹੈ। ਜਵਾਨ ਤਬਕਾ ਕੰਮ ਕਰੇ ਅਤੇ ਬੁਢਾਪੇ ਵਿਚ ਆਰਥਿਕ ਲੋੜਾਂ ਲਈ ਪੈਨਸ਼ਨ, ਸਾਂਭ-ਸੰਭਾਲ ਲਈ ਬਿਰਧ ਘਰ ਅਤੇ ਸਿਹਤ-ਸਹੂਲਤਾਂ ਸਰਕਾਰਾਂ ਦਾ ਕੰਮ ਹੈ। ਸਾਰੇ ਬਜ਼ੁਰਗ ਆਪਣੇ ਹਮ ਉਮਰਾਂ ਵਿਚ ਰਹਿਣ ਅਤੇ ਵਧੀਆਂ ਅਰਾਮਦਿਕ ਬੁਢਾਪਾ ਗੁਜ਼ਾਰਨ।

ਪਰ ਦੂਸਰੇ ਪਾਸੇ ਪੂੰਜੀਵਾਦ ਵਿਚ ਇਹੀ ਧਾਰਨਾਂ ਹੈ ਪਰ ਮੁਨਾਫ਼ੇ ਦੇ ਅਧਾਰਤ ਹੈ। ਪਰ ਮੁਨਾਫ਼ੇ ਦੇ ਅਧਾਰਤਿ ਹੋਣ ਦੇ ਬਾਵਜੂਦ ਵੀ ਵਿਕਸਤ ਦੇਸ਼ਾਂ ਦੇ ਬਜ਼ੁ ?ਰਗ ਇਹਨਾਂ ਵਿਚ ਰਹਿਣਾ ਪਸੰਦ ਕਰਦੇ ਹਨ ਕਿਉਂਕਿ ਇਕ ਪੂਰਾ ਸਹੀ ਸਿਸਟਮ, ਸਹੂਲਤਾਂ ਹਨ।

ਇਸਦੇ ਕਾਨੂੰਨੀ ਪੱਖ ਜਿਸ ਬਾਰੇ ਉੱਪਰ ਲਿਖਿਆ ਹੈ ਕਿ ਸਾਡੇ ਦੇਸ਼ ਦੇ ਕਾਨੂੰਨ ਅਨੁਸਰ ਮਾਂ-ਬਾਪ ਦੀ ਜਾਇਦਾਦ ਉਹਨਾਂ ਦੇ ਮਰਨ ਉਪਰੰਤ ਬੱਚਿਆਂ ਦੀ ਹੋ ਜਾਂਦੀ ਹੈ ਅਤੇ ਜਾਇਦਾਦ ਦੇ ਨਾਲ ਹੀ ਇਕ ਨੈਤਿਕ ਜ਼ਿੰਮੇਵਾਰੀ ਜਨਮ ਲੈਂਦੀ ਹੈ ਕਿ ਬੁਢਾਪੇ ਵਿਚ ਮਾਪਿਆਂ ਦੀ ਸੇਵਾ ਅਤੇ ਸਾਂਭ-ਸੰਭਾਲ ਬੱਚੇ ਕਰਨੀ। ਪਰ ਕਈ ਵਾਰ ਮਾਪੇ ਉਨ੍ਹੇ ਦੀ ਤਾਂ ਜਾਇਦਾਦ ਨਹੀ ਛੱਡਕੇ ਜਾਂਦੇ ਜਿੰਨਾ ਖਰਚਾ ਬੱਚੇ ਉਨ੍ਹਾਂ ਦੀ ਬਿਮਾਰੀ ਅਤੇ ਸੰਭਾਲ ਤੇ ਲਗਾ ਦਿੰਦੇ ਹਨ। ਭਾਰਤ ਵਿਚ ਇਹ ਨਿੱਤ ਦਿਨ ਦੀਆਂ ਸ਼ੋਸਲ ਮੀਡੀਏ ਤੇ ਸੈਂਕੜੇ ਖਬਰਾਂ ਹਨ ਕਿ ਕਲਯੁਗੀ ਬੇਟਾ ਆਪਣੇ ਬਿਰਧ ਮਾਂ ਜਾਂ ਬਾਪ ਨੂੰ ਕਿਸੇ ਆਸ਼ਰਮ ਜਾਂ ਸੜਕ ਕੰਢੇ ਲਵਾਰਿਸ ਛੱਡ ਗਿਆ। ਪਰ ਵਿਕਸਤ ਦੇਸ਼ਾਂ ਵਿਚ ਮਾਂ-ਬਾਪ ਦੀ ਜਾਇਦਾਦ ਉਹਨਾਂ ਦੀ ਆਪਣੀ ਹੈ ਅਤੇ ਉਹ ਆਪਣੇ ਬੁਢਾਪੇ ਲਈ ਅਡਵਾਂਸ ਵਿਚ ਦਵਾਈਆਂ ਦੀਆਂ, ਕੇਅਰਵਿਸਟ ਹੋਮ ਦੇ ਖ਼ਰਚੇ ਦੀਆਂ, ਬਲਕਿ ਮਰਨ ਉਪਰੰਤ ਆਖ਼ਰੀ ਕਿਰਿਆ-ਕਰਮ ਦੇ ਖ਼ਰਚੇ ਤੱਕ ਦੀਆਂ ਇੰਸ਼ੋਰੈਸ ਪਾਲਸੀਆਂ ਹੱਡ ਪੈਰ ਚੱਲਦੇ ਹੀ ਲੈਕੇ ਫ਼ਰੀ ਕਰ ਲੈਂਦੇ ਹਨ। ਇਕ ਵਧੀਆ ਵਸੀਹਤ ਬਣਾਕੇ ਵਾਧੂ ਦੀ ਜਾਇਦਾਦ ਜੇਕਰ ਚਾਹੁੰਣ ਤਾਂ ਬੱਚਿਆਂ ਨਹੀਂ ਤਾਂ ਕਿਸੇ ਚਰਚ ਜਾਂ ਹਸਪਤਾਲ ਨੂੰ ਦਾਨ ਕਰ ਜਾਂਦੇ ਹਨ। ਕੋਈ ਬੱਚਾ ਡਾਂਗਾਂ ਚੁੱਕ-ਚੁੱਕ ਨਹੀਂ ਲੜਦਾ ਕਿ ਸਾਨੂੰ ਹਿੱਸਾ ਘੱਟ ਮਿਲਿਆ, ਬਲਕਿ ਆਪਣੇ ਦਮ ਤੇ ਬਹੁਤੇ ਆਪਣਾ ਘਰ ਬਣਾਉਂਦੇ ਹਨ ਇਸ ਕਰਕੇ ਇਹਨਾਂ ਦੇਸ਼ਾਂ ਵਿਚ ਇਸ ਤਰ੍ਹਾਂ ਦੇ ਗਾਣੇ ਨਹੀਂ ਹਨ ਕਿ ਬਾਪੂ ਤੇਰੇ ਜਾਂ ਬੇਬੇ ਤੇਰੇ ਕਰਕੇ। ਪਰ ਨੇੜੇ ਤੋਂ ਦੇਖੀਏ ਤਾਂ ਬਜ਼ੁਰਗਾਂ ਪ੍ਰਤੀ ਇਹਨਾਂ ਦਾ ਪਿਆਰ ਬਿਨਾਂ ਕਿਸੇ ਗਰਜ਼ ਤੋਂ ਹੈ ਨਾਂ ਕਿ ਸਾਡੇ ਵਾਂਗ ਬਨਵਾਟੀ। ਸਾਡੇ ਤਾਂ ਸਾਰੀ ਉਮਰ ਪਸ਼ੂਆਂ ਵਾਂਗ ਔਲਾਦ ਲਈ ਕੰਮ ਕਰਨ ਵਾਲੇ ਮਾਪੇ ਜੇਕਰ ਬੁਢਾਪੇ ਦੀਆਂ ਲੋੜਾਂ ਪੂਰੀਆਂ ਕਰਨ ਲਈ ਸਾਰੀ ਜਾਇਦਾਦ ਬੱਚਿਆਂ ਦੇ ਨਾਮ ਕਰਕੇ ਇਕ ਨਿੱਕਾ ਜਿਹਾ ਸੀਨੀਅਰ ਲੋੜਾਂ ਪੂਰੀਆਂ ਕਰਨ ਵਾਲਾ ਬਾਥਰੂਮ ਵੀ ਬਣਾਉਣ ਲਈ ਤਰਲੇ ਕਰਨ ਤਾਂ ਕੋਈ ਨਹੀਂ ਸੁਣਦਾ। ਜੇਕਰ ਬਾਪੂ ਪੈਨਸ਼ਨ ਜਾਂ ਜਾਇਦਾਦ ਦਾ ਹਿੱਸਾ ਦੇ ਦੇਵੇ ਤਾਂ ਦੇਵਤਾ, ਜੇਕਰ ਨਾਂਹ-ਨੁੱਕਰ ਕਰੇ ਤਾਂ ਕੰਜਰ ਬੁੜਾ ਸਾਡਾ ਪਰਿਵਾਰਕ ਅਤੇ ਭਾਈਚਾਰੇ ਦਾ ਪਿਆਰ ਉੱਪਰੋਂ ਵੱਡੇ ਮਹਿਲ ਵਾਂਗ ਦਿਸਦਾ ਹੈ ਪਰ ਅੰਦਰੋਂ ਪਾਥੀਆਂ ਕੱਢੇ ਗਹੀਰੇ ਵਾਂਗ ਖੋਖਲਾ ਹੈ।

ਪਹਿਲੇ 5 ਭਾਗਾਂ ਦੀਆਂ ਕਵਿਤਾਵਾਂ ਵਿਚ ਜਜ਼ਬਾਤ, ਹੇਰਵਾ ਅਤੇ ਖਿਆਲੀ ਉਡਾਰੀ ਭਾਰੂ ਹੈ, ਜੋ ਆਪਣੇ ਘਰ, ਪਰਿਵਾਰ, ਪਿੰਡ ਅਤੇ ਮਹੁੱਬਤ ਲਈ ਹੈ। ਇਕ ਔਰਤ ਦੇ ਪੱਖ ਤੋਂ ਇਹ ਹੇਰਵੇਂ ਦੀਆਂ ਕਵਿਤਵਾਂ ਦੇ ਆਵਦੇ ਅਰਥ ਹਨ, ਕਿਉਂਕਿ ਇਹਨਾਂ ਵਿਚ ਬਹੁਤ ਸੂਖਮਤਾਂ, ਸੰਜਦੀਗੀ ਅਤੇ ਜਜ਼ਬਾਤਾਂ ਦੀ ਗਹਿਰਾਈ ਹੈ। ਪਰ ਜਵਾਨ ਉਮਰ ਦਾ ਪਿਆਰ ਜਦੋਂ ਸਿਰੇ ਚੜ੍ਹ ਜਾਵੇ ਅਤੇ ਕਬੀਲਦਾਰੀ ਦੀਆਂ ਤਲਖ-ਹਕੀਕਤਾਂ ਨੂੰ ਜ਼ਿੰਦਗੀ ਸਾਮਣੇ ਤੋਂ ਟੱਕਰੇ ਤਾਂ ਇਸ ਵਿਚੋਂ ਬਹੁਤ ਕੁਝ ਉੱਡ-ਪੁੱਡ ਜਾਂਦਾ ਹੈ। ਉਹੀ ਪਿਆਰ ਦੇ ਕਿੱਸੇ ਵਧੀਆ ਲੱਗਦੇ ਹਨ ਜੋ ਪਰਵਾਨ ਨਹੀਂ ਚੜੇ। ਕਿਹਾ ਜਾਂਦਾ ਹੈ ਕਿ ਜੇਕਰ ਹੀਰ-ਰਾਂਝੇ ਦਾ ਪਿਆਰ

Contact :
Nav Gill RN BscN
587.971.0052
BEAUTY BLISS
Mediaesthetics
INSTAGRAM: BOTOXINJECTORYYC_NAV
EMAIL: NAV.BEAUTYBLISS@GMAIL.COM
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

ਪਰਵਾਨ ਚੜਦਾ ਤਾਂ ਲਾਡਲੀ ਪਲੀ ਹੀਰ ਤੋਂ ਚੁੱਲ੍ਹੇ ਤੇ ਰੋਟੀ ਸੜ ਜਾਣੀ ਸੀ ਤੇ ਵਿਆਹ ਦੇ ਚਾਅ ਲਹਿਣ ਤੋਂ ਪਿੱਛੋ ਨੱਕੋ-ਨੱਕ ਘਰ ਦੀ ਕਬੀਲਦਾਰੀ ਵਿਚ ਡੁੱਬੇ ਰਾਂਝੇ ਨੇ ਚੌਂਤਰੇ ਤੇ ਬੈਠੀ ਹੀਰ ਦੇ ਦੋ-ਤਿੰਨ ਜੜ੍ਹ ਦੇਣੀਆਂ ਸਨ, ਉਸਨੇ ਰੁੱਸਕੇ ਅਜਿਹਾ ਆਵਦੇ ਬਾਪ ਦੇ ਘਰ ਜਾਣਾ ਸੀ ਕਿ ਕੈਦੋਂ ਚਾਚਾ ਵੀ ਸਮਝੌਤਾ ਨਾ ਕਰਾ ਸਕਦਾ ਅਤੇ ਇਹ ਕਿੱਸਾ ਵੀ ਨਾ ਬਣਦਾ। ਬਾਕੀ ਸਾਨੂੰ ਐਵੇ ਵਾਧੂ ਦੇ ਪੁਰਣੇ ਘਰਾਂ, ਥਾਵਾਂ, ਪਿੰਡਾਂ, ਧਾਰਮਿਕ ਸਥਾਨਾਂ ਦੇ ਹੇਰਵੇ ਨਹੀਂ ਕਰਨੇ ਚਾਹੀਦੇ। ਅਰਬਾਂ-ਖਰਬਾਂ ਦੀ ਗਿਣਤੀ ਵਿਚ ਮਾਂ-ਬਾਪ ਬਣ-ਬਣ ਲੋਕ ਉਮਰ ਭੋਗ ਕੇ ਚਲੇ ਹਨ, ਅਸੀਂ ਵੀ ਚਲੇ ਜਾਣਾ ਹੈ। ਜੋ ਵੱਡਿਆਂ ਲਈ ਵਧੀਆ ਕਰ ਸਕਦੇ ਹਾਂ ਉਹਨਾਂ ਦੇ ਜੀਂਦੇ-ਜੀਅ ਕਰੀਏ ਤਾਂ ਕਿ ਉਹਨਾਂ ਦੇ ਉਮਰ ਭੋਗ ਕੇ ਚਲੇ ਜਾਣ ਤੇ ਸਬਰ ਕਾਇਮ ਰਹੇ ਅਤੇ ਹੇਰਵਾ ਨਾ-ਮਾਤਰ ਹੋਵੇ। ਬਾਹਲੇ ਰੋਣੇ ਅਤੇ ਹੇਰਵੇ ਉਹ ਹੀ ਕਰਦੇ ਹਨ ਜੋ ਜਿਉਂਦੇ ਜੀਅ ਉਹਨਾਂ ਰਿਸ਼ਤਿਆਂ ਤੋ ਅਵੇਸਲੇ ਰਹਿੰਦੇ ਹਨ।

'ਕਰਮਾਂ ਵਾਲੀਆਂ ਕੁੜੀਆਂ' ਕਵਿਤਾ ਵੀ ਸਾਡੇ ਸਮਾਜ ਦੀ ਬਣਤਰ ਦੇ ਅੰਦਰ ਵਿਆਹ ਕਰਵਾਕੇ ਔਰਤ ਦੇ ਸੁਖੀ ਵਸਣ ਅਤੇ ਵਧੀਆ ਜੀਵਨ ਬਤੀਤ ਕਰਨ ਦੀ ਕਵਿਤਾ ਹੈ। ਇਕ ਕੁੜੀ ਦੀ ਸੋਚ ਹੈ ਕਿ ਜੇਕਰ ਉਸ ਦਾ ਹਮਸਫ਼ਰ ਉਸ ਨਾਲ ਘਰਦਾ ਕੰਮ ਕਰਵਾਵੇ, ਮਾਂ ਦੇ ਪਿੱਛੇ ਲੱਗਕੇ ਉਸ ਨਾਲ ਨਾ ਲੜੇ, ਉਸਨੂੰ ਰਾਣੀਆਂ ਵਾਂਗ ਰੱਖੇ, ਮਹਿਬੂਬਾ ਵਾਂਗ ਚਾਹੇ। ਪਰ ਅਸਲ ਵਿਚ ਅਜਿਹਾ ਸੰਭਵ ਨਹੀਂ, ਕਿਉਂਕਿ ਰਾਣੀਆਂ ਦੇ ਜੀਵਨ ਬਾਰੇ ਵੀ ਸਾਡੀ ਬਣੀ-ਬਣਾਈ ਧਾਰਨਾ ਹੈ, ਪਰ ਅਸਲੀਅਤ ਇਹ ਹੈ ਕਿ ਰਾਜਿਆਂ ਦੇ ਜੀਵਨ ਵਿਚ ਰਾਣੀਆਂ ਦੀ ਕੋਈ ਅਹਿਮੀਅਤ ਨਹੀਂ ਸੀ, ਕਿਉਂਕਿ ਇਤਿਹਾਸ ਗਵਾਹ ਹੈ ਕਿ ਇਕ-ਇਕ ਰਾਜਾ ਸੈਂਕੜੇ ਰਾਣੀਆਂ ਰੱਖਦਾ ਸੀ। ਉਹ ਖੁਦ ਉਹਨਾਂ ਦੇ ਨਾਮ ਨਹੀਂ ਜਾਣਦੇ ਸਨ ਬਲਕਿ ਨੰਬਰਾਂ ਵਿਚ ਗਿਣਤੀ ਹੁੰਦੀ ਸੀ। ਕੁੜੀ ਹੋਣ ਤੇ ਰਾਤੋ-ਰਾਤ ਰਾਣੀ ਅਤੇ ਨਵਜੰਮ ਬੱਚੀ ਨੂੰ ਅਫ਼ੀਮ ਦੀ ਡੋਜ ਦੇ ਕੇ ਰਾਣੀਆਂ ਵਾਲੇ ਮਹਿਲ ਦੇ ਪਿੱਛੇ ਲਗਾਤਾਰ ਬਲਦੀ ਅੱਗ ਵਿਚ ਸਿੱਟ ਕੇ ਖ਼ਤਮ ਕਰ ਦਿੱਤਾ ਜਾਂਦਾ ਸੀ ਤੇ ਹੋਰ ਵੀ ਢੰਗ ਸਨ। ਉਸ ਮਹਿਲ ਦੇ ਕਮਰੇ ਵਿਚ ਉਸੇ ਨੰਬਰ ਦੀ ਕੋਈ ਹੋਣ ਰਾਣੀ ਆ ਜਾਂਦੀ ਸੀ। ਬਹੁਤੀਆਂ ਰਾਣੀ ਦਾ ਪੂਰੇ ਜੀਵਨ ਵਿਚ ਇਕ ਵਾਰ ਹੀ ਰਾਜੇ ਨਾਲ ਮੇਲ ਹੁੰਦੇ ਸਨ ਅਤੇ ਬਾਕੀ ਦੀ ਉਮਰ ਉਸ ਦੀ ਉਡੀਕ ਵਿਚ ਕੱਢਦੀਆਂ ਪਾਗਲ ਹੋ ਕੇ ਮਹਿਲ ਤੋਂ ਛਾਲ ਮਾਰਕੇ ਜਾਂ ਜਹਿਰ ਖਾਕੇ ਜਾਂ ਵੱਧ ਅਫ਼ੀਮ ਖਾਕੇ ਆਪਣਾ ਅੰਤ ਕਰ ਲੈਂਦੀਆਂ ਸਨ। ਜੇਕਰ ਇਕ ਖਿੱਤੇ ਦੀ ਔਰਤ ਵਿਆਹ ਦੇ ਬੱਧਨ ਵਿਚ ਇਸ ਕਵਿਤਵਾਂ ਵਿਚ ਪੇਸ਼ ਕੀਤੀਆਂ ਇਛਾਵਾਂ ਦੇ ਪੂਰਾ ਹੋਣ ਤੇ ਖ਼ੁਸ ਹੈ ਤਾਂ ਇਹ ਵੀ ਨਾਰੀਵਾਦ ਦੀ ਹੋਰ ਖੋਜ ਦੀ ਵਿਸ਼ਾ ਹੈ। ਕਿਉਂਕਿ ਮਾਰਕਸਵਾਦੀ ਨਾਰੀਵਾਦ ਸਿਧਾਂਤ ਤਾਂ ਕਹਿੰਦਾ ਹੈ ਕਿ ਔਰਤ ਦੀ ਖੁਸ਼ੀ ਅਤੇ ਬਰਾਬਰਤਾ ਵਿਚ ਆਰਥਿਕ ਬਰਾਬਰੀ ਵੱਡਾ ਰੋਲ ਅਦਾ ਕਰ ਸਕਦੀ ਹੈ ਅਤੇ ਦੂਸਰਾ ਉਪਰੋਤਕ ਕਵਿਤਾ ਵਿਚਲੀ ਵਿਆਹ ਦੀ ਸੰਸਥਾ ਵਿਚ ਬਦਲ ਦੀ ਗੱਲ ਕਰਦਾ ਹੈ ਕਿ ਅਜੇ ਵੀ ਔਰਤ ਵਿਆਹ ਕਰਾਉਣ, ਬੱਚੇ ਪੈਦਾ ਕਰਨ ਅਤੇ ਉਹਨਾਂ ਦੀ ਸਾਂਭ-ਸੰਭਾਲ ਵਿਚ ਹੀ ਜ਼ਿੰਦਗੀ ਲੰਘਾ ਰਹੀ ਹੈ। ਮਾਕਸਵਾਦ ਵਿਚ ਬੱਚਿਆਂ ਦੀ ਪੜਾਈ ਅਤੇ ਉਹਨਾਂ ਨੂੰ ਸਹੀ ਮਨੁੱਖ ਬਣਾਉਣ ਵਿਚ ਸਾਂਝੇ ਸਮਾਜ ਅਤੇ ਸਕਰਾਰ ਦਾ ਰੋਲ ਜ਼ਿਆਦਾ ਹੈ ਤਾਂ ਕਿ ਔਰਤ ਇਹਨਾਂ ਬੋਝਾ ਥੱਲੇ ਹੀ ਨਾ ਨੱਪੀ ਰਹੇ। ਇਸ ਕਵਿਤਾ ਵਿਚ ਵੀ ਪਰਿਵਾਰਕ ਸਮਝੌਤਾਵਾਦੀ ਨਾਰੀਵਾਦ ਦੇ ਸਬੰਧ ਵਿਚ ਸੋਚ-ਵਿਚਾਰ ਦੀ ਧਾਰਣਾ ਪੈਦਾ ਹੁੰਦੀ ਹੈ।

ਆਸ ਹੈ ਕਿ ਕਵਿੱਤਰੀ ਸੰਦੀਪ ਕੌਰ 'ਰੂਹਵ' ਦੀ ਕਲਮ ਆਉਣ ਵਾਲੇ ਸਮੇਂ ਵਿਚ ਰੋਕਾਂ-ਟੋਕਾਂ, ਜਾਤਾਂ, ਗਲਤ ਧਾਰਮਿਕ ਪਖੰਡਾਂ ਨੂੰ ਨੰਗੇ ਕਰਨ ਅਤੇ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਨੂੰ ਗਲਤ ਕਹਿੰਦਿਆਂ ਮਾਰਕਸਵਾਦੀ ਵਿਚਾਰਾਂ ਰਾਹੀਂ ਸਮਾਜ ਨੂੰ ਸਭ ਦੇ ਰਹਿਣ ਲਈ ਬਰਾਬਰ ਦਾ ਬਣਾਉਣ ਉੱਪਰ ਕੰਮ ਕਰੇਗੀ। ਉਹਨਾਂ ਦੇ ਇਸ ਸੂਖ਼ਮ ਅਤੇ ਸੰਜੀਦਾ ਕਵਿਤਾਵਾਂ ਵਾਲੇ ਕਾਵਿ-ਸੰਗ੍ਰਹਿ 'ਕੰਧਾਂ ਦੇ ਓਹਲੇ' ਨੂੰ ਸਾਹਿਤਕ ਜਗਤ ਵਿਚ ਜੀ ਆਇਆ।

# ਔਰਤਾਂ ਐਵੇ ਤਾਂ ਨਹੀਂ, ਉਮਰ ਛੁਪਾਉਂਦੀਆਂ


ਕਮਲ ਬਠਿੰਡਾ
9463023100

ਹਾਂ ਜੀ ਬਿਲਕੁਲ! ਔਰਤਾਂ ਐਵੇਂ ਨਹੀਂ ਉਮਰ ਛੁਪਾਉਂਦੀਆਂ, ਇਹਦੇ ਪਿੱਛੇ ਬੜੇ ਦਰਦ ਛੁਪੇ ਹਨ, ਜਿਨ੍ਹਾਂ ਨੂੰ ਜਾਨਣ ਸਮਝਣ ਦੀ ਬੇਹੱਦ ਲੋੜ ਹੈ ਕਿਉਂਕਿ ਉਨ੍ਹਾਂ ਦੀ ਉਮਰ ਨੂੰ ਲੈ ਕੇ ਬੜੇ ਚੁਟਕਲੇ ਘੜੇ ਜਾਂਦੇ ਐ, ਚਟਕਾਰੇ ਲਗਾਏ ਜਾਂਦੇ ਐ, ਵਿਅੰਗ ਕਸੇ ਜਾਂਦੇ ਐ, ਤੀਰ ਸਿੰਨੇ ਜਾਂਦੇ ਐ।

ਆਪਾਂ ਸੋਚੀਏ ਭਲਾ ਔਰਤ ਦੀ ਜਿੰਦਗੀ ਦਾ ਕਿਹੜਾ ਪੜਾਅ ਐ, ਜਿਹਦੇ ਵਿੱਚ ਉਹ ਆਪਣੀ ਮਰਜ਼ੀ ਪੁਗਾ ਸਕਦੀ ਐ, ਆਪਣੀ ਮਰਜ਼ੀ ਨਾਲ ਖਾ ਹੰਢਾ ਸਕਦੀ ਹੈ, ਆਪਣੀ ਮਰਜ਼ੀ ਨਾਲ ਸਜ-ਧੱਜ ਸਕਦੀ ਐ, ਪਹਿਨ ਪੱਚਰ ਸਕਦੀ ਐ ਮਤਲਬ ਕਿ ਆਵਦੀ ਮਨਮਰਜ਼ੀ ਨਾਲ ਜ਼ਿੰਦਗੀ ਮਾਣ ਸਕਦੀ ਐ। ਮੇਰੀ ਜਾਚੇ ਤਾਂ ਇਹ ਉਮਰ ਦੇ ਕਿਸੇ ਪੜਾਅ ਤੇ ਵੀ ਸੰਭਵ ਨਹੀਂ ਹੁੰਦਾ, ਬੜੀ ਗ਼ਨੀਮਤ ਹੈ ਜੇ ਆਟੇ 'ਚ ਲੂਣ ਬਰਾਬਰ ਨੂੰ ਇਹ ਮੌਕੇ ਮਿਲ ਗਏ ਹੋਣਗੇ ਤਾਂ।

ਦੇਖ ਹੀ ਰਹੇ ਹਾਂ ਕਿ ਬਚਪਨ ਤੋਂ ਹੀ ਮਾਪੇ ਧੀ ਦੇ ਪਹਿਰਾਵੇ ਪ੍ਰਤੀ ਕਿੰਨੇ ਚਿੰਤਤ ਰਹਿੰਦੇ ਹਨ, ਮਾਵਾਂ ਕਦੇ ਤਰਲਾ ਕਰਕੇ ਤੇ ਕਦੇ ਝਿੜਕ ਕੇ ਧੀ ਨੂੰ ਪਹਿਰਾਵੇ ਸਬੰਧੀ ਸਮਝੌਤੀਆਂ ਦਿੰਦੀਆਂ ਨਹੀਂ ਥੱਕਦੀਆਂ, ਧੀਆਂ ਨਾ ਚਾਹੁੰਦਿਆਂ ਵੀ ਮਾਵਾਂ ਦੀਆਂ ਸਮਝੌਤੀਆਂ ਨਾਲ ਸਮਝੌਤਾ ਕਰਦੀਆਂ ਹਨ, ਇੱਕ ਗੱਲ ਹੋਰ ਮਾਵਾਂ ਇਕੱਲੇ ਪਹਿਰਾਵੇ ਪ੍ਰਤੀ ਹੀ ਫ਼ਿਕਰ ਨਾਲ ਨਹੀਂ ਸੁੱਕਦੀਆਂ, ਉਹ ਤਾਂ ਧੀਆਂ ਦੇ ਜੁਆਨ ਹੋਣ ਤੋਂ ਵੀ ਤ੍ਰਹਿੰਦੀਆਂ ਹਨ, ਜਦੋਂ ਧੀਆਂ ਦਾ ਕੱਦ-ਕਾਠ ਚੰਗਾ ਨਿਕਲਦਾ ਹੈ ਤਾਂ ਉਹਨਾਂ ਨੂੰ ਵਾਰ ਵਾਰ ਟੋਕਦੀਆਂ ਹਨ। ਇਸੇ ਕਰਕੇ ਉਹ ਨੀਵੀਂ ਜਿਹੀ ਪਾ ਕੇ ਤੁਰਦੀਆਂ ਤੁਰਦੀਆਂ ਸਦਾ ਲਈ ਕੁੱਬ ਪਾ ਲੈਂਦੀਆਂ ਹਨ ਤੇ ਮਾਂਵਾਂ ਉਨ੍ਹਾਂ ਦੇ ਕੱਦ ਕਾਠ ਕਰਕੇ ਹੀ ਸਫਾਈਆਂ ਦਿੰਦੀਆਂ ਕਹਿਣਗੀਆਂ, "ਉਈਂ ਕੱਦ ਕਰਗੀ ਉਮਰ ਤਾਂ ਇਹਦੀ ਬਹੁਤ ਛੋਟੀ ਹੈ, ਅਸਲ ਵਿੱਚ ਉਹ ਇਹ ਕਹਿ ਕੇ ਵਿਆਹ ਸਬੰਧੀ ਸਾਕ ਸੰਬੰਧੀਆਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਬੇਲੋੜੀਆਂ ਨਸੀਹਤਾਂ ਤੋਂ ਖਹਿੜਾ ਛੁਡਾਉਣਾ ਲੋਚਦੀਆਂ ਹਨ, ਜਿਹੜੀਆਂ ਨਸੀਹਤਾਂ ਹਰ ਕੋਈ ਤੁਰਿਆ ਜਾਂਦਾ ਹੀ ਦੇ ਛੱਡਦਾ ਹੈ। ਮਾਣਮੱਤੀ ਉਮਰੇ ਧੀਆਂ ਦਾ ਚਿੱਤ ਤਾਂ ਉਡਾਰੀਆਂ ਭਰਨ ਨੂੰ ਲੋਚਦੈ, ਉੱਡੂੰ ਉੱਡੂੰ ਕਰਦੈ, ਮਨ ਚਾਹਿਆ ਪਹਿਨਣ ਤੇ ਸ਼ੀਸ਼ੇ ਮੂਹਰੇ ਖੜ੍ਹ ਕੇ ਵੰਨ ਸੁਵੰਨੇ ਵਾਲਾਂ ਦੇ ਡਿਜ਼ਾਇਨ ਬਣਾਉਣ ਨੂੰ ਕਰਦੈ, ਪਰ ਦੂਜੇ ਪਾਸੇ ਸਾਰੇ ਟੱਬਰ ਦੀਆਂ ਨਜ਼ਰਾਂ ਉਹਨਾਂ ਨੂੰ ਹਰ ਵਕਤ ਘੂਰਦੀਆਂ ਰਹਿੰਦੀਆਂ ਹਨ ਅਤੇ ਉਹ ਹਰ ਇੱਕ ਦੇ ਪਹਿਰੇ ਹੇਠ ਜ਼ਿੰਦਗੀ ਜਿਉਂ ਰਹੀਆਂ ਹੁੰਦੀਆਂ ਹਨ। ਸਭ ਦੀਆਂ ਸੁਣ -ਸੁਣ ਕੇ ਅੱਕੀਆਂ ਦੇ ਮੂੰਹੋਂ ਕਈ ਵਾਰੀ ਤਾਂ ਨਿਕਲ ਹੀ ਜਾਂਦਾ ਐ, "ਸਾਹ ਲੈ ਲਈਏ ਕਿ ਨਾ ਕੋਈ ਜੁਆਬ ਨਹੀਂ ਹੁੰਦਾ ਕਿਸੇ ਕੋਲੇ ਉਨ੍ਹਾਂ ਦੇ ਇਸ ਸੁਆਲ ਦਾ।

ਮੇਰੇ ਦਫ਼ਤਰ ਦੀ ਮੁਲਾਜ਼ਮ ਨੇ ਧੀਆਂ ਤੇ ਜਮਾਏ ਰੋਹਬ ਦਾਬ ਦੀ ਸ਼ੇਖ਼ੀ ਮਾਰਦੇ ਹੋਏ ਹਰ ਕਿਸੇ ਕੋਲ ਕਹਿਣਾ, ਮੈਂ ਆਵਦੀਆਂ ਕੁੜੀਆਂ ਨੂੰ ਖੜਕਾ ਕੇ ਰੱਖਦੀ ਹਾਂ, ਬਈ ਇੱਥੇ ਮੇਰੇ ਘਰੇ ਕੋਈ ਫ਼ੈਸ਼ਨ-ਫੂਸ਼ਨ ਨਹੀਂ ਕਰਨੇ, ਆਹ ਜੀਨਾਂ-ਜੂਨਾਂ ਨਹੀਂ ਪਾਉਣੀਆਂ, ਜਦੋਂ ਵਿਆਹੀਆਂ ਗਈਆਂ ਆਵਦੇ ਘਰੇ ਜਾ ਕੇ ਕਰਿਓ ਇਹ ਸਭ ਕੁੱਝ। ਉਹਦੀਆਂ ਇਹ ਗੱਲਾਂ ਸੁਣ ਸੁਣ ਕੇ ਮੈਂ ਸੋਚਣਾ, "ਬਈ ਭਲਾ! ਜਿਸ ਘਰ ਜੰਮੀਆਂ ਜਾਈਆਂ, ਇਹ ਘਰ ਉਹਨਾਂ ਦਾ ਵੀ ਤਾਂ ਐ, ਜੇ ਇਥੇ ਖੁੱਲ੍ਹ ਨਹੀਂ ਖੇਡਣੀ, ਸਾਹ ਬੰਦ ਕਰਕੇ ਰੱਖਣੈ ਤਾਂ ਜਿਸ ਘਰ ਵਿਆਹ ਕੇ ਜਾਣਾ ਐ, ਉੱਥੇ ਕਿਵੇਂ ਖੇਡੀ ਜਾਊ, ਉੱਥੇ ਵੀ ਤਾਂ ਇਹਦੀ ਭੈਣ ਬੈਠੀ ਹੋਊ। ਮਾਪਿਆਂ ਘਰੇ ਬੰਦਿਸ਼ਾਂ ਦੀ ਤਾਂ ਬਚਪਨ ਤੋਂ ਦੇਖੀ ਇੱਕ ਜਿਉਂਦੀ ਜਾਗਦੀ ਤਸਵੀਰ ਅਜੇ ਤੱਕ ਕਦੇ ਵੀ ਮੇਰੇ ਦਿਮਾਗ 'ਚੋਂ ਮੱਧਮ ਨਹੀਂ ਪਈ,ਸਾਡੇ ਪਿੰਡ ਦੀ ਇੱਕ ਕੁੜੀ ਨੂੰ ਮੈਂ ਅਕਸਰ ਦੇਖਣਾ ਕਿ ਉਸ ਨੇ ਸਾਡੇ ਘਰ ਮੂਹਰੇ ਬਣੀ ਥੜੀ ਉੱਤੇ ਪੈਰ ਧਰਕੇ ਸਕੂਲ ਜਾਣ ਲੱਗਿਆਂ ਜੁਰਾਬਾਂ ਪਾਉਣੀਆਂ ਤੇ ਮੁੜਦਿਆਂ ਉਥੇ ਹੀ ਆ ਕੇ ਲਾਹ ਲੈਣੀਆਂ, ਜਦੋਂ ਮੈਂ ਇਸ ਸਬੰਧੀ ਆਵਦੀਆਂ ਭੈਣਾਂ ਨੂੰ ਪੁੱਛਣਾ ਤਾਂ ਉਹਨਾਂ ਨੇ ਕਹਿਣਾ ਘਰਦੇ ਪਾਉਣ ਨਹੀਂ ਦਿੰਦੇ ਹੋਣੇ, ਪਰ ਕਿਉਂ ਨੀ ਪਾਉਣ ਦਿੰਦੇ ਹੋਣੇ ਦਾ ਜੁਆਬ ਤਾਂ ਮੈਨੂੰ ਸਮੇਂ ਨੇ ਹੀ ਦਿੱਤਾ। ਇਹ ਤਾਂ ਸੀ ਪੇਕਿਆਂ ਘਰ ਮਾਣੀ 'ਆਜ਼ਾਦੀ ਦੇ ਨਜ਼ਾਰੇ', ਹੁਣ ਸਹੁਰਿਆਂ ਦੇ ਘਰੇ ਵੀ ਝਾਤ ਮਾਰ ਲੈਂਦੇ ਹਾਂ, ਜਿੱਥੇ ਕਈ ਵਾਰੀ ਤਾਂ ਸਿੱਧਾ ਹੀ ਨੂੰਹਾਂ ਨੂੰ ਸੁਣਨ ਨੂੰ ਮਿਲਦੈ, ਆਹ ਕੀ ਪਹਿਨੀ ਫਿਰਦੀ ਐ, ਢੰਗ ਦੇ ਕਪੜੇ ਪਾਇਆ ਕਰ, ਤੇਰੇ ਪੇਕਿਆਂ ਵਾਲੇ ਲੱਛਣ ਇੱਥੇ ਨਹੀਂ ਚੱਲਣੇ।" ਲਓ ਜੀ ਕਰ ਲਓ ਘਿਓ ਨੂੰ ਭਾਂਡਾ। ਬੱਸ ਧੀ ਤਾਂ ਇਹਨਾਂ ਸੋਚਾਂ ਦੀਆਂ ਤੰਦਾਂ ਨੂੰ ਹੀ ਜੋੜਦੀ ਤੋੜਦੀ ਰਹਿੰਦੀ ਐ ਕਿ ਪੇਕਿਆਂ ਦਾ ਘਰ ਆਵਦਾ ਸੀ ਜਾਂ ਆਹ ਆਵਦਾ ਐ,ਇਸ ਉਧੇੜ-ਬੁਣ 'ਚ ਫਿਰ ਇਹੀ ਬੋਲ ਉਹਨੂੰ ਸਚਾਈ ਲੱਗਦੇ ਹਨ, ਪੇਕਿਓਂ ਛੁੱਟੀ, ਸਹੁਰੀਂ ਫੱਸਗੀ, ਵਿੱਚ ਉਹੀ ਚਾਰ ਦੁਆਰੀ, ਨੀ ਜਿੰਦੇ ਮੇਰੀਏ।



ਇਹਨਾਂ ਬੰਦਿਸ਼ਾਂ ਦੀ ਲੜੀ ਤਾਉਮਰ ਹੀ ਜਾਰੀ ਰਹਿੰਦੀ ਹੈ, ਜਦੋਂ ਉਹੀ ਧੀ ਇੱਕ ਬੱਚੇ ਦੀ ਮਾਂ ਬਣ ਜਾਂਦੀ ਹੈ ਤਾਂ ਉਹਨੂੰ ਸੁਣਨ ਨੂੰ ਮਿਲਦੈ, ਜੁਆਕ ਸਾਂਭਣ ਵੱਲ ਕੋਈ ਧਿਆਨ ਕਰ ਲੈ, ਤੇਰੇ ਆਵਦੇ ਹੀ ਫੈਸ਼ਨ ਸੂਤ ਨਹੀਂ ਆਉਂਦੇ, "ਜਦੋਂ ਜੁਆਕ ਥੋੜ੍ਹੇ ਵੱਡੇ ਹੋ ਜਾਂਦੇ ਐ ਤਾਂ ਕਿਹਾ ਜਾਂਦੈ" ਹੁਣ ਇਹਨੂੰ ਫ਼ੈਸ਼ਨ ਸੁਝਦੇ ਐ, ਵੇਖ ਕਿਵੇਂ ਟੌਹਰ ਕੱਢੀ ਐ, ਜਿਵੇਂ ਸੱਜ ਵਿਆਹੀ ਹੋਵੇ। ਸੱਜ ਵਿਆਹੀ ਨੂੰ ਵੀ ਸਜਣ ਦਾ ਕਿੰਨੇ ਦਿਨ ਮੌਕਾ ਮਿਲਦੈ ਭਲਾ ਇਹ ਵੀ ਕਿਸੇ ਤੋਂ ਲੁਕਿਆ ਨਹੀਂ, ਉਹਨੂੰ ਵੀ ਤਾਂ ਉਦੋਂ ਹੀ ਚੁੱਲੇ ਚੌਂਕੇ ਦੇ ਕੰਮ ਸੈਨਤਾਂ ਮਾਰਨ ਲੱਗ ਜਾਂਦੇ ਐ।

ਬੱਸ ਇਸੇ ਤਰ੍ਹਾਂ ਸਬਰ ਜਿਹਾ ਕਰਦਿਆਂ ਕਰਦਿਆਂ, ਆਵਦੀਆਂ ਸਾਰੀਆਂ ਸੱਧਰਾਂ ਨੂੰ ਪਤਾ ਨਹੀਂ ਕਦੋ ਤੇ ਕਿਵੇਂ ਅੰਦਰੇ ਹੀ ਖਪਾ ਕੇ ਉਹੀ ਧੀ ਆਪ ਹੀ ਸੋਚਣ ਲੱਗ ਜਾਂਦੀ ਐ, ਮੇਰਾ ਤਾਂ ਕੀ ਐ ਆਹ ਜੁਆਕਾਂ ਦਾ ਕੁੱਝ ਬਣਜੇ, ਇੱਕ ਵਾਰੀ ਇਹ ਪੜ੍ਹ ਲਿਖ ਜਾਣ, ਆਵਦੇ ਪੈਰਾਂ ਸਿਰ ਖੜ੍ਹੇ ਹੋ ਜਾਣ ਫਿਰ ਜਾਨ ਸੁਖਾਲੀ ਹੋਜੂਗੀ ਫਿਰ ਪਾ ਲਿਆ ਕਰੂੰਗੀ ਮਨ-ਭਾਉਂਦਾ, ਅਜੇ ਬਥੇਰੀ ਉਮਰ ਪਈ ਐ।

ਜਦੋਂ ਕਬੀਲਦਾਰੀ ਕੁੱਝ ਸੰਭਲ ਜਾਂਦੀ ਐ, ਧੀਆਂ-ਪੁੱਤ ਵਿਆਹੁਣ ਯੋਗ ਹੋ ਜਾਂਦੇ ਹਨ ਤਾਂ ਸਮਾਜਕ ਓਝਾਂ ਤੋਂ ਜਾਣੂੰ ਹੋ ਜਾਣ ਕਰਕੇ ਉਹਨੂੰ ਆਪੇ ਹੀ ਲੱਗਣ ਲੱਗ ਜਾਂਦਾ ਐ, ਹੁਣ ਗੂੜ੍ਹੇ ਰੰਗ ਦੇ ਕਪੜੇ ਪਾ ਕੇ ਕੀ ਕਰਨੇ ਐ, ਐਵੇਂ ਕੋਈ ਕਹੂ, ਬੁੱਢੀ ਘੋੜੀ ਲਾਲ ਲਗਾਮ। ਜੇ ਪੁੱਤ ਦਾ ਵਿਆਹ ਹੋ ਜਾਵੇ ਤੇ ਮਾਂ ਸੋਹਣੇ ਮਨ-ਭਾਉਂਦੇ ਕੱਪੜੇ ਪਾ ਲਵੇ ਤਾਂ ਕੋਈ ਮੂੰਹ ਫੱਟ ਸਮਾਜਕ ਬੰਧਨਾਂ ਦੀ 'ਵੱਡੀ ਪਹਿਰੇਦਾਰ' ਤਾਂ ਕਹੇ ਬਿਨਾ ਕਿਥੇ ਰਹਿੰਦੀ ਹੈ, ਲੈ ਹੁਣ ਨੂੰਹ ਦੇ ਬਰਾਬਰ ਇਹ ਟੌਹਰ ਕੱਢ ਕੇ ਖੜ ਜਾਂਦੀ ਐ, ਇਹਨੂੰ ਹੁਣ ਜੁਆਨੀ ਚੜ੍ਹੀ ਲੱਗਦੀ ਐ, ਕਲਯੁੱਗ ਆ ਗਿਆ ਭਾਈ।ਕਈ ਵਾਰੀ ਤਾਂ ਪੁੱਤ ਦੇ ਮੂੰਹੋਂ ਵੀ ਇਹ ਸ਼ਬਦ ਸੁਣਨੇ ਪੈਂਦੇ ਐ, ਮਾਂ ਤੂੰ ਗੂੜ੍ਹੇ ਰੰਗ ਦੇ ਕੱਪੜੇ ਨਾ ਪਾਇਆ ਕਰ, ਫਿੱਕੇ-ਫਿੱਕੇ ਪਾਇਆ ਕਰ, ਹੁਣ ਤੇਰੀ ਉਮਰ ਗੂੜ੍ਹੇ ਰੰਗ ਦੇ ਕੱਪੜੇ ਪਾਉਣ ਦੀ ਨਹੀਂ ਰਹੀ।,"ਕਿੱਡਾ ਵੱਡਾ ਹੌਕਾ ਲੈ ਕੇ ਉਹ ਸਬਰ ਕਰਦੀ ਹੋਊ ਕਿ ਪਹਿਲਾਂ ਕਦੇ ਚੱਜ ਦੇ ਕੱਪੜੇ ਜੁੜੇ ਹੀ ਨਹੀਂ, ਜੇ ਹੁਣ ਸਬੱਬ ਬਣਿਆ ਸੀ ਤਾਂ ਜ਼ਿੰਦਗੀ 'ਚੋਂ ਰੰਗਾਂ ਨੂੰ ਅਲਵਿਦਾ ਕਹਿਣ ਦੀਆਂ ਨਸੀਹਤਾਂ ਮਿਲਣ ਲੱਗ ਪਈਆਂ।

ਜੇ ਕਿਤੇ ਕਿਸੇ ਔਰਤ ਦੇ ਪਤੀ ਦੀ ਮੌਤ ਜਾਂਦੀ ਹੈ ਤਾਂ ਉਹ ਉਮਰ ਦੇ ਜਿਸ ਮਰਜ਼ੀ ਪੜਾਅ ਤੇ ਹੋਵੇ, ਉਸ ਲਈ ਚੱਜ ਦਾ ਪਾਉਣਾ ਹੰਢਾਉਣਾ ਤਾਂ ਬਿਲਕੁਲ ਮੇਹਣਾ ਹੀ ਬਣ ਜਾਂਦਾ ਐ, ਔਰਤ ਵਿਚਲਾ ਇਹ ਡਰ ਮੈਂ ਬਹੁਤ ਨੇੜੇ ਹੋ ਕੇ ਤੱਕਿਆ ਐ, ਮੈਂ ਆਵਦੇ ਬਹੁਤ ਹੀ ਨੇੜੇ ਦੀ ਜਾਣ-ਪਛਾਣ 'ਚੋਂ ਔਰਤ ਤੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਜੋ ਘਰ ਦੀਆਂ ਤੰਗੀਆਂ-ਤੁਰਸੀਆਂ ਦੇ ਬਾਵਜੂਦ ਵੀ ਬਹੁਤ ਜ਼ਿਆਦਾ ਹਾਰ ਸ਼ਿੰਗਾਰ ਕਰਕੇ ਰੱਖਣ ਦੀ ਕੋਸ਼ਿਸ਼ ਕਰਦੀ ਸੀ, ਬਾਂਹਾਂ ਭਰ ਭਰ ਚੂੜੀਆਂ ਪਾਉਂਦੀ, ਹੱਥਾਂ ਪੈਰਾਂ ਦੀਆਂ ਤਲੀਆਂ ਤੇ ਮਹਿੰਦੀ ਅਤੇ ਨਹੁੰਆਂ ਤੇ ਨਹੁੰ ਪਾਲਿਸ਼ ਲਗਾ ਕੇ ਰੱਖਦੀ ਕਿਉਂਕਿ ਉਸ ਦੇ ਪਤੀ ਦੀ ਉਮਰ ਉਸ ਤੋਂ ਬਹੁਤ ਜ਼ਿਆਦਾ ਸੀ ਤੇ ਉਸ ਨੂੰ ਅੰਦਰੇ ਅੰਦਰ ਇਹ ਝੋਰਾ ਖਾਂਦਾ ਸੀ ਬਈ ਉਸਦੇ ਪਤੀ ਨੂੰ ਪਤਾ ਨਹੀਂ ਕਦੋਂ ਕੁੱਝ ਹੋ ਜਾਵੇ ਫਿਰ ਕੀਹਨੇ ਕਰਨ ਦੇਣਾ ਇਹ ਸਭ ਕੁੱਝ? ਉਹਦੇ ਤਾਂ ਸਾਰੇ ਸ਼ੌਂਕ ਧਰੇ ਧਰਾਏ ਹੀ ਰਹਿ ਜਾਣਗੇ। ਇਹਨਾਂ ਬੰਦਸ਼ਾਂ ਦੀ ਇੱਕ ਜਿਊਂਦੀ ਜਾਗਦੀ ਉਦਾਹਰਣ ਮੈਂ ਬਿਲਕੁਲ ਸਾਹਮਣੇ ਤੱਕੀ ਐ, ਸਾਡੀ ਇੱਕ ਮੁਲਾਜ਼ਮ ਦੇ ਪਤੀ ਦੀ ਮੌਤ ਹੋ ਗਈ ਸੀ, ਕਈ ਮਹੀਨਿਆਂ ਬਾਅਦ ਡਿਊਟੀ ਤੇ ਜਾਂਦੇ ਵਕਤ ਸਾਡੀ ਉਸ ਨਾਲ ਮੁਲਾਕਾਤ ਹੋ ਗਈ, ਜਦੋ ਅਸੀਂ ਆਵਦੀ ਸੰਸਥਾ 'ਚ ਪਹੁੰਚੀਆਂ ਤਾਂ ਮੇਰੇ ਨਾਲ ਵਾਲੀ ਮੈਡਮ ਜਾਣ ਸਾਰ ਹੀ ਕਹਿਣ ਲੱਗ ਪਈ, ਮੈਡਮ ਦੇਖਿਆ ਸੀ, ਉਸ ਮੈਡਮ ਨੂੰ ਕਿਵੇਂ ਤਿਆਰ ਹੋਈ ਸੀ, ਜਦੋਂ ਮੈਂ ਸਵਾਲੀਆ ਚਿੰਨ ਨਾਲ ਉਹਦੇ ਵੱਲ ਤੱਕਿਆ ਤਾਂ ਉਹ ਥਾਏਂ ਚੁੱਪ ਹੀ ਕਰ ਗਈ ਸ਼ਾਇਦ ਉਸਨੂੰ ਇਸ ਸਬੰਧੀ ਮੇਰੇ ਵਿਚਾਰ ਯਾਦ ਆ ਗਏ।

ਇਤਿਹਾਸ ਮੁਤਾਬਕ ਤਾਂ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ, ਸਾਰੇ ਪੱਤਿਆਂ ਨਾਲ ਹੀ ਨੰਗ ਢੱਕਦੇ ਸੀ ਕੀ ਨਿਆਣਾ ਕੀ ਸਿਆਣਾ, ਕੀ ਆਦਮੀ ਤੇ ਕੀ ਔਰਤ? ਪਰ ਜਦੋਂ ਕੰਮ ਦੀ ਵੰਡ ਹੋਣ ਨਾਲ ਔਰਤ ਦੇ ਹਿੱਸੇ ਘਰ ਦਾ ਕੰਮ ਅਤੇ ਆਦਮੀ ਦੇ ਹਿੱਸੇ ਬਾਹਰ ਦਾ ਕੰਮ ਆ ਗਿਆ ਬੱਸ ਉਦੋਂ ਤੋਂ ਹੀ ਔਰਤ ਦੀ ਗੁਲਾਮੀ ਦਾ ਮੁੱਢ ਵੱਜਿਆ, ਉਦੋਂ ਤੋਂ ਹੀ ਉਹਦੇ ਖਾਣ ਪੀਣ, ਪਹਿਨਣ ਪਰਚਣ, ਰਹਿਣ ਸਹਿਣ ਸਬੰਧੀ ਕਾਨੂੰਨ ਘੜੇ ਗਏ ਅਤੇ ਉਹਨਾਂ ਕਾਨੂੰਨਾਂ ਦੀ ਰਜ਼ਾ 'ਚ ਰਹਿਣਾ ਹੀ ਉਹਦਾ ਧਰਮ।

ਜੇ ਕੋਈ ਔਰਤ ਇਹਨਾਂ ਸਮਾਜਿਕ ਬੰਦਸ਼ਾਂ ਨੂੰ ਉਲੰਘਣ ਦੀ ਕਦੇ ਕੋਸ਼ਿਸ਼ ਕਰਦੀ ਐ ਤਾਂ ਉਸਨੂੰ ਸਿੱਧਰੀ ਜਾਂ ਚਰਿੱਤਰਹੀਣ ਦਾ ਖ਼ਿਤਾਬ ਮਿਲਦਾ ਐ। ਕਿਸੇ ਵਿਆਹ ਸ਼ਾਦੀ ਜਾਂ ਖੁਸ਼ੀ ਦੇ ਮੌਕੇ ਇੱਕ ਦੂਜੀ ਨੂੰ ਬੰਦੇ ਬੈਠੇ ਐ, ਬੰਦੇ ਬੈਠੇ ਐ ਕਹਿ ਕੇ ਕੁਸਕਣ ਨਹੀਂ ਦਿੰਦੀਆਂ। ਪਰ ਉਹ ਬੰਦੇ ਆਵਦੇ ਹੀ ਰੰਗਾਂ 'ਚ ਹੁੰਦੇ ਐ,ਗਾਲਾਂ ਕੱਢ ਕੱਢ ਕੇ ਠਾਹਕੇ ਲਾਈ ਜਾਣਗੇ, ਕੋਈ ਪ੍ਰਵਾਹ ਨਹੀਂ ਨਾਉਮਰ ਦੀ, ਨਾ ਕੋਲ ਬੈਠੀਆਂ ਔਰਤਾਂ ਦੀ ਤੇ ਨਾ ਕਿਸੇ ਹੋਰ ਬੰਧੇਜ਼ ਦੀ।

ਆਦਮੀ ਘਰ ਵਿੱਚ ਪਹਿਰਾਵੇ ਸਬੰਧੀ ਬੜੀਆਂ ਖੁਲ੍ਹਾਂ ਖੇਡਦਾ ਹੈ, ਖਾਸ ਕਰਕੇ ਗਰਮੀਆਂ 'ਚ ਜੋ ਬਿਲਕੁਲ ਵੀ ਸਭਿਅਕ ਨਹੀਂ ਲੱਗਦਾ, ਪਰ ਕੋਈ ਨਹੀਂ ਰੋਕਦਾ ਟੋਕਦਾ, ਸਵੈ ਸਿਰਜੇ ਕਾਨੂੰਨ ਹਨ, ਔਰਤਾਂ ਲਈ ਹੋਰ ਤੇ ਆਦਮੀਆਂ ਲਈ ਹੋਰ।

ਵੈਸੇ ਵੀ ਆਦਮੀ ਉਮਰ ਦੇ ਜਿਹੜੇ ਮਰਜ਼ੀ ਪੜ੍ਹਾਅ ਤੇ ਹੋਵੇ ਤੇ ਘਰਵਾਲੀ ਜਿਉਂਦੀ ਹੋਵੇ ਜਾਂ ਨਾ ਕੋਈ ਫਰਕ ਨਹੀਂ, ਪਰ ਉਹ ਆਪਣੀ ਮਨ ਪਸੰਦ ਦਾ, ਰਿਵਾਜ਼ ਅਨੁਸਾਰ ਕੱਪੜਾ ਲੀੜਾ ਪਾ ਸਕਦਾ ਹੈ, ਭਾਵੇਂ ਪੈਂਟ ਕਮੀਜ਼ ਪਾਵੇ, ਭਾਵੇਂ ਕੋਟ ਪੈਂਟ ਪਾਵੇ, ਪੋਤੇ-ਦੋਹਤਿਆਂ ਵਾਲਾ ਛੱਡੋ ਪੜਪੋਤੇ -ਪੜਦੋਹਤਿਆਂ ਵਾਲਾ ਹੋਵੇ ਤਾਂ ਵੀ ਨਾਭੀ ਰੰਗ ਦੀਆਂ, ਕਾਲੇ ਰੰਗ ਦੀਆਂ ਜਾਂ ਹੋਰ ਗੂੜ੍ਹੇ ਗੂੜ੍ਹੇ ਖਿੜਵੇਂ ਰੰਗਾਂ ਦੀਆਂ ਪੱਗਾਂ ਬੜੀ ਟੌਹਰ ਨਾਲ ਬੰਨ੍ਹ ਸਕਦਾ ਹੈ, ਕਿਸੇ ਨੂੰ ਕੋਈ ਇਤਰਾਜ਼ ਤਾਂ ਕੀ ਹੋਣਾ ਹੈ ਸਗੋਂ ਸਿਫ਼ਤਾਂ ਕਰਦੇ ਨਹੀਂ ਥੱਕਦੇ, ਆਦਮੀ ਨੂੰ ਸਦਾ ਚੜ੍ਹਦੀ ਕਲਾ 'ਚ ਰੱਖਣ ਲਈ ਮੁਹਾਵਰੇ ਵੀ ਘੜ ਰੱਖੇ ਹਨ, ਚਾਹੇ ਉਹ ਵਿਗਿਆਨਿਕ ਪੱਖੋਂ ਬਿਲਕੁਲ ਵੀ ਸਹੀ ਨਹੀਂ ਹਨ। ਉਹਨਾਂ ਦੇ ਨੱਚਣ-ਟੱਪਣ ਲਈ ਗਾਣੇ "ਵੇਖ ਜੁਆਨਾ ਬਹਿ ਕੇ, ਬਾਬੇ ਭੰਗੜਾ ਪਾਉਂਦੇ ਨੇ।" ਤੇ ਔਰਤਾਂ ਲਈ, "ਕਲਯੁੱਗ ਆਗਿਆ ਬੁੱਢੀ ਗਿੱਧੇ ਵਿੱਚ ਨੱਚਦੀ। ਸੁਣ ਕੇ ਦਿਲ ਵਲੂੰਧਰਿਆ ਜਾਂਦੈ।

ਚਾਹੇ ਸਮਾਜ ਵਿੱਚ ਕਾਣੀ ਵੰਡ ਹੋਣ ਕਰਕੇ ਸ਼ੌਂਕ ਸਭ ਦੇ ਹੀ ਅਧੂਰੇ ਰਹਿੰਦੇ ਹਨ, ਪਰ ਘਰ ਵਿੱਚ ਮਨ ਮਰਜ਼ੀ ਪੁਗਾਉਣ ਕਰਕੇ ਅਤੇ ਸਮਾਜ 'ਚੋਂ ਮਿਲਦੇ ਹਾਂ ਪੱਖੀ ਹੁੰਗਾਰੇ ਕਰਕੇ ਆਦਮੀ ਭਰਪੂਰ ਜ਼ਿੰਦਗੀ ਜਿਊਣ ਦੀ ਖੁਸ਼ਫਹਿਮੀ 'ਚ ਰਹਿੰਦਾ ਹੈ, ਪਰ ਔਰਤ ਦੀਆਂ ਪ੍ਰਸਥਿਤੀਆਂ, ਜਿਊਣ ਹਾਲਤਾਂ ਵੱਖਰੀਆਂ ਹੋਣ ਕਰਕੇ ਆਵਦੇ ਅਧੂਰੇ ਰਹੇ ਚਾਵਾਂ ਨੂੰ ਮਾਨਣ ਦੀ ਹਮੇਸ਼ਾ ਕੋਸ਼ਿਸ ਜੁਟਾਉਂਦੀ ਰਹਿੰਦੀ ਐ, ਇਸੇ ਲਈ ਉਮਰਾਂ ਕਰਕੇ ਲੱਗਦੀਆਂ ਬੰਦਸ਼ਾਂ ਤੋਂ ਬਚਾਅ ਲਈ ਹੀ ਉਹ ਉਮਰਾਂ ਦੇ ਹਿੰਦਸਿਆਂ 'ਚ ਹੇਰ ਫੇਰ ਕਰਦੀ ਰਹਿੰਦੀ ਹੈ, ਹੋਰ ਉਹਨਾਂ ਨੇ ਕੀ ਖੱਟੀ ਖਾਣੀ ਐ ਇਹਦੇ 'ਚੋਂ।

ਕਾਰਪੋਰੇਟ ਘਰਾਣਿਆਂ ਨੇ ਆਵਦਾ ਸਾਮਾਨ ਵੇਚਣ ਲਈ ਕੁਦਰਤੀ ਸੁਹੱਪਣ ਨੂੰ ਤਾਂ ਰੋਲ ਕੇ ਹੀ ਰੱਖ ਦਿੱਤਾ, ਧੂੰਆਂ-ਧਾਰ ਪ੍ਰਚਾਰ ਵਿੱਢ ਕੇ ਦੁਨੀਆਂ ਜਿੱਤਣ ਲਈ ਬਨਾਵਟੀ ਸੁਹੱਪਣ ਨੂੰ ਹੀ ਸਭ ਤੋਂ ਜ਼ਰੂਰੀ ਬਣਾ ਕੇ ਧਰ ਦਿੱਤਾ ਜਿਸ ਨੇ ਨੌਜੁਆਨ ਤਾਂ ਕੀ ਸਭ ਦੀ ਹੀ ਸੂਰਤ ਭੰਵਾ ਕਿ ਰੱਖ ਦਿੱਤੀ ਐ, ਇਸੇ ਲਈ ਆਦਮੀਆਂ -ਔਰਤਾਂ ਲਈ ਥਾਂ ਥਾਂ ਬਿਊਟੀ ਪਾਰਲਰ/ਸੈਲੂਨ ਖੁੱਲ੍ਹ ਰਹੇ ਹਨ। ਇਹਦੇ ਵਿੱਚ ਵੀ ਕੀ ਨਿੱਆਣੇ ਕੀ ਸਿਆਣੇ ਕੀ ਆਦਮੀ ਕੀ ਔਰਤ ਸਭ ਤਰ੍ਹਾਂ ਦੇ ਲੋਕ ਜਾਂਦੇ ਹਨ, ਪਰ ਇਥੇ ਵੀ ਔਰਤਾਂ ਦੀ ਛਵੀ ਖਰਾਬ ਕਰਨ 'ਚ ਕੋਈ ਕਸਰ ਨਹੀਂ ਰਹਿੰਦੀ, ਉਹਨਾਂ ਦਾ ਪੂਰਾ ਮੌਂਜੂ ਬਣਾਇਆ ਜਾਂਦੈ, ਮਜ਼ਾਕ ਉਡਾਇਆ ਜਾਂਦਾ ਐ ਕਿਉਂਕਿ ਔਰਤ ਗੁਲਾਮਾਂ ਦੀ ਵੀ ਗੁਲਾਮ ਹੈ ।

ਬੇਸ਼ੱਕ ਸਮਾਜਿਕ ਤਬਦੀਲੀ ਨਾਲ ਹੀ ਔਰਤ ਦੀ ਹੋਣੀ ਬਦਲਣੀ ਹੈ, ਪਰ ਇਸ ਤਬਦੀਲੀ ਲਈ ਆਪਣੇ ਆਪਣੇ ਪੱਧਰ ਤੇ ਯਤਨ ਜੁਟਾਉਂਦੇ ਹੋਏ ਆਪਾਂ ਔਰਤ ਪ੍ਰਤੀ ਆਪਣਾ ਨਜ਼ਰੀਆ ਬਦਲੀਏ, ਜੋ ਔਰਤ ਨੂੰ ਸਿਰਫ਼ ਔਰਤ ਕਰਕੇ ਹੀ ਝੱਲਣਾ ਪੈਂਦਾ ਹੈ, ਉਸ ਨੂੰ ਠੱਲ ਪਾਉਣ ਲਈ ਆਪਾਂ ਕਦੇ ਵੀ ਹਾਂ ਪੱਖੀ ਰੋਲ ਨਿਭਾਉਣ ਤੋਂ ਪਿੱਛੇ ਨਾ ਹਟੀਏ ਤਾਂ ਕਿ ਉਸ ਨੂੰ ਪਛਤਾਵੇ ਭਰੀ ਜ਼ਿੰਦਗੀ ਜਿਊਣ ਤੋਂ ਕੁੱਝ ਹੱਦ ਤੱਕ ਨਿਜ਼ਾਤ ਮਿਲ ਸਕੇ, ਉਸ ਨੂੰ ਜ਼ਿੰਦਗੀ ਮਾਨਣ ਦਾ, ਭਰਪੂਰ ਜ਼ਿੰਦਗੀ ਜਿਊਣ ਦਾ ਹੇਰਵਾ ਨਾ ਰਹੇ ਅਤੇ ਉਹ ਉਮਰਾਂ ਦੇ ਹਿੰਦਸਿਆਂ,'ਚ ਤਬਦੀਲੀ ਕਰਨ ਲਈ ਮਜਬੂਰ ਨਾ ਹੋਵੇ।



www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਕਮਿਊਨਿਸਟ ਸਿਰੜ ਅਤੇ ਇਨਕਲਾਬੀ ਵਚਨਬੱਧਤਾ ਦਾ ਮੁਜੱਸਮਾ ਕਾਮਰੇਡ ਜਗਜੀਤ ਸਿੰਘ ਸੋਹਲ







-ਬੂਟਾ ਸਿੰਘ ਮਹਿਮੂਦਪੁਰ

ਭਾਰਤ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਸਿਰਮੌਰ ਆਗੂ ਅਤੇ ਪੰਜਾਬ ਵਿਚ ਨਕਸਲੀ ਲਹਿਰ ਤੇ ਸੀਪੀਆਈ (ਐੱਮ ਐੱਲ) ਦੇ ਮੋਢੀ ਆਗੂਆਂ ਵਿੱਚੋਂ ਇਕ ਕਾਮਰੇਡ ਜਗਜੀਤ ਸਿੰਘ ਸੋਹਲ (ਕਾ. ਸ਼ਰਮਾ) 20 ਅਕਤੂਬਰ ਨੂੰ ਸਦੀਵੀ ਵਿਛੋੜਾ ਦੇ ਗਏ। 96 ਸਾਲ ਲੰਮੀ ਭਰਪੂਰ ਜ਼ਿੰਦਗੀ ਦੇ ਸੱਤ ਦਹਾਕੇ ਉਨ੍ਹਾਂ ਨੇ ਸਮਾਜ ਨੂੰ ਮਨੁੱਖ ਦੇ ਜਿਊਣਯੋਗ ਬਣਾਉਣ ਲਈ ਇਨਕਲਾਬੀ ਸੰਗਰਾਮ ਦੇ ਲੇਖੇ ਲਾਏ।

ਸੰਗਰੂਰ ਜ਼ਿਲ੍ਹੇ ਦੇ ਪਿੰਡ ਸ਼ਾਹਪੁਰ ਦੇ ਰਹਿਣ ਵਾਲੇ ਜਗਜੀਤ ਸਿੰਘ ਨੇ ਜਦੋਂ ਜਵਾਨੀ 'ਚ ਪੈਰ ਧਰਿਆ ਤਾਂ ਸਮਾਜ ਨੂੰ ਵਿਗਿਆਨਕ ਨਜ਼ਰੀਏ ਨਾਲ ਮੁੱਢੋਂ ਬਦਲਣ ਲਈ ਯਤਨਸ਼ੀਲ ਕਮਿਊਨਿਸਟ ਲਹਿਰ ਦੁਨੀਆ ਭਰ 'ਚ ਲੋਕ-ਮੁਕਤੀ ਦਾ ਨਵਾਂ ਇਤਿਹਾਸ ਰਚਦੀ ਹੋਈ ਤੂਫ਼ਾਨੀ ਰਫ਼ਤਾਰ ਨਾਲ ਅੱਗੇ ਵਧ ਰਹੀ ਸੀ। ਭਾਰਤ ਵਿਚ ਵੀ ਘੋਰ ਨਬਰਾਬਰੀ ਅਤੇ ਨੰਗੀਚਿੱਟੀ ਬੇਇਨਸਾਫ਼ੀ 'ਤੇ ਟਿਕੇ ਲੋਟੂ ਪ੍ਰਬੰਧ ਨੂੰ ਖ਼ਤਮ ਕਰਨ ਲਈ ਕਮਿਊਨਿਸਟ ਅਗਵਾਈ ਹੇਠ ਇਨਕਲਾਬੀ ਸੰਘਰਸ਼ ਮਜ਼ਬੂਤ ਤਾਕਤ ਬਣਕੇ ਵੱਡੇ ਹੰਭਲੇ ਮਾਰ ਰਹੇ ਸਨ। ਪੈਪਸੂ ਦਾ ਮੁਜ਼ਾਰਾ ਘੋਲ ਰਜਵਾੜਾਸ਼ਾਹੀ ਉੱਪਰ ਵਦਾਨੀ ਸੱਟਾਂ ਮਾਰਦਾ ਅੱਗੇ ਵਧ ਰਿਹਾ ਸੀ। ਉਸ ਦੌਰ 'ਚ ਬੇਸ਼ੁਮਾਰ ਨੌਜਵਾਨ ਆਪਣਾ ਨਿੱਜੀ ਭਵਿੱਖ ਤਿਆਗਕੇ ਪੂਰੇ ਸਮਾਜ ਦੇ ਭਵਿੱਖ ਨੂੰ ਸੰਵਾਰਨ ਤੇ ਉੱਜਲ ਬਣਾਉਣ ਲਈ ਕਮਿਊਨਿਸਟ ਲਹਿਰ 'ਚ ਸ਼ਾਮਲ ਹੋਏ। ਇਹ ਪਰਿਵਾਰ ਵੀ ਕਮਿਊਨਿਸਟ ਲਹਿਰ ਨਾਲ ਜੁੜਿਆ ਹੋਇਆ ਸੀ ਅਤੇ ਇਹ ਪੱਖ ਨੌਜਵਾਨ ਜਗਜੀਤ ਸਿੰਘ ਨੂੰ ਕਮਿਊਨਿਸਟ ਬਣਾਉਣ 'ਚ ਵੱਡੀ ਪ੍ਰੇਰਨਾ ਬਣਿਆ। ਜਗਜੀਤ ਸਿੰਘ ਨੇ ਵੀ ਜਵਾਨੀ ਸਮੇਂ ਅਧਿਆਪਕ ਦੀ ਨੌਕਰੀ ਛੱਡਕੇ ਆਪਣੀ ਜ਼ਿੰਦਗੀ ਲੋਕ ਮੁਕਤੀ ਦੇ ਲੇਖੇ ਲਾਉਣ ਦਾ ਫ਼ੈਸਲਾ ਕੀਤਾ। ਇਕ ਵਾਰ ਫ਼ੈਸਲਾ ਲੈਣ ਤੋਂ ਬਾਅਦ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਚੜ੍ਹਦੀ ਜਵਾਨੀ 'ਚ ਉਹ ਪੈਪਸੂ ਦੇ ਮੁਜ਼ਾਰਾ ਘੋਲ ਨਾਲ ਜੁੜੇ ਅਤੇ ਆਖ਼ਰੀ ਸਾਹਾਂ ਤੱਕ ਇਨਕਲਾਬ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਇਨਕਲਾਬੀ ਸੰਘਰਸ਼ ਰਾਹੀਂ ਮਜ਼ਦੂਰਾਂ-ਕਿਸਾਨਾਂ ਦੀ ਪੁੱਗਤ ਵਾਲਾ ਸੱਚਾ ਲੋਕ ਜਮਹੂਰੀ ਰਾਜ ਲਿਆਉਣ ਦੇ ਕਾਜ ਨੂੰ ਸਮਰਪਿਤ ਰਹੇ।


ਲਾਲ ਪਾਰਟੀ, ਸੀਪੀਆਈ, ਸੀਪੀਐੱਮ ਸੀਪੀਆਈ (ਐੱਮਐੱਲ) ਤੋਂ ਲੈ ਕੇ ਮੌਜੂਦਾ ਮਾਓਵਾਦੀ ਧਾਰਾ ਤੱਕ ਉਨ੍ਹਾਂ ਦੇ ਆਗੂ ਯੋਗਦਾਨ ਦਾ ਸੱਤ ਦਹਾਕੇ ਲੰਮਾ ਸ਼ਾਨਦਾਰ ਇਤਿਹਾਸ ਹੈ। ਕਮਿਊਨਿਸਟ ਵਿਚਾਰਧਾਰਾ ਦੇ ਡੂੰਘੇ ਅਧਿਐਨ ਦੇ ਆਧਾਰ 'ਤੇ ਆਪਣੀ ਦ੍ਰਿੜ ਸਿਧਾਂਤਕ ਵਚਨਬੱਧਤਾ ਦੀ ਬਦੌਲਤ ਉਹ ਆਮ ਪਾਰਟੀ ਮੈਂਬਰ ਤੋਂ ਪੰਜਾਬ ਅਤੇ ਭਾਰਤ ਪੱਧਰ ਦੇ ਆਗੂ ਬਣਕੇ ਉੱਭਰੇ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਵਿਚ ਵੱਖ ਵੱਖ ਆਗੂ ਪੱਧਰਾਂ 'ਤੇ ਇਤਿਹਾਸਕ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ।

ਉਹ ਪੰਜਾਬ ਵਿਚ ਨਕਸਲੀ ਲਹਿਰ ਦੀ ਸ਼ੁਰੂਆਤ ਸਮੇਂ ਹੀ ਸਰਗਰਮ ਹੋ ਗਏ ਸਨ ਅਤੇ ਸੀਪੀਆਈ(ਐੱਮਐੱਲ) ਦੀ ਮੁੱਢਲੀ ਆਗੂ ਟੀਮ ਵਿਚ ਸ਼ੁਮਾਰ ਸਨ। ਪਹਿਲੇ ਸੂਬਾ ਸਕੱਤਰ ਕਾ. ਦਇਆ ਸਿੰਘ ਦੀ ਸ਼ਹਾਦਤ ਤੋਂ ਬਾਅਦ ਉਨ੍ਹਾਂ ਨੂੰ ਸੂਬਾ ਸਕੱਤਰ ਬਣਾਇਆ ਗਿਆ ਅਤੇ ਫਿਰ ਪ੍ਰਮੁੱਖ ਆਗੂ ਚਾਰੂ ਮਜ਼ੂਮਦਾਰ ਦੀ ਸ਼ਹਾਦਤ ਤੋਂ ਬਾਅਦ ਕੇਂਦਰੀ ਕਮੇਟੀ ਦੇ ਜਨਰਲ ਸਕੱਤਰ ਬਣਾਏ ਗਏ। ਇਸ ਤੋਂ ਬਾਅਦ ਉਨ੍ਹਾਂ ਨੇ ਪਾਰਟੀ ਯੂਨਿਟੀ ਵਿਚ ਕੇਂਦਰੀ ਆਗੂ ਦੇ ਰੂਪ ਅਤੇ ਫਿਰ ਏਕਤਾ ਤੋਂ ਬਾਅਦ ਪੀਪਲਜ਼ ਵਾਰ ਤੇ ਮਾਓਵਾਦੀ ਪਾਰਟੀ ਵਿਚ ਵੀ ਵੱਖ-ਵੱਖ ਪੱਧਰਾਂ 'ਤੇ ਕੰਮ ਕੀਤਾ।

ਉਨ੍ਹਾਂ ਨੇ ਸੀਪੀਆਈ(ਐੱਮਐੱਲ) ਦੀ 1970 ਦੀ ਖੱਬੀ ਰਾਜਨੀਤਕ ਲਾਈਨ ਅਤੇ ਅਭਿਆਸ ਦਾ ਲੇਖਾਜੋਖਾ ਕਰਕੇ ਗ਼ਲਤੀਆਂ ਨੂੰ ਦਰੁਸਤ ਕਰਨ ਅਤੇ ਇਤਿਹਾਸਕ ਪ੍ਰਾਪਤੀਆਂ ਨੂੰ ਬੁਲੰਦ ਕਰਦੇ ਹੋਏ ਗਰੁੱਪਾਂ 'ਚ ਵੰਡੀਆਂ ਕਮਿਊਨਿਸਟ ਇਨਕਲਾਬੀ ਤਾਕਤਾਂ ਨੂੰ ਇਕਜੁੱਟ ਕਰਨ 'ਚ ਆਗੂ ਭੂਮਿਕਾ ਨਿਭਾਈ। ਕੱਟੜਪੰਥੀ ਰਟਣ-ਮੰਤਰ ਦੀ ਬਜਾਏ ਉਹ ਮੁਲਕ ਦੇ ਠੋਸ ਹਾਲਾਤਾਂ ਨੂੰ ਸਮਝਣ ਉੱਪਰ ਜ਼ੋਰ ਦਿੰਦੇ ਸਨ ਅਤੇ ਇਸ ਖ਼ਾਤਰ ਉਹ ਪੂਰੀ ਸੁਹਿਰਦਤਾ ਨਾਲ ਜੁਟੇ ਰਹੇ। ਉਹ ਨਕਸਲੀ ਲਹਿਰ ਦੀ ਬੁਨਿਆਦੀ ਲਾਈਨ ਦੇ ਝੰਡਾਬਰਦਾਰ ਆਗੂਆਂ 'ਚੋਂ ਸਨ ਜਿਨ੍ਹਾਂ ਨੇ ਲਹਿਰ ਦੇ ਉਤਰਾਵਾਂ-ਚੜ੍ਹਾਵਾਂ ਅਤੇ ਵੱਡੇ ਸੰਕਟਾਂ 'ਚੋਂ ਗੁਜ਼ਰਦਿਆਂ ਤਾਉਮਰ ਮਾਰਕਸਵਾਦ ਲੈਨਿਨਵਾਦ-ਮਾਓ ਵਿਚਾਰਧਾਰਾ 'ਚ ਅਡੋਲ ਭਰੋਸੇ ਨਾਲ ਕੰਮ ਕੀਤਾ ਅਤੇ ਪਾਰਲੀਮੈਂਟਰੀ ਰਾਹ ਨੂੰ ਰੱਦ ਕਰਕੇ ਇਨਕਲਾਬੀ ਤਬਦੀਲੀ ਦੇ ਸੱਚੇ ਕਮਿਊਨਿਸਟ ਮਾਰਗ ਉੱਪਰ ਦ੍ਰਿੜਤਾ ਨਾਲ ਪਹਿਰਾ ਦਿੱਤਾ। ਉਨ੍ਹਾਂ ਦੀ ਪੰਜ ਦਹਾਕੇ ਲੰਮੀ ਰੂਪੋਸ਼ ਜ਼ਿੰਦਗੀ ਭਾਰਤ ਅੰਦਰ ਨਵ-ਜਮਹੂਰੀ ਇਨਕਲਾਬ ਦੇ ਕਾਜ ਨੂੰ ਪ੍ਰਣਾਏ ਕਮਿਊਨਿਸਟ ਇਨਕਲਾਬੀਆਂ ਦੇ ਸਿਦਕ, ਸਿਰੜ ਅਤੇ ਆਪਣੇ ਅਕੀਦਿਆਂ ਲਈ ਮਰ-ਮਿਟਣ ਦਾ ਮੁਜੱਸਮਾ ਹੈ।

28 ਅਕਤੂਬਰ ਨੂੰ ਪਟਿਆਲਾ ਵਿਖੇ ਸ਼ਰਧਾਂਜਲੀ ਸਮਾਗਮ ਆਯੋਜਤ ਕਰਕੇ ਵਿਛੜੇ ਆਗੂ ਸਾਥੀ ਦੀ ਇਨਕਲਾਬੀ ਘਾਲਣਾ ਨੂੰ ਸਲਾਮ ਕੀਤਾ ਗਿਆ ਅਤੇ ਭਾਰਤ ਦੀ ਨਕਸਲੀ ਲਹਿਰ ਵਿਚ ਉਹਨਾਂ ਦੇ ਇਤਿਹਾਸਕ ਯੋਗਦਾਨ ਨੂੰ ਬੁਲੰਦ ਕੀਤਾ ਗਿਆ।

## ਸਿਰਮੌਰ ਆਗੂ ਕਾਮਰੇਡ ਜਗਜੀਤ ਸੋਹਲ ਦਾ ਰਾਜਨੀਤਕ ਸਫ਼ਰ ਇਨਕਲਾਬੀ ਲਹਿਰ ਲਈ ਫ਼ਖ਼ਰਯੋਗ











ਪਟਿਆਲਾ, (ਬਲਜਿੰਦਰ ਸਿੰਘ ਪਟਿਆਲਾ) ਕਾਮਰੇਡ ਸੋਹਲ ਭਾਰਤੀ ਲੋਕਾਂ ਦਾ ਸੱਚਾ ਜਮਹੂਰੀ ਰਾਜ ਲਿਆਉਣ ਨੂੰ ਪ੍ਰਣਾਏ ਸਿਦਕ ਤੇ ਸਿਰੜ ਦੀ ਮਿਸਾਲ ਕਮਿਊਨਿਸਟ ਆਗੂ ਸਨ ਜਿਨ੍ਹਾਂ ਨੇ 96 ਸਾਲ ਲੰਮੀ ਜ਼ਿੰਦਗੀ ਦਾ ਵੱਡਾ ਹਿੱਸਾ ਸਮਾਜਿਕ ਤਬਦੀਲੀ ਲਈ ਇਨਕਲਾਬੀ ਸੰਘਰਸ਼ ਦੇ ਲੇਖੇ ਲਾਇਆ ਅਤੇ ਕਮਿਊਨਿਸਟ ਲਹਿਰ ਨੂੰ ਆਰਥਕਵਾਦ, ਕਾਨੂੰਨਵਾਦ ਦੀ ਜਿੱਲ੍ਹਣ 'ਚੋਂ ਕੱਢਕੇ ਲੋਕਯੁੱਧ ਦਾ ਰਾਹ ਅਪਣਾਉਣ ਲਈ ਅਗਵਾਈ-ਸੇਧ ਦੇਣ ਵਿਚ ਇਤਿਹਾਸਕ ਭੂਮਿਕਾ ਨਿਭਾਈ। ਕਮਿਊਨਿਸਟ ਇਨਕਲਾਬੀ ਆਗੂ ਵਜੋਂ ਉਨ੍ਹਾਂ ਦਾ ਰਾਜਨੀਤਕ ਸਫ਼ਰ ਸਮੁੱਚੀ ਇਨਕਲਾਬੀ ਲਹਿਰ ਲਈ ਫ਼ਖ਼ਰਯੋਗ ਹੈ। ਇਹ ਵਿਚਾਰ ਅੱਜ ਇੱਥੇ ਕਾਮਰੇਡ ਜਗਜੀਤ ਸਿੰਘ ਸੋਹਲ ਦੇ ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਇਨਕਲਾਬੀ ਜਮਹੂਰੀ ਜਥੇਬੰਦੀਆਂ ਦੇ ਬੁਲਾਰਿਆਂ ਨੇ ਪ੍ਰਗਟ ਕੀਤੇ। ਸ਼ਰਧਾਂਜਲੀ ਸਮਾਗਮ 'ਚ ਜਿੱਥੇ ਪੰਜਾਬ ਤੋਂ ਇਲਾਵਾ ਦਿੱਲੀ ਅਤੇ ਹਰਿਆਣਾ ਤੋਂ ਵੀ ਇਨਕਲਾਬੀ ਜਮਹੂਰੀ ਕਾਰਕੁਨ ਸ਼ਾਮਲ ਹੋਏ ਉੱਥੇ ਦੇਸ਼-ਬਦੇਸ਼ 'ਚੋਂ ਵੀ ਲੋਕਪੱਖੀ ਜਥੇਬੰਦੀਆਂ ਨੇ ਸ਼ੋਕ ਸੁਨੇਹਿਆਂ ਭੇਜ ਕੇ ਉਨ੍ਹਾਂ ਦੇ ਦੇਹਾਂਤ ਉੱਪਰ ਡੂੰਘੇ ਦੁੱਖ ਦਾ ਇਜ਼ਹਾਰ ਕੀਤਾ ਅਤੇ ਵਿੱਛੜੇ ਸੰਗਰਾਮੀ ਸਾਥੀ ਦੀ ਕੁਰਬਾਨੀ ਅਤੇ ਯੋਗਦਾਨ ਨੂੰ ਚੇਤੇ ਕੀਤਾ।

ਸ਼ਰਧਾਂਜਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸੀਪੀਆਈਐੱਮਐੱਲ-ਨਿਊ ਡੈਮੋਕਰੇਸੀ ਦੇ ਸੀਨੀਅਰ ਆਗੂ ਦਰਸ਼ਨ ਸਿੰਘ ਖਟਕੜ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਡਾਕਟਰ ਦਰਸ਼ਨਪਾਲ, ਲੋਕ ਸੰਗਰਾਮ ਮੋਰਚਾ ਦੇ ਪ੍ਰਧਾਨ ਤਾਰਾ ਸਿੰਘ ਮੋਗਾ, ਪੰਜਾਬ ਜਮਹੂਰੀ ਮੋਰਚਾ ਦੇ ਸੂਬਾ ਆਗੂ ਬੂਟਾ ਸਿੰਘ ਮਹਿਮੂਦਪੁਰ, ਸੁਰਖ਼ ਲੀਹ ਦੇ ਸੰਪਾਦਕ ਪਾਵੇਲ ਕੁੱਸਾ, ਲਾਲ ਪਰਚਮ ਦੇ ਸੰਪਾਦਕ ਮੁਖਤਿਆਰ ਪੂਹਲਾ, ਹਰਿਆਣਾ ਤੋਂ ਲੋਕ ਜਮਹੂਰੀ ਆਗੂ ਸਤੀਸ਼ ਅਜ਼ਾਦ, ਦਿੱਲੀ ਤੋਂ ਕਾਰਕੁੰਨ ਕੁਲਬੀਰ ਸਿੰਘ, ਉਨ੍ਹਾਂ ਦੇ ਨਕਸਲੀ ਲਹਿਰ ਦੇ ਮੁੱਢਲੇ ਸਾਥੀ ਗੁਰਮੀਤ ਸਿੰਘ ਦਿੱਤੂਪੁਰ, ਇਨਕਲਾਬੀ ਜਮਹੂਰੀ ਮੋਰਚਾ ਦੇ ਆਗੂ ਡਾ. ਮਨਿੰਦਰ ਬੀਹਲਾ, ਲਖਵਿੰਦਰ ਅਦਾਰਾ ਪ੍ਰਤੀਬੱਧ ਨੇ ਕਿਹਾ ਕਿ ਕਾ. ਸੋਹਲ ਭਾਰਤ ਦੀ ਕਮਿਊਨਿਸਟ ਇਨਕਲਾਬੀ ਲਹਿਰ ਦੇ ਸਿਰਮੌਰ ਆਗੂ ਅਤੇ ਪੰਜਾਬ ਵਿਚ ਨਕਸਲੀ ਲਹਿਰ ਤੇ ਸੀਪੀਆਈ (ਐੱਮ ਐੱਲ) ਦੇ ਮੋਢੀ ਆਗੂਆਂ ਵਿੱਚੋਂ ਇਕ ਸਨ। ਉਨ੍ਹਾਂ ਨੇ ਜਵਾਨੀ ਸਮੇਂ ਅਧਿਆਪਕ ਦੀ ਨੌਕਰੀ ਛੱਡਕੇ ਆਪਣੀ ਜ਼ਿੰਦਗੀ ਲੋਕ ਮੁਕਤੀ ਦੇ ਲੇਖੇ ਲਾਉਣ ਦਾ ਫ਼ੈਸਲਾ ਕੀਤਾ ਅਤੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਚੜ੍ਹਦੀ ਜਵਾਨੀ 'ਚ ਉਹ ਪੈਪਸੂ ਦੇ ਇਤਿਹਾਸਕ ਮੁਜ਼ਾਰਾ ਘੋਲ ਨਾਲ ਜੁੜੇ ਅਤੇ ਆਖ਼ਰੀ ਸਾਹਾਂ ਤੱਕ ਇਨਕਲਾਬ ਦੇ ਸੁਪਨੇ ਨੂੰ ਸਾਕਾਰ ਕਰਨ ਅਤੇ ਇਨਕਲਾਬੀ ਸੰਘਰਸ਼ ਰਾਹੀਂ ਮਜ਼ਦੂਰਾਂ-ਕਿਸਾਨਾਂ ਦੀ ਪੁੱਗਤ ਵਾਲਾ ਸੱਚਾ ਲੋਕ ਜਮਹੂਰੀ ਰਾਜ ਲਿਆਉਣ ਦੇ ਕਾਜ ਨੂੰ ਸਮਰਪਿਤ ਰਹੇ। ਲਾਲ ਪਾਰਟੀ, ਸੀਪੀਆਈ, ਸੀਪੀਐੱਮ ਸੀਪੀਆਈ (ਐੱਮਐੱਲ) ਤੋਂ ਲੈ ਕੇ ਮੌਜੂਦਾ ਮਾਓਵਾਦੀ ਧਾਰਾ ਤੱਕ ਉਨ੍ਹਾਂ ਦੇ ਆਗੂ ਯੋਗਦਾਨ ਦਾ ਸੱਤ ਦਹਾਕੇ ਲੰਮਾ ਸ਼ਾਨਦਾਰ ਇਤਿਹਾਸ ਹੈ। ਉਹ ਕਮਿਊਨਿਸਟ ਵਿਚਾਰਧਾਰਾ ਦੇ ਡੂੰਘੇ ਅਧਿਐਨ ਦੇ ਆਧਾਰ 'ਤੇ ਆਪਣੀ ਦ੍ਰਿੜ ਸਿਧਾਂਤਕ ਵਚਨਬੱਧਤਾ ਦੀ ਬਦੌਲਤ ਭਾਰਤ ਪੱਧਰ ਦੇ ਆਗੂ ਬਣਕੇ ਉੱਭਰੇ ਅਤੇ ਕਮਿਊਨਿਸਟ ਇਨਕਲਾਬੀ ਲਹਿਰ ਵਿਚ ਵੱਖ ਵੱਖ ਆਗੂ ਪੱਧਰਾਂ 'ਤੇ ਇਤਿਹਾਸਕ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ। ਉਨ੍ਹਾਂ ਨੇ ਨਕਸਲੀ ਲਹਿਰ ਦੀਆਂ 1970ਵਿਆਂ ਦੇ ਸ਼ੁਰੂ ਦੀਆਂ ਗ਼ਲਤੀਆਂ ਦਾ ਲੇਖਾਜੋਖਾ ਕਰਕੇ ਉਨ੍ਹਾਂ ਨੂੰ ਦਰੁਸਤ ਕਰਨ ਅਤੇ ਇਤਿਹਾਸਕ ਪ੍ਰਾਪਤੀਆਂ ਨੂੰ ਬੁਲੰਦ ਕਰਦੇ ਹੋਏ ਗਰੁੱਪਾਂ 'ਚ ਵੰਡੀਆਂ ਕਮਿਊਨਿਸਟ ਇਨਕਲਾਬੀ ਤਾਕਤਾਂ ਨੂੰ ਇਕਜੁੱਟ ਕਰਨ 'ਚ ਆਗੂ ਭੂਮਿਕਾ ਨਿਭਾਈ। ਕੱਟੜਪੰਥੀ ਰਟਣ-ਮੰਤਰ ਦੀ ਬਜਾਏ ਉਹ ਮੁਲਕ ਦੇ ਠੋਸ ਹਾਲਾਤਾਂ ਨੂੰ ਸਮਝਣ ਲਈ ਪੂਰੀ ਸੁਹਿਰਦਤਾ ਨਾਲ ਜੁਟੇ ਰਹੇ। ਉਹ ਨਕਸਲੀ ਲਹਿਰ ਦੀ ਬੁਨਿਆਦੀ ਲਾਈਨ ਦੇ ਝੰਡਾਬਰਦਾਰ ਆਗੂਆਂ 'ਚੋਂ ਸਨ ਜਿਨ੍ਹਾਂ ਨੇ ਲਹਿਰ ਦੇ ਉਤਰਾਵਾਂ-ਚੜ੍ਹਾਵਾਂ ਅਤੇ ਵੱਡੇ ਸੰਕਟਾਂ 'ਚੋਂ ਗੁਜ਼ਰਦਿਆਂ ਤਾਉਮਰ ਮਾਰਕਸਵਾਦ ਲੈਨਿਨਵਾਦ ਤੇ ਮਾਓ ਵਿਚਾਰਧਾਰਾ 'ਚ ਅਡੋਲ ਭਰੋਸੇ ਨਾਲ ਕੰਮ ਕੀਤਾ ਅਤੇ ਪਾਰਲੀਮੈਂਟਰੀ ਰਾਹ ਨੂੰ ਰੱਦ ਕਰਕੇ ਇਨਕਲਾਬੀ ਤਬਦੀਲੀ ਦੇ ਸੱਚੇ ਕਮਿਊਨਿਸਟ ਮਾਰਗ ਉੱਪਰ ਦ੍ਰਿੜਤਾ ਨਾਲ ਪਹਿਰਾ ਦਿੱਤਾ। ਸਮਾਗਮ ਨੂੰ ਕਾ. ਸੋਹਲ ਦੇ ਬੇਟੇ ਉਦੇਸ਼ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਮਿਊਨਿਸਟ ਇਨਕਲਾਬੀ ਆਗੂ ਹੋਣ ਦੇ ਨਾਲ ਨਾਲ ਬਤੌਰ ਪਿਤਾ ਵੀ ਉਨ੍ਹਾਂ ਦਾ ਰਵੱਈਆ ਬਹੁਤ ਹੀ ਸਮਝਾਊ ਅਤੇ ਮੁਹੱਬਤੀ ਸੀ। ਇਸ ਮੌਕੇ ਇੰਡੀਅਨ ਵਰਕਰਜ ਐਸੋਸੀਏਸ਼ਨ (ਗਰੇਟ ਬ੍ਰਿਟੇਨ), ਸੀਪੀਆਈ ਮਾਓਵਾਦੀ, ਸੀ.ਪੀ.ਆਰ.ਸੀ. ਆਈ. (ਐੱਮਐਲ), ਭਾਰਤੀ ਕਮਿਊਨਿਸਟ ਲੀਗ, ਦੇਸ਼ਭਗਤ ਯਾਦਗਾਰ ਕਮੇਟੀ ਜਲੰਧਰ, ਜਮਹੂਰੀ ਅਧਿਕਾਰ ਸਭਾ ਪੰਜਾਬ, ਇਨਕਲਾਬੀ ਕੇਂਦਰ ਪੰਜਾਬ, ਮਾਸਿਕ ਸਰੋਕਾਰਾਂ ਦੀ ਆਵਾਜ਼, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਫਰੈਂਡਜ ਆਫ ਇੰਡੀਅਨ ਰੈਵੋਲੂਸ਼ਨ ਕੈਨੇਡਾ, ਇੰਡੀਅਨ ਪ੍ਰੋਗਰੈਸਿਵ ਸਟੱਡੀ ਐਂਡ ਰਿਸਰਚ ਗਰੁੱਪ ਵੈਨਕੂਵਰ ਵਲੋਂ ਭੇਜੇ ਸ਼ੋਕ ਸੰਦੇਸ਼ ਵੀ ਪੜ੍ਹੇ ਗਏ। ਮੰਚ ਸੰਚਾਲਨ ਮਾਸਟਰ ਸੁੱਚਾ ਸਿੰਘ ਨੇ ਬਹੁਤ ਹੀ ਸੁਚੱਜੇ ਤਰੀਕੇ ਨਾਲ ਕੀਤਾ। ਅਜਮੇਰ ਸਿੰਘ ਅਕਲੀਆ, ਬੋਘ ਸਿੰਘ ਖੋਖਰ, ਗੁਰਮੀਤ ਜੱਜ, ਹਰਬੰਸ ਸੋਨੂ, ਅਵਤਾਰ ਸਿੰਘ ਕੌਰਜੀਵਾਲਾ ਅਤੇ ਕੁਲਵਿੰਦਰ ਬੰਟੀ ਵੱਲੋਂ ਗੀਤ ਅਤੇ ਕਵੀਸ਼ਰੀਆਂ ਰਾਹੀਂ ਸ਼ਰਧਾਂਜਲੀ ਭੇਂਟ ਕੀਤੀ ਗਈ। ਸਮਾਗਮ ਵਿਚ ਇਨਕਲਾਬੀ ਜਮਹੂਰੀ ਤੇ ਕਿਸਾਨ-ਮਜ਼ਦੂਰ ਤੇ ਵਿਦਿਆਰਥੀ ਜਥੇਬੰਦੀਆਂ ਦੇ ਆਗੂਆਂ, ਕਾਰਕੁਨਾਂ ਅਤੇ ਵੱਡੀ ਗਿਣਤੀ 'ਚ ਜਮਹੂਰੀ ਤੇ ਅਗਾਂਹਵਧੂ ਸ਼ਖ਼ਸੀਅਤਾਂ ਨੇ ਹਾਜ਼ਰ ਹੋ ਕੇ ਵਿਛੜੇ ਆਗੂ ਸਾਥੀ ਨੂੰ ਸਤਿਕਾਰ ਤੇ ਸੰਗਰਾਮੀ ਸ਼ਰਧਾਂਜਲੀ ਭੇਂਟ ਕੀਤੀ।

# ਰਿਸ਼ੀ ਨਾਗਰਾ ਵਲੋਂ ਸਵਰਗ ਵਾਸੀ ਮਾਤਾ ਜੀ ਦੀ ਪਹਿਲੀ ਬਰਸੀ 'ਤੇ ਗੁਰਸ਼ਰਨ ਕਲਾ ਭਵਨ ਨੂੰ ਇਕ ਲੱਖ ਦੀ ਰਾਸ਼ੀ ਕੀਤੀ ਭੇਂਟ

**ਬਲਜਿੰਦਰ ਸਿੰਘ ਪਟਿਆਲਾ**





ਗੁਰਸ਼ਰਨ ਕਲਾ ਭਵਨ ਵਿਖੇ ਵਿਸੇਸ਼ ਰੂਪ ਵਿੱਚ ਰੈੱਡ ਐਫ਼ ਐਮ ਰੇਡੀਓ ਦੇ ਨਿਊਜ਼ ਡਾਇਰੈਕਟਰ, ਹੋਸਟ ਸ੍ਰੀ ਰਿਸ਼ੀ ਨਾਗਰ ਜੀ ਪਹੁੰਚੇ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਦੀ ਟੀਮ ਨੇ ਉਹਨਾਂ ਦਾ ਸੁਆਗਤ ਕੀਤਾ। ਰਿਸ਼ੀ ਨਾਗਰ ਜੀ ਨੇ ਆਪਣੇ ਸਵਰਗ ਵਾਸੀ ਮਾਤਾ ਜੀ ਦੀ ਪਹਿਲੀ ਬਰਸੀ ਦੇ ਮੌਕੇ ਤੇ ਗੁਰਸ਼ਰਨ ਕਲਾ ਭਵਨ ਨੂੰ ਇੱਕ ਲੱਖ ਰੁਪਏ ਦੀ ਰਾਸ਼ੀ ਭੇਂਟ ਕੀਤੀ ਗਈ। ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਪੁਰ ਵੱਲੋਂ ਮੰਚ ਦੇ ਪ੍ਰਧਾਨ ਹਰਕੇਸ਼ ਚੌਧਰੀ ਨੇ ਰਿਸ਼ੀ ਨਾਗਰ ਜੀ ਨਾਲ ਬਿਤਾਏ ਪਲਾਂ ਨੂੰ ਯਾਦ ਕੀਤਾ। ਉਹਨਾਂ ਦੀ ਨਿਰਪੱਖ ਅਤੇ ਨਿੱਧੜਕ ਪੱਤਰਕਾਰੀ ਬਾਰੇ ਦਰਸ਼ਕਾਂ ਨੂੰ ਦੱਸਿਆ ਗਿਆ। ਉਨ੍ਹਾਂ ਦੀ ਕਲਾ ਖੇਤਰ ਵਿੱਚ ਬਤੌਰ ਅਦਾਕਾਰ ਕੀਤੇ ਕੰਮ ਦੀ ਪ੍ਰਸ਼ੰਸਾ ਕੀਤੀ। ਮਾਸਟਰ ਭਜਨ ਸਿੰਘ ਜੀ ਨੇ ਵੀ ਇਸ ਮੌਕੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਪਿਛਲੇ ਦਿਨੀਂ ਰਿਸ਼ੀ ਨਾਗਰ ਜੀ ਤੇ ਹੋਏ ਹਮਲੇ ਦੀ ਨਿਖੇਧੀ ਕੀਤੀ। ਸਮਾਗਮ ਦੇ ਅੰਤ ਵਿੱਚ ਰਿਸ਼ੀ ਨਾਗਰ ਜੀ ਦਾ ਸਨਮਾਨ ਯਾਦਗਾਰੀ ਚਿੰਨ ਅਤੇ ਲੋਈ ਭੇਂਟ ਕਰ ਕੇ ਕੀਤਾ ਗਿਆ। ਅੰਤ ਵਿੱਚ ਮੰਚ ਦੇ ਜਨਰਲ ਸਕੱਤਰ ਦੀਪਕ ਰਾਏ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕ ਤੇ ਮਾਸਟਰ ਭਜਨ ਸਿੰਘ, ਹਰਕੇਸ਼ ਚੌਧਰੀ, ਅੰਜੂ ਚੌਧਰੀ ਕਮਲਜੀਤ ਮੋਹੀ, ਪ੍ਰਿਤਪਾਲ ਸਿੰਘ, ਰਾਜਵੀਰ ਸਿੰਘ, ਗੁਰਜੀਤ ਸਿੰਘ, ਜੁਝਾਰ ਸਿੰਘ, ਅਨਿਲ ਸੇਠੀ, ਭਾਗ ਸਿੰਘ, ਨੈਨਾ ਸ਼ਰਮਾ, ਸੁਖਜੀਤ ਕੌਰ, ਲਖਵੀਰ ਸਿੰਘ, ਕਰਮਪ੍ਰੀਤ ਕੌਰ, ਰਾਜਦੀਪ ਕੌਰ, ਚੰਨਪ੍ਰੀਤ ਕੌਰ ਆਦਿ ਹਾਜ਼ਰ ਸਨ।



Taralake Dental

Taralake Dental offers Full Range of General and Cosmetic Dental Services

TARALAKE DENTAL

We Offer

Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction

Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6

